Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Moving to Indiana?
Contact Ray Dhaliwal @ 317-993-4987
for Free Consultation!!!
Listing and Selling Homes
in Indianapolis Area.
Good relations with all the well reputed
leading Builders in the Area.
CENTURY 21 SCHEETZ
RAYD@C21Scheetz.com
Ray Dhaliwal
Real Estate Broker

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ
ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty First Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 30, July 25, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388

## ਸੁਖਬੀਰ ਬਾਦਲ ਨੂੰ ਚੁਫੇਰਿਓਂ ਘੇਰਾ

### ਕੋਈ ਵੀ ਮਸਲਾ ਨਜਿੱਠਣ 'ਚ ਬੁਰੀ ਤਰ੍ਹਾਂ ਨਾਕਾਮ ਹੋਏ



**ਚੰਡੀਗੜ੍ਹ:** ਖੇਤੀ ਆਰਡੀਨੈਂਸਾਂ, ਅੰਦਰੂਨੀ ਬਗਾਵਤ ਅਤੇ ਬੇਅਦਬੀ ਮਾਮਲਿਆਂ ਸਮੇਤ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਹੁਣ ਡੇਰਾ ਸਿਰਸਾ ਮੁਖੀ ਦੇ ਮਾਮਲੇ ਉਤੇ ਚੁਫੇਰਿਉਂ ਘੇਰਾ ਪੈ ਗਿਆ ਹੈ। ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਵਲੋਂ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾਉਣ ਲਈ ਪਾਈ ਗਈ ਪੁਸ਼ਾਕ ਸੁਖਬੀਰ ਸਿੰਘ ਬਾਦਲ ਵਲੋਂ ਭਿਜਵਾਉਣ ਦਾ ਮਾਮਲਾ ਇਕ ਵਾਰ ਫਿਰ ਜ਼ੋਰ-ਸ਼ੋਰ ਨਾਲ ਉਭਰਿਆ ਹੈ। ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ ਗੋਲੀਕਾਂਡ, ਡੇਰਾ ਮੁਖੀ ਲਈ ਮੁਆਫੀਨਾਮਾ ਅਤੇ ਡੇਰਾ ਮੁਖੀ ਦੀ ਫਿਲਮ ਨੂੰ ਪੰਜਾਬ ਵਿਚ ਚਲਾਉਣ ਦੀ ਆਗਿਆ ਦੇਣੀ ਵਰਗੀਆਂ ਘਟਨਾਵਾਂ ਦੀ ਲੜੀ ਨੂੰ ਜੋੜ ਕੇ ਸੁਖਬੀਰ ਨੂੰ ਘੇਰਨ ਦੀਆਂ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ।

ਯਾਦ ਰਹੇ ਕਿ ਪਹਿਲਾਂ ਜਦੋਂ ਵੀ ਕਦੇ ਪਾਰਟੀ ਜਾਂ ਪਰਿਵਾਰ ਉਤੇ ਸੰਕਟ ਆਉਂਦਾ ਰਿਹਾ ਹੈ ਤਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੰਕਟ ਨੂੰ ਕਿਸੇ ਨਾ ਕਿਸੇ ਤਰ੍ਹਾਂ ਨਜਿੱਠ ਲੈਂਦੇ ਸਨ ਪਰ ਜਦੋਂ ਦੇ ਉਹ ਮਾੜੀ ਸਿਹਤ ਕਾਰਨ ਸਰਗਰਮ ਸਿਆਸਤ ਤੋਂ ਲਾਂਭੇ ਹੋਏ ਹਨ, ਸੁਖਬੀਰ ਬਾਦਲ ਮਸਲਾ-ਦਰ-ਮਸਲਾ ਸੰਕਟ ਵਿਚ ਘਿਰ ਰਹੇ ਹਨ ਅਤੇ ਸੰਕਟ ਵਿਚੋਂ ਨਿਕਲਣ ਲਈ ਉਨ੍ਹਾਂ ਨੂੰ ਰਾਹ ਵੀ ਕੋਈ ਨਹੀਂ ਦਿਸ ਰਿਹਾ।

ਸਿੱਖ ਜਥੇਬੰਦੀਆਂ ਨੇ ਸੁਖਬੀਰ ਨੂੰ ਅਕਾਲ ਤਖਤ ਉਤੇ ਤਲਬ ਕਰਨ ਦੇ ਨਾਲ-ਨਾਲ ਕਾਨੂੰਨੀ ਕਾਰਵਾਈ ਦੀ ਮੰਗ ਕਰ ਦਿੱਤੀ ਹੈ। ਉਧਰ, ਸਿਆਸੀ ਵਿਰੋਧੀਆਂ ਨੇ ਵੀ ਮੋਰਚੇ ਸੰਭਾਲ ਲਏ ਹਨ। ਕਾਂਗਰਸ ਦੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਡੇਰਾ ਮੁਖੀ ਬਾਰੇ ਅਦਾਲਤਾਂ ਵਿਚ ਦਿੱਤੇ ਹਲਫਨਾਮੇ ਉਜਾਗਰ ਕੀਤੇ ਹਨ, ਜੋ ਬਤੌਰ ਗ੍ਰਹਿ ਮੰਤਰੀ ਸੁਖਬੀਰ ਬਾਦਲ ਨੇ ਦਿੱਤੇ ਸਨ। ਜਾਖੜ ਨੇ ਸੁਖਬੀਰ ਨੂੰ ਵੰਗਾਰਦਿਆਂ ਆਖ ਦਿੱਤਾ ਹੈ ਕਿ ਉਹ (ਸੁਖਬੀਰ) ਡੇਰੇ ਨਾਲ ਗੁਪਤ ਸਮਝੌਤੇ ਮਗਰੋਂ ਲਏ ਯੂ-ਟਰਨ ਬਾਰੇ ਪੰਥ ਨੂੰ ਸਪਸ਼ਟ ਕਰਨ। ਉਧਰ, ਪੁਸ਼ਾਕ ਮਾਮਲੇ ਵਿਚ ਨਾਮ ਉਭਰਨ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੁਖਬੀਰ ਦੇ ਹੱਕ ਵਿਚ ਨਿੱਤਰ ਆਈ ਹੈ

(ਬਾਕੀ ਸਫਾ 6 ਉਤੇ)

### ਬਾਦਲ ਤੇ ਮਜੀਠੀਆ ਪਰਿਵਾਰ ਦੇ ਪਾਸਪੋਰਟ ਜ਼ਬਤ ਹੋਣ: ਭਗਵੰਤ ਮਾਨ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਡੇਰਾ ਸਿਰਸਾ ਮੁਖੀ ਨੂੰ ਪੁਸ਼ਾਕ ਦੇਣ ਸਬੰਧੀ ਸੁਖਬੀਰ ਸਿੰਘ ਬਾਦਲ ਤੇ ਲੱਗੇ ਗੰਭੀਰ ਦੋਸ਼ਾਂ ਬਾਰੇ ਬਾਦਲ ਪਰਿਵਾਰ ਦੇ ਚੁੱਪ ਵੱਟਣ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਪਾਸਪੋਰਟ ਜ਼ਬਤ ਕਰਨ ਦੀ ਮੰਗ ਕੀਤੀ ਅਤੇ ਆਖਿਆ ਹੈ ਕਿ ਇੰਨੇ ਗੰਭੀਰ ਦੋਸ਼ਾਂ ਉਤੇ ਚੁੱਪ ਵੱਟਣ ਵਾਲੇ ਬਾਦਲਾਂ ਨੇ ਅੱਧਾ ਕਬੂਲਨਾਮਾ ਕਰ ਲਿਆ ਹੈ। ਉਨ੍ਹਾਂ ਨੂੰ ਡਰ ਹੈ ਕਿ ਕਿਤੇ ਬਾਦਲ ਤੇ ਮਜੀਠੀਆ ਪਰਿਵਾਰ ਦੇਸ਼ ਛੱਡ ਕੇ ਨਾ ਭੱਜ ਜਾਣ। ਉਂਜ ਵੀ ਇਸ ਸਬੰਧੀ ਸਿਰਫ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਹੀ ਸਫਾਈ ਦਿੱਤੀ ਹੈ, ਪਰ ਲੌਂਗੋਵਾਲ ਇਹ ਵੀ ਦੱਸ ਦੇਣ ਕਿ ਉਨ੍ਹਾਂ ਨੇ ਬਾਦਲਾਂ ਦੀ ਸਫਾਈ ਸ਼੍ਰੋਮਣੀ ਕਮੇਟੀ ਪ੍ਰਧਾਨ ਵਜੋਂ ਦਿੱਤੀ ਹੈ ਜਾਂ ਬਾਦਲਾਂ ਦੀ ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਹੋਣ ਦੇ ਨਾਤੇ।

## ਸਿੱਖ ਨੌਜਵਾਨਾਂ 'ਤੇ ਸਖਤੀ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਜ਼ਿਲ੍ਹਾ ਸੰਗਰੂਰ ਦੇ ਪਿੰਡ ਰੱਤਾਖੇੜਾ ਦੇ 22 ਸਾਲਾ ਅੰਮ੍ਰਿਤਧਾਰੀ ਨੌਜਵਾਨ ਲਵਪ੍ਰੀਤ ਸਿੰਘ ਵਲੋਂ ਖੁਦਕੁਸ਼ੀ ਦਾ ਮਾਮਲਾ ਭਖ ਗਿਆ ਹੈ। ਇਸ ਨੌਜਵਾਨ ਦੀ 13 ਜੁਲਾਈ ਨੂੰ ਚੰਡੀਗੜ੍ਹ ਵਿਚ ਕੇਂਦਰੀ ਜਾਂਚ ਏਜੰਸੀ ਵਲੋਂ ਪੁੱਛਗਿੱਛ ਕੀਤੀ ਗਈ ਸੀ। ਦੱਸਿਆ ਜਾ ਰਿਹਾ ਹੈ ਨੇ ਕਦੇ ਕਿਸੇ ਵੀ ਅਪਰਾਧਿਕ ਸਰਗਰਮੀ ਵਿਚ ਹਿੱਸਾ ਨਹੀਂ ਲਿਆ। 13 ਜੁਲਾਈ ਕੇਂਦਰੀ ਏਜੰਸੀ ਨੇ ਉਸ ਨੂੰ ਪੁੱਛਗਿੱਛ ਲਈ ਚੁੱਕ ਲਿਆ। ਪੁੱਛਗਿੱਛ ਤੋਂ ਬਾਅਦ ਉਸ ਨੇ ਘਰ ਪਰਤਣ ਦੀ ਥਾਂ ਫਾਹਾ ਲੈ ਲਿਆ। ਪਤਾ ਲੱਗਾ ਹੈ ਕਿ ਥਾਣਾ ਸੁਲਤਾਨ ਵਿੰਡ ਜ਼ਿਲ੍ਹਾ ਅਮ੍ਰਿਤਸਰ ਵਿਚ 19 ਅਕਤੂਬਰ 2018



ਕਿ ਇਹ ਨੌਜਵਾਨ ਇੰਨਾ ਡਰਿਆ ਕਿ ਉਸ ਨੇ ਇਕ ਗੁਰਦੁਆਰੇ ਵਿਚ ਖੁਦਕੁਸ਼ੀ ਕਰ ਲਈ। ਅਕਾਲੀ ਤੇ ਕਾਂਗਰਸੀ ਭਾਵੇਂ ਇਸ ਮੁੱਦੇ ਉਤੇ ਚੁੱਪ ਹਨ ਪਰ ਆਮ ਆਦਮੀ ਪਾਰਟੀ, ਸੁਖਪਾਲ ਸਿੰਘ ਖਹਿਰਾ ਧੜੇ ਸਮੇਤ ਸਿੱਖ ਜਥੇਬੰਦੀਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਵਲੋਂ ਸਿੱਖ ਨੌਜਵਾਨਾਂ ਉਤੇ ਕੀਤੀ ਜਾ ਰਹੀ ਸਖਤੀ ਦਾ ਮੁੱਦਾ ਉਭਾਰਿਆ ਹੈ।

22 ਸਾਲਾ ਲਵਪ੍ਰੀਤ ਸਿੰਘ ਜਿਸ ਦਾ ਦੋ ਕੁ ਸਾਲ ਪਹਿਲਾਂ ਵਿਆਹ ਹੋਇਆ ਸੀ, ਜ਼ਿਲ੍ਹਾ ਬਰਨਾਲਾ ਦੇ ਪਿੰਡ ਸਹਿਜੜਾ ਦੇ ਗੁਰਦੁਆਰੇ ਵਿਚ ਗ੍ਰੰਥੀ ਸੀ। ਪਿੰਡ ਦੀ ਪੰਚਾਇਤ ਅਤੇ ਪਰਿਵਾਰਕ ਮੈਂਬਰਾਂ ਅਨੁਸਾਰ ਉਹ ਨੇਕ ਇਨਸਾਨ ਸੀ, ਉਸ ਨੂੰ ਯੂ.ਏ.ਪੀ.ਏ. ਐਕਟ ਅਤੇ ਦੇਸ਼-ਧ੍ਰੋਹ ਦੀਆਂ ਧਾਰਾਵਾਂ ਸਮੇਤ ਆਰਮਜ਼ ਐਕਟ ਅਧੀਨ ਇਕ ਮਾਮਲਾ ਦਰਜ ਹੋਇਆ ਸੀ ਜਿਸ ਦੀ ਜਾਂਚ ਹੁਣ ਕੇਂਦਰੀ ਜਾਂਚ ਏਜੰਸੀ ਕਰ ਰਹੀ ਹੈ। ਇਸ ਕੇਸ ਸਬੰਧੀ ਪੁੱਛਗਿੱਛ ਲਈ ਲਵਪ੍ਰੀਤ ਸਿੰਘ ਨੂੰ ਬੁਲਾਇਆ ਗਿਆ ਸੀ।

ਯਾਦ ਰਹੇ ਕਿ ਕੇਂਦਰ ਸਰਕਾਰ ਵਲੋਂ ਪਿਛਲੇ ਕੁਝ ਮਹੀਨਿਆਂ ਤੋਂ ਰੈਫਰੈਂਡਮ 2020 ਦੇ ਨਾਮ ਉਤੇ ਸਿੱਖ ਨੌਜਵਾਨਾਂ ਉਤੇ ਕਾਰਵਾਈ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਵਲੋਂ ਬਣਾਏ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ. ਏ. ਪੀ. ਏ.) ਹੇਠ ਪਿਛਲੇ ਦਿਨਾਂ 'ਚ ਵੱਡੀ ਗਿਣਤੀ

(ਬਾਕੀ ਸਫਾ 6 ਉਤੇ)

Harmit Toor
Your Realtor® For Life!
Help you Buy or Sell:
◆Residential Property
◆Commercial property
◆Business Opportunity
Financing:
◆Residential Loans
◆Commercial Loans
◆SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com

Raja Sweets & Catering Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
• Catering
• Silverware
• Chinaware
• Decorated Hall
• Linen
• Several Bar Options
• Security
• Wait Staff
• Full Setup Including
Table cloth, napkins, chairs etc.
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense
(DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਕੈਪਟਨ ਦੀ ਸਖਤੀ ਖੋਲ੍ਹ ਦੇਵੇਗੀ ਕੇਂਦਰ ਦੇ ਮਾਰੂ ਆਰਡੀਨੈਂਸ ਦਾ ਰਾਹ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਆਉਂਦੇ ਦਿਨਾਂ ਵਿਚ ਜਨਤਕ ਇਕੱਠਾਂ ਉਤੇ ਰੋਕ ਲਗਾਉਣ ਦੇ ਕੀਤੇ ਗਏ ਫੈਸਲੇ ਉਪਰ ਉਂਗਲਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਇਸ ਸਬੰਧੀ ਇਤਰਾਜ਼ ਕੀਤੇ ਜਾਣ ਲੱਗੇ ਹਨ ਅਤੇ ਇਸ ਐਲਾਨ 'ਤੇ ਸ਼ੱਕ ਵੀ ਕੀਤੇ ਜਾਣ ਲੱਗੇ ਹਨ। ਇਸ ਐਲਾਨ ਦਾ ਇਕ ਵੱਡਾ ਕਾਰਨ ਇਹ ਮੰਨਿਆ ਜਾਣ ਲੱਗਾ ਹੈ ਕਿਉਂਕਿ ਕੇਂਦਰ ਸਰਕਾਰ ਵੱਲੋਂ 5 ਜੂਨ ਨੂੰ ਪਾਸ ਕੀਤੇ ਗਏ 3 ਖੇਤੀ ਸਬੰਧੀ ਆਰਡੀਨੈਂਸਾਂ ਦੇ ਪ੍ਰਤੀਕਰਮ ਵਜੋਂ ਪੰਜਾਬ ਦੀਆਂ ਕੁਝ ਕਿਸਾਨ ਅਤੇ ਸਿਆਸੀ ਜਥੇਬੰਦੀਆਂ ਨੇ ਇਨ੍ਹਾਂ ਸਬੰਧੀ ਅੰਦੋਲਨ ਕਰਨ ਦਾ ਐਲਾਨ ਕੀਤਾ ਹੋਇਆ ਹੈ। ਕੁਝ ਜਥੇਬੰਦੀਆਂ ਨੇ ਤਾਂ ਇਸ ਵਿਰੋਧ ਪ੍ਰਗਟਾਵੇ ਦੀ ਤਰੀਕ ਦਾ ਵੀ ਐਲਾਨ ਕਰ ਦਿੱਤਾ ਹੈ। ਅਜਿਹੀ ਸਰਗਰਮੀ ਅਤੇ ਐਲਾਨ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਜਨਤਕ ਇਕੱਠਾਂ ਉਤੇ ਰੋਕ ਲਾਉਣ ਦਾ ਬਿਆਨ ਸੁਭਾਵਿਕ ਤੌਰ 'ਤੇ ਸ਼ੱਕ ਦੇ ਘੇਰੇ ਵਿਚ ਆ ਜਾਂਦਾ ਹੈ।

ਕੇਂਦਰ ਸਰਕਾਰ ਵਲੋਂ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਦੇਸ਼ ਭਰ ਵਿਚ ਆਇਦ ਕੀਤੀਆਂ ਗਈਆਂ ਪਾਬੰਦੀਆਂ ਦੌਰਾਨ ਖੇਤੀ ਸੋਧ



ਆਰਡੀਨੈਂਸਾਂ ਨੂੰ ਪਾਸ ਕਰਨਾ ਵੀ ਨੀਅਤਨ ਸ਼ੱਕ ਦੇ ਘੇਰੇ ਵਿਚ ਇਸ ਲਈ ਆ ਜਾਂਦਾ ਹੈ ਕਿਉਂਕਿ ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਅਜਿਹੇ ਆਰਡੀਨੈਂਸ ਪਾਸ ਕਰਨੇ ਸੌਖੇ ਸਨ। ਕੇਂਦਰ ਸਰਕਾਰ ਨੂੰ ਸੰਸਦ ਦੀਆਂ ਗਿਣਤੀਆਂ-ਮਿਣਤੀਆਂ ਕਰਦਿਆਂ ਵੀ ਹਾਲਾਤ ਸਾਜ਼ਗਾਰ ਲੱਗੇ ਹਨ। ਗੱਲ ਪੰਜਾਬ ਸਰਕਾਰ ਦੀ ਕਰੀਏ ਤਾਂ ਕੁਝ ਦਿਨ ਪਹਿਲਾਂ ਹੀ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਆਰਡੀਨੈਂਸਾਂ ਸਬੰਧੀ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਵਿਸਥਾਰਤ ਗੱਲਬਾਤ ਕੀਤੀ ਸੀ ਅਤੇ ਉਨ੍ਹਾਂ ਨੂੰ ਇਨ੍ਹਾਂ ਵਿਰੁੱਧ ਡਟ ਜਾਣ ਲਈ ਕਿਹਾ ਸੀ। ਇਸ ਦੇ ਨਾਲ ਹੀ ਕੈਪਟਨ ਸਾਹਿਬ ਨੇ ਆਪਣੀ ਸਰਕਾਰ ਵੱਲੋਂ ਇਨ੍ਹਾਂ ਆਰਡੀਨੈਂਸਾਂ ਵਿਰੁੱਧ ਕਿਸਾਨ ਜਥੇਬੰਦੀਆਂ ਨਾਲ ਖੜ੍ਹੇ ਹੋਣ ਦਾ ਭਰੋਸਾ ਵੀ ਦਿੱਤਾ ਸੀ ਅਤੇ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਵਾਰ-ਵਾਰ ਇਸ ਉਤੇ ਮੋਹਰ ਲਗਾਈ ਸੀ। ਅਕਾਲੀ ਦਲ (ਬ) ਤਾਂ ਇਨ੍ਹਾਂ ਆਰਡੀਨੈਂਸਾਂ ਸਬੰਧੀ ਕਿਸਾਨ ਜਥੇਬੰਦੀਆਂ ਦਾ ਸਮਰਥਨ ਕਰਨ ਦੇ ਮਾਮਲੇ ਵਿਚ ਪਹਿਲਾਂ ਹੀ ਹੱਥ ਖੜ੍ਹੇ ਕਰ ਗਿਆ ਸੀ। ਹੁਣ ਵੀ ਅਕਾਲੀ ਦਲ (ਬ) ਦੇ ਬੁਲਾਰੇ ਨੇ ਕੈਪਟਨ ਸਰਕਾਰ ਦੇ ਕਿਸੇ ਵੀ ਮਸਲੇ ਉਤੇ ਜਨਤਕ ਇਕੱਠ ਨਾ ਕਰਨ ਦੇ ਫੈਸਲੇ ਉਤੇ ਆਪਣੀ ਮੋਹਰ ਲਾਉਂਦਿਆਂ ਆਉਂਦੇ ਦਿਨਾਂ ਵਿਚ ਆਪਣੀਆਂ ਵੀ ਹਰ ਤਰ੍ਹਾਂ ਦੀਆਂ ਜਨਤਕ ਸਰਗਰਮੀਆਂ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਆਰਡੀਨੈਂਸਾਂ ਦਾ ਸਿੱਧਾ ਮਤਲਬ ਪੰਜਾਬ ਅਤੇ ਹਰਿਆਣਾ ਦੇ ਮੰਡੀਕਰਨ ਦੇ ਢਾਂਚੇ ਨੂੰ ਤੋੜਨਾ ਹੈ। ਮੁੱਖ ਮੰਤਰੀ ਵਲੋਂ ਕੁਝ ਦਿਨ ਪਹਿਲਾਂ ਹੀ ਕਿਸਾਨਾਂ ਨਾਲ ਖੜ੍ਹੇ ਹੋਣ ਦੇ ਵਾਅਦੇ ਤੋਂ ਪਿਛਾਂਹ ਹਟਦਿਆਂ ਉਨ੍ਹਾਂ ਦੇ ਵਿਰੋਧ ਪ੍ਰਦਰਸ਼ਨਾਂ ਨੂੰ ਹੀ ਬੰਦ ਕਰਵਾਉਣ ਦੇ ਐਲਾਨ ਨੇ ਇਕ ਅਜਿਹੀ ਸਥਿਤੀ ਨੂੰ ਜਨਮ ਦਿੱਤਾ ਹੈ, ਜੋ ਆਉਂਦੇ ਸਮੇਂ 'ਚ ਬੇਹੱਦ ਪੇਚੀਦਾ ਹੋ ਸਕਦੀ ਹੈ।

## ਸਰਕਾਰ ਹੋਰ ਸਖਤੀ ਕਰਨ ਦੇ ਰੌਂਅ ਵਿਚ

**ਚੰਡੀਗੜ੍ਹ:** ਸੂਬੇ ਵਿਚ ਕਰੋਨਾ ਦੇ ਵਧਦੇ ਮਾਮਲਿਆਂ ਤੇ ਮੌਤਾਂ ਦੇ ਮੱਦੇਨਜ਼ਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡੀ.ਜੀ.ਪੀ. ਨੂੰ ਵਿਸ਼ੇਸ਼ ਰਾਖਵੇਂ ਦਸਤੇ ਤਿਆਰ ਕਰਨ ਦੇ ਹੁਕਮ ਦਿੱਤੇ ਹਨ ਤੇ ਇਸ ਮਕਸਦ ਹਿਤ ਅਗਲੇ ਕੁਝ ਮਹੀਨਿਆਂ ਲਈ ਗੈਰ- ਜ਼ਰੂਰੀ ਡਿਊਟੀਆਂ ਉਤੇ ਤਾਇਨਾਤ ਪੁਲਿਸ ਕਰਮੀਆਂ ਨੂੰ ਵਾਪਸ ਬੁਲਾਉਣ ਲਈ ਕਿਹਾ ਹੈ। ਮੁੱਖ ਮੰਤਰੀ ਨੇ ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਸੁਰੱਖਿਆ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਾਸ ਕਰਕੇ ਮਾਸਕ ਨਾ ਪਾਉਣ ਵਾਲਿਆਂ ਖਿਲਾਫ ਸਖਤ ਕਦਮ ਚੁੱਕੇ ਜਾਣ। ਕਰੋਨਾ ਦੀ ਬਹੁਤਾਤ ਵਾਲੇ ਸ਼ਹਿਰਾਂ ਦੇ ਐਸ.ਐਸ.ਪੀਜ਼ ਨੂੰ ਇਹ ਹਦਾਇਤਾਂ ਵੀ ਦਿੱਤੀਆਂ ਜਾਣ ਕਿ ਇਸ ਮਹਾਂਮਾਰੀ ਦੇ ਹੋਰ ਫੈਲਾਅ ਨੂੰ ਰੋਕਣ ਲਈ ਨਿਯਮਾਂ ਤੇ ਸਰਕਾਰ ਵੱਲੋਂ ਲਾਈਆਂ ਪਾਬੰਦੀਆਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ।

## ਅਤਿਵਾਦੀ ਕਹਿ ਕੇ ਚੁੱਕੇ ਸਿੱਖ ਨੌਜਵਾਨਾਂ ਲਈ ਕਾਨੂੰਨੀ ਲੜਾਈ ਲੜਨ ਦਾ ਅਹਿਦ ਲਿਆ

**ਮਾਨਸਾ:** ਆਪਣਾ ਪੰਜਾਬ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਦਿੱਲੀ ਪੁਲਿਸ ਵਲੋਂ ਅਤਿਵਾਦੀ ਕਹਿ ਕੇ ਚੁੱਕੇ ਨੌਜਵਾਨ ਗੁਰਤੇਜ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਉਨ੍ਹਾਂ ਆਖਿਆ ਕਿ ਉਹ ਇਸ ਨੌਜਵਾਨ ਦੇ ਬੇਕਸੂਰ ਹੋਣ ਦੀ ਕਾਨੂੰਨੀ ਲੜਾਈ ਲੜਨਗੇ ਤੇ ਸਰਕਾਰਾਂ



ਦੀ ਧੱਕੇਸ਼ਾਹੀ ਦਾ ਜਵਾਬ ਦੇਣਗੇ।

ਸ੍ਰੀ ਖਹਿਰਾ ਵਿਧਾਇਕ ਜਗਦੇਵ ਸਿੰਘ ਕਮਾਲੂ ਤੇ ਵਿਧਾਇਕ ਨਿਰਮਲ ਸਿੰਘ ਖਾਲਸਾ ਭਦੌੜ ਨਾਲ ਮਾਨਸਾ ਸਥਿਤ ਗੁਰਤੇਜ ਸਿੰਘ ਦੇ ਘਰ ਪੁੱਜੇ। ਉਨ੍ਹਾਂ ਪਰਿਵਾਰ ਦਾ ਹਾਲ-ਚਾਲ ਪੁੱਛਿਆ ਤੇ ਆਖਿਆ ਕਿ ਗੁਰਤੇਜ ਸਿੰਘ ਦਾ ਕੋਈ ਵੀ ਅਪਰਾਧਿਕ ਪਿਛੋਕੜ ਨਹੀਂ ਹੈ, ਉਸ ਨੂੰ ਦਿੱਲੀ ਪੁਲਿਸ ਨੇ ਅਤਿਵਾਦੀ ਕਹਿ ਕੇ ਫਸਾਇਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਲੋਂ ਅਜਿਹੇ 16 ਨੌਜਵਾਨਾਂ ਖਿਲਾਫ ਝੂਠੇ ਮਾਮਲੇ ਦਰਜ ਕੀਤੇ ਗਏ ਹਨ, ਜਦੋਂਕਿ ਦੂਜੇ ਪਾਸੇ ਮੁੱਖ ਮੰਤਰੀ ਕਹਿ ਰਹੇ ਹਨ ਕਿ ਪੰਜਾਬ ਵਿਚ ਖਾਲਿਸਤਾਨ ਗਤੀਵਿਧੀ ਵਾਲੀ ਕੋਈ ਵੀ ਗੱਲ ਨਹੀਂ ਹੈ। ਸ੍ਰੀ ਖਹਿਰਾ ਨੇ ਆਖਿਆ ਕਿ ਮਾਨਸਾ ਤੋਂ ਗੁਰਤੇਜ ਸਿੰਘ ਤੇ ਪਿੰਡ ਅਚਾਨਕ ਤੋਂ ਇਕ ਸਿੱਖ ਨੌਜਵਾਨ ਸਮੇਤ ਹੋਰਨਾਂ ਨੂੰ ਝੂਠੇ ਮਾਮਲਿਆਂ ਦੀ ਫਸਾ ਕੇ ਜੇਲ੍ਹਾਂ 'ਚ ਸੁੱਟਣ ਦੀ ਤਿਆਰੀ ਹੈ। ਇਨ੍ਹਾਂ ਮਾਮਲਿਆਂ ਦੀ ਜਾਂਚ ਜਸਟਿਸ ਮਹਿਤਾਬ ਸਿੰਘ ਤੋਂ ਕਰਵਾਈ ਜਾਵੇ। ਸ੍ਰੀ ਖਹਿਰਾ ਨੇ ਆਖਿਆ ਕਿ ਮਾਨਸਾ ਤੋਂ ਗੁਰਤੇਜ ਸਿੰਘ ਨੂੰ 24 ਜੂਨ ਨੂੰ ਉਸ ਵੇਲੇ ਚੁਕਿਆ ਸੀ, ਜਦੋਂ ਉਹ ਆਪਣੀ ਪਤਨੀ ਨੂੰ ਦਵਾਈ ਦਿਵਾ ਕੇ ਘਰ ਪਰਤ ਰਿਹਾ ਸੀ ਪਰ ਉਸ ਦੀ ਗ੍ਰਿਫਤਾਰੀ ਦਿੱਲੀ ਤੋਂ ਦਿਖਾ ਕੇ ਇਹ ਇਹ ਸੰਕੇਤ ਦਿੱਤਾ ਹੈ ਕਿ ਗੁਰਤੇਜ ਸਿੰਘ ਖਾਲਿਸਤਾਨੀ ਤੇ ਦੇਸ਼ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਹੈ ਤੇ ਉਸ ਨੇ ਕੁਝ ਨੇਤਾਵਾਂ ਨੂੰ ਮਾਰਨ ਦੀ ਯੋਜਨਾ ਬਣਾਈ ਸੀ।

### ਜਥੇਦਾਰ ਰਾਸ਼ਟਰਪਤੀ ਨੂੰ ਪੱਤਰ ਭੇਜਣ: ਦਲ ਖਾਲਸਾ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਦਲ ਖਾਲਸਾ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਪੱਤਰ ਭੇਜ ਕੇ ਭਾਰਤ ਸਰਕਾਰ ਵਲੋਂ ਘੱਟ ਗਿਣਤੀਆਂ ਉਤੇ ਕੀਤੇ ਜਾ ਰਹੇ ਜ਼ੁਲਮ ਨੂੰ ਰੋਕਣ ਲਈ ਆਖਣ। ਰਾਏਸ਼ੁਮਾਰੀ-2020 ਦੀ ਆੜ ਹੇਠ ਸਿੱਖ ਨੌਜਵਾਨਾਂ ਨੂੰ ਖੱਜਲ ਕੀਤਾ ਜਾ ਰਿਹਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਅਕਾਲ ਤਖਤ ਵਲੋਂ ਇਕ ਪੈਨਲ ਦਾ ਗਠਨ ਕੀਤਾ ਜਾਵੇ ਜਿਸ ਵਿਚ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਤੇ ਵਕੀਲ ਸ਼ਾਮਲ ਹੋਣ।

## ਢੀਂਡਸੇ ਦਾ ਸ਼੍ਰੋਮਣੀ ਕਮੇਟੀ ਚੋਣਾਂ ਲਈ ਕਮਰਕੱਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਕਮਰ ਕਸ ਲਈ ਹੈ। ਪਹਿਲੇ ਪੜਾਅ ਉਤੇ ਉਨ੍ਹਾਂ ਵਲੋਂ ਧਾਰਮਿਕ ਫਰੰਟ ਉਪਰ ਲੜਾਈ ਲੜੀ ਜਾਵੇਗੀ। ਸ੍ਰੀ ਢੀਂਡਸਾ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਜਿਸ ਤਹਿਤ ਸ਼੍ਰੋਮਣੀ ਕਮੇਟੀ ਚੋਣਾਂ ਲਈ ਕੇਂਦਰ ਸਰਕਾਰ ਤੋਂ ਗੁਰਦੁਆਰਾ ਚੋਣ ਕਮਿਸ਼ਨ ਦੀ ਜਲਦੀ ਨਿਯੁਕਤੀ ਕੀਤੇ ਜਾਣ ਦੀ ਮੰਗ ਕੀਤੀ ਗਈ।

ਸ਼੍ਰੋਮਣੀ ਕਮੇਟੀ ਚੋਣਾਂ ਛੇਤੀ ਕਰਾਉਣ ਲਈ ਢੀਂਡਸਾ ਦੀ ਅਗਵਾਈ ਵਿਚ ਵਫਦ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲੇਗਾ। ਇਸ ਦੌਰਾਨ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 267 ਸਰੂਪਾਂ ਦੀ ਗੁੰਮਸ਼ੁਦਗੀ ਸਬੰਧੀ ਪਸ਼ਚਾਤਾਪ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਪਾਠ ਰੱਖੇ ਜਾਣਗੇ ਜਿਸ ਦੀ ਸ਼ੁਰੂਆਤ ਸ੍ਰੀ ਮਸਤੂਆਣਾ ਸਾਹਿਬ ਸੰਗਰੂਰ ਤੋਂ 30 ਜੁਲਾਈ ਨੂੰ ਹੋਵੇਗੀ ਅਤੇ 1 ਅਗਸਤ ਨੂੰ ਭੋਗ ਪਾਏ ਜਾਣਗੇ। ਇਸ ਲੜੀ ਦੀ ਸਮਾਪਤੀ ਅੰਮ੍ਰਿਤਸਰ 'ਚ ਅਖੰਡ ਪਾਠ ਦੇ ਭੋਗ ਪਾ ਕੇ ਪਸ਼ਚਾਤਾਪ ਦੀ ਅਰਦਾਸ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੇ ਕਿਸਾਨ ਜਥੇਬੰਦੀਆਂ ਦੇ ਮੁਜ਼ਾਹਰੇ ਦਾ ਸਮਰਥਨ ਕਰਨ ਦਾ ਫੈਸਲਾ ਵੀ ਲਿਆ ਹੈ।

ਇਕ ਹੋਰ ਮਤੇ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਸਿੱਖ



ਨੌਜਵਾਨਾਂ ਖਿਲਾਫ ਦਰਜ ਕੀਤੇ ਜਾ ਰਹੇ ਨਾਜਾਇਜ਼ ਪਰਚੇ ਰੱਦ ਕਰਨ ਦੀ ਮੰਗ ਕੀਤੀ ਹੈ। ਪਾਰਟੀ ਵਲੋਂ ਜਥੇਬੰਦਕ ਢਾਂਚਾ ਵਿਧਾਨ ਮੁਤਾਬਕ ਬਣਾਉਣ ਲਈ ਜਲਦੀ ਭਰਤੀ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ। ਕੰਮ ਚਲਾਉਣ ਲਈ ਸੰਵਿਧਾਨ ਕਮੇਟੀ, ਤਾਲਮੇਲ ਕਮੇਟੀ, ਅਤੇ ਮੀਡੀਆ ਕਮੇਟੀ ਆਦਿ ਜਲਦੀ ਬਣਾਏ ਜਾਣ ਦਾ ਫੈਸਲਾ ਵੀ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ, ਪੰਜਾਬੀਅਤ ਅਤੇ ਪੰਥ ਦੇ ਵਡੇਰੇ ਹਿੱਤਾਂ ਵਿਚ ਪੰਜਾਬ ਨਾਲ ਸਬੰਧਤ ਉਚ ਅਹੁਦਿਆਂ ਤੋਂ ਸੇਵਾਮੁਕਤ ਹੋਏ ਅਫਸਰਾਂ, ਵਿਦਵਾਨਾਂ, ਬੁੱਧੀਜੀਵੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਆ ਕੇ ਪਾਰਟੀ ਨੂੰ ਵਡਮੁੱਲੇ ਸੁਝਾਅ ਦੇਣ।

## ਅਕਾਲੀ ਆਗੂ ਵੱਲੋਂ ਬੈਂਕ ਨਾਲ 77 ਕਰੋੜ ਦੀ ਠੱਗੀ

**ਫਰੀਦਕੋਟ:** ਸੀ.ਬੀ.ਆਈ. ਨੇ ਫਰੀਦਕੋਟ ਦੇ ਇਕ ਨਾਮਵਰ ਅਕਾਲੀ ਆਗੂ ਅਤੇ ਉਸ ਦੇ ਦੋ ਪੁੱਤਰਾਂ ਸਮੇਤ 15 ਜਣਿਆਂ ਖਿਲਾਫ ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.) ਨਾਲ ਕਥਿਤ 77 ਕਰੋੜ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਪੰਜਾਬ ਨੈਸ਼ਨਲ ਬੈਂਕ ਦੇ ਚੀਫ ਮੈਨੇਜਰ ਨਵਜਿੰਦਰ ਸਿੰਘ ਨੇ ਸੀ.ਬੀ.ਆਈ. ਕੋਲ ਲਿਖਤੀ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦੀ ਬੈਂਕ ਕੋਲੋਂ 17 ਜੁਲਾਈ 2018 ਨੂੰ ਕਰੀਬ 77 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਸੀ।

ਸ਼ਿਕਾਇਤ ਅਨੁਸਾਰ ਹਰਿੰਦਰਜੀਤ ਸਿੰਘ ਸਮਰਾ ਨੇ ਕਥਿਤ ਮੈਸ: ਗੋਲਡਨ ਐਗਰੀਅਨ ਪ੍ਰਾ. ਲਿਮ: ਅਤੇ ਸਮਰਾ ਰਾਈਸ ਮਿੱਲ ਦੇ ਮਾਲਕਾਂ ਤੇ ਹਿੱਸੇਦਾਰਾਂ ਨਾਲ ਰਲ ਕੇ ਸ਼ੈਲਰਾਂ ਵਿਚ ਪਿਆ ਸਾਰਾ ਅਨਾਜ ਬੈਂਕ ਨੂੰ ਧੋਖੇ ਵਿਚ ਰੱਖ ਕੇ ਖੁਰਦ-ਬੁਰਦ ਕਰ ਦਿੱਤਾ। ਇਹ ਉਹ ਅਨਾਜ ਸੀ ਜਿਸ ਦੀ ਗਾਰੰਟੀ 'ਤੇ ਬੈਂਕ ਨੇ 77 ਕਰੋੜ ਰੁਪਏ ਦਾ ਕਰਜ਼ਾ ਦਿੱਤਾ ਸੀ। ਸੀ.ਬੀ.ਆਈ. ਨੇ ਅਕਾਲੀ ਆਗੂ ਹਰਿੰਦਰਜੀਤ ਸਿੰਘ ਸਮਰਾ, ਸੁਖਬੀਰ ਸਿੰਘ ਸਮਰਾ, ਰਾਜਵੀਰ ਸਿੰਘ ਸਮਰਾ, ਮਲਕੀਤ ਸਿੰਘ, ਭੁਪਿੰਦਰ ਕੌਰ, ਹਰਸਿੰਦਰ ਕੌਰ, ਰਮਨਦੀਪ ਕੌਰ, ਸ਼ਰਨਪ੍ਰੀਤ ਕੌਰ ਅਤੇ ਕੁਝ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਬੈਂਕ ਦੀ ਵਿਜੀਲੈਂਸ ਟੀਮ ਨੇ ਇਸ ਮਾਮਲੇ ਦੀ ਪੜਤਾਲ ਤੋਂ ਬਾਅਦ ਖੁਲਾਸਾ ਕੀਤਾ ਸੀ ਕਿ ਅਕਾਲੀ ਆਗੂ ਨੇ ਕਥਿਤ ਦੋ ਸ਼ੈਲਰਾਂ ਵਿਚ ਪਏ ਅਨਾਜ ਨੂੰ ਸਾਜਿਸ਼ ਤਹਿਤ ਖੁਰਦ-ਬੁਰਦ ਕੀਤਾ ਹੈ। ਸੀ.ਬੀ.ਆਈ. ਦੇ ਐਸਪੀ ਅਖਿਲੇਸ਼ ਕੁਮਾਰ ਚੌਰਸੀਆ ਨੇ ਗਬਨ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਅਕਾਲੀ ਆਗੂ ਅਤੇ ਉਸ ਦੇ ਸਾਥੀਆਂ ਖਿਲਾਫ ਪਰਚਾ ਦਰਜ ਕਰ ਲਿਆ ਹੈ।

# ਸ਼ਾਮਲਾਟ ਜ਼ਮੀਨਾਂ ਸਸਤੇ ਭਾਅ ਖਰੀਦਣ ਦਾ ਸਿਲਸਿਲਾ ਸ਼ੁਰੂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਨਅਤਾਂ ਲਾਉਣ ਵਾਸਤੇ ਜ਼ਮੀਨ ਬੈਂਕ ਬਣਾਉਣ ਲਈ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਸਸਤੇ ਭਾਅ ਖਰੀਦਣ ਦਾ ਸਿਲਸਿਲਾ ਸ਼ੁਰੂ ਕਰ ਕੇ ਨਵੇਂ ਵਿਵਾਦ ਨੂੰ ਜਨਮ ਦਿੱਤਾ ਹੈ। ਪੰਚਾਇਤੀ ਮਤਿਆਂ ਨੂੰ ਆਧਾਰ ਬਣਾ ਕੇ ਇਹ ਜ਼ਮੀਨਾਂ ਹਥਿਆਈਆਂ ਜਾ ਰਹੀਆਂ ਹਨ। ਪਿਛਲੇ ਦਿਨੀਂ ਲੁਧਿਆਣਾ ਦੇ ਨੇੜਲੇ ਮੱਤੇਵਾੜਾ ਜੰਗਲ ਦੇ ਨਾਲ ਲੱਗਦੇ ਪਿੰਡਾਂ ਦੀ 995 ਏਕੜ ਜ਼ਮੀਨ ਮਕਾਨ ਉਸਾਰੀ ਵਿਭਾਗ ਵੱਲੋਂ ਖਰੀਦਣ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਇਨ੍ਹਾਂ ਪਿੰਡਾਂ ਵਿਚੋਂ ਸੇਖੇਵਾਲ ਸਭ ਤੋਂ ਵੱਧ ਪੀੜਤ ਹੈ। ਸੌ ਫੀਸਦੀ ਦਲਿਤ ਆਬਾਦੀ ਵਾਲੇ ਇਸ ਪਿੰਡ ਕੋਲ ਆਪਣੀ ਹੋਰ ਇਕ ਮਰਲਾ ਵੀ ਜ਼ਮੀਨ ਨਹੀਂ ਹੈ। ਪਿੰਡ ਵਾਸੀਆਂ ਅਨੁਸਾਰ 80 ਕੁ ਘਰਾਂ ਨੇ ਪੰਜ ਪੰਜ ਏਕੜ ਸ਼ਾਮਲਾਟ ਜ਼ਮੀਨ ਉਤੇ ਖੇਤੀ ਕਰ ਕੇ ਗੁਜ਼ਾਰਾ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਵਾਸਤੇ ਉਨ੍ਹਾਂ 36 ਸਾਲ ਸੁਪਰੀਮ ਕੋਰਟ ਤੱਕ ਇਨਸਾਫ ਦੀ ਲੜਾਈ ਲੜੀ।

ਪਿੰਡ ਦੀ ਔਰਤ ਸਰਪੰਚ ਅਨੁਸਾਰ ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਦਫਤਰ ਬੁਲਾ ਕੇ ਦੋ ਸੌ ਏਕੜ ਜ਼ਮੀਨ ਲੈਣ ਦਾ ਮਤਾ ਪਵਾਇਆ ਸੀ ਪਰ ਹੁਣ ਸਾਰੀ ਜ਼ਮੀਨ (ਲਗਭਗ 407 ਏਕੜ) ਲਈ ਜਾ ਰਹੀ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਪੰਚਾਇਤ ਨੂੰ ਗੁਮਰਾਹ ਕੀਤਾ ਗਿਆ ਹੈ। ਜੇਕਰ ਪੰਚਾਇਤ ਦਾ ਦਾਅਵਾ ਸਹੀ ਹੈ ਤਾਂ ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਪਸ਼ੂ ਪਾਲਣ ਅਤੇ ਬਾਗਬਾਨੀ ਵਿਭਾਗਾਂ ਅਤੇ ਨੇੜਲੇ ਪਿੰਡਾਂ ਦੀਆਂ ਹੋਰ ਜ਼ਮੀਨਾਂ ਵੀ ਸਨਅਤੀ ਪਾਰਕ ਵਾਸਤੇ ਲਈਆਂ ਗਈਆਂ ਹਨ। ਸਤਲੁਜ ਦਰਿਆ ਦੇ ਕੰਢੇ ਉਦਯੋਗਿਕ ਪਾਰਕ ਬਣਨ ਨਾਲ ਜਿਥੇ ਸਨਅਤਾਂ ਤੋਂ ਪੈਦਾ ਹੁੰਦਾ ਮੁਆਦ ਪੈਣ ਕਾਰਨ ਸਤਲੁਜ ਦਾ ਪਾਣੀ ਹੋਰ ਗੰਧਲਾ ਹੋਵੇਗਾ ਅਤੇ ਵਾਤਾਵਰਨਕ ਸੰਕਟ ਖੜ੍ਹਾ ਹੋਣ ਦੀ ਸੰਭਾਵਨਾ ਹੈ, ਉਥੇ ਮੱਤੇਵਾੜਾ ਜੰਗਲੀ ਰੱਖ ਉਤੇ ਵੀ ਬੁਰਾ ਪ੍ਰਭਾਵ ਪਵੇਗਾ।

ਪੰਜਾਬ ਵਿਚ ਪਹਿਲਾਂ ਹੀ 18 ਹਜ਼ਾਰ ਤੋਂ ਵੱਧ ਉਦਯੋਗ ਬੰਦ ਜਾਂ ਹੋਰਾਂ ਰਾਜਾਂ ਵਿਚ ਤਬਦੀਲ ਹੋ ਗਏ ਹਨ। ਰਾਜਪੁਰਾ ਨੇੜਲੇ ਅੱਠ ਪਿੰਡਾਂ ਦੇ ਲੋਕ 1994 ਵਿਚ 1119 ਏਕੜ ਜ਼ਮੀਨ ਲੈਣ ਖਿਲਾਫ ਉਜਾੜਾ ਰੋਕੂ ਕਮੇਟੀ ਦੀ ਅਗਵਾਈ ਵਿਚ ਲੜ ਰਹੇ ਹਨ। ਉਥੇ ਕੇਵਲ 98 ਏਕੜ ਵਿਚ ਉਦਯੋਗ ਲੱਗਿਆ ਹੈ। ਬਠਿੰਡਾ ਅਤੇ ਗੋਬਿੰਦਪੁਰਾ ਥਰਮਲ ਪਲਾਂਟਾਂ ਦੀਆਂ ਜ਼ਮੀਨਾਂ ਖਾਲੀ ਪਈਆਂ ਹਨ। ਉਦਯੋਗਿਕ ਨਿਵੇਸ਼ ਦਾ ਕੋਈ ਮਾਹੌਲ ਨਜ਼ਰ ਨਹੀਂ ਆਉਂਦਾ।

## ਮੱਤੇਵਾੜਾ ਜੰਗਲ ਉਜਾੜਿਆ ਨਹੀਂ ਜਾਵੇਗਾ: ਅਮਰਿੰਦਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੱਤੇਵਾੜਾ ਜੰਗਲ ਦੇ ਉਜਾੜੇ ਬਾਰੇ ਸਾਹਮਣੇ ਆ ਰਹੀਆਂ ਰਿਪੋਰਟਾਂ ਨੂੰ ਰੱਦ ਕਰਦਿਆਂ ਐਲਾਨ ਕੀਤਾ ਕਿ ਮੱਤੇਵਾੜਾ ਜੰਗਲ ਦਾ ਇਕ ਵੀ ਰੁੱਖ ਨਹੀਂ ਪੁੱਟਿਆ ਜਾਵੇਗਾ ਅਤੇ ਨਾ ਹੀ ਉਦਯੋਗਿਕ ਪਾਰਕ ਦੇ ਵਿਕਾਸ ਲਈ ਸਰਕਾਰ ਵੱਲੋਂ ਜੰਗਲ ਦੀ ਇਕ ਇੰਚ ਵੀ ਜ਼ਮੀਨ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਜੰਗਲ ਨੂੰ ਉਜਾੜਨ ਦੀ ਗੱਲ ਵਿਚ ਰੱਤੀ ਭਰ ਵੀ ਸੱਚਾਈ ਨਹੀਂ ਹੈ। ਸਰਕਾਰ ਨੇ ਪਸ਼ੂ ਪਾਲਣ ਵਿਭਾਗ, ਬਾਗਬਾਨੀ ਵਿਭਾਗ ਅਤੇ ਗ੍ਰਾਮ ਪੰਚਾਇਤ ਦੀ 955 ਏਕੜ ਜ਼ਮੀਨ ਲਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਐਕਵਾਇਰ ਕੀਤੀ ਜ਼ਮੀਨ ਵਿਚ ਮੱਤੇਵਾੜਾ ਜੰਗਲ ਦੇ 2300 ਏਕੜ ਵਿਚੋਂ ਇਕ ਇੰਚ ਜ਼ਮੀਨ ਵੀ ਸ਼ਾਮਲ ਨਹੀਂ ਹੈ।

## ਥਰਮਲ ਪਲਾਂਟ ਢਹਿਣਾ ਉਜਾੜੇ ਦੀ ਦਾਸਤਾਨ: ਹਰਸਿਮਰਤ

**ਬਠਿੰਡਾ:** ਥਰਮਲ ਪਲਾਂਟ ਨੂੰ ਢਹਿ-ਢੇਰੀ ਕਰਨ ਦੇ ਟੈਂਡਰ ਨੋਟਿਸ ਦਾ ਸਖਤ ਨੋਟਿਸ ਲੈਂਦਿਆਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਹੈ ਕਿ ਜਿਹੜੇ ਸਾਲ 'ਚ ਦੁਨੀਆਂ ਭਰ ਦੀ ਗੁਰੂ ਨਾਨਕ ਨਾਮ ਲੇਵਾ ਸੰਗਤ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਮਨਾ ਰਹੀ ਹੈ, ਉਸੇ ਸਾਲ 'ਚ ਸੂਬਾ ਸਰਕਾਰ ਨੇ ਥਰਮਲ ਪਲਾਂਟ ਨੂੰ ਢਹਿ-ਢੇਰੀ ਕਰਨ ਦਾ ਫੈਸਲਾ ਕਰਕੇ ਦੁਨੀਆਂ ਭਰ ਦੀ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਮਾਰੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਫੈਸਲੇ ਪੰਜਾਬ ਦੇ ਉਜਾੜੇ ਦੇ ਕੌੜੇ ਸੱਚ ਦਾ ਪ੍ਰਗਟਾਵਾ ਕਰਦੇ ਹਨ।

# ਜਾਂਚ ਟੀਮ ਮਹੀਨੇ ਦੇ ਅੰਦਰ ਸੌਂਪੇਗੀ ਲਾਪਤਾ ਪਾਵਨ ਸਰੂਪਾਂ ਬਾਰੇ ਰਿਪੋਰਟ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ 267 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਹਾਈ ਕੋਰਟ ਦੀ ਸੇਵਾਮੁਕਤ ਜੱਜ ਨਵਿਤਾ ਸਿੰਘ ਨੂੰ ਸੌਂਪੀ ਹੈ। ਉਨ੍ਹਾਂ ਨੂੰ ਰਿਪੋਰਟ ਇਕ ਮਹੀਨੇ ਦੇ ਅੰਦਰ ਸ੍ਰੀ ਅਕਾਲ ਤਖਤ ਨੂੰ ਸੌਂਪਣ ਦੇ ਆਦੇਸ਼ ਦਿੱਤੇ ਗਏ ਹਨ।

ਇਹ ਪਾਵਨ ਸਰੂਪ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿਚੋਂ ਘੱਟ ਪਾਏ ਗਏ ਹਨ। ਇਸ ਮਾਮਲੇ ਦੀ ਤਹਿਕੀਕਾਤ ਲਈ ਸ਼੍ਰੋਮਣੀ ਕਮੇਟੀ ਵਲੋਂ ਜਾਂਚ ਕਮੇਟੀ ਬਣਾਈ ਗਈ ਸੀ ਪਰ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਉਨ੍ਹਾਂ ਇਸ ਦੀ ਜਾਂਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਖੁਦ ਕਰਵਾਉਣ ਵਾਸਤੇ ਅਪੀਲ ਕੀਤੀ ਸੀ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਦੀ ਜਾਂਚ ਕਿਸੇ ਸੀਨੀਅਰ ਸਾਬਕਾ ਸਿੱਖ ਜੱਜ ਜਾਂ



ਕਿਸੇ ਪ੍ਰਮੁੱਖ ਸ਼ਖਸੀਅਤ ਕੋਲੋਂ ਕਰਾਉਣ ਦੀ ਅਪੀਲ ਕੀਤੀ ਸੀ।

ਜਥੇਦਾਰ ਹਰਪ੍ਰੀਤ ਸਿੰਘ ਨੇ ਬੀਬੀ ਨਵਿਤਾ ਸਿੰਘ ਨੂੰ ਜਾਂਚ ਦੌਰਾਨ ਸਹਿਯੋਗ ਦੇਣ ਵਾਸਤੇ ਤਿਲੰਗਾਨਾ ਹਾਈ ਕੋਰਟ ਦੇ ਸਿੱਖ ਵਕੀਲ ਈਸ਼ਰ ਸਿੰਘ ਨੂੰ ਵੀ ਨਾਮਜ਼ਦ ਕੀਤਾ ਹੈ। ਉਨ੍ਹਾਂ ਆਖਿਆ ਕਿ ਜਾਂਚ ਟੀਮ ਨੂੰ ਲੋੜ ਮੁਤਾਬਕ ਸ੍ਰੀ ਅਕਾਲ ਤਖਤ ਵਲੋਂ ਅਕਾਊਂਟ ਦੇ ਮਾਹਿਰਾਂ ਸਮੇਤ ਸ਼੍ਰੋਮਣੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਅਧਿਕਾਰੀਆਂ ਅਤੇ ਹੋਰ ਵਿਦਵਾਨਾਂ ਦੀਆਂ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ।

ਜਥੇਦਾਰ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚਲਦੀ ਗੋਲਡਨ ਆਫਸੈੱਟ ਪ੍ਰੈੱਸ ਦੇ ਰਿਕਾਰਡ ਵਿਚੋਂ 267 ਪਾਵਨ ਸਰੂਪ ਘਟਣ ਨਾਲ ਸਿੱਖ ਪੰਥ ਵਿਚ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਖੜ੍ਹੀਆਂ ਹੋ ਗਈਆਂ ਹਨ ਅਤੇ ਸਿੱਖ ਸੰਗਤ ਸੱਚਾਈ ਨੂੰ ਜਾਨਣਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਵੀ ਮਤਾ ਪਾਸ ਕਰ ਕੇ ਇਸ ਮਾਮਲੇ ਦੀ ਨਿਰਪੱਖ ਜਾਂਚ ਸ੍ਰੀ ਅਕਾਲ ਤਖਤ ਵਲੋਂ ਕਰਵਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਆਖਿਆ ਕਿ ਸ੍ਰੀ ਅਕਾਲ ਤਖਤ ਵਲੋਂ ਜਲਦੀ ਹੀ ਸਿੱਖ ਪੰਥ ਨੂੰ 'ਸਾਂਝਾ ਡਿਜੀਟਲ ਮੰਚ' ਮੁਹੱਈਆ ਕਰਵਾਇਆ ਜਾਵੇਗਾ, ਜਿਸ ਬਾਰੇ ਪੰਜ ਸਿੰਘ ਸਾਹਿਬਾਨ ਭਵਿੱਖ ਵਿਚ ਹੋਣ ਵਾਲੀ ਇਕੱਤਰਤਾ ਵਿਚ ਵਿਚਾਰ ਕਰਨ ਮਗਰੋਂ ਐਲਾਨ ਕਰਨਗੇ।

ਉਨ੍ਹਾਂ ਆਖਿਆ ਕਿ ਸਿੱਖ ਪੰਥ ਵਿਚ ਵੰਡੀਆਂ ਪਾਉਣ ਵਾਲੇ ਗੁਰੂ ਦੋਖੀਆਂ ਤੋਂ ਸਾਵਧਾਨ ਅਤੇ ਸਮੁੱਚੇ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਰੌਸ਼ਨੀ ਵਿਚ ਇਕਜੁੱਟ ਕਰਨ ਲਈ ਇਹ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖਤ ਵਲੋਂ 'ਸਿੱਖ ਸਹਾਇਤਾ ਫੰਡ' ਕਾਇਮ ਕਰਨ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਸਿੱਖ ਲੋੜਵੰਦ ਨੌਜਵਾਨਾਂ, ਵਿਧਵਾਵਾਂ, ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਅਤੇ ਦੱਬੇ ਕੁਚਲੇ ਲੋਕਾਂ ਦੀ ਸਹਾਇਤਾ ਲਈ ਸਿੱਖ ਬੁੱਧੀਜੀਵੀਆਂ, ਸਾਬਕਾ ਬੈਂਕਰਾਂ, ਵਕੀਲਾਂ, ਡਾਕਟਰਾਂ ਅਤੇ ਆਈ.ਏ.ਐਸ/ ਆਈ.ਪੀ.ਐਸ. ਆਦਿ ਅਧਿਕਾਰੀਆਂ ਦੀ ਕਮੇਟੀ ਰਾਹੀਂ ਇਹ ਫੰਡ ਕਾਇਮ ਕੀਤਾ ਜਾਵੇਗਾ। ਉਨ੍ਹਾਂ ਸਿੱਖ ਨੌਜਵਾਨਾਂ ਨੂੰ ਉਸਾਰੂ ਸੋਚ ਦੇ ਧਾਰਨੀ ਬਣ ਕੇ ਆਰਥਿਕ, ਸਮਾਜਿਕ ਤੇ ਰਾਜਨੀਤਕ ਖੇਤਰ ਵਿਚ ਉੱਚ ਮੁਕਾਮ ਹਾਸਲ ਕਰਨ ਅਤੇ ਸਿੱਖ ਵਿਦਿਆਰਥੀਆਂ ਨੂੰ ਸਾਰਾ ਧਿਆਨ ਪੜ੍ਹਾਈ ਉਤੇ ਕੇਂਦਰਿਤ ਕਰਨ ਲਈ ਆਖਿਆ।

## ਜਾਂਚ ਟੀਮ ਨੂੰ ਦਸਤਾਵੇਜ਼ ਸੌਂਪੇਗਾ ਮਨੁੱਖੀ ਅਧਿਕਾਰ ਸੰਗਠਨ

**ਅੰਮ੍ਰਿਤਸਰ:** ਲਾਪਤਾ 267 ਪਾਵਨ ਸਰੂਪ ਮਾਮਲੇ ਵਿਚ ਮੁੱਖ ਸ਼ਿਕਾਇਤਕਰਤਾ ਧਿਰ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵਲੋਂ ਇਸ ਮਾਮਲੇ ਸਬੰਧੀ ਲੋੜੀਂਦੇ ਦਸਤਾਵੇਜ਼ ਜਾਂਚ ਕਮੇਟੀ ਨੂੰ ਸੌਂਪੇ ਜਾਣਗੇ ਤਾਂ ਜੋ ਇਸ ਮਾਮਲੇ ਵਿਚ ਹੋਣ ਵਾਲੀ ਜਾਂਚ ਵਿਚ ਸਹਾਇਤਾ ਕੀਤੀ ਜਾ ਸਕੇ। ਸੰਗਠਨ ਨੇ ਸ੍ਰੀ ਅਕਾਲ ਤਖਤ ਵਲੋਂ ਜਾਂਚ ਲਈ ਨਾਮਜ਼ਦ ਕੀਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜੱਜ ਨਵਿਤਾ ਸਿੰਘ ਬਾਰੇ ਤਸੱਲੀ ਪ੍ਰਗਟਾਈ ਹੈ। ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿਚੋਂ 267 ਪਾਵਨ ਸਰੂਪ ਘੱਟ ਹੋਣ ਦਾ ਇਹ ਮਾਮਲਾ ਬੀਤੇ ਦਿਨੀਂ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵਲੋਂ ਉਭਾਰਿਆ ਗਿਆ ਸੀ। ਸੰਗਠਨ ਦੇ ਮੁੱਖ ਜਾਂਚਕਰਤਾ ਸਰਬਜੀਤ ਸਿੰਘ ਵੇਰਕਾ ਨੇ ਸ੍ਰੀ ਅਕਾਲ ਤਖ਼ਤ ਵਲੋਂ ਇਸ ਮਾਮਲੇ ਦੀ ਜਾਂਚ ਬਾਹਰੋਂ ਕਰਾਉਣ ਅਤੇ ਇਸ ਦੀ ਜਾਂਚ ਹਾਈਕੋਰਟ ਦੀ ਸਾਬਕਾ ਜੱਜ ਨੂੰ ਦਿੱਤੇ ਜਾਣ 'ਤੇ ਤਸੱਲੀ ਪ੍ਰਗਟਾਈ ਹੈ। ਇਹ ਪਹਿਲਾ ਮੌਕਾ ਹੈ ਜਦੋਂ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਆਪਣੇ ਕਿਸੇ ਅੰਦਰੂਨੀ ਮਾਮਲੇ ਦੀ ਬਾਹਰੋਂ ਜਾਂਚ ਕਰਵਾ ਰਹੀ ਹੈ।

## ਸਿੱਧੂ ਮੂਸੇਵਾਲਾ ਖਿਲਾਫ ਨਵਾਂ ਕੇਸ ਦਰਜ

**ਮੁਹਾਲੀ:** ਪੰਜਾਬ ਪੁਲਿਸ ਨੇ ਵਿਵਾਦਾਂ 'ਚ ਘਿਰੇ ਗਾਇਕ ਸਿੱਧੂ ਮੂਸੇਵਾਲਾ ਨੂੰ ਅਸਲਾ ਕਾਨੂੰਨ ਦੇ ਕੇਸ ਵਿਚ ਮਿਲੀ ਅਗਾਊਂ ਜ਼ਮਾਨਤ ਰੱਦ ਕਰਵਾਉਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਜਾਣ ਲਈ ਤਿਆਰੀ ਖਿੱਚੀ ਹੈ। ਇਸੇ ਦੌਰਾਨ ਮੂਸੇਵਾਲਾ ਵਿਰੁੱਧ ਅਪਰਾਧ ਸ਼ਾਖਾ ਨੇ ਉਸ ਦੇ ਨਵੇਂ ਗੀਤ 'ਸੰਜੂ' ਨਾਲ ਹਿੰਸਾ ਅਤੇ ਬੰਦੂਕ ਸਭਿਆਚਾਰ ਨੂੰ ਉਤਸ਼ਾਹਤ ਕਰਨ ਦੇ ਦੋਸ਼ ਹੇਠ ਇਕ ਹੋਰ ਕੇਸ ਦਰਜ ਕੀਤਾ ਹੈ।

ਜ਼ਿਕਰਯੋਗ ਹੈ ਇਹ ਗੀਤ ਕੁਝ ਦਿਨ ਪਹਿਲਾਂ ਹੀ ਸੋਸ਼ਲ ਮੀਡੀਆ ਉਤੇ ਰਿਲੀਜ਼ ਹੋਇਆ ਸੀ। ਏ.ਡੀ.ਜੀ.ਪੀ. ਅਤੇ ਡਾਇਰੈਕਟਰ ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਪੁਲਿਸ ਨੂੰ ਮਿਲੀ ਜਾਣਕਾਰੀ ਦੇ ਅਧਾਰ ਉਤੇ ਗਾਇਕ ਵਿਰੁੱਧ ਮੁਹਾਲੀ ਵਿਚ ਕੇਸ ਦਰਜ ਕੀਤਾ ਗਿਆ ਹੈ।

## 'ਬੁਲੇਟ' ਦੇ ਸ਼ੌਕ ਨੇ ਸ਼ੁਦਾਈ ਕੀਤੇ ਪੰਜਾਬੀ

**ਚੰਡੀਗੜ੍ਹ:** ਕਰੋਨਾ ਸੰਕਟ ਉਤੇ ਵੀ ਪੰਜਾਬੀਆਂ ਦਾ ਸ਼ੌਕ ਭਾਰੂ ਪਿਆ ਹੈ ਤੇ ਉਹ ਖੁੱਲ੍ਹੇ ਹੱਥ ਨਾਲ 'ਬੁਲੇਟ' ਖਰੀਦ ਰਹੇ ਹਨ। ਸਰਕਾਰੀ ਅੰਕੜੇ ਦੱਸਦੇ ਹਨ ਕਿ ਪੰਜਾਬ ਦੇ ਲੋਕਾਂ ਨੇ ਲੰਘੇ ਸਾਢੇ ਚਾਰ ਵਰ੍ਹਿਆਂ ਵਿਚ ਕਰੀਬ 2500 ਕਰੋੜ ਰੁਪਏ ਖਰਚ ਕੇ ਬੁਲੇਟ ਮੋਟਰਸਾਈਕਲ ਦਾ ਸ਼ੌਕ



ਪੂਰਾ ਕੀਤਾ ਹੈ। ਵੇਰਵਿਆਂ ਅਨੁਸਾਰ ਟਰਾਂਸਪੋਰਟ ਵਿਭਾਗ ਕੋਲ ਪਹਿਲੀ ਜਨਵਰੀ 2016 ਤੋਂ 15 ਜੁਲਾਈ 2020 ਤੱਕ ਪੰਜਾਬ 'ਚ ਨਵੇਂ 1,87, 291 ਬੁਲੇਟ ਮੋਟਰਸਾਈਕਲ (ਰਾਇਲ ਐਨਫੀਲਡ) ਰਜਿਸਟਰਡ ਹੋਏ ਹਨ। ਔਸਤ ਵੇਖੀਏ ਤਾਂ ਪੰਜਾਬ ਵਿਚ ਇਨ੍ਹਾਂ ਲੰਘੇ ਸਾਢੇ ਚਾਰ ਵਰ੍ਹਿਆਂ ਦੌਰਾਨ ਰੋਜ਼ਾਨਾ 113 ਬੁਲੇਟ ਮੋਟਰਸਾਈਕਲਾਂ ਦੀ ਵਿੱਕਰੀ ਹੋਈ। ਮਤਲਬ, ਪੰਜਾਬੀ ਰੋਜ਼ਾਨਾ ਔਸਤਨ ਡੇਢ ਕਰੋੜ ਰੁਪਏ ਬੁਲੇਟ ਦੀ ਖਰੀਦ ਉਤੇ ਖਰਚ ਹੁੰਦੇ ਰਹੇ।

ਪੰਜਾਬ 'ਚ ਸਾਲ 2019 ਦੌਰਾਨ 43,682 ਬੁਲੇਟ ਵਿਕੇ ਹਨ, ਜਿਨ੍ਹਾਂ ਦੀ ਰੋਜ਼ਾਨਾ ਵਿਕਰੀ ਔਸਤ 119 ਬਣਦੀ ਹੈ। ਸਾਲ 2018 ਵਿਚ ਇਹੋ ਔਸਤ ਰੋਜ਼ਾਨਾ 126 ਬੁਲੇਟ ਮੋਟਰਸਾਈਕਲਾਂ ਦੀ ਸੀ। ਚਾਲੂ ਕੈਲੰਡਰ ਵਰ੍ਹੇ ਦੌਰਾਨ ਪੰਜਾਬ ਵਿਚ 16,911 ਬੁਲੇਟ ਰਜਿਸਟਰਡ ਹੋਏ ਹਨ। ਬੁਲੇਟ ਦੀ ਕੀਮਤ ਵਿਚ ਹਰ ਵਰ੍ਹੇ ਕੰਪਨੀ ਵੱਲੋਂ ਪੰਜ ਤੋਂ ਸੱਤ ਹਜ਼ਾਰ ਰੁਪਏ ਵਾਧਾ ਕੀਤਾ ਜਾ ਰਿਹਾ ਹੈ। ਬੁਲੇਟ ਦੇ ਸਟੈਂਡਰਡ ਮਾਡਲ ਦੀ ਕੀਮਤ ਸਮੇਤ ਸਭ ਟੈਕਸਾਂ ਦੇ 1,49,500 ਰੁਪਏ ਹੈ ਜੋ ਕਰੀਬ 90 ਫੀਸਦੀ ਵਿਕਦਾ ਹੈ।

ਕਲਾਸਿਕ ਮਾਡਲ ਦੀ ਕੀਮਤ 1.90 ਲੱਖ ਰੁਪਏ ਹੈ। ਲੰਘੇ ਸਾਢੇ ਚਾਰ ਸਾਲਾਂ ਦੀ ਔਸਤਨ ਕੀਮਤ 1.30 ਲੱਖ ਰੁਪਏ ਵੀ ਰੱਖ ਲਈਏ ਤਾਂ ਵੀ ਇਨ੍ਹਾਂ ਵਰ੍ਹਿਆਂ ਵਿਚ ਪੰਜਾਬ ਦੇ ਲੋਕਾਂ ਨੇ ਬੁਲੇਟ ਦੀ ਖਰੀਦ ਉਤੇ 2434.78 ਕਰੋੜ ਰੁਪਏ ਖ਼ਰਚੇ ਹਨ। ਪਟਿਆਲਾ 'ਚ ਰਾਇਲ ਐਨਫੀਲਡ ਏਜੰਸੀ ਦੇ ਅਧਿਕਾਰੀ ਜਗਦੀਸ਼ ਚੰਦ ਆਖਦੇ ਹਨ ਕਿ ਬੁਲੇਟ ਦੀ ਛੇ ਛੇ ਮਹੀਨੇ ਦੀ ਪਹਿਲਾਂ ਵੇਟਿੰਗ ਹੁੰਦੀ ਸੀ ਜੋ ਹੁਣ ਦੋ ਹਫਤਿਆਂ ਦੀ ਹੈ। ਉਨ੍ਹਾਂ ਦੱਸਿਆ ਕਿ ਭਾਅ ਵਧਣ ਦੇ ਬਾਵਜੂਦ ਇਸ ਦਾ ਸ਼ੌਕ ਕਦੇ ਘਟਿਆ ਨਹੀਂ ਹੈ।

Moving to Indiana?
Contact Ray Dhaliwal @ 317-993-4987

Ray Dhaliwal
Real Estate Broker
for Free Consultation!!!
Listing and Selling Homes
in Indianapolis Area.
Good relations with all the well reputed
leading Builders in the Area.
Specialized in Pre-Sale homes for Investment
and Residential purposes.
Helpful in Easy and Accessible Home Loans
at low Interest Rates.
CENTURY 21 SCHEETZ RAYD@C21Scheetz.com


LEAF XPRESS
INIANAPOLIS, IN
Now Hiring!
We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.
Call, ISHAN: 317-688-9222
28-

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਬੇਅਦਬੀ ਮਾਮਲਾ: ਅਦਾਲਤ ’ਚ ਵਕੀਲਾਂ ਦੀ ਤਿੱਖੀ ਜਿਰ੍ਹਾ

**ਮੁਹਾਲੀ:** ਪਿੰਡ ਬਰਗਾੜੀ ਸਮੇਤ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਮਾਮਲਿਆਂ (ਕਲੋਜਰ ਰਿਪੋਰਟ ਅਤੇ ਨਵੇਂ ਸਿਰਿਉਂ ਜਾਂਚ) ਸਬੰਧੀ ਕੇਸ ਦੀ ਸੁਣਵਾਈ ਮੁਹਾਲੀ ਸਥਿਤ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਜੀ.ਐਸ. ਸੇਖੋਂ ਦੀ ਅਦਾਲਤ ਵਿਚ ਹੋਈ। ਇਸ ਦੌਰਾਨ ਸੀ.ਬੀ.ਆਈ, ਪੰਜਾਬ ਸਰਕਾਰ ਅਤੇ ਸ਼ਿਕਾਇਤਕਰਤਾਵਾਂ ਅਤੇ ਡੇਰਾ ਸਿਰਸਾ ਦੇ ਵਕੀਲਾਂ ਵਿਚ ਭਖਵੀਂ ਬਹਿਸ ਹੋਈ। ਉਂਜ ਪੰਜਾਬ ਸਰਕਾਰ ਦੀ ਤਰਫੋਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰੇਨ ਰਾਵਲ ਨੇ ਪੇਸ਼ ਹੋਣਾ ਸੀ ਪਰ ਉਹ ਸਮੇਂ ਸਿਰ ਅਦਾਲਤ ਨਹੀਂ ਪਹੁੰਚ ਸਕੇ, ਜਿਸ ਕਾਰਨ ਸਰਕਾਰੀ ਵਕੀਲ ਸੰਜੀਵ ਬੱਤਰਾ ਨੇ ਅਦਾਲਤ ਤੋਂ 12 ਤੋਂ 2 ਵਜੇ ਤੱਕ ਦੀ ਮੋਹਲਤ ਮੰਗੀ।

ਸਰਕਾਰੀ ਨੁਮਾਇੰਦਾ ਆਪਣੀ ਗੱਲ ਰੱਖ ਹੀ ਰਿਹਾ ਸੀ ਕਿ ਏਨੇ ਵਿਚ ਸੀ.ਬੀ.ਆਈ, ਸ਼ਿਕਾਇਤ ਕਰਤਾਵਾਂ ਦਾ ਵਕੀਲ ਗਗਨ ਪਰਦੀਪ ਸਿੰਘ ਬੱਲ ਅਤੇ ਡੇਰਾ ਸਿਰਸਾ ਦਾ ਵਕੀਲ ਆਰਕੇ ਹਾਂਡਾ ਮਾਮਲੇ ਦੀ ਜਾਂਚ ਨੂੰ ਲੈ ਕੇ ਬਹਿਸਣ ਲੱਗ ਪਏ। ਅਦਾਲਤ ਵਿਚ ਸ਼ਿਕਾਇਤ ਕਰਤਾ ਰਣਜੀਤ ਸਿੰਘ ਬੁਰਜਸਿੰਘ ਵਾਲਾ ਅਤੇ ਗਰੰਥੀ ਗੋਰਾ ਸਿੰਘ ਅਤੇ ਸਿੱਖ ਆਗੂ ਕੁਲਦੀਪ ਸਿੰਘ ਭਾਗੋਵਾਲ ਵੀ ਹਾਜ਼ਰ ਸਨ। ਡੇਰਾ ਸਿਰਸਾ ਦੇ ਸਿਆਸੀ ਵਿੰਗ ਦਾ ਨੁਮਾਇੰਦਾ ਹਰਚਰਨ ਸਿੰਘ ਵੀ ਮੌਜੂਦ ਸੀ।

ਸੀ.ਬੀ.ਆਈ. ਨੇ ਸੁਪਰੀਮ ਕੋਰਟ ਵਿਚ ਉਨ੍ਹਾਂ (ਸੀ.ਬੀ.ਆਈ.) ਦੀ ਰੀਵਿਊ ਪਟੀਸ਼ਨ ਪੈਂਡਿੰਗ ਪਈ ਹੋਣ ਦਾ ਹਵਾਲਾ ਦਿੰਦਿਆਂ ਮੰਗ ਕੀਤੀ ਜਦੋਂ ਤੱਕ ਉਚ ਅਦਾਲਤ ਵਿਚ ਰੀਵੀਊ ਪਟੀਸ਼ਨ ਦਾ ਨਿਬੇੜਾ ਨਹੀਂ ਹੋ ਜਾਂਦਾ, ਉਦੋਂ ਤੱਕ ਮੁਹਾਲੀ ਅਦਾਲਤ ਵਿਚ ਸੁਣਵਾਈ ਮੁਲਤਵੀ ਕੀਤੀ ਜਾਵੇ। ਸੀ.ਬੀ.ਆਈ. ਨੇ ਮੁੜ ਦੁਹਰਾਇਆ ਕਿ ਪੰਜਾਬ ਪੁਲਿਸ ਦੀ ਸਿੱਟ ਨੂੰ ਜਾਂਚ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਸ ਦਾ ਵਿਰੋਧ ਕਰਦਿਆਂ ਵਕੀਲ ਗਗਨ ਪਰਦੀਪ ਸਿੰਘ ਬੱਲ ਨੇ ਦੋ ਵੱਖੋ-ਵੱਖ ਅਰਜ਼ੀਆਂ ਦਾਇਰ ਕਰਕੇ ਕੇਸ ਮੁਤੱਲਕ 17 ਸਵਾਲ ਚੁੱਕੇ। ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਜੱਜ ਨੇ ਕੇਸ ਦੀ ਸੁਣਵਾਈ 29 ਜੁਲਾਈ ਤੱਕ ਲਈ ਟਾਲ ਦਿੱਤੀ।

## ਗਰਮਖਿਆਲੀਆਂ ਵਲੋਂ ਰੋਸ ਮੁਜਾਹਰਾ

**ਜੈਤੋ:** ਬੇਅਦਬੀ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰਨ ਦੇ ਤੌਖਲਿਆਂ ਦਰਮਿਆਨ ਗਰਮਖਿਆਲੀ ਪੰਥਕ ਜਥੇਬੰਦੀਆਂ ਨੇ ਬਰਗਾੜੀ ‘ਚ ਰੋਸ ਮਾਰਚ ਕਰਕੇ ਪ੍ਰਧਾਨ ਮੰਤਰੀ ਦਾ ਪੁਤਲਾ ਫੂਕਿਆ। ਉਨ੍ਹਾਂ ਰਣਬੀਰ ਸਿੰਘ ਖੱਟੜਾ ਅਤੇ ਕੁੰਵਰ ਵਿਜੈ ਪ੍ਰਤਾਪ ਦੀ ਅਗਵਾਈ ‘ਚ ਕੰਮ ਕਰਦੀਆਂ ਜਾਂਚ ਟੀਮਾਂ ਉਤੇ ਭਰੋਸਾ ਪ੍ਰਗਟਾਉਂਦਿਆਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਬੇਅਦਬੀ ਮਾਮਲੇ ‘ਚ ਗ੍ਰਿਫਤਾਰੀ ਮੰਗੀ। ਬਰਗਾੜੀ ਦੇ ਗੁਰਦੁਆਰੇ ‘ਚ ਮੀਟਿੰਗ ਕਰਨ ਪਿੱਛੋਂ ਪੰਥਕ ਆਗੂਆਂ ਦੀ ਅਗਵਾਈ ‘ਚ ਰੋਸ ਮਾਰਚ ਕਰਕੇ ਕੌਮੀ ਮਾਰਗ ਕਿਨਾਰੇ ਪ੍ਰਧਾਨ ਮੰਤਰੀ ਦਾ ਪੁਤਲਾ ਸਾੜਿਆ ਗਿਆ।

## ਬਰਗਾੜੀ ਮਾਮਲੇ ਦੀ ਜਾਂਚ ਜਲਦ ਹੋਵੇਗੀ ਮੁਕੰਮਲ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਹਫਤਾਵਾਰੀ ਲਾਈਵ ਪ੍ਰੋਗਰਾਮ ਦੌਰਾਨ ਇਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਵੱਲੋਂ ਬਰਗਾੜੀ ਮਾਮਲੇ ਬਾਰੇ ਜਾਂਚ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਉਮੀਦ ਹੈ ਕਿ ਜਾਂਚ ਜਲਦੀ ਮੁਕੰਮਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਮਾਮਲੇ ਦੀ ਤਹਿ ਤੱਕ ਜਾਵਾਂਗੇ ਤੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਕੈਪਟਨ ਨੇ ਮੱਤੇਵਾੜਾ ਜੰਗਲ ਦੇ ਉਜਾੜੇ ਬਾਰੇ ਸਾਹਮਣੇ ਆ ਰਹੀਆਂ ਰਿਪੋਰਟਾਂ ਨੂੰ ਪੂਰੀ ਤਰਾਂ ਰੱਦ ਕਰਦਿਆਂ ਐਲਾਨ ਕੀਤਾ ਕਿ ਮੱਤੇਵਾੜਾ ਜੰਗਲ ਦਾ ਇਕ ਵੀ ਰੁੱਖ ਨਹੀਂ ਕੱਟਿਆ ਜਾਵੇਗਾ ਅਤੇ ਨਾ ਹੀ ਉਦਯੋਗਿਕ ਪਾਰਕ ਦੇ ਵਿਕਾਸ ਲਈ ਸਰਕਾਰ ਵਲੋਂ ਜੰਗਲ ਦੀ ਇਕ ਇੰਚ ਵੀ ਜ਼ਮੀਨ ਲਈ ਜਾਵੇਗੀ।

# ਰੈਫਰੈਂਡਮ 2020: ਹੁਣ ਦਿੱਲੀ ਵਿਚ ਕੈਨੇਡੀਅਨ ਪੋਰਟਲ

**ਨਵੀਂ ਦਿੱਲੀ:** ਖਾਲਿਸਤਾਨ ਪੱਖੀ ਤੇ ਪਾਬੰਦੀਸ਼ੁਦਾ ਜਥੇਬੰਦੀ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਨੇ ਸਿੱਖਾਂ ਲਈ ਵੱਖਰੇ ਖਾਲਿਸਤਾਨ ਦੀ ਮੰਗ ਨੂੰ ਪੂਰਾ ਕਰਨ ਲਈ ‘ਰਾਇਸ਼ੁਮਾਰੀ 2020’ ਤਹਿਤ ਵੋਟਿੰਗ ਰਜਿਸਟਰੇਸ਼ਨ ਲਈ ਹੁਣ ਦਿੱਲੀ ਵਿਚ ਕੈਨੇਡੀਅਨ ਪੋਰਟਲ ਲਾਂਚ ਕੀਤਾ ਹੈ। ਐਸ.ਐਫ.ਜੇ. ਦੇ ਦੇਸ਼ ਵਿਰੋਧੀ ਏਜੰਡੇ ਕਰਕੇ ਭਾਰਤ ਨੇ ਪਿਛਲੇ ਦਿਨੀਂ ਜਥੇਬੰਦੀ ਵੱਲੋਂ ਵਰਤੇ ਜਾਂਦੇ ਰੂਸੀ ਪੋਰਟਲ ਨੂੰ ਬਲਾਕ ਕਰ ਦਿੱਤਾ ਸੀ। ਸੁਰੱਖਿਆ ਏਜੰਸੀਆਂ ਨੇ ਵੱਡਾ ਸੁਰੱਖਿਆ ਅਲਰਟ ਜਾਰੀ ਕਰਦਿਆਂ ਕਿਹਾ ਕਿ ਐਸ.ਐਫ.ਜੇ. ਨੇ ਐਤਕੀਂ ‘ਰਾਇਸ਼ੁਮਾਰੀ 2020’ ਸਬੰਧੀ ਵੋਟਰ ਰਜਿਸਟਰੇਸ਼ਨ ਲਈ ਕੌਮੀ ਰਾਜਧਾਨੀ ਦਿੱਲੀ ਨੂੰ ਨਿਸ਼ਾਨਾ ਬਣਾਇਆ ਹੈ। ਇਸ ਤੋਂ ਪਹਿਲਾਂ ਜਥੇਬੰਦੀ ਆਪਣੇ ਗੈਰਕਾਨੂੰਨੀ ਏਜੰਡੇ ਲਈ ਪੰਜਾਬ ਨੂੰ ਨਿਸ਼ਾਨਾ ਬਣਾਉਂਦੀ ਰਹੀ ਹੈ। ਗ੍ਰਹਿ ਮੰਤਰਾਲੇ ਨੇ ਪਿਛਲੇ ਸਾਲ ਜੁਲਾਈ ਵਿਚ ‘ਰਾਇਸ਼ੁਮਾਰੀ 2020’ ਦੀ ਪੈਰਵੀ ਕਰਨ ਵਾਲੀ ਐਸ.ਐਫ.ਜੇ. ਉਤੇ ਪਾਬੰਦੀ ਲਾ ਦਿੱਤੀ ਸੀ।

ਭਾਰਤ ਨੇ 4 ਜੁਲਾਈ ਨੂੰ ਰੂਸੀ ਵੈੱਬਸਾਈਟ ਨੂੰ ਬਲਾਕ ਕਰ ਦਿੱਤਾ ਸੀ। ਇੰਟੈਲੀਜੈਂਸ ਵਿੰਗ ਵਿਚਲੇ ਸੂਤਰਾਂ ਅਨੁਸਾਰ ਐਸ.ਐਫ.ਜੇ. ਨੇ ‘ਰਾਇਸ਼ੁਮਾਰੀ 2020’ ਵੋਟਿੰਗ ਰਜਿਸਟਰੇਸ਼ਨ ਲਈ ਦਿੱਲੀ ’ਚ ਕੈਨੇਡਿਆਈ ਪੋਰਟਲ ਸ਼ੁਰੂ ਕੀਤਾ ਹੈ। ਸੁਰੱਖਿਆ ਏਜੰਸੀਆਂ ਨੇ ਇਕ ਮਹੀਨੇ ਅੰਦਰ ਐਸ.ਐਫ.ਜੇ. ਦੀ ਇਸ ਦੂਜੀ ਕੋਸ਼ਿਸ਼ ਮਗਰੋਂ ਸਬੰਧਤ ਵਿਭਾਗਾਂ ਨੂੰ ਚੌਕਸ ਕਰ ਦਿੱਤਾ ਹੈ। ਅੰਦਰੂਨੀ ਸੁਰੱਖਿਆ ਨਾਲ ਜੁੜੇ ਮਾਹਿਰਾਂ ਨੇ ਕਿਹਾ ਕਿ ਨਵੰਬਰ 1984 ਸਿੱਖ ਵਿਰੋਧੀ ਦੰਗਿਆਂ ਦਾ ਕੇਂਦਰ ਦਿੱਲੀ ਸੀ, ਜਿਸ ਕਰਕੇ ਐਸ.ਐਫ.ਜੇ. ਨੇ ਵੋਟਰ ਰਜਿਸਟਰੇਸ਼ਨ ਏਜੰਡੇ ਨੂੰ ਪੂਰਾ ਕਰਨ ਲਈ ਕੌਮੀ ਰਾਜਧਾਨੀ ਦੀ ਚੋਣ ਕੀਤੀ ਹੈ।

ਕੈਨੇਡੀਅਨ ਪੋਰਟਲ ਦੇ ਹੋਮ ਪੇਜ ਦੇ ਸਿਖਰ ਉਤੇ ਕੈਨੇਡੀਅਨ ਝੰਡਾ ਦਰਸਾਇਆ ਗਿਆ ਹੈ। ਪੋਰਟਲ ‘ਤੇ ਉਪਲੱਬਧ ਸੂਚਨਾ ਤੇ ਵੋਟਰ ਰਜਿਸਟਰੇਸ਼ਨ ਫਾਰਮ ਪੰਜਾਬੀ ਤੇ ਅੰਗਰੇਜ਼ੀ ਦੋਵਾਂ ਭਾਸ਼ਾਵਾਂ ਵਿਚ ਹੈ। ਸੂਤਰਾਂ ਮੁਤਾਬਕ ਇਸ ਨਵੇਂ ਪੋਰਟਲ ਨੂੰ ਸ਼ੁਰੂ ਕਰਨ ਵਿਚ ‘ਰਾਇਸ਼ੁਮਾਰੀ 2020‘ ਦੇ ਕੈਨੇਡਾ ਵਿਚਲੇ ਕੋਆਰਡੀਨੇਟਰ ਹਰਦੀਪ ਸਿੰਘ ਨਿੱਝਰ ਦੀ ਅਹਿਮ ਭੂਮਿਕਾ ਹੈ। ਕੇਂਦਰ ਸਰਕਾਰ ਨੇ ਪਹਿਲੀ ਜੁਲਾਈ ਨੂੰ ਗੁਰਪਤਵੰਤ ਸਿੰਘ ਪੰਨੂ ਤੇ ਨਿੱਝਰ ਨੂੰ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ ਤਹਿਤ ਦਹਿਸ਼ਤਗਰਦ ਐਲਾਨ ਦਿੱਤਾ ਸੀ। ਸਾਲ 2016 ਵਿਚ ਕੈਨੇਡਾ ਨੇ ਨਿੱਝਰ ਨੂੰ ਗ੍ਰਿਫਤਾਰ ਕਰਕੇ ਭਾਰਤ ਹਵਾਲੇ ਕੀਤੇ ਜਾਣ ਦੀ ਅਪੀਲ ਨੂੰ ਰੱਦ ਕਰ ਦਿੱਤਾ ਸੀ।

## ਭਾਰਤੀ ਲੜਕੀ ਨੇ ਬਣਾਇਆ ਯੋਗ ਆਸਣਾਂ ਦਾ ਰਿਕਾਰਡ

**ਦੁਬਈ:** ਦੁਬਈ ‘ਚ ਰਹਿਣ ਵਾਲੀ ਇਕ ਭਾਰਤੀ ਲੜਕੀ ਨੇ ਕੁਝ ਹੀ ਮਿੰਟਾਂ ਅੰਦਰ ਯੋਗ ਦੇ 100 ਆਸਣ ਕਰ ਕੇ ਵਿਸ਼ਵ ਰਿਕਾਰਡ ਤੋੜ ਦਿੱਤਾ ਹੈ। ਖਲੀਜ਼ ਟਾਈਮਜ਼ ਦੀ ਖਬਰ ਅਨੁਸਾਰ 11 ਸਾਲਾ ਸਮ੍ਰਿੱਧੀ ਕਾਲੀਆ ਨੇ ਤੀਜੀ ਵਾਰ ਵਿਸ਼ਵ ਰਿਕਾਰਡ ‘ਚ ਆਪਣਾ ਨਾਂ ਦਰਜ ਕਰਵਾਇਆ ਹੈ।

ਸਮ੍ਰਿੱਧੀ ਨੇ ਇਕ ਮਹੀਨੇ ਅੰਦਰ ਹੀ ਦੂਜੀ ਵਾਰ ਇਹ ਵਿਸ਼ਵ ਰਿਕਾਰਡ ਵੀ ਬਣਾਇਆ ਹੈ। ਉਸ ਦਾ ਨਾਂ ਗੋਲਡਨ ਬੁੱਕ ਆਫ ਵਰਲਡ ਰਿਕਾਰਡਜ਼ ‘ਚ ਦਰਜ ਕੀਤਾ ਗਿਆ ਹੈ। ਸੱਤਵੀਂ ਜਮਾਤ ਦੀ ਵਿਦਿਆਰਥਣ ਨੇ ਬੁਰਜ ਖਲੀਫ਼ਾ ‘ਚ ਯੋਗ ਦੀ ਇਹ ਪੇਸ਼ਕਾਰੀ ਦਿੱਤੀ ਸੀ।

ਕੁਕ ਤੇ ਤੰਦੂਰੀਏ ਦੀ ਲੋੜ ਹੈ

ਮਿਲਵਾਕੀ, ਵਿਸਕਾਸਿਨ ਵਿਚ ਨਾਰਥ ਇੰਡੀਅਨ ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਫਰੀ

ਕਾਲ ਕਰੋ, ਮਿਸਟਰ ਸਿੰਘ

ਫੋਨ: 414-581-3784

bsingh1350@me.com

28-

Homeopathicvibes

Harminder Singh Gill

Homeopathic Consultant and Practitioner



D.H.M.S; B.C.I.H

(Ex Homeopathic Medical officer Punjab Govt.)

Now we have two locations:

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

Ph: (408) 737-7100

Fax: (408)737-7102 www.homeopathicvibes.com

We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

# ਗਾਖਲ ਗਰੁੱਪ ਵਲੋਂ ਖਿਡਾਰੀਆਂ ਨੂੰ ਪ੍ਰੈਕਟਿਸ ਕਰਦੇ ਰਹਿਣ ਦੀ ਅਪੀਲ

**ਫਰੀਮਾਂਟ (ਬਿਊਰੋ):** ਮੇਜਰ ਲੀਗ ਕਬੱਡੀ (ਐਮ. ਐਲ. ਕੇ.) ਦੇ ਟਾਈਟਲ ਸਪਾਂਸਰ ਗਾਖਲ ਗਰੁੱਪ ਨੇ ਸਮੂਹ ਕਬੱਡੀ ਖਿਡਾਰੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਔਖੀ ਘੜੀ ਵਿਚ ਵੀ ਉਹ ਖੇਡਣ ਦੀ ਪ੍ਰੈਕਟਿਸ ਜਾਰੀ ਰੱਖਣ ਤਾਂ ਜੋ ਆਪਣੀ ਖੇਡ 'ਤੇ ਉਨ੍ਹਾਂ ਦੀ ਪਕੜ ਮਜਬੂਤ ਰਹੇ।

ਗਾਖਲ ਗਰੁੱਪ ਦੇ ਮੋਢੀ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਤੀਰਥ ਸਿੰਘ ਗਾਖਲ, ਗੁਰਵਿੰਦਰ ਸਿੰਘ ਗਾਖਲ ਤੇ ਹਰਜਿੰਦਰ ਸਿੰਘ ਗਾਖਲ ਨੇ ਕਿਹਾ ਕਿ ਬੇਸ਼ਕ ਕਰੋਨਾ ਮਹਾਮਾਰੀ ਕਾਰਨ ਸਾਰੇ ਵਿਸ਼ਵ ਦੇ ਖੇਡ ਮੇਲੇ ਰੱਦ ਹੋ ਗਏ ਹਨ, ਪਰ ਖਿਡਾਰੀਆਂ ਨੂੰ ਹੌਸਲਾ ਨਹੀਂ ਹਾਰਨਾ ਚਾਹੀਦਾ, ਕਿਉਂਕਿ ਇਹ ਔਖਾ ਸਮਾਂ ਵੀ ਲੰਘ ਜਾਵੇਗਾ। ਉਨ੍ਹਾਂ ਖਿਡਾਰੀ ਵੀਰਾਂ ਨੂੰ ਭਵਿੱਖ ਵਿਚ ਹੋਣ ਵਾਲੇ ਖੇਡ ਮੇਲਿਆਂ ਲਈ ਖੁਦ ਨੂੰ ਤਿਆਰ ਬਰ ਤਿਆਰ ਰੱਖਣ ਦੀ ਸਲਾਹ ਦਿੰਦਿਆਂ ਅਪੀਲ ਕੀਤੀ ਹੈ ਕਿ ਉਹ ਇਸ ਔਖੀ ਵਿਚ ਵੀ ਆਪਣੀ ਪ੍ਰੈਕਟਿਸ ਬੰਦ ਨਾ ਕਰਨ। ਕਰੋਨਾ ਮਹਾਮਾਰੀ ਵਾਲਾ ਇਹ ਸਮਾਂ ਪਰਮਾਤਮਾ ਦੀ ਮਿਹਰ ਨਾਲ ਬੀਤ ਜਾਵੇਗਾ।

ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਗਾਖਲ ਗਰੁੱਪ ਸਰਬਤ ਦੇ ਭਲੇ ਦੀ ਅਰਦਾਸ ਕਰਦਾ ਹੈ ਅਤੇ ਇਹ ਆਸ ਹੈ ਕਿ ਸਭ ਕੁਝ ਠੀਕ ਹੋਣ ਪਿਛੋਂ ਪਿਛਲੇ ਸਾਲਾਂ ਦੀ ਤਰ੍ਹਾਂ ਡਰੱਗ ਮੁਕਤ ਮੇਲੇ ਲੱਗਣਗੇ। ਉਨ੍ਹਾਂ ਕਿਹਾ ਕਿ ਬੇਸ਼ੱਕ ਕਰੋਨਾ ਮਹਾਮਾਰੀ ਕਾਰਨ ਪੈਦਾ ਹੋਏ ਹਾਲਾਤ ਤੇ ਸਰਕਾਰੀ ਹੁਕਮਾਂ ਦੀ ਪਾਲਣਾ ਤਹਿਤ ਖੇਡ ਜਥੇਬੰਦੀਆਂ ਨੂੰ ਖੇਡ ਟੂਰਨਾਮੈਂਟ ਰੱਦ ਕਰਨੇ ਪੈ ਗਏ ਹਨ ਅਤੇ ਖਿਡਾਰੀਆਂ, ਦਰਸ਼ਕਾਂ ਤੇ ਪ੍ਰਬੰਧਕਾਂ ਦੇ ਸੁਪਨੇ ਧਰੇ ਧਰਾਏ ਰਹਿ ਗਏ ਹਨ, ਪਰ ਹਾਲਾਤ ਠੀਕ ਹੋਣ ਤੱਕ ਖਿਡਾਰੀਆਂ ਨੂੰ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਖੇਡ ਦਾ ਅਭਿਆਸ ਜਾਂ ਕਸਰਤ ਵਗੈਰਾ ਕਰਦੇ ਰਹਿਣਾ ਚਾਹੀਦਾ ਹੈ।




# ਭਾਰਤ ਨੇ ਸਭ ਤੋਂ ਵੱਧ 27.3 ਕਰੋੜ ਲੋਕਾਂ ਨੂੰ ਗਰੀਬੀ ਤੋਂ ਉਪਰ ਚੁੱਕਿਆ

**ਜਨੇਵਾ (ਸਵਿਟਜ਼ਰਲੈਂਡ):** ਭਾਰਤ ਵਿਚ 2005-06 ਤੋਂ ਲੈ ਕੇ 2015-16 ਦੌਰਾਨ 27.3 ਕਰੋੜ ਲੋਕ ਗਰੀਬੀ ਦੇ ਘੇਰੇ ਵਿਚੋਂ ਬਾਹਰ ਨਿਕਲੇ ਹਨ। ਇਹ ਇਸ ਸਮੇਂ ਦੌਰਾਨ ਕਿਸੇ ਵੀ ਦੇਸ਼ 'ਚ ਗਰੀਬਾਂ ਦੀ ਗਿਣਤੀ 'ਚ ਸਭ ਤੋਂ ਵੱਧ ਕਮੀ ਹੈ। ਉਕਤ ਜਾਣਕਾਰੀ ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ 'ਚ ਦਿੱਤੀ ਗਈ ਹੈ।

ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ.ਡੀ.ਪੀ.) ਤੇ ਆਕਸਫੋਰਡ ਗਰੀਬੀ ਤੇ ਮਨੁੱਖੀ ਵਿਕਾਸ ਪਹਿਲ (ਓ.ਪੀ.ਐਚ.ਆਈ.) ਵੱਲੋਂ ਜਾਰੀ ਕੀਤੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 75 ਵਿਚੋਂ 65 ਦੇਸ਼ਾਂ 'ਚ 2000 ਤੋਂ 2019 ਦੇ ਵਿਚਕਾਰ ਵੱਖ-ਵੱਖ ਪੱਧਰਾਂ ਉਤੇ ਗਰੀਬੀ 'ਚ ਕਾਫੀ ਕਮੀ ਆਈ ਹੈ। ਵੱਖ-ਵੱਖ ਪੱਧਰਾਂ ਦੀ ਗਰੀਬੀ 'ਚ ਖਰਾਬ ਸਿਹਤ, ਸਿੱਖਿਆ ਦੀ ਕਮੀ, ਜੀਵਨ 'ਚ ਉਪਲਬਧਤਾ ਦੀ ਕਮੀ, ਕੰਮ ਦੀ ਖਰਾਬ ਗੁਣਵੱਤਾ, ਹਿੰਸਾ ਦਾ ਖਤਰਾ ਤੇ ਅਜਿਹੇ ਖੇਤਰਾਂ 'ਚ ਰਹਿਣਾ ਜੋ ਸਿਹਤ ਲਈ ਖਤਰਨਾਕ ਹਨ, ਸ਼ਾਮਲ ਹਨ। ਇਨ੍ਹਾਂ 65 ਦੇਸ਼ਾਂ ਵਿਚੋਂ 50 ਨੇ ਵੀ ਗਰੀਬੀ 'ਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਨੂੰ ਘੱਟ ਕੀਤਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਰਮੀਨੀਆ (2010-2015/16), ਭਾਰਤ (2005-2014-15/16), ਨਿਕਾਰਾਗੁਆ (2001-2011/12) ਤੇ ਉਤਰੀ ਮੈਸੇਡੋਨੀਆ (2005-2014) ਨੇ ਵੱਖ-ਵੱਖ ਪੱਧਰਾਂ ਦੇ ਗਰੀਬੀ ਸੂਚਕ ਅੰਕ (ਐਮ.ਪੀ.ਆਈ.) ਨੂੰ ਅੱਧਾ ਕਰ ਦਿੱਤਾ ਹੈ।

ਸੰਯੁਕਤ ਰਾਸ਼ਟਰ (ਯੂ.ਐਨ.) ਦੀ ਇਕ ਰਿਪੋਰਟ ਦੀ ਮੰਨੀਏ ਤਾਂ ਭਾਰਤ ਵਿਚ ਪੌਸ਼ਟਿਕ ਖੁਰਾਕ ਤੋਂ ਵਾਂਝੇ ਲੋਕਾਂ ਦੀ ਗਿਣਤੀ ਵਿਚ ਵੱਡਾ ਨਿਘਾਰ ਆਇਆ ਹੈ। ਰਿਪੋਰਟ ਮੁਤਾਬਕ ਭਾਰਤ ਵਿਚ ਅਜਿਹੇ ਲੋਕ ਜਿਨ੍ਹਾਂ ਨੂੰ ਢੁਕਵੀਂ ਪੌਸ਼ਟਿਕ ਖੁਰਾਕ ਨਹੀਂ ਮਿਲਦੀ, ਦੀ ਗਿਣਤੀ 6 ਕਰੋੜ ਤਕ ਘੱਟ ਗਈ ਹੈ। ਸਾਲ 2004-06 ਵਿਚ ਜਿਹੜਾ ਅੰਕੜਾ 21.7 ਫੀਸਦ ਸੀ, ਉਹ ਸਾਲ 2017-19 ਵਿਚ 14 ਫੀਸਦ ਰਹਿ ਗਿਆ ਹੈ। 'ਵਿਸ਼ਵ ਵਿਚ ਖੁਰਾਕ ਸੁਰੱਖਿਆ ਤੇ ਪੌਸ਼ਟਿਕ ਭੋਜਨ ਦੀ ਸਥਿਤੀ' ਨਾਂ ਦੀ ਇਸ ਰਿਪੋਰਟ ਮੁਤਾਬਕ ਭਾਰਤ ਵਿਚ ਭੁੱਖਮਰੀ ਦਾ ਸ਼ਿਕਾਰ ਲੋਕਾਂ ਦੀ ਗਿਣਤੀ 2004-06 ਵਿਚ 249.4 ਮਿਲੀਅਨ ਦੇ ਕਰੀਬ ਸੀ, ਜੋ ਅਗਲੇ ਇਕ ਦਹਾਕੇ 2017-19 ਵਿਚ ਘੱਟ ਕੇ 189.2 ਮਿਲੀਅਨ ਰਹਿ ਗਈ।

ਰਿਪੋਰਟ ਦੀ ਮੰਨੀਏ ਤਾਂ ਏਸ਼ੀਆ ਮਹਾਦੀਪ ਦੇ ਦੋ ਸਭ ਤੋਂ ਵੱਡੇ ਅਰਥਚਾਰਿਆਂ ਭਾਰਤ ਤੇ ਚੀਨ ਵਿਚ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਵਿਚ ਵੱਡਾ ਨਿਘਾਰ ਆਇਆ ਹੈ। ਰਿਪੋਰਟ ਮੁਤਾਬਕ ਸਖਤ ਮੁਸ਼ਕਲ ਹਾਲਾਤਾਂ, ਇਤਿਹਾਸ ਤੇ ਵਿਕਾਸ ਦੀ ਦਰ ਨੂੰ ਵੇਖਦਿਆਂ ਭੁੱਖਮਰੀ ਵਿਚ ਨਿਘਾਰ ਨਾਲ ਦੋਵਾਂ ਮੁਲਕਾਂ ਨੇ ਆਰਥਿਕ ਵਿਕਾਸ ਵੱਲ ਕਦਮ ਵਧਾਏ ਹਨ। ਇਸ ਨਾਲ ਨਾ ਸਿਰਫ ਨਾਬਰਾਬਰੀ ਘਟੀ ਬਲਕਿ ਬੁਨਿਆਦੀ ਵਸਤਾਂ ਤੇ ਸੇਵਾਵਾਂ ਤੱਕ ਰਸਾਈ ਵਿਚ ਵੀ ਸੁਧਾਰ ਹੋਇਆ। ਰਿਪੋਰਟ ਨੂੰ ਯੂ.ਐਨ. ਦੀ ਖੁਰਾਕ ਤੇ ਖੇਤੀ ਜਥੇਬੰਦੀ (ਐਫ. ਏ. ਓ.), ਇੰਟਰਨੈਸ਼ਨਲ ਫੰਡ ਫਾਰ ਐਗਰੀਕਲਚਰ ਡਿਵੈਲਪਮੈਂਟ (ਆਈ. ਐਫ. ਏ. ਡੀ.), ਯੂਨੀਸੈਫ, ਡਬਲਿਊ.ਐਫ.ਪੀ. ਤੇ ਡਬਲਿਊ. ਐਚ. ਓ. ਨੇ ਮਿਲ ਕੇ ਤਿਆਰ ਕੀਤਾ ਹੈ।

# 2023 ਤੋਂ ਚੱਲਣਗੀਆਂ ਪ੍ਰਾਈਵੇਟ ਰੇਲਾਂ

**ਨਵੀਂ ਦਿੱਲੀ:** ਬਾਰ੍ਹਾਂ ਪ੍ਰਾਈਵੇਟ ਰੇਲਗੱਡੀਆਂ ਦਾ ਪਹਿਲਾ ਸੈੱਟ ਸਾਲ 2023 ਵਿਚ ਰੇਲ ਪੱਟੜੀ ਉਤੇ ਦੌੜੇਗਾ। ਰੇਲਵੇ ਦੀ ਮੁਢਲੀ ਸਮੇਂ ਸਾਰਣੀ ਮੁਤਾਬਕ ਇਸ ਤੋਂ ਅਗਲੇ ਵਿੱਤੀ ਸਾਲ ਵਿਚ 45 ਹੋਰ ਰੇਲਗੱਡੀਆਂ ਮੈਦਾਨ 'ਚ ਨਿੱਤਰਨਗੀਆਂ। ਰੇਲਵੇ ਦੀ ਸਾਲ 2027 ਤੱਕ ਅਜਿਹੀਆਂ ਕੁੱਲ ਮਿਲਾ ਕੇ 151 ਰੇਲਗੱਡੀਆਂ ਚਲਾਉਣ ਦੀ ਯੋਜਨਾ ਹੈ। ਨਿੱਜੀ ਖੇਤਰ ਦੀਆਂ ਕੰਪਨੀਆਂ ਨੂੰ ਆਪਣੇ ਨੈੱਟਵਰਕ 'ਉਤੇ ਮੁਸਾਫਰ ਰੇਲਗੱਡੀਆਂ ਚਲਾਉਣ ਦੀ ਯੋਜਨਾ ਦਾ ਰਸਮੀ ਐਲਾਨ ਕਰਨ ਮਗਰੋਂ ਰੇਲਵੇ ਨੇ ਇਸ ਮਹੀਨੇ ਦੀ ਸ਼ੁਰੂਆਤ ਵਿਚ ਤਜਵੀਜ਼ਾਂ ਮੰਗੀਆਂ ਸਨ।

ਯੋਜਨਾ ਤਹਿਤ ਦੇਸ਼ ਭਰ ਦੇ 109 ਰੂਟਾਂ ਉਤੇ 151 ਆਧੁਨਿਕ ਮੁਸਾਫਰ ਗੱਡੀਆਂ ਚਲਾਈਆਂ ਜਾਣਗੀਆਂ। ਇਸ ਪ੍ਰੋਜੈਕਟ ਤਹਿਤ ਪ੍ਰਾਈਵਟ ਸੈਕਟਰ ਵੱਲੋਂ ਲਗਭਗ 30 ਹਜ਼ਾਰ ਕਰੋੜ ਦਾ ਨਿਵੇਸ਼ ਕੀਤਾ ਜਾਵੇਗਾ। ਪ੍ਰਾਈਵੇਟ ਰੇਲਗੱਡੀਆਂ ਦੀ ਯੋਜਨਾ ਦੇ ਹਿੱਸੇ ਵਜੋਂ ਰੇਲਵੇ ਦੀ ਸਾਲ 2022-23 ਵਿਚ 12 ਗੱਡੀਆਂ, 2023-24 ਵਿਚ 45, 2025-26 ਵਿਚ 50 ਤੇ ਇਸ ਤੋਂ ਅਗਲੇ ਵਿੱਤੀ ਸਾਲ ਵਿਚ 44 ਹੋਰ ਗੱਡੀਆਂ ਚਲਾਉਣ ਦੀ ਯੋਜਨਾ ਹੈ। ਕੁੱਲ ਮਿਲਾ ਕੇ ਵਿੱਤੀ ਸਾਲ 2016-27 ਦੇ ਅੰਤ ਤਕ ਕੁੱਲ 151 ਨਿੱਜੀ ਰੇਲਗੱਡੀਆਂ ਵੱਖ-ਵੱਖ ਰੂਟਾਂ ਉਤੇ ਚੱਲਣਗੀਆਂ। ਨਿੱਜੀ ਕੰਪਨੀਆਂ ਲਈ ਯੋਗਤਾ ਨੇਮਾਂ ਨੂੰ ਨਵੰਬਰ ਤੱਕ ਫਾਈਨਲਾਈਜ਼ ਕਰ ਲਿਆ ਜਾਵੇਗਾ। ਵਿੱਤੀ ਬੋਲੀਆਂ ਮਾਰਚ 2021 ਤਕ ਖੁੱਲ੍ਹਣਗੀਆਂ ਜਦੋਂਕਿ ਬੋਲੀਕਾਰਾਂ ਦੀ ਚੋਣ 30 ਅਪਰੈਲ 2021 ਤੱਕ ਹੋ ਜਾਵੇਗੀ।

ਅਧਿਕਾਰੀਆਂ ਨੇ ਕਿਹਾ ਕਿ ਕੁੱਲ ਮਾਲੀਏ ਵਿਚ ਸਭ ਤੋਂ ਵੱਧ ਹਿੱਸਾ ਪਾਉਣ ਵਾਲੇ ਬੋਲੀਕਾਰ ਨੂੰ ਪ੍ਰੋਜੈਕਟ ਦਿੱਤਾ ਜਾਵੇਗਾ। ਚੇਤੇ ਰਹੇ ਕਿ ਰੇਲਵੇ ਨੇ ਕਿਹਾ ਸੀ ਕਿ 70 ਫੀਸਦ ਨਿੱਜੀ ਰੇਲਗੱਡੀਆਂ ਭਾਰਤ ਵਿਚ ਨਿਰਮਤ ਹੋਣਗੀਆਂ ਤੇ ਇਨ੍ਹਾਂ ਨੂੰ ਵੱਧ ਤੋਂ ਵੱਧ 160 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਲਈ ਡਿਜ਼ਾਈਨ ਕੀਤਾ ਜਾਵੇਗਾ। ਇਨ੍ਹਾਂ ਪ੍ਰਾਈਵੇਟ ਗੱਡੀਆਂ ਨੂੰ ਭਾਰਤੀ ਰੇਲਵੇ ਦੇ ਡਰਾਈਵਰ ਤੇ ਗਾਰਡ ਹੀ ਚਲਾਉਣਗੇ।






# ਵਰਵਰਾ ਰਾਓ ਦੇ ਹੱਕ ਵਿਚ ਅਵਾਜ਼ ਬੁਲੰਦ

**ਨਵੀਂ ਦਿੱਲੀ:** ਭੀਮਾ ਕੋਰੇਗਾਓਂ ਤੇ ਅਲਗਾਰ ਪਰਿਸ਼ਦ ਨਾਲ ਸਬੰਧਤ ਕੇਸਾਂ ਵਿਚ ਨਾਜਾਇਜ਼ ਤੌਰ ਉਤੇ ਫਸਾਏ ਗਏ ਕਵੀ ਵਰਵਰਾ ਰਾਓ ਦੇ ਹੱਕ ਵਿਚ ਪੰਜਾਬ ਸਮੇਤ ਪੂਰੇ ਮੁਲਕ ਵਿਚ ਅਵਾਜ਼ ਬੁਲੰਦ ਹੋਈ। ਪ੍ਰੋ. ਰਾਓ ਦੇ ਕਰੋਨਾ ਪਾਜ਼ੇਟਿਵ ਆਉਣ ਤੋਂ ਬਾਅਦ ਉਨ੍ਹਾਂ ਦੀ ਤਬੀਅਤ ਲਗਾਤਾਰ ਵਿਗੜਦੀ ਦੱਸੀ ਜਾ ਰਹੀ ਹੈ। 81 ਸਾਲਾ ਇਨਕਲਾਬੀ ਕਵੀ ਵਰਵਰਾ ਰਾਓ ਦੀ ਰਿਹਾਈ ਨੂੰ ਲੈ ਕੇ ਸੰਘਰਸ਼ ਹੁਣ ਤੇਜ਼ ਹੋ ਗਿਆ ਹੈ। ਵੱਡੀ ਗਿਣਤੀ ਜਥੇਬੰਦੀਆਂ ਨੇ ਇਸ ਧੱਕੇਸ਼ਾਹੀ ਦਾ ਵਿਰੋਧ ਕਰਦਿਆਂ ਸਵਾਲ ਚੁੱਕੇ ਹਨ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਆਪਣੀ ਫਾਸ਼ੀਵਾਦੀ ਵਿਚਾਰਧਾਰਾ ਦਾ ਵਿਰੋਧ ਕਰਨ ਵਾਲੇ ਲੇਖਕਾਂ, ਚਿੰਤਕਾਂ ਤੇ ਸਮਾਜਿਕ ਨਿਆਂ ਅਤੇ ਅਜ਼ਾਦੀ ਦੀ ਮੰਗ ਕਰਨ ਵਾਲਿਆਂ ਨੂੰ ਨਿੱਤ ਝੂਠੇ ਕੇਸਾਂ ਵਿਚ ਨਾਮਜ਼ਦ ਕਰ ਰਹੀ ਹੈ। ਜਥੇਬੰਦੀਆਂ ਨੇ ਭਾਰਤ ਦੇ ਕਿਰਤੀ ਕਾਮਿਆਂ, ਦਲਿਤਾਂ ਅਤੇ ਹਾਸ਼ੀਏ ਦੇ ਸਮਾਜ ਦੀ ਅਵਾਜ਼ ਬਣ ਚੁੱਕੇ ਪ੍ਰੋ. ਵਰਵਰਾ ਰਾਓ ਨੂੰ ਤੁਰਤ ਰਿਹਾਈ ਦੀ ਮੰਗ ਕੀਤੀ ਹੈ।

ਅਗਸਤ ਵਿਚ ਪੁਲਿਸ ਨੇ ਭਾਰਤ ਦੇ ਕਈ ਇਲਾਕਿਆਂ ਵਿਚ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਦੇ ਘਰਾਂ ਉਤੇ ਛਾਪੇ ਮਾਰੇ ਸਨ। ਵਰਵਰਾ ਰਾਓ ਸਮੇਤ ਪੰਜ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਬੀਤੀ 28 ਮਈ ਨੂੰ ਵਰਵਰਾ ਰਾਓ ਨੂੰ ਭੀਮਾ




ਕੋਰੇਗਾਓਂ ਕੇਸ 'ਚ ਇਕ ਅਹਿਮ ਦੋਸ਼ੀ ਕਰਾਰ ਦਿੰਦੇ ਹੋਏ ਜ਼ਮਾਨਤ ਨਾ ਦੇਣ ਦੀ ਅਪੀਲ ਕੀਤੀ ਸੀ। ਇਸ ਤੋਂ ਬਾਅਦ ਕੋਰਟ ਨੇ ਰਾਓ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਤੇਲੰਗਾਨਾ ਦੇ ਰਹਿਣ ਵਾਲੇ ਵਰਵਰਾ ਰਾਓ ਖੱਬੇ ਪੱਖੀਆਂ ਦੇ ਸਮਰਥਕ, ਲੇਖਕ, ਕਵੀ ਅਤੇ ਲੇਖਕਾਂ ਦੀ ਕ੍ਰਾਂਤੀਕਾਰੀ 'ਐਸੋਸੀਏਸ਼ਨ ਵਿਪਲਵ ਰਚਯਤਾਲਾ ਸੰਘਮ' ਦੇ ਸੰਸਥਾਪਕ ਹਨ, ਇਸ ਨੂੰ ਵਿਰਾਸਮ ਵੀ ਕਿਹਾ ਜਾਂਦਾ ਹੈ। ਤੇਲੰਗਾਨਾ ਦੇ ਵਾਰੰਗਲ ਜ਼ਿਲ੍ਹੇ ਦੇ ਚਿਨਾ ਪੇਂਡਯਾਲਾ ਪਿੰਡ ਵਿਚ ਉਨ੍ਹਾਂ ਦਾ ਜਨਮ ਹੋਇਆ। ਐਮਰਜੈਂਸੀ ਦੌਰਾਨ ਉਨ੍ਹਾਂ ਨੂੰ ਸਾਜਿਸ਼ ਰਚਣ ਦੇ ਇਲਜ਼ਾਮਾਂ ਹੇਠ ਗ੍ਰਿਫਤਾਰ ਕੀਤਾ ਗਿਆ ਪਰ ਬਾਅਦ ਵਿਚ ਉਹ ਬਰੀ ਹੋ ਗਏ। ਰਾਮ ਨਗਰ ਸਾਜਿਸ਼ ਤੇ ਸਿਕੰਦਰਾਬਾਦ ਸਾਜਿਸ਼ ਕੇਸ ਸਣੇ 20 ਮਾਮਲਿਆਂ ਵਿਚ ਵਰਵਰਾ ਰਾਓ ਨਾਲ ਪੁੱਛਗਿੱਛ ਹੋ ਚੁੱਕੀ ਹੈ।

# ਦੇਸਰਾਜ ਉਮਰਪੁਰਾ ਦਾ ਦੇਹਾਂਤ

**ਜਲੰਧਰ:** ਦੱਬੇ-ਕੁਚਲੇ ਲੋਕਾਂ ਦੇ ਹਿਤਾਂ ਅਤੇ ਹੱਕਾਂ ਲਈ ਜੱਦੋਜਹਿਦ ਕਰਨ ਵਾਲੇ ਕਾਮਰੇਡ ਦੇਸਰਾਜ ਉਮਰਪੁਰਾ ਦਾ ਦੇਹਾਂਤ ਹੋ ਗਿਆ ਹੈ। ਜਮਹੂਰੀ ਅਧਿਕਲਾਰ ਸਭਾ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਆਪਣੀ ਜ਼ਿੰਦਗੀ ਲੋਕਾਂ ਨੂੰ ਸਮਰਪਿਤ ਕੀਤੀ।



ਅੱਜ ਜਦੋਂ ਹਿੰਦੂਤਵ ਫਾਸ਼ੀਵਾਦ ਦੇ ਰਾਜ ਵਿਚ ਹੁਕਮਰਾਨਾਂ ਅਤੇ ਰਾਜ ਮਸ਼ੀਨਰੀ ਵਲੋਂ ਮਨੁੱਖੀ ਅਤੇ ਜਮਹੂਰੀ ਹੱਕਾਂ ਉਪਰ ਹਮਲੇ ਕੀਤੇ ਜਾ ਰਹੇ ਹਨ ਤਾਂ ਕਾਮਰੇਡ ਉਮਰਪੁਰਾ ਵਰਗੇ ਘੁਲਾਟੀਆਂ ਦੀ ਪਹਿਲਾਂ ਨਾਲੋਂ ਵੀ ਵੱਧ ਜ਼ਰੂਰਤ ਹੈ।

ਯਾਦ ਰਹੇ ਕਿ ਕਾਮਰੇਡ ਉਮਰਪੁਰਾ ਨੇ ਚੜ੍ਹਦੀ ਜਵਾਨੀ ਵਿਚ ਹੀ ਇਨਕਲਾਬੀ ਸੰਘਰਸ਼ ਦਾ ਝੰਡਾ ਚੁੱਕਿਆ ਅਤੇ ਉਹ ਹਰ ਮੁਸ਼ਕਿਲ ਦਾ ਮੁਕਾਬਲਾ ਕਰਦਿਆਂ ਖੌਫਨਾਕ ਹਕੂਮਤੀ ਦਹਿਸ਼ਤਵਾਦ ਦੇ ਸਮਿਆਂ ਵਿਚ ਵੀ ਆਪਣੇ ਅਕੀਦੇ ਉਪਰ ਦ੍ਰਿੜਤਾ ਨਾਲ ਡਟੇ ਰਹੇ। ਬਾਅਦ ਵਿਚ 1980 ਦੇ ਸ਼ੁਰੂ ਤੋਂ ਉਹ ਜਮਹੂਰੀਅਤ, ਪੌਣ-ਪਾਣੀ ਦੀ ਸਾਂਭ-ਸੰਭਾਲ ਅਤੇ ਧਾੜਵੀ ਸਰਮਾਏਦਾਰੀ ਪ੍ਰਬੰਧ ਤੋਂ ਵਾਤਾਵਰਨ ਦੀ ਰਾਖੀ ਦੇ ਸਰੋਕਾਰਾਂ ਨੂੰ ਸਮਰਪਿਤ ਹੋ ਗਏ। ਉਹ ਜਿਸ ਵੀ ਵਿਚਾਰਧਾਰਾ, ਜਿਸ ਵੀ ਲਹਿਰ, ਜਿਸ ਵੀ ਰਾਜਨੀਤਕ ਸੋਚ ਨੂੰ ਸਮਰਪਿਤ ਹੋਏ, ਲੋਕਾਂ ਦੇ ਹੱਕ ਅਤੇ ਸਮਾਜ ਦੇ ਸਰੋਕਾਰ ਉਨ੍ਹਾਂ ਦੀ ਸਰਗਰਮੀ ਦਾ ਧੁਰਾ ਰਹੇ।

# ਬੁਢਾਪਾ ਪੈਨਸ਼ਨ: ਅਯੋਗ ਬਜੁਰਗਾਂ ਨੂੰ ਮੋੜਨੇ ਪੈਣਗੇ 162 ਕਰੋੜ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਅਯੋਗ ਬੁਢਾਪਾ ਪੈਨਸ਼ਨ ਲੈਣ ਵਾਲੇ ਬਜੁਰਗਾਂ ਵੱਲ 162.35 ਕਰੋੜ ਰੁਪਏ ਦੇ ਬਕਾਏ ਕੱਢ ਦਿੱਤੇ ਗਏ ਹਨ ਜਿਨ੍ਹਾਂ ਨੂੰ ਹੁਣ ਪੈਨਸ਼ਨ ਦਾ ਪੈਸਾ ਵਾਪਸ ਮੋੜਨਾ ਪਵੇਗਾ। ਕੈਪਟਨ ਸਰਕਾਰ ਵੱਲੋਂ ਗੱਠਜੋੜ ਸਰਕਾਰ ਮੌਕੇ ਲੱਗੀਆਂ ਬੁਢਾਪਾ ਪੈਨਸ਼ਨਾਂ ਦੀ ਪੜਤਾਲ ਕਰਾਈ ਗਈ ਸੀ।

ਸਰਕਾਰੀ ਪੜਤਾਲ 'ਚ 70,137 ਲਾਭਪਾਤਰੀ ਅਯੋਗ ਪਾਏ ਗਏ ਜੋ ਸ਼ਰਤਾਂ ਪੂਰੀਆਂ ਨਹੀਂ ਕਰਦੇ ਸਨ। ਪੜਤਾਲ ਉਤੇ ਯਕੀਨ ਕਰੀਏ ਤਾਂ ਸਰਕਾਰੀ ਖਜਾਨੇ ਨੂੰ 162.35 ਕਰੋੜ ਦਾ ਚੂਨਾ ਲੱਗਿਆ ਹੈ। ਡਿਪਟੀ ਕਮਿਸ਼ਨਰਾਂ ਵੱਲੋਂ ਕੀਤੀ ਪੜਤਾਲ ਵਿਚ ਪੰਜਾਬ ਭਰ ਵਿਚ 70,137 ਅਯੋਗ ਲਾਭਪਾਤਰੀ ਨਿਕਲੇ ਸਨ।

ਪੰਜਾਬ ਸਰਕਾਰ ਨੇ ਹੁਣ ਤਿੰਨ ਵਰ੍ਹਿਆਂ ਮਗਰੋਂ ਅਯੋਗ ਪੈਨਸ਼ਨ ਲੈਣ ਵਾਲੇ ਬਜੁਰਗਾਂ ਤੋਂ ਵਸੂਲੀ ਕਰਨ ਦਾ ਫੈਸਲਾ ਕੀਤਾ ਹੈ। ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਇਸ ਬਾਰੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ।

ਸਰਕਾਰੀ ਫੈਸਲੇ ਅਨੁਸਾਰ ਹਰ ਜ਼ਿਲ੍ਹੇ ਵਿਚ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਦੀ ਅਗਵਾਈ ਵਿਚ ਇਕ ਜ਼ਿਲ੍ਹਾ ਪੱਧਰੀ ਕਮੇਟੀ ਬਣੇਗੀ ਜਿਸ ਵੱਲੋਂ ਹਰ 15 ਦਿਨਾਂ ਮਗਰੋਂ ਰਿਕਵਰੀ ਦੀ ਸਮੀਖਿਆ ਕੀਤੀ ਜਾਵੇਗੀ। ਪੜਤਾਲ ਦੌਰਾਨ ਜੋ ਘੱਟ ਉਮਰ ਕਾਰਨ ਅਯੋਗ ਪਾਏ ਗਏ ਹਨ, ਉਨ੍ਹਾਂ ਦੀ ਉਮਰ ਦੇ ਸਬੂਤਾਂ ਨੂੰ ਘੋਖਣ ਮਗਰੋਂ ਜ਼ਿਲ੍ਹਾ ਕਮੇਟੀ ਰਿਕਵਰੀ ਦਾ ਫੈਸਲਾ ਕਰੇਗੀ। ਜਿਨ੍ਹਾਂ ਲਾਭਪਾਤਰੀਆਂ ਨੇ ਆਪਣੀ ਆਮਦਨ ਦੇ ਸਰੋਤ ਛੁਪਾ ਕੇ ਬੁਢਾਪਾ ਪੈਨਸ਼ਨ ਲਗਵਾ ਲਈ ਸੀ, ਉਨ੍ਹਾਂ ਤੋਂ ਪੈਨਸ਼ਨ ਦੀ ਰਾਸ਼ੀ ਵਸੂਲ ਕੀਤੀ ਜਾਵੇਗੀ।

# ਸਿੱਖ ਨੌਜਵਾਨਾਂ 'ਤੇ ਸਖਤੀ ਦਾ ਮਾਮਲਾ ਭਖਿਆ

*(ਸਫਾ ਇਕ ਦੀ ਬਾਕੀ)*

ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਕੀਤੀ ਗਈਆਂ ਹਨ। ਕਾਨੂੰਨੀ ਮਾਹਿਰ ਦੱਸਦੇ ਹਨ ਕਿ ਆਮ ਕੇਸਾਂ ਵਿਚ ਨਾਮਜ਼ਦ ਮੁਲਜ਼ਮ ਦੀ ਹਫਤੇ, ਦਸ ਦਿਨ 'ਚ ਹੇਠਲੀ ਅਦਾਲਤ ਤੋਂ ਹੀ ਜ਼ਮਾਨਤ ਹੋ ਜਾਂਦੀ ਹੈ ਪਰ ਜਦ ਨਾਲ ਨਵਾਂ ਕਾਨੂੰਨ (ਯੂ. ਏ. ਪੀ. ਏ.) ਵੀ ਲਾ ਦਿੱਤਾ ਜਾਂਦਾ ਹੈ ਤਾਂ ਸਬੰਧਤ ਜੁਰਮ ਵਿਚ ਸਜ਼ਾ ਭਾਵੇਂ 6 ਮਹੀਨੇ ਦੀ ਹੋਣੀ ਹੋਵੇ ਪਰ 3-4 ਸਾਲ ਜਾਂ ਕਈਆਂ ਦੇ ਪੰਜ ਸਾਲ ਤੱਕ ਜੇਲ੍ਹ ਵਿਚ ਰਹਿਣਾ ਤੈਅ ਹੁੰਦਾ ਹੈ।

ਯੂ.ਏ.ਪੀ.ਏ. ਲੱਗੇ ਕਥਿਤ ਦੋਸ਼ੀਆਂ ਦੇ ਕੇਸ ਲੜਨ ਵਾਲੇ ਵਕੀਲਾਂ ਦਾ ਕਹਿਣਾ ਹੈ ਕਿ ਲੱਗਦਾ ਹੈ ਕਿ ਪੁਲਿਸ ਵਲੋਂ ਇਕ ਹੀ ਖਾਕਾ ਤਿਆਰ ਕਰ ਕੇ ਰੱਖਿਆ ਗਿਆ ਹੈ ਤੇ ਫਿਰ ਨਾਂ, ਪਤੇ ਬਦਲ ਕੇ ਕੇਸ ਦਰਜ ਕਰ ਲਏ ਜਾਂਦੇ ਹਨ। ਯੂ. ਏ. ਪੀ. ਏ. ਅਧੀਨ ਦਰਜ ਕਰੀਬ ਸਾਰੇ ਹੀ ਕੇਸਾਂ ਦੀ ਇਬਾਰਤ ਤੇ ਤਰਜ਼ ਇਕੋ ਜਿਹੀ ਹੁੰਦੀ ਹੈ। ਹਰ ਕੇਸ 'ਚ ਇਹ ਮੁਖਬਰ ਦੀ ਸੂਚਨਾ 'ਤੇ ਨਾਮਜ਼ਦ ਬੰਦੇ ਨੂੰ ਕਿਸੇ ਜਥੇਬੰਦੀ ਨਾਲ ਸਬੰਧਤ ਹੋਣ ਅਤੇ ਦੇਸ਼ ਨੂੰ ਤੋੜਨ ਵਾਲੀਆਂ ਕਾਰਵਾਈਆਂ 'ਚ ਸ਼ਾਮਲ ਜਾਂ ਫਿਰ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ, ਵੱਡੇ ਰਾਜਸੀ ਜਾਂ ਧਾਰਮਿਕ ਆਗੂਆਂ ਦੇ ਕਤਲ ਕਰਨ ਤੇ ਵੱਖ-ਵੱਖ ਫਿਰਕਿਆਂ 'ਚ ਪਾੜਾ ਪਾਉਣ ਦੀ ਸਾਜ਼ਿਸ਼ ਦੇ ਦੋਸ਼ ਲਾਏ ਜਾਂਦੇ ਹਨ।

ਇਸ ਤੋਂ ਸਪਸ਼ਟ ਹੈ ਕਿ ਸਰਕਾਰ ਆਪਣੇ ਵਿਰੋਧੀਆਂ ਨੂੰ ਲੰਮਾ ਸਮਾਂ ਬਿਨਾਂ ਜੁਰਮ ਦੇ ਜੇਲ੍ਹ ਵਿਚ ਰੱਖਣ ਲਈ ਇਹ ਕਾਨੂੰਨ ਇਸਤੇਮਾਲ ਕਰਦੀ ਹੈ। ਪਿਛਲੇ ਦਿਨਾਂ 'ਚ ਪਟਿਆਲਾ, ਮਾਨਸਾ ਤੇ ਕਈ ਹੋਰ ਜ਼ਿਲ੍ਹਿਆਂ ਵਿਚ ਐਨ.ਆਈ.ਏ. ਵਲੋਂ ਯੂ.ਏ.ਪੀ.ਏ. ਹੇਠ ਗ੍ਰਿਫਤਾਰ ਕੀਤੇ ਸਿੱਖ ਨੌਜਵਾਨਾਂ ਦਾ ਮਾਮਲਾ ਸਾਬਕਾ ਐਮ.ਪੀ. ਡਾ. ਧਰਮਵੀਰ ਗਾਂਧੀ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਲੋਂ ਉਠਾਇਆ ਗਿਆ ਤਾਂ ਪਟਿਆਲਾ 'ਚ ਨਾਜਾਇਜ਼ ਫੜੇ ਸਿੱਖ ਨੌਜਵਾਨ ਉਪਰ ਲਾਗੂ ਯੂ.ਏ.ਪੀ.ਏ. ਸਰਕਾਰ ਨੂੰ ਵਾਪਸ ਲੈਣਾ ਪਿਆ। ਡਾ. ਗਾਂਧੀ ਅਤੇ ਖਹਿਰਾ ਦਾ ਕਹਿਣਾ ਹੈ ਕਿ ਹਕੂਮਤ ਦਹਿਸ਼ਤ ਪੈਦਾ ਕਰਨ ਲਈ ਲੋਕਾਂ ਦੇ ਜਮਹੂਰੀ ਹੱਕਾਂ ਉਪਰ ਛਾਪਾ ਮਾਰਦਿਆਂ ਅਜਿਹੇ ਕਾਨੂੰਨਾਂ ਦੀ ਵਰਤੋਂ ਕਰ ਰਹੀ ਹੈ। ਲਵਪ੍ਰੀਤ ਸਿੰਘ ਵੀ ਇਸੇ ਸਰਕਾਰੀ ਸਾਜ਼ਿਸ਼ ਦਾ ਸ਼ਿਕਾਰ ਹੋ ਗਿਆ।

# ਸੁਖਬੀਰ ਬਾਦਲ ਨੂੰ ਚੁਫੇਰਿਓਂ ਘੇਰਾ

*(ਸਫਾ ਇਕ ਦੀ ਬਾਕੀ)*

ਤੇ ਇਨ੍ਹਾਂ ਦੋਸ਼ਾਂ ਨੂੰ ਕੋਰੀ ਰਾਜਨੀਤੀ ਕਰਾਰ ਦੇ ਦਿੱਤਾ ਹੈ।

ਯਾਦ ਰਹੇ ਕਿ ਡੇਰਾ ਮੁਖੀ ਉਤੇ ਦੋਸ਼ ਲੱਗੇ ਸਨ ਕਿ ਉਹ 2007 ਵਿਚ 11 ਤੋਂ 13 ਮਈ ਤੱਕ ਸਲਾਬਤਪੁਰੇ ਆਇਆ ਅਤੇ ਉਸ ਨੇ ਗੁਰੂ ਗੋਬਿੰਦ ਸਿੰਘ ਵਰਗੀ ਪੁਸ਼ਾਕ ਪਾ ਕੇ ਜਾਮ-ਏ-ਇੰਸਾਂ ਪਿਆਉਣ ਦਾ ਸਵਾਂਗ ਰਚਿਆ। ਇਸ ਦੀਆਂ ਤਸਵੀਰਾਂ ਸਾਹਮਣੇ ਆਉਣ ਪਿੱਛੋਂ ਸਿੱਖ ਜਥੇਬੰਦੀਆਂ ਨੇ ਇਸ ਦਾ ਵੱਡੇ ਪੱਧਰ ਉਤੇ ਵਿਰੋਧ ਕੀਤਾ ਸੀ। ਪਟਿਆਲਾ ਦੇ ਆਈ.ਜੀ. ਦੀ ਜਾਂਚ ਮਗਰੋਂ ਤਤਕਾਲੀ ਗੱਠਜੋੜ ਸਰਕਾਰ ਸਮੇਂ ਡੇਰਾ ਮੁਖੀ ਖਿਲਾਫ ਪੁਲਿਸ ਕੇਸ ਦਰਜ ਹੋਇਆ। 2008 ਵਿਚ ਹਾਈ ਕੋਰਟ ਵਲੋਂ ਇਸ ਸਬੰਧੀ ਚਲਾਨ ਪੇਸ਼ ਕਰਨ ਦੀ ਸਰਕਾਰ ਨੂੰ ਇਜਾਜ਼ਤ ਦੇ ਦੇਣ ਦੇ ਬਾਵਜੂਦ 4 ਸਾਲ ਤੱਕ ਅਕਾਲੀ ਸਰਕਾਰ ਨੇ ਚਲਾਨ ਕੋਰਟ ਵਿਚ ਪੇਸ਼ ਨਹੀਂ ਕੀਤਾ। ਕਾਂਗਰਸ ਨੇ ਦੋਸ਼ ਲਾਇਆ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਬਠਿੰਡਾ ਤੋਂ 2009 ਵਿਚ ਲੋਕ ਸਭਾ ਚੋਣ ਲੜਨੀ ਸੀ, ਜਿਸ ਬਾਰੇ ਡੇਰੇ ਨਾਲ ਸੌਦੇਬਾਜ਼ੀ ਹੋਈ, ਜਿਸ ਤਹਿਤ ਅਕਾਲੀ ਦਲ ਦੀ ਡੇਰੇ ਨੇ ਮਦਦ ਕੀਤੀ। ਡੇਰੇ ਦੇ ਦਬਾਅ ਵਿਚ ਸੁਖਬੀਰ ਬਾਦਲ ਨੇ 2012 ਦੀਆਂ ਚੋਣਾਂ ਤੋਂ ਸਿਰਫ 3 ਦਿਨ ਪਹਿਲਾਂ ਯੂ-ਟਰਨ ਲੈਂਦਿਆਂ ਨਵਾਂ ਹਲਫਨਾਮਾ ਦਾਇਰ ਕਰ ਦਿੱਤਾ ਕਿ 13 ਮਈ 2007 ਨੂੰ ਤਾਂ ਡੇਰਾ ਮੁਖੀ ਸਲਾਬਤਪੁਰੇ ਆਇਆ ਹੀ ਨਹੀਂ ਅਤੇ ਨਾ ਹੀ ਉਸ ਨੇ ਕੋਈ ਉਥੇ ਕੋਈ ਪ੍ਰਚਾਰ ਕੀਤਾ। ਇਸੇ ਤਰ੍ਹਾਂ ਡੇਰਾ ਮੁਖੀ ਨੇ 2015 'ਚ ਫਿਲਮ ਰਿਲੀਜ਼ ਕਰਵਾਉਣੀ ਸੀ ਤਾਂ ਫਿਰ 2007 ਵਾਂਗ ਭਾਵਨਾਵਾਂ ਭੜਕਾਉਣ ਦਾ ਏਜੰਡਾ ਲਾਗੂ ਕੀਤਾ। ਇਸੇ ਸਮੇਂ ਦੌਰਾਨ ਡੇਰੇ ਨੂੰ ਸੁਖਬੀਰ ਬਾਦਲ ਦੇ ਇਸ਼ਾਰੇ ਉਤੇ ਮੁਆਫੀ ਦਿੱਤੀ ਗਈ ਅਤੇ ਫਿਲਮ ਚਲਵਾਈ ਗਈ ਜਦਕਿ ਇਸੇ ਸਮੇਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਹੋਈਆਂ ਅਤੇ ਪੰਥਕ ਸਰਕਾਰ ਦੇ ਰਾਜ ਵਿਚ ਬਹਿਬਲ ਕਲਾਂ ਗੋਲੀਕਾਂਡ ਹੋਇਆ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਜੇਕਰ 2007 ਵਿਚ ਹੀ ਡੇਰਾ ਮੁਖੀ ਉਤੇ ਕਾਰਵਾਈ ਕਰ ਦਿੱਤੀ ਜਾਂਦੀ ਤਾਂ ਪੰਥ ਦਾ ਐਨਾ ਵੱਡਾ ਨੁਕਸਾਨ ਨਹੀਂ ਹੋਣਾ ਸੀ।

ਉਧਰ, ਪੁਸ਼ਾਕ ਮਾਮਲਾ ਉਭਰਨ ਪਿੱਛੋਂ ਭਾਵੇਂ ਸੁਖਬੀਰ ਬਾਦਲ ਇਸ ਉਤੇ ਚੁੱਪ ਧਾਰੀ ਬੈਠੇ ਹਨ ਪਰ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਸਿਆਸੀ ਮਾਹਿਰ ਇਸ ਨੂੰ ਅਕਾਲੀ ਦਲ ਦੇ ਪ੍ਰਧਾਨ ਲਈ ਵੱਡੀ ਚੁਣੌਤੀ ਸਮਝ ਰਹੇ ਹਨ। ਔਖੇ ਸਮੇਂ ਬਾਦਲਾਂ ਦੀ ਢਾਲ ਬਣਨ ਵਾਲੇ ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ ਵਰਗੇ ਸੀਨੀਅਰ ਸਿਆਸਤਦਾਨ ਇਸ ਸਮੇਂ ਸੁਖਬੀਰ ਖਿਲਾਫ ਬਗਾਵਤ ਦਾ ਝੰਡਾ ਚੁੱਕੀ ਫਿਰਦੇ ਹਨ। ਅਕਾਲੀ ਦਲ ਲਈ ਬਣੇ ਮੌਜੂਦਾ ਹਾਲਾਤ ਨੇ ਸੁਖਬੀਰ ਦੀ ਪ੍ਰਧਾਨਗੀ ਨੂੰ ਵੱਡੀ ਵੰਗਾਰ ਦੇ ਦਿੱਤੀ ਹੈ।

# ਆਸਾਮ 'ਚ ਹੜ੍ਹਾਂ ਨਾਲ ਤਬਾਹੀ, ਲੱਖਾਂ ਲੋਕ ਬੇਘਰ

**ਗੁਹਾਟੀ:** ਆਸਾਮ ਸੂਬੇ ਦੇ 24 ਜ਼ਿਲ੍ਹਿਆਂ 'ਚ 25 ਲੱਖ ਤੋਂ ਵੱਧ ਲੋਕ ਹੜ੍ਹ ਤੋਂ ਪ੍ਰਭਾਵਿਤ ਹੋਏ ਹਨ। ਸੂਬੇ ਭਰ 'ਚ ਹੁਣ ਤੱਕ ਇਸ ਸਾਲ ਹੜ੍ਹ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ 'ਚ 120 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ 'ਚੋਂ 85 ਲੋਕ ਹੜ੍ਹ ਨਾਲ ਸਬੰਧਤ ਘਟਨਾਵਾਂ ਤੇ 26 ਲੋਕ ਜ਼ਮੀਨ ਖਿਸਕਣ ਕਾਰਨ ਹੋਏ ਹਾਦਸਿਆਂ 'ਚ ਮਾਰੇ ਗਏ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

**Punjab Times**
Established in 2000
21st Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 'ਆਪ' ਦੇ ਬਾਗੀ ਵਿਧਾਇਕਾਂ ਦੀਆਂ ਮੁਸ਼ਕਿਲਾਂ ਵਧੀਆਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ 31 ਜੁਲਾਈ ਨੂੰ ਦੋ 'ਆਪ' ਵਿਧਾਇਕਾਂ ਨੂੰ ਨਿੱਜੀ ਸੁਣਵਾਈ ਲਈ ਸੱਦਿਆ ਗਿਆ ਹੈ ਜਦੋਂ ਕਿ ਪਾਰਟੀ ਨਾਲ ਸਬੰਧਤ ਦੋ ਹੋਰਨਾਂ ਵਿਧਾਇਕਾਂ ਤੋਂ 31 ਜੁਲਾਈ ਤੱਕ ਜਵਾਬ ਦਾਅਵਾ ਮੰਗਿਆ ਹੈ। ਉਂਜ ਹਾਲ ਦੀ ਘੜੀ ਚਾਰੋਂ ਵਿਧਾਇਕਾਂ ਦੇ ਕਾਨੂੰਨੀ ਦਾਅ ਪੇਚ 'ਚ ਉਲਝੇ ਹੋਣ ਕਰਕੇ ਫੌਰੀ ਕੋਈ ਵੱਡਾ ਫੈਸਲਾ ਆਉਣ ਦੀ ਸੰਭਾਵਨਾ ਨਹੀਂ ਹੈ। ਹਾਲਾਂਕਿ 31 ਜੁਲਾਈ ਨੂੰ ਨਿੱਜੀ ਸੁਣਵਾਈ ਸਿਆਸੀ ਕਨਸੋਆਂ ਜ਼ਰੂਰ ਛੱਡੇਗੀ।

ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਪਹਿਲਾਂ ਆਪਣਾ ਅਸਤੀਫਾ ਦੇ ਦਿੱਤਾ ਸੀ ਅਤੇ ਮਗਰੋਂ ਅਸਤੀਫਾ ਵਾਪਸ ਲੈ ਲਿਆ। ਆਮ ਆਦਮੀ ਪਾਰਟੀ ਵੱਲੋਂ ਉਨ੍ਹਾਂ ਖਿਲਾਫ ਦਰਖਾਸਤ ਦਿੱਤੀ ਗਈ ਸੀ ਕਿ ਖਹਿਰਾ ਖਿਲਾਫ ਦਲ ਬਦਲੀ ਵਿਰੋਧੀ ਕਾਨੂੰਨ ਤਹਿਤ ਕਾਰਵਾਈ ਕੀਤੀ ਜਾਵੇ। ਵਿਧਾਨ ਸਭਾ ਦੇ ਸਪੀਕਰ ਵੱਲੋਂ ਨੋਟਿਸ ਜਾਰੀ ਹੋਣ ਮਗਰੋਂ ਖਹਿਰਾ ਨੇ ਨਿਯਮਾਂ ਦੀ ਕਾਪੀ ਮੰਗੀ ਸੀ। ਹਾਲੇ ਇਹ ਨਿਯਮ ਬਣਾਏ ਨਹੀਂ ਗਏ ਸਨ। ਮਗਰੋਂ ਵਿਧਾਨ ਸਭਾ ਸੈਸ਼ਨ ਵਿਚ ਇਹ ਨਿਯਮ ਬਣਾਏ ਗਏ।

ਰੋਪੜ ਤੋਂ 'ਆਪ' ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਵੀ ਅਸਤੀਫਾ ਦੇ ਦਿੱਤਾ ਸੀ, ਪਰ ਮਗਰੋਂ ਅਸਤੀਫਾ ਵਾਪਸ ਲੈ ਲਿਆ। ਖਹਿਰਾ ਤੇ ਸੰਦੋਆ ਖਿਲਾਫ ਦਰਖਾਸਤਾਂ ਹੋਣ ਕਰਕੇ ਉਨ੍ਹਾਂ ਨੂੰ 31 ਜੁਲਾਈ ਨੂੰ ਨਿੱਜੀ ਸੁਣਵਾਈ ਲਈ ਸੱਦਿਆ ਗਿਆ ਹੈ।ਮਾਨਸਾ ਤੋਂ 'ਆਪ' ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਜੋ ਕਾਂਗਰਸ ਵਿਚ ਸ਼ਾਮਲ ਹੋ ਚੁੱਕੇ ਹਨ, ਨੇ ਵੀ ਅਸਤੀਫਾ ਦੇ ਦਿੱਤਾ ਸੀ, ਪਰ ਸਪੀਕਰ ਨੇ ਫਰਵਰੀ ਵਿਚ ਅਸਤੀਫਾ ਰੱਦ ਕਰ ਦਿੱਤਾ। ਸਪੀਕਰ ਨੇ ਉਨ੍ਹਾਂ ਨੂੰ 31 ਜੁਲਾਈ ਤੱਕ ਜਵਾਬ ਦਾਅਵਾ ਦੇਣ ਲਈ ਆਖਿਆ ਹੈ।

ਸੂਤਰਾਂ ਅਨੁਸਾਰ ਮਾਨਸ਼ਾਹੀਆ ਨੇ ਵੀ ਦਲ ਬਦਲੀ ਵਿਰੋਧੀ ਕਾਨੂੰਨ ਦੇ ਨਿਯਮ ਦੀ ਕਾਪੀ ਮੰਗੀ ਹੋਈ ਹੈ। ਜੈਤੋ ਤੋਂ 'ਆਪ' ਵਿਧਾਇਕ ਮਾਸਟਰ ਬਲਦੇਵ ਸਿੰਘ ਵੀ ਖਹਿਰਾ ਨਾਲ ਚਲੇ ਗਏ ਸਨ ਪਰ ਮਗਰੋਂ ਉਹ ਵਾਪਸ 'ਆਪ' ਵਿਚ ਪਰਤ ਆਏ। ਉਨ੍ਹਾਂ ਨੇ ਅਸਤੀਫਾ ਵੀ ਨਹੀਂ ਦਿੱਤਾ ਸੀ। ਉਨ੍ਹਾਂ ਤੋਂ ਵੀ ਜਵਾਬ ਦਾਅਵਾ ਮੰਗਿਆ ਗਿਆ ਹੈ।

# ਤਿੰਨ ਸਾਲਾਂ 'ਚ ਯੂ.ਪੀ. ਵਿਚ ਹੋਏ 6126 ਮੁਕਾਬਲੇ

**ਲਖਨਊ:** ਉਤਰ ਪ੍ਰਦੇਸ਼ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਛੇ ਹਜ਼ਾਰ ਤੋਂ ਵੱਧ ਪੁਲਿਸ ਮੁਕਾਬਲਿਆਂ ਵਿਚ 122 ਕਥਿਤ ਅਪਰਾਧੀ ਮਾਰੇ ਗਏ। ਇਨ੍ਹਾਂ ਮੁਕਾਬਲਿਆਂ ਵਿਚ 13 ਪੁਲਿਸ ਮੁਲਾਜ਼ਮ ਵੀ ਹਲਾਕ ਹੋਏ ਹਨ।

ਸੀਨੀਅਰ ਪੁਲਿਸ ਅਧਿਕਾਰੀ ਨੇ ਇਹ ਵੀ ਦੱਸਿਆ ਕਿ ਪੁਲਿਸ ਕਾਰਵਾਈ ਵਿਚ ਦੋ ਹਜ਼ਾਰ ਤੋਂ ਵੱਧ ਅਪਰਾਧੀ ਜਖਮੀ ਹੋਏ ਜਦਕਿ 13 ਹਜ਼ਾਰ ਤੋਂ ਵੱਧ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਡੀ.ਜੀ.ਪੀ. (ਲਾਅ ਐਂਡ ਆਰਡਰ) ਪ੍ਰਸ਼ਾਂਤ ਕੁਮਾਰ ਨੇ 20 ਮਾਰਚ 2017 ਤੋਂ 10 ਜੁਲਾਈ 2020 ਤੱਕ ਹੋਏ ਪੁਲਿਸ ਮੁਕਾਬਲਿਆਂ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ, "ਉਤਰ ਪ੍ਰਦੇਸ਼ ਵਿਚ ਹੋਏ 6,126 ਮੁਕਾਬਲਿਆਂ 'ਚ 13 ਪੁਲਿਸ ਮੁਲਾਜ਼ਮਾਂ ਨੇ ਜਾਨ ਗੁਆਈ ਜਦਕਿ 122 ਅਪਰਾਧੀ ਮਾਰੇ ਗਏ। " ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦੌਰਾਨ 909 ਪੁਲਿਸ ਮੁਲਾਜ਼ਮ ਜਖਮੀ ਹੋ ਹੋਏ।

ਕਾਨਪੁਰ ਵਿਚ ਅੱਠ ਪੁਲਿਸ ਮੁਲਾਜ਼ਮਾਂ 'ਤੇ ਜਾਨਲੇਵਾ ਹਮਲੇ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਕੁੱਲ ਨਾਮਜ਼ਦ 21 ਮੁਲਜ਼ਮਾਂ ਵਿਚੋਂ ਛੇ ਮਾਰੇ ਜਾ ਚੁਕੇ ਹਨ ਅਤੇ ਚਾਰ ਗ੍ਰਿਫਤਾਰ ਕੀਤੇ ਗਏ ਹਨ। ਬਾਕੀ 11 ਮੁਲਜ਼ਮਾਂ ਦੀ ਭਾਲ ਵਿਚ ਛਾਪੇ ਮਾਰੇ ਜਾ ਰਹੇ ਹਨ।

## ਵਿਕਾਸ ਦੂਬੇ ਮੁਕਾਬਲਾ: ਯੂਪੀ ਸਰਕਾਰ ਦੀ ਝਾੜਝੰਬ

**ਨਵੀਂ ਦਿੱਲੀ:** ਵਿਕਾਸ ਦੂਬੇ ਮੁਕਾਬਲੇ ਵਿਚ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਉਤਰ ਪ੍ਰਦੇਸ਼ ਸਰਕਾਰ ਦੀ ਝਾੜਝੰਬ ਕਰਦਿਆਂ ਉਸ ਨੂੰ ਸੂਬੇ ਵਿਚ ਕਾਨੂੰਨ ਵਿਵਸਥਾ ਕਾਇਮ ਰੱਖਣ ਦੀ ਹਦਾਇਤ ਕੀਤੀ ਤੇ ਕਿਹਾ ਕਿ ਅਜਿਹਾ ਕਰਨਾ ਉਸ ਦਾ ਫਰਜ਼ ਹੈ। ਸੁਪਰੀਮ ਕੋਰਟ ਨੇ ਉਤਰ ਪ੍ਰਦੇਸ਼ ਸਰਕਾਰ ਤੋਂ ਜਾਂਚ ਸਮਿਤੀ ਵਿਚ ਉੱਚ ਅਦਾਲਤ ਦੇ ਇਕ ਸਾਬਕਾ ਜੱਜ ਅਤੇ ਇਕ ਸੇਵਾਮੁਕਤ ਪੁਲਿਸ ਅਧਿਕਾਰੀ ਨੂੰ ਵੀ ਸ਼ਾਮਲ ਕਰਨ 'ਤੇ ਵਿਚਾਰ ਕਰਨ ਲਈ ਕਿਹਾ। ਅਦਾਲਤ ਨੇ ਕਿਹਾ ਅਸੀਂ ਉੱਚ ਅਦਾਲਤ ਦੇ ਕਿਸੇ ਮੌਜੂਦਾ ਜੱਜ ਨੂੰ ਜਾਂਚ ਸਮਿਤੀ ਦਾ ਹਿੱਸਾ ਬਣਨ ਲਈ ਮੁਹੱਈਆ ਨਹੀਂ ਕਰਵਾ ਸਕਦੇ। ਅਦਾਲਤ ਨੇ ਸੌਲਿਸਟਰ ਜਨਰਲ ਨੂੰ ਕਿਹਾ ਕਿ ਜੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਕੋਈ ਬਿਆਨ ਦਿੰਦੇ ਹਨ ਤੇ ਕੋਈ ਗੱਲ ਮੰਨੀ ਜਾਂਦੀ ਹੈ ਤਾਂ ਤੁਹਾਨੂੰ ਇਸ ਵੱਲ ਧਿਆਨ ਦੇਣਾ ਪਵੇਗਾ।


# ਅਕਾਲੀ ਦਲ ਦੀ ਜ਼ਿਲ੍ਹਾ ਪ੍ਰਧਾਨ, ਤੇ ਪਤੀ ਖਿਲਾਫ ਪਰਚਾ ਦਰਜ

**ਅੰਮ੍ਰਿਤਸਰ:** ਇਕ ਔਰਤ ਦੀ ਅਸ਼ਲੀਲ ਵੀਡੀਓ ਬਣਾ ਕੇ ਉਸ ਨੂੰ ਬਲੈਕਮੇਲ ਕਰਨ ਦੇ ਦੋਸ਼ਾਂ ਤਹਿਤ ਅੰਮ੍ਰਿਤਸਰ ਪੁਲਿਸ ਨੇ ਅਕਾਲੀ ਦਲ ਬਾਦਲ (ਇਸਤਰੀ ਵਿੰਗ) ਦੀ ਜ਼ਿਲ੍ਹਾ ਪ੍ਰਧਾਨ ਤੇ ਉਸ ਦੇ ਪਤੀ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਇਹ ਸ਼ਿਕਾਇਤ ਇਥੇ ਥਾਣਾ ਸਦਰ ਦੀ ਪੁਲਿਸ ਵਲੋਂ ਦਰਜ ਕੀਤੀ ਗਈ ਹੈ, ਜਿਸ ਵਿਚ ਪੁਤਲੀਘਰ ਦੀ ਰਹਿਣ ਵਾਲੀ 42 ਸਾਲਾ ਔਰਤ ਨੇ ਦੱਸਿਆ ਕਿ ਉਹ ਸ਼ਹਿਰ 'ਚ ਬੁਟੀਕ ਚਲਾਉਂਦੀ ਹੈ ਜਿਥੇ ਉਕਤ ਪ੍ਰਧਾਨ ਬੀਬੀ ਦਾ ਉਸ ਨਾਲ ਮੇਲਜੋਲ ਹੋਇਆ ਅਤੇ ਬੀਤੇ 7 ਜੂਨ ਨੂੰ ਉਸ ਨੂੰ ਪ੍ਰਧਾਨ ਬੀਬੀ ਵਲੋਂ ਆਪਣੇ ਘਰ ਬੁਲਾਇਆ ਗਿਆ ਜਿਥੇ ਉਸ ਨੂੰ ਪੀਣ ਲਈ ਲੱਸੀ ਦਿੱਤੀ ਗਈ ਜਿਸ ਨੂੰ ਪੀ ਕੇ ਉਹ ਬੇਹੋਸ਼ ਹੋ ਗਈ। ਇਸ ਪਿਛੋਂ ਉਸ ਦੀ ਧੋਖੇ ਨਾਲ ਅਸ਼ਲੀਲ ਵੀਡੀਓ ਬਣਾ ਲਈ ਤੇ ਬਲੈਕਮੇਲ ਕੀਤਾ ਗਿਆ। ਇਸ ਕੇਸ 'ਚ ਉਸ ਦੇ ਪਤੀ ਦਾ ਵੀ ਹੱਥ ਹੈ।

ਪੁਲਿਸ ਵਲੋਂ ਇਸ ਸ਼ਿਕਾਇਤ ਦੀ ਬਕਾਇਦਾ ਏ.ਸੀ.ਪੀ. ਸ੍ਰੀ ਦੇਵ ਦੱਤ ਵਲੋਂ ਜਾਂਚ ਕਰਵਾਈ ਗਈ ਤੇ ਜਾਂਚ 'ਚ ਦੋਸ਼ ਸਹੀ ਪਾਏ ਜਾਣ ਉਪਰੰਤ ਇਹ ਮਾਮਲਾ ਧਾਰਾ 354-ਏ , 120 ਬੀ ਆਦਿ ਦੋਸ਼ਾਂ ਦੀਆਂ ਧਾਰਾਵਾਂ ਤਹਿਤ ਦਰਜ ਕਰਕੇ ਇਸ ਮਾਮਲੇ ਰਾਜਵਿੰਦਰ ਕੌਰ ਤੇ ਉਸ ਦੇ ਪਤੀ ਰਾਜਿੰਦਰ ਸਿੰਘ ਵਾਸੀਆਂ ਸੰਧੂ ਕਲੋਨੀ ਖਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ।

## ਜਸਵੰਤ ਸਿੰਘ ਧਾਲੀਵਾਲ ਸੁਰਗਵਾਸ

**ਬੇਕਰਜ਼ਫੀਲਡ (ਬਿਊਰੋ):** ਬੇਕਰਜ਼ਫੀਲਡ ਨਿਵਾਸੀ ਅਨੰਦ ਟਰੱਕ ਰਿਪੇਅਰ ਸ਼ਾਪ ਵਾਲੇ ਜਗਨਾਹਰ ਸਿੰਘ ਧਾਲੀਵਾਲ (ਨਾਹਰਾ ਬਿਲਾਸਪੁਰ) ਅਤੇ ਪਰਿਵਾਰ ਨੂੰ ਪਿਛਲੇ ਦਿਨੀਂ ਉਦੋਂ ਭਾਰੀ ਸਦਮਾ



ਪੁੱਜਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ. ਜਸਵੰਤ ਸਿੰਘ ਧਾਲੀਵਾਲ (90) ਇਸ ਫਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਉਹ ਪਿਛੋਂ ਪਿੰਡ ਬਿਲਾਸਪੁਰ, ਜਿਲਾ ਮੋਗਾ ਤੋਂ ਸਨ ਅਤੇ ਉਹ ਪਿਛਲੇ 18 ਸਾਲਾਂ ਤੋਂ ਅਮਰੀਕਾ ਆਪਣੇ ਬੱਚਿਆਂ ਕੋਲ ਰਹਿ ਰਹੇ ਸਨ।

ਸਵਰਗੀ ਜਸਵੰਤ ਸਿੰਘ ਧਾਲੀਵਾਲ ਦਾ ਅੰਤਿਮ ਸੰਸਕਾਰ ਐਤਵਾਰ, 26 ਜੁਲਾਈ ਨੂੰ ਇਥੇ ਗਰੀਨ ਲਾਅਨ ਫਿਊਨਰਲ ਹੋਮ (2739 Panama Lane) ਵਿਖੇ ਸਵੇਰੇ 10 ਤੋਂ ਦੁਪਹਿਰ 12 ਵਜੇ ਦਰਮਿਆਨ ਹੋਵੇਗਾ, ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਬਾਬਾ ਦੀਪ ਸਿੰਘ ਜੀ (6700 Stine Rd.), ਬੇਕਰਜ਼ਫੀਲਡ ਵਿਖੇ ਹੋਣਗੇ।

ਪਰਿਵਾਰ ਨਾਲ ਸੰਪਰਕ ਫੋਨ: 661-598-9200 ਰਾਹੀਂ ਕੀਤਾ ਜਾ ਸਕਦਾ ਹੈ।


ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ: 317-888-2040



ਵੇਟਰ, ਹੈਲਪਰ, ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਕਿਚਨ ਹੈਲਪਰ, ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ।

ਸੰਪਰਕ ਕਰੋ, ਦਵਿੰਦਰ ਸਿੰਘ

ਫੋਨ: 262-391-7666

26-


# Matrimonials

## ਲੜਕੀ ਦੀ ਲੋੜ ਹੈ

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

ਸੈਣੀ ਸਿੱਖ, 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

Wanted Suitable girl for US Citizen, Khatri Gursikh boy, 35 yrs, 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 27-30

Suitable match for USA citizen clean shaven Jatt Sikh boy, 35 yrs, 5'-11", Masters in Event Tourism Management. No dowry. Contact: 317-909-3287; WhatsApp+1-317-529-3886. 28-31

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਉਮਰ 30 ਸਾਲ, 5'-9", ਵੈਸ਼ਨੂੰ ਲੜਕੇ ਅਤੇ ਦੂਜੇ ਯੂ. ਐਸ. ਵਰਕ ਪਰਮਿਟ ਹੋਲਡਰ, ਉਮਰ 29 ਸਾਲ, 5'-9" ਵੈਸ਼ਨੂੰ ਲੜਕੇ ਲਈ ਲੜਕੀਆਂ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 25-28

Wanted Suitable girl for slim, handsome Jatt Sikh boy, 29 yrs, 6 feet tall, on work permit and currently owns a liquor store. Whole family in America. Contact, Ph: 815-621-9077 28-31

Handsome Jat Sikh Johal boy, 25 yrs, 6'-2". B.Sc. Computer Science from USA. Working in Bay Area as Sr. Production Engineer, good package $150K. Owns Rural & Urban Property. Two sisters (Elder sister married & well settled in USA & younger sister doctor). Required beautiful, tall, professionally qualified US citizen Jat Sikh girl. Please contact: +91-98141-20374 (Father, India), 775-357-4816 (Sister, USA) or Email: Simjohal174@gmail.com 25-28

Wanted Suitable girl for US Citizen Khatri Gursikh boy, 35 yrs, height 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 28-31

## ਲੜਕੇ ਦੀ ਲੋੜ ਹੈ

US born, Hindu Nai beautiful girl, 31 yrs, 5'-2, Masters in English and a JD (law) degree, divorced with one child looking for a well-settled and educated boy in America. Whole family is well-settled in New York. Please contact, Ph: 347-252-6400 26-29

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24


Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading
*Men's Facials
*Custom Designing
*Line-ups
*Custom Text
*Hair Coler
*Shave & Mundan
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605

www.princebarbershop.com

# ਕਰੋਨਾ: ਦੁਨੀਆਂ ਦੇ ਮੁਕਾਬਲੇ ਭਾਰਤ 'ਚ ਮੌਤ ਦੀ ਦਰ ਸਭ ਤੋਂ ਘੱਟ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਵਾਇਰਸ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਲਗਾਤਾਰ ਘਟ ਰਹੀ ਹੈ ਅਤੇ ਇਹ ਹੁਣ 2.49 ਫੀਸਦੀ ਹੈ, ਜੋ ਕਿ ਦੁਨੀਆਂ ਭਰ ਵਿਚ ਸਭ ਤੋਂ ਘੱਟ ਹੈ। ਕੇਂਦਰੀ ਸਿਹਤ ਮੰਤਰਾਲੇ ਦਾ ਕਹਿਣਾ ਹੈ ਕਿ ਇਹ ਸਭ ਹਸਪਤਾਲ ਦਾਖਲ ਮਰੀਜ਼ਾਂ ਦੇ ਇਲਾਜ ਲਈ ਪ੍ਰਭਾਵਸ਼ਾਲੀ ਪ੍ਰਬੰਧਾਂ ਕਾਰਨ ਹੋਇਆ ਹੈ।



ਸਿਹਤ ਮੰਤਰਾਲੇ ਨੇ ਦੱਸਿਆ ਕਿ 29 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਮੌਤ ਦਰ ਪੂਰੇ ਦੇਸ਼ ਨਾਲੋਂ ਘੱਟ ਹੈ, ਪੰਜ ਸੂਬਿਆਂ ਵਿਚ ਮੌਤ ਦਰ ਸਿਫਰ ਹੈ ਤੇ 14 ਸੂਬਿਆਂ 'ਚ ਮੌਤ ਦਰ ਇਕ ਫੀਸਦੀ ਤੋਂ ਵੀ ਘੱਟ ਹੈ। ਕੇਂਦਰ, ਸੂਬਾ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਸਰਕਾਰਾਂ ਦੀਆਂ ਕੋਸ਼ਿਸ਼ਾਂ ਸਦਕਾ ਹਸਪਤਾਲਾਂ 'ਚ ਮਰੀਜ਼ਾਂ ਦੇ ਇਲਾਜ ਦਾ ਪ੍ਰਭਾਵਸ਼ਾਲੀ ਪ੍ਰਬੰਧ ਹੋਣ ਕਾਰਨ ਭਾਰਤ ਵਿਚ ਮੌਤ ਦਰ ਘੱਟ ਕੇ 2.5 ਫੀਸਦੀ ਤੋਂ ਵੀ ਘੱਟ ਹੋ ਗਈ ਹੈ। ਇਸ ਮਹੀਨੇ ਦੇਸ਼ ਵਿਚ ਕਰੋਨਾ ਮੌਤ ਦਰ ਪਹਿਲਾਂ 2.82 ਫੀਸਦੀ ਸੀ, ਜਦੋਂ ਕਿ 10 ਜੁਲਾਈ ਨੂੰ ਇਹ 2.72 ਫੀਸਦੀ ਹੋ ਗਈ ਅਤੇ ਹੁਣ ਇਹ 2.49 ਫੀਸਦੀ ਉਤੇ ਆ ਗਈ ਹੈ।

ਸਿਹਤ ਮੰਤਰਾਲੇ ਨੇ ਦੱਸਿਆ ਕਿ ਮਨੀਪੁਰ, ਨਾਗਾਲੈਂਡ, ਸਿੱਕਮ, ਮਿਜ਼ੋਰਮ, ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਵਿਚ ਮੌਤ ਦਰ ਸਿਫਰ ਹੈ। ਤਕਰੀਬਨ 7 ਲੱਖ ਲੋਕ ਠੀਕ ਹੋ ਚੁੱਕੇ ਹਨ ਜਦੋਂ ਕਿ ਚਾਰ ਲੱਖ ਦੇ ਕਰੀਬ ਐਕਟਿਵ ਕੇਸ ਦੇਸ਼ ਵਿਚ ਹਨ। ਭਾਰਤੀ ਮੈਡੀਕਲ ਖੋਜ ਕਾਸਲ (ਆਈ.ਸੀ.ਐਮ.ਆਰ.) ਅਨੁਸਾਰ ਹੁਣ ਤੱਕ 1, 37, 91, 869 ਟੈਸਟ ਕੀਤੇ ਗਏ ਹਨ।

ਦੇਸ਼ ਦੇ ਦੋ ਸੂਬਿਆਂ ਆਸਾਮ ਅਤੇ ਕੇਰਲ ਨੇ 'ਕਮਿਊਨਿਟੀ ਟਰਾਂਸਮਿਸ਼ਨ' ਦੇ ਸੰਕੇਤ ਦਿੱਤੇ ਹਨ ਹਾਲਾਂਕਿ ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਅਤੇ ਆਈ. ਸੀ. ਐਮ. ਆਰ. ਨੇ ਇਨ੍ਹਾਂ ਖਬਰਾਂ ਨੂੰ ਖਾਰਜ ਕਰ ਦਿੱਤਾ ਹੈ। ਦੇਸ਼ 'ਚ ਕਰੋਨਾ ਦਾ ਪਹਿਲਾ ਮਾਮਲਾ 30 ਜਨਵਰੀ ਨੂੰ ਆਇਆ ਸੀ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਕਰੋਨਾ ਦੇ ਮਾਮਲੇ ਵੱਧ ਜ਼ਰੂਰ ਰਹੇ ਹਨ ਪਰ ਇਹ ਕਮਿਊਨਿਟੀ ਟਰਾਂਸਮਿਸ਼ਨ ਦਾ ਸੰਕੇਤ ਨਹੀਂ ਹੈ ਜਦੋਂ ਕਿ ਆਸਾਮ ਸਰਕਾਰ ਦਾ ਕਹਿਣਾ ਹੈ ਕਿ ਗੁਹਾਟੀ ਵਿਚ 28 ਜੂਨ ਤੋਂ ਲੌਕਡਾਊਨ ਲਾਗੂ ਹੈ ਪਰ ਫਿਰ ਵੀ ਹਾਲਾਤ ਚਿੰਤਾਜਨਕ ਹਨ।

# ਸੱਤ ਭਾਰਤੀ ਕੰਪਨੀਆਂ ਕਰੋਨਾ ਦੇ ਟੀਕੇ ਲਈ ਸਰਗਰਮ

**ਨਵੀਂ ਦਿੱਲੀ:** ਤਕਰੀਬਨ ਸੱਤ ਭਾਰਤੀ ਫਾਰਮਾ ਕੰਪਨੀਆਂ ਕਰੋਨਾ ਵਾਇਰਸ ਦਾ ਟੀਕਾ ਬਣਾਉਣ ਲਈ ਕੰਮ ਕਰ ਰਹੀਆਂ ਹਨ। ਆਲਮੀ ਪੱਧਰ ਉਤੇ ਕੀਤੇ ਜਾ ਰਹੇ ਯਤਨਾਂ 'ਚ ਭਾਰਤੀ ਕੰਪਨੀਆਂ ਵੀ ਆਪਣਾ ਯੋਗਦਾਨ ਪਾ ਰਹੀਆਂ ਹਨ।

ਭਾਰਤ ਬਾਇਓਟੈੱਕ, ਸੀਰਮ ਇੰਸਟੀਚਿਊਟ, ਜ਼ਾਇਡਸ ਕੈਡਿਲਾ, ਪੈਨਾਸ਼ੀਆ ਬਾਇਓਟੈੱਕ, ਇੰਡੀਅਨ ਇਮਿਊਨੋਲੋਜੀਕਲਜ਼,




ਮਿਨਵੈਕਸ ਤੇ ਬਾਇਓਲੋਜੀਕਲ ਈ ਜਿਹੀਆਂ ਘਰੇਲੂ ਕੰਪਨੀਆਂ ਕਰੋਨਾ ਵਾਇਰਸ ਦਾ ਇਲਾਜ ਵਿਕਸਿਤ ਕਰਨ ਦੇ ਯਤਨਾਂ ਵਿਚ ਜੁਟੀਆਂ ਹੋਈਆਂ ਹਨ। ਟੀਕਾ ਤਿਆਰ ਕਰਨ 'ਚ ਆਮ ਤੌਰ ਉਤੇ ਸਾਲਾਂ ਦੇ ਪ੍ਰੀਖਣ ਤੇ ਮਗਰੋਂ ਵੱਡੀ ਪੱਧਰ ਦੇ ਉਤਪਾਦਨ ਦੀ ਲੋੜ ਪੈਂਦੀ ਹੈ। ਪਰ ਵਿਗਿਆਨੀਆਂ ਨੂੰ ਆਸ ਹੈ ਕਿ ਮਹਾਮਾਰੀ ਦੇ ਮੱਦੇਨਜ਼ਰ ਮਹੀਨਿਆਂ ਵਿਚ ਹੀ ਇਸ ਨੂੰ ਤਿਆਰ ਕਰ ਲਿਆ ਜਾਵੇਗਾ। ਭਾਰਤ ਬਾਇਓਟੈੱਕ ਨੂੰ ਪਹਿਲੇ ਤੇ ਦੂਜੇ ਗੇੜ ਦੇ ਕਲੀਨਿਕਲ ਟਰਾਇਲ ਲਈ ਇਜਾਜ਼ਤ ਮਿਲ ਚੁੱਕੀ ਹੈ। ਕੰਪਨੀ 'ਕੋਵੈਕਸਿਨ' ਨਾਂ ਦਾ ਟੀਕਾ ਤਿਆਰ ਕਰਨ ਵਿਚ ਜੁਟੀ ਹੋਈ ਹੈ। ਹੈਦਰਾਬਾਦ ਵਿਚ ਕੰਪਨੀ ਦੀ ਇਕਾਈ ਵਿਚ ਪਿਛਲੇ ਹਫਤੇ ਮਨੁੱਖੀ ਪ੍ਰੀਖਣ ਸ਼ੁਰੂ ਕਰ ਦਿੱਤੇ ਗਏ ਹਨ। ਵਿਸ਼ਵ ਪੱਧਰ ਉਤੇ ਟੀਕੇ ਤਿਆਰ ਕਰਨ ਵਾਲੀ ਉੱਘੀ ਕੰਪਨੀ ਸੀਰਮ ਇੰਸਟੀਚਿਊਟ ਦਾ ਕਹਿਣਾ ਹੈ ਕਿ ਇਹ ਸਾਲ ਦੇ ਅਖੀਰ ਤੱਕ ਕੋਵਿਡ-19 ਲਈ ਦਵਾਈ ਤਿਆਰ ਕਰ ਲਏਗੀ। ਮੌਜੂਦਾ ਸਮੇਂ ਕੰਪਨੀ ਆਕਸਫੋਰਡ ਦੇ ਟੀਕੇ ਉਤੇ ਕੰਮ ਕਰ ਰਹੀ ਹੈ ਤੇ ਤੀਜੇ ਗੇੜ ਦੇ ਟਰਾਇਲ ਚੱਲ ਰਹੇ ਹਨ।

## ਰੂਸ 'ਤੇ ਦਵਾਈ ਦਾ ਟਰਾਇਲ ਹੈਕ ਕਰਨ ਦੇ ਦੋਸ਼

**ਲੰਡਨ:** ਬਰਤਾਨੀਆ, ਅਮਰੀਕਾ ਤੇ ਕੈਨੇਡਾ ਨੇ ਕਿਹਾ ਹੈ ਕਿ ਰੂਸ ਵੱਲੋਂ ਖੋਜੀਆਂ ਤੋਂ ਕਰੋਨਾ ਵਾਇਰਸ ਦੀ ਦਵਾਈ ਸਬੰਧੀ ਸੂਚਨਾ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਤਿੰਨੇ ਦੇਸ਼ਾਂ ਨੇ ਦੋਸ਼ ਲਗਾਇਆ ਹੈ ਕਿ ਹੈਕ ਕਰਨ ਵਾਲਾ ਗਰੁੱਪ ਏਪੀਟੀ29 ਜੋ ਕੋਜ਼ੀ ਬੀਅਰ ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਰੂਸੀ ਖੁਫੀਆ ਸੇਵਾ ਦਾ ਹਿੱਸਾ ਵੀ ਕਿਹਾ ਜਾਂਦਾ ਹੈ, ਕਰੋਨਾ ਵਾਇਰਸ ਦੀ ਦਵਾਈ ਬਣਾਉਣ ਦੇ ਕੰਮ 'ਚ ਸ਼ਾਮਲ ਅਕਾਦਮਿਕ ਤੇ ਫਾਰਮਾ ਖੋਜ ਸੰਸਥਾਵਾਂ ਉਤੇ ਹਮਲੇ ਕਰ ਰਿਹਾ ਹੈ। ਇਨ੍ਹਾਂ ਲਗਾਤਾਰ ਹਮਲਿਆਂ ਨੂੰ ਖੁਫੀਆ ਏਜੰਸੀਆਂ ਦੇ ਅਧਿਕਾਰੀਆਂ ਵੱਲੋਂ ਬੌਧਿਕ ਸੰਪਤੀ ਦੀ ਚੋਰੀ ਵਜੋਂ ਦੇਖਿਆ ਜਾ ਰਿਹਾ ਹੈ।

# ਕਰੋਨਾ: ਪ੍ਰਾਈਵੇਟ ਹਸਪਤਾਲਾਂ 'ਚ ਇਲਾਜ ਲਈ ਦਰਾਂ ਤੈਅ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਕਰੋਨਾ ਮਹਾਮਾਰੀ ਦੇ ਇਲਾਜ ਦੌਰਾਨ ਲੋਕਾਂ ਨੂੰ ਲੁੱਟ ਤੋਂ ਬਚਾਉਣ ਲਈ ਸੂਬੇ ਦੇ ਨਿੱਜੀ ਹਸਪਤਾਲਾਂ ਵਿਚ ਇਲਾਜ ਦੀਆਂ ਦਰਾਂ ਤੈਅ ਕੀਤੀਆਂ ਹਨ। ਸਰਕਾਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਡਾ. ਕੇਕੇ ਤਲਵਾੜ ਕਮੇਟੀ ਨੇ ਇਹ ਦਰਾਂ ਤੈਅ ਕੀਤੀਆਂ ਹਨ ਜਿਨ੍ਹਾਂ ਵਿਚ ਬੈੱਡ, ਆਈ.ਸੀ.ਯੂ. ਇਲਾਜ ਅਤੇ ਹਸਪਤਾਲ ਵਿਚ ਭਰਤੀ ਹੋਣ ਦਾ ਰੇਟ ਵੀ ਸ਼ਾਮਲ ਹੈ। ਮਾਮੂਲੀ ਤੌਰ 'ਤੇ ਬਿਮਾਰ ਹੋਣ ਉਤੇ ਜਿਸ ਵਿਚ ਆਕਸੀਜਨ ਅਤੇ ਹੋਰ ਦੇਖਭਾਲ ਤੇ ਆਈਸੋਲੇਸ਼ਨ ਬੈੱਡ ਦੀ ਲੋੜ ਹੋਵੇਗੀ, ਲਈ ਰੋਜ਼ਾਨਾ 10 ਹਜ਼ਾਰ ਰੁਪਏ ਦੀ ਦਰ ਤੈਅ ਕੀਤੀ ਗਈ ਹੈ।

ਇਹ ਦਰ ਸਭਨਾਂ ਨਿੱਜੀ ਮੈਡੀਕਲ ਕਾਲਜਾਂ ਅਤੇ ਐਨ.ਏ.ਬੀ.ਐਚ. ਮਾਨਤਾ ਪ੍ਰਾਪਤ ਹਸਪਤਾਲਾਂ ਲਈ ਤੈਅ ਕੀਤੀ ਗਈ ਹੈ। ਐਨ.ਏ.ਬੀ.ਐਚ. ਮਾਨਤਾ ਪ੍ਰਾਪਤ ਹਸਪਤਾਲਾਂ ਲਈ 9000 ਰੁਪਏ ਅਤੇ ਗੈਰ ਐਨ.ਏ.ਬੀ.ਐਚ. ਮਾਨਤਾ ਪ੍ਰਾਪਤ ਹਸਪਤਾਲਾਂ ਲਈ 8000 ਰੁਪਏ ਦੀ ਦਰ ਤੈਅ ਕੀਤੀ ਗਈ ਹੈ। ਇਨ੍ਹਾਂ ਹਸਪਤਾਲਾਂ ਵਿਚ ਗੰਭੀਰ ਹਾਲਤ (ਆਈ.ਸੀ.ਯੂ. ਬਿਨਾਂ) ਲਈ ਕ੍ਰਮਵਾਰ, 15 ਹਜ਼ਾਰ, 14 ਹਜ਼ਾਰ ਅਤੇ 13 ਹਜ਼ਾਰ ਰੁਪਏ ਵਸੂਲੇ ਜਾ ਸਕਣਗੇ ਜਦੋਂ ਕਿ ਅਤਿ ਗੰਭੀਰ ਹਾਲਤ ਦੌਰਾਨ ਇਹ ਦਰ ਕ੍ਰਮਵਾਰ 18 ਹਜ਼ਾਰ, 16500 ਅਤੇ 15 ਹਜ਼ਾਰ ਰੁਪਏ ਹੋਵੇਗੀ, ਜਿਸ ਵਿਚ ਪੀ.ਪੀ.ਈ. ਕਿੱਟ ਦੀ ਕੀਮਤ ਵੀ ਸ਼ਾਮਲ ਹੈ। ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਨਿੱਜੀ ਹਸਪਤਾਲਾਂ ਨੂੰ ਮਾਮੂਲੀ ਬਿਮਾਰੀ ਦੇ ਇਲਾਜ ਲਈ ਉਤਸ਼ਾਹਿਤ ਕਰਨ ਲਈ ਤਲਵਾਰ ਸਮਿਤੀ ਨੇ ਅਜਿਹੇ ਮਰੀਜ਼ਾਂ ਦੀ ਪ੍ਰਤੀ ਦਿਨ ਐਡਮਿਸ਼ਨ ਫੀਸ 6500, 5500 ਅਤੇ 4500 ਰੁਪਏ ਤੈਅ ਕੀਤੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਮੀਟਿੰਗ ਬਾਅਦ ਇਹ ਫੈਸਲਾ ਕੀਤਾ ਗਿਆ ਹੈ।

## ਕੈਨੇਡਾ ਪੜ੍ਹਦੇ ਨੌਜਵਾਨ ਦੀ ਡੁੱਬਣ ਕਾਰਨ ਮੌਤ

**ਮੋਗਾ:** ਇਥੋਂ ਦੇ ਕਸਬਾ ਅਜੀਤਵਾਲ ਦੇ ਰਹਿਣ ਵਾਲੇ ਵਿਦਿਆਰਥੀ ਦੀ ਕੈਨੇਡਾ ਵਿਚ ਡੁੱਬਣ ਕਾਰਨ ਮੌਤ ਹੋ ਗਈ। ਤਕਰੀਬਨ 25 ਦਿਨਾਂ 'ਚ ਪੰਜਾਬੀ ਨੌਜਵਾਨ ਦੀ ਡੁੱਬਣ ਨਾਲ ਹੋਈ ਇਹ ਤੀਜੀ ਮੌਤ ਹੈ। ਉਹ ਚਾਰ ਮਹੀਨੇ ਪਹਿਲਾਂ ਹੀ ਪੜ੍ਹਾਈ ਲਈ ਕੈਨੇਡਾ ਗਿਆ ਸੀ। ਮ੍ਰਿਤਕ ਦੀ ਪਛਾਣ ਅਮਨਦੀਪ ਸਿੰਘ (20) ਪੁੱਤਰ ਪਰਮਿੰਦਰ ਸਿੰਘ ਵਾਸੀ ਅਜੀਤਵਾਲ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਕਾਲਜ 'ਚ ਛੁੱਟੀ ਹੋਣ ਕਾਰਨ ਅਮਨਦੀਪ ਆਪਣੇ ਦੋਸਤਾਂ ਨਾਲ ਸਮੁੰਦਰ ਕੰਢੇ ਘੁੰਮਣ ਗਿਆ ਸੀ। ਬੀਚ ਉਤੇ ਸਾਰੇ ਦੋਸਤ ਨਹਾਉਣ ਲੱਗ ਪਏ ਤਾਂ ਉਹ ਡੂੰਘੇ ਪਾਣੀ ਵਿਚ ਚਲਾ ਗਿਆ। ਉਸਦੇ ਦੋਸਤਾਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੇ।

# ਕਰੋਨਾ: 55% ਪਰਿਵਾਰ ਰੋਟੀ ਦਾ ਪ੍ਰਬੰਧ ਹੀ ਕਰ ਸਕੇ

**ਨਵੀਂ ਦਿੱਲੀ:** ਇਕ ਐਨ.ਜੀ.ਓ. ਵੱਲੋਂ ਕੀਤੇ ਗਏ ਸਰਵੇਖਣ ਵਿਚ ਖੁਲਾਸਾ ਹੋਇਆ ਹੈ ਕਿ ਕਰੋਨਾ ਸੰਕਟ ਦੌਰਾਨ ਪਹਿਲੀ ਅਪਰੈਲ ਤੋਂ 15 ਮਈ ਤੱਕ ਦੇਸ਼ ਦੇ 24 ਸੂਬਿਆਂ ਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 55% ਆਮ ਲੋਕਾਂ ਕੋਲ ਸਿਰਫ ਦੋ ਵਕਤ ਦੀ ਰੋਟੀ ਦਾ ਹੀ ਪ੍ਰਬੰਧ ਸੀ।

ਵਰਲਡ ਵਿਜ਼ਨ ਏਸ਼ੀਆ ਪੈਸੇਫਿਕ ਨਾਂ ਦੀ ਐਨ.ਜੀ.ਓ. ਵੱਲੋਂ 5568 ਪਰਿਵਾਰਾਂ ਉਤੇ ਕੀਤੇ ਗਏ ਸਰਵੇਖਣ ਤੋਂ ਬਾਅਦ ਇਸ ਸਬੰਧੀ ਰਿਪੋਰਟ ਜਾਰੀ ਕੀਤੀ ਗਈ ਹੈ। ਸਰਵੇਖਣ 'ਚ ਖੁਲਾਸਾ ਹੋਇਆ ਕਿ ਲੌਕਡਾਊਨ ਦੌਰਾਨ ਭਾਰਤੀ ਪਰਿਵਾਰਾਂ ਉਤੇ ਆਰਥਿਕ, ਮਾਨਸਿਕ ਤੇ ਸਰੀਰਕ ਦਬਾਅ ਵਧਣ ਕਾਰਨ ਇਸ ਦਾ ਪ੍ਰਭਾਵ ਬੱਚਿਆਂ ਦੇ ਖਾਣ-ਪੀਣ, ਪੌਸ਼ਟਿਕਤਾ, ਸਿਹਤ, ਦਵਾਈਆਂ, ਸਵੱਛਤਾ ਤੇ ਨਾਲ-ਨਾਲ ਬੱਚਿਆਂ ਦੀ ਸੁਰੱਖਿਆ ਉਤੇ ਵੀ ਪਿਆ ਹੈ। ਰਿਪੋਰਟ ਅਨੁਸਾਰ ਇਸ ਸਮੇਂ ਦੌਰਾਨ 60 ਫੀਸਦ ਤੋਂ ਵੱਧ ਮਾਪੇ ਕੋਵਿਡ-19 ਤੋਂ ਪ੍ਰਭਾਵਿਤ ਹੋਏ ਹਨ। ਲੌਕਡਾਊਨ ਦੌਰਾਨ ਸਭ ਤੋਂ ਵੱਧ ਨੁਕਸਾਨ ਦਿਹਾੜੀਦਾਰਾਂ ਨੂੰ ਹੋਇਆ ਹੈ। ਸੰਸਥਾ ਨੇ ਦੱਸਿਆ, 'ਸ਼ਹਿਰੀ ਇਲਾਕਿਆਂ 'ਚ ਪਿਛਲੇ ਹਫਤਿਆਂ ਦੌਰਾਨ 67 ਫੀਸਦ ਮਾਪਿਆਂ ਦੀਆਂ ਨੌਕਰੀਆਂ ਗਈਆਂ ਹਨ ਜਾਂ ਉਨ੍ਹਾਂ ਦੀ ਆਮਦਨ ਘਟੀ ਹੈ।'

ਸਰਵੇਖਣ ਅਨੁਸਾਰ 55.1 ਫੀਸਦ ਪਰਿਵਾਰਾਂ ਕੋਲ ਸਿਰਫ ਦੋ ਵਕਤ ਦੀ ਰੋਟੀ ਦਾ ਹੀ ਪ੍ਰਬੰਧ ਸੀ ਜਿਸ ਤੋਂ ਪਤਾ ਲੱਗਦਾ ਹੈ ਜ਼ਰੂਰੀ ਵਸਤਾਂ ਦੀ ਸਪਲਾਈ ਘਟਣ ਕਾਰਨ ਲੋਕਾਂ ਨੂੰ ਦਿੱਕਤਾਂ ਪੇਸ਼ ਆਈਆਂ ਹਨ।

# ਕਰੋਨਾ ਵਾਇਰਸ ਸੰਕਟ: ਵਿਦੇਸ਼ੀ ਵਿਦਿਆਰਥੀਆਂ ਨੂੰ ਪਈ ਦੂਹਰੀ ਮਾਰ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਦੇ ਦੌਰ ਵਿਚ ਵਿਦੇਸ਼ਾਂ ਵਿਚ ਪੜ੍ਹਨ ਗਏ ਵਿਦਿਆਰਥੀਆਂ ਲਈ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ। ਇਹ ਉਹ ਵਿਦਿਆਰਥੀ ਹਨ, ਜੋ ਆਪਣੀ ਪੜ੍ਹਾਈ ਦੇ ਨਾਲ-ਨਾਲ ਖਰਚਾ ਪਾਣੀ ਚਲਾਉਣ ਲਈ ਕੰਮ ਵੀ ਕਰਦੇ ਸਨ। ਮਹਾਮਾਰੀ ਕਾਰਨ ਜਿਥੇ ਕੰਮ ਬੰਦ ਹੋ ਗਿਆ, ਉਥੇ ਜ਼ਿਆਦਾਤਰ ਮੁਲਕਾਂ ਦੀਆਂ ਸਰਕਾਰ ਨੇ ਇਨ੍ਹਾਂ ਵਿਦਿਆਰਥੀਆਂ ਦੀ ਬਾਂਹ ਫੜਨ ਦੀ ਥਾਂ ਇਨ੍ਹਾਂ ਨੂੰ ਆਪਣੇ ਦੇਸ਼ ਪਰਤਣ ਲਈ ਮਜਬੂਰ ਕਰਨਾ ਸ਼ੁਰੂ ਕਰ ਦਿੱਤਾ ਹੈ।

ਸ਼ੁਰੂਆਤੀ ਦੌਰ ਵਿਚ ਆਸਟਰੇਲੀਆ ਨੇ ਬਾਹਰੋਂ ਪੜ੍ਹਨ ਆਏ ਵਿਦਿਆਰਥੀਆਂ ਦੀ ਕੋਈ ਮਦਦ ਨਾ ਕਰਨ ਦਾ ਫੈਸਲਾ ਕੀਤਾ ਜੋ ਬਾਅਦ ਵਿਚ ਵਾਪਸ ਲੈ ਲਿਆ ਗਿਆ। ਪਿਛਲੇ ਦਿਨੀਂ ਅਮਰੀਕਾ ਨੇ ਯੂਨੀਵਰਸਿਟੀਆਂ ਵਿਚ ਕੋਵਿਡ-19 ਕਾਰਨ ਆਨਲਾਈਨ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਨਾ ਦੇਣ ਦੇ ਫੈਸਲੇ ਨਾਲ ਬੇਚੈਨੀ ਪੈਦਾ ਕਰ ਦਿੱਤੀ ਸੀ। ਹਾਲਾਂਕਿ ਇਹ ਫੈਸਲਾ ਵੀ ਛੇਤੀ ਹੀ ਵਾਪਸ ਲੈ ਲਿਆ ਗਿਆ। ਇਨ੍ਹਾਂ ਫੈਸਲਿਆਂ ਨੂੰ ਵਾਪਸ ਲੈਣ ਦਾ ਕਾਰਨ ਵਿਦੇਸ਼ੀ ਵਿਦਿਆਰਥੀਆਂ ਦੇ ਹਿੱਤ ਜਾਂ ਉਨ੍ਹਾਂ ਦੇ ਦੇਸ਼ਾਂ ਵੱਲੋਂ ਪਾਇਆ ਗਿਆ ਦਬਾਅ ਨਹੀਂ ਬਲਕਿ ਅਮਰੀਕਾ ਦੀਆਂ ਵਿੱਦਿਅਕ ਸੰਸਥਾਵਾਂ ਵੱਲੋਂ ਪਾਇਆ ਗਿਆ ਦਬਾਅ ਹੈ।

ਅਮਰੀਕਾ ਦੀਆਂ ਸਰਕਾਰੀ ਅਤੇ ਗੈਰ-ਸਰਕਾਰੀ ਯੂਨੀਵਰਸਿਟੀਆਂ ਨੇ ਸਰਕਾਰ ਨੂੰ ਫੈਸਲਾ ਵਾਪਸ ਲੈਣ ਲਈ ਮਜਬੂਰ ਕੀਤਾ ਹੈ। ਅਮਰੀਕਾ ਦੇ ਵਣਜ ਵਿਭਾਗ ਦੀ ਰਿਪੋਰਟ ਅਨੁਸਾਰ ਹਰ ਸਾਲ ਵਿਦੇਸ਼ੀ ਵਿਦਿਆਰਥੀ 48 ਅਰਬ ਡਾਲਰ ਫੀਸ ਵਜੋਂ ਦਿੰਦੇ ਹਨ। ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਤੇ ਸਿੰਗਾਪੁਰ ਦੀਆਂ ਯੂਨੀਵਰਸਿਟੀਆਂ ਤੇ ਵਿੱਦਿਅਕ



ਅਦਾਰੇ ਬਹੁਤ ਹੱਦ ਤਕ ਵਿੱਤੀ ਤੌਰ ਉਤੇ ਵਿਦੇਸ਼ੀ ਵਿਦਿਆਰਥੀਆਂ ਦੀਆਂ ਫੀਸਾਂ ਉਤੇ ਨਿਰਭਰ ਹਨ। ਭਾਰਤ ਦੇ ਵਿਦਿਆਰਥੀ ਲਗਭਗ 11 ਤੋਂ 13 ਅਰਬ ਡਾਲਰ ਕੇਵਲ ਅਮਰੀਕਾ ਦੀਆਂ ਵਿੱਦਿਅਕ ਸੰਸਥਾਵਾਂ 'ਚ ਜਮ੍ਹਾਂ ਕਰਵਾਉਂਦੇ ਹਨ। ਇਹ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਪੱਛਮੀ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਨੇ ਆਨਲਾਈਨ ਕੋਰਸ ਵੀ ਸ਼ੁਰੂ ਕੀਤੇ ਹਨ ਪਰ ਉਨ੍ਹਾਂ ਨੂੰ ਵਿਕਾਸਸ਼ੀਲ ਦੇਸ਼ਾਂ ਦੇ ਵਿਦਿਆਰਥੀਆਂ ਤੋਂ ਜ਼ਿਆਦਾ ਹੁੰਗਾਰਾ ਨਹੀਂ ਮਿਲ ਰਿਹਾ। ਇਸ ਦਾ ਮੁੱਖ ਕਾਰਨ ਹੈ ਕਿ ਤੀਸਰੀ ਦੁਨੀਆਂ ਦੇ ਦੇਸ਼ਾਂ ਦੇ ਬਹੁਤੇ ਵਿਦਿਆਰਥੀ ਕੇਵਲ ਵਿੱਦਿਆ ਹਾਸਲ ਕਰਨ ਨਹੀਂ ਸਗੋਂ ਵਿਕਸਤ ਦੇਸ਼ਾਂ ਵਿਚ ਸਥਾਈ ਰਿਹਾਇਸ਼ ਜਾਂ ਨਾਗਰਿਕਤਾ ਲੈਣ ਜਾਂਦੇ ਹਨ। ਇਕ ਅਨੁਮਾਨ ਅਨੁਸਾਰ ਪੰਜਾਬ ਵਿਚੋਂ ਹੀ ਹਰ ਸਾਲ ਇਕ ਲੱਖ ਤੋਂ ਜ਼ਿਆਦਾ ਨੌਜਵਾਨ ਮੁੰਡੇ ਕੁੜੀਆਂ ਵਿਦਿਆਰਥੀ ਵੀਜ਼ੇ ਉਤੇ ਪੱਛਮੀ ਦੇਸ਼ਾਂ ਵਿਚ ਜਾ ਰਹੇ ਹਨ।

ਇਕ ਸਮੇਂ ਤੱਕ ਪਰਵਾਸੀ ਭਾਰਤੀ ਆਪਣੀ ਕਮਾਈ ਦਾ ਕੁਝ ਹਿੱਸਾ ਵਾਪਸ ਭੇਜਦੇ ਸਨ ਜਿਸ ਨਾਲ ਪੰਜਾਬ ਅਤੇ ਹੋਰ ਸੂਬਿਆਂ ਦਾ ਅਰਥਚਾਰਾ ਵਿਕਾਸ ਕਰਦਾ ਰਿਹਾ ਹੈ। ਹੁਣ ਬਦਲੇ ਹੋਏ ਹਾਲਾਤ ਵਿਚ ਮਿੱਟੀ ਨਾਲ ਮੋਹ ਦੀਆਂ ਤੰਦਾਂ ਕਮਜ਼ੋਰ ਹੋ ਰਹੀਆਂ ਹਨ ਅਤੇ ਪੈਸਾ ਤੇ ਹੁਨਰਵਾਨ ਵਿਦਿਆਰਥੀ ਬਾਹਰ ਜਾ ਰਹੇ ਹਨ। ਇਸ ਵਰਤਾਰੇ ਦੇ ਵੱਡੇ ਕਾਰਨ ਬੇਰੁਜ਼ਗਾਰੀ, ਦੇਸ਼ ਵਿਚ ਅਮਨ-ਕਾਨੂੰਨ ਦੇ ਵਿਗੜ ਰਹੇ ਹਾਲਾਤ, ਵਧ ਰਹੀ ਧਾਰਮਿਕ ਕੱਟੜਤਾ, ਜਾਤੀਵਾਦ, ਤੇ ਨਸ਼ਿਆਂ ਦਾ ਫੈਲਾਉ, ਸਾਡੇ ਵਿਦਿਅਕ ਅਦਾਰਿਆਂ ਵਿਚ ਵਿੱਦਿਆ ਦਾ ਲਗਾਤਾਰ ਡਿੱਗ ਰਿਹਾ ਮਿਆਰ ਆਦਿ ਹਨ। ਭਾਰਤ ਦੀ ਇਕ ਵੀ ਯੂਨੀਵਰਸਿਟੀ ਦੁਨੀਆਂ ਦੀਆਂ ਪਹਿਲੀਆਂ 300 ਯੂਨੀਵਰਸਿਟੀਆਂ ਵਿਚ ਸ਼ਾਮਲ ਨਹੀਂ ਹੈ। ਵਿਦਿਆਰਥੀਆਂ ਨੇ ਹਾਲਾਤ ਦਾ ਮੁਕਾਬਲਾ ਕਰਨ ਦੀ ਬਜਾਇ ਪਰਵਾਸ ਨੂੰ ਹੀ ਜ਼ਿੰਦਗੀ ਦਾ ਟੀਚਾ ਸਮਝ ਲਿਆ ਹੈ।

## ਐਚ-1 ਬੀ ਤੇ ਐਲ-1 ਵੀਜ਼ਾ ਧਾਰਕਾਂ ਦੇ ਪਰਿਵਾਰਾਂ ਨੂੰ ਰਾਹਤ

**ਸਿਆਟਲ:** ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਐਚ-1 ਬੀ ਜਾਂ ਐਲ-1 ਵੀਜ਼ਾ ਧਾਰਕਾਂ ਦੇ ਬੱਚਿਆਂ ਅਤੇ ਪਤੀ/ਪਤਨੀ ਨੂੰ ਰਾਹਤ ਦਿੰਦੇ ਹੋਏ ਨਵੇਂ ਨਿਯਮਾਂ ਵਿਚ ਕੁਝ ਰਾਹਤ ਦਿੱਤੀ ਹੈ। ਹੁਣ ਉਹ ਲੋਕ ਜੋ ਤਾਲਾਬੰਦੀ ਦੌਰਾਨ ਕਿਸੇ ਹੋਰ ਦੇਸ਼ ਵਿਚ ਰਹਿ ਰਹੇ ਹਨ ਅਤੇ ਉਨ੍ਹਾਂ ਦੇ ਮਾਪੇ ਜਾਂ ਪਤੀ/ਪਤਨੀ ਅਮਰੀਕਾ ਵਿਚ ਹਨ, ਉਨ੍ਹਾਂ ਨੂੰ ਅਮਰੀਕਾ ਆਉਣ ਦੀ ਆਗਿਆ ਦਿੱਤੀ ਗਈ ਹੈ। ਇਹ ਆਦੇਸ਼ ਉਨ੍ਹਾਂ ਲਈ ਹੈ ਜੋ ਦੂਜਿਆਂ ਉਤੇ ਨਿਰਭਰ ਹਨ। ਅਮਰੀਕੀ ਸਰਕਾਰੀ ਏਜੰਸੀ ਦੇ ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੌਂਸਲੇਟ ਦਫਤਰ ਖੁੱਲ੍ਹਣ ਤੋਂ ਬਾਅਦ ਅਜਿਹੇ ਲੋਕ ਆਪਣੇ ਵੀਜ਼ਾ ਪਰਮਿਟ ਰਾਹੀਂ ਆਪਣਿਆਂ ਨੂੰ ਮਿਲਣ ਅਮਰੀਕਾ ਆ ਸਕਦੇ ਹਨ। ਟਰੰਪ ਪ੍ਰਸ਼ਾਸਨ ਨੇ ਐਚ-1 ਬੀ ਤੇ ਐਲ-1 ਵੀਜ਼ਾ ਧਾਰਕਾਂ ਨੂੰ ਨਵੇਂ ਵੀਜ਼ੇ ਦੇਣ ਉਤੇ 31 ਦਸੰਬਰ ਤੱਕ ਪਾਬੰਦੀ ਲਗਾ ਦਿੱਤੀ ਸੀ। ਉਨ੍ਹਾਂ ਦੇ ਪਰਿਵਾਰਾਂ ਨੂੰ ਇਹ ਰਾਹਤ ਦਿੱਤੀ ਗਈ ਹੈ। ਅਮਰੀਕਾ 'ਚ ਇਸ ਸਮੇਂ ਲਗਭਗ 5 ਲੱਖ 83 ਹਜ਼ਾਰ ਐਚ-1 ਬੀ ਵੀਜ਼ਾ ਧਾਰਕ ਹਨ, ਜਿਨ੍ਹਾਂ ਵਿਚੋਂ 3 ਲੱਖ ਤੋਂ ਜ਼ਿਆਦਾ ਭਾਰਤੀ ਹਨ। ਨਵੇਂ ਹੁਕਮਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਿਹੜੇ ਜੀਵਨ ਸਾਥੀ, ਬੱਚੇ ਜਾਂ ਮਾਂ-ਬਾਪ ਕਿਸੇ ਵਿਆਹ ਜਾਂ ਮੈਡੀਕਲ ਐਮਰਜੈਂਸੀ 'ਚ ਭਾਰਤ ਗਏ ਸਨ ਤੇ ਤਾਲਾਬੰਦੀ ਕਾਰਨ ਉਥੇ ਰਹਿ ਗਏ, ਉਹ ਹੁਣ ਅਮਰੀਕਾ ਆ ਸਕਦੇ ਹਨ।

## ਕਾਲਜਾਂ ਨੇ ਇਮੀਗਰੇਸ਼ਨ ਦੀ ਜੰਗ ਜਿੱਤੀ

**ਵਾਸ਼ਿੰਗਟਨ:** ਅਮਰੀਕੀ ਯੂਨੀਵਰਸਿਟੀਆਂ ਨੇ ਵਿਦੇਸ਼ੀ ਵਿਦਿਆਰਥੀਆਂ ਦੇ ਮਾਮਲੇ 'ਚ ਇਮੀਗਰੇਸ਼ਨ ਸਬੰਧੀ ਜੰਗ ਭਾਵੇਂ ਜਿੱਤ ਲਈ ਹੋਵੇ ਪਰ ਹੁਣ ਉਨ੍ਹਾਂ ਨੂੰ ਖਦਸ਼ਾ ਹੈ ਕਿ ਹੁਣ ਘੱਟ ਹੀ ਵਿਦਿਆਰਥੀ ਬਾਹਰੋਂ ਆਉਣਗੇ ਕਿਉਂਕਿ ਅਮਰੀਕਾ ਦੇ ਰੁਤਬੇ ਨੂੰ ਢਾਹ ਲੱਗੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਇਮੀਗਰੇਸ਼ਨ 'ਤੇ ਨੱਥ ਪਾਉਣ ਦੀਆਂ ਵਾਰ-ਵਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੇ ਵਿਦਿਆਰਥੀਆਂ ਨੂੰ ਸੁਨੇਹਾ ਦਿੱਤਾ ਹੈ ਕਿ ਉਨ੍ਹਾਂ ਦਾ ਅਮਰੀਕਾ 'ਚ ਪਹਿਲਾਂ ਵਾਂਗ ਸਵਾਗਤ ਨਹੀਂ ਹੋਵੇਗਾ। ਕਾਲਜਾਂ ਨੇ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ ਪਤਾ ਹੈ ਕਿ ਡੋਨਲਡ ਟਰੰਪ ਦੇ 2016 ਵਿਚ ਰਾਸ਼ਟਰਪਤੀ ਚੁਣੇ ਜਾਣ ਮਗਰੋਂ ਅਮਰੀਕਾ 'ਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 10 ਫੀਸਦੀ ਤੱਕ ਘੱਟ ਗਈ ਹੈ।


Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR
COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਡੇਰਾ ਮੁਖੀ ਨੇ ਮੈਨੂੰ ਮਾਰਨ ਲਈ ਬੰਦੇ ਭੇਜੇ ਸਨ: ਦਾਦੂਵਾਲ

**ਡੱਬਵਾਲੀ:** ਸਾਲ 2008 ਦੌਰਾਨ ਡੱਬਵਾਲੀ 'ਚ ਡੇਰਾ ਪੈਰੋਕਾਰਾਂ ਤੇ ਸਿੱਖਾਂ ਦਰਮਿਆਨ ਵਿਵਾਦ 'ਚ ਸ਼ਹੀਦ ਹੋਏ ਹਰਮੰਦਰ ਸਿੰਘ ਦੀ 12ਵੀਂ ਬਰਸੀ ਇਥੇ ਗੁਰਦੁਆਰਾ ਬਾਬਾ ਵਿਸ਼ਵਕਰਮਾ ਜੀ ਵਿਖੇ ਮਨਾਈ ਗਈ। ਇਸ ਦੌਰਾਨ ਸੰਗਤ ਨੂੰ ਸੰਬੋਧਨ ਕਰਦਿਆਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਤੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਆਖਿਆ ਕਿ ਡੇਰਾ ਮੁਖੀ ਨੇ ਸਾਲ 2008 'ਚ ਇਕ ਪੈਰੋਕਾਰ 'ਬਾਕਸਰ' ਕੋਲੋਂ ਉਸ ਦੀ ਹੱਤਿਆ ਕਰਵਾਉਣ ਦੀ ਕੀਤੀ ਸੀ। ਉਨ੍ਹਾਂ ਦੇ ਇਸ ਖੁਲਾਸੇ ਨੇ ਪੰਥਕ ਸਫਾਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ।



ਜਾਣਕਾਰੀ ਅਨੁਸਾਰ ਬੇਅਦਬੀ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਵੱਲੋਂ ਅਦਾਲਤ 'ਚ ਪੇਸ਼ ਕੀਤੇ ਚਲਾਨ ਵਿਚ ਵੀ ਜਥੇਦਾਰ ਦਾਦੂਵਾਲ ਦੀ ਹੱਤਿਆ ਦੀ ਕੋਸ਼ਿਸ਼ ਦਾ ਜ਼ਿਕਰ ਕੀਤਾ ਗਿਆ ਹੈ। ਜਥੇਦਾਰ ਦਾਦੂਵਾਲ ਨੇ ਆਖਿਆ ਕਿ ਇਹ ਘਟਨਾ (18 ਜੁਲਾਈ 2008) ਹਰਮੰਦਰ ਸਿੰਘ ਖਾਲਸਾ ਦੀ ਮੌਤ ਤੋਂ ਕੁਝ ਘੰਟਿਆਂ ਬਾਅਦ ਦੀ ਹੈ। ਉਨ੍ਹਾਂ ਆਖਿਆ ਕਿ ਜਦੋਂ ਹਰਮੰਦਰ ਸਿੰਘ ਦੀ ਮ੍ਰਿਤਕ ਦੇਹ ਗੁਰਦੁਆਰਾ ਬਾਬਾ ਵਿਸ਼ਵਕਰਮਾ ਦੀ ਧਰਮਸ਼ਾਲਾ ਦੇ ਹਾਲ ਵਿਚ ਰੱਖੀ ਹੋਈ ਸੀ ਤਾਂ ਉਦੋਂ ਡੇਰਾ ਮੁਖੀ ਨੇ ਉੱਤਰ ਪ੍ਰਦੇਸ਼ ਨਾਲ ਸਬੰਧਤ ਆਪਣੇ ਕਰੀਬੀ ਪੈਰੋਕਾਰ ਬਾਕਸਰ ਅਤੇ ਉਸ ਦੇ ਭਰਾ ਨੂੰ ਪਿਸਤੌਲ ਦੇ ਕੇ ਮੇਰੀ ਹੱਤਿਆ ਕਰਨ ਲਈ ਭੇਜਿਆ ਸੀ।

ਉਸ ਵੇਲੇ ਗੁਰੂ ਘਰ ਵਿਚ ਸੰਗਤ ਜ਼ਿਆਦਾ ਹੋਣ ਕਾਰਨ ਮੁਲਜ਼ਮਾਂ ਦੀ ਉਨ੍ਹਾਂ ਉਤੇ ਹਮਲਾ ਕਰਨ ਦੀ ਹਿੰਮਤ ਨਹੀਂ ਸੀ ਪਈ ਤੇ ਉਹ ਪਰਤ ਗਏ ਸਨ। ਜਥੇਦਾਰ ਦਾਦੂਵਾਲ ਅਨੁਸਾਰ ਇਹ ਗੱਲ ਬਾਕਸਰ ਅਤੇ ਉਸ ਦੇ ਭਰਾ ਨੇ ਡੇਰਾ ਮੁਖੀ ਦੀ ਘਿਣਾਉਣੀ ਹਕੀਕਤ ਨੂੰ ਪਛਾਣਨ ਮਗਰੋਂ ਖੁਦ ਉਨ੍ਹਾਂ ਕੋਲ ਆ ਕੇ ਕਬੂਲੀ ਸੀ। ਅੱਜ-ਕੱਲ੍ਹ ਇਹ ਬਾਕਸਰ ਟਰਾਈਸਿਟੀ 'ਚ ਰਹਿੰਦਾ ਹੈ। ਉਨ੍ਹਾਂ ਸ਼ਹੀਦ ਹਰਮੰਦਰ ਸਿੰਘ ਨੂੰ ਕੌਮ ਦਾ ਯੋਧਾ ਅਤੇ ਹੀਰਾ ਕਰਾਰ ਦਿੱਤਾ। ਉਨ੍ਹਾਂ ਬੇਅਦਬੀ ਕਾਂਡ ਬਾਰੇ ਬਾਦਲਾਂ ਅਤੇ ਡੇਰਾ ਮੁਖੀ ਨੂੰ ਘੇਰਨ ਵਾਲੀ ਮੌਜੂਦਾ ਵਿਸ਼ੇਸ਼ ਜਾਂਚ ਟੀਮ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ।

# ਸੰਯੁਕਤ ਰਾਸ਼ਟਰ ਦੀ ਭੂਮਿਕਾ ਦੇ ਮੁਲਾਂਕਣ ਦਾ ਵੇਲਾ: ਮੋਦੀ

**ਨਵੀਂ ਦਿੱਲੀ/ਨਿਊਯਾਰਕ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਡੀਓ ਕਾਨਫਰੰਸ ਰਾਹੀਂ ਸੰਯੁਕਤ ਰਾਸ਼ਟਰ ਦੀ 75ਵੀਂ ਵਰ੍ਹੇਗੰਢ ਮੌਕੇ ਸੰਯੁਕਤ ਰਾਸ਼ਟਰ ਦੀ ਆਰਥਿਕ ਤੇ ਸਮਾਜਿਕ ਪ੍ਰੀਸ਼ਦ ਦੇ ਉਚ ਪੱਧਰੀ ਸੈਸ਼ਨ ਨੂੰ ਸੰਬੋਧਨ ਕੀਤਾ। ਪਿਛਲੇ ਮਹੀਨੇ ਤਾਕਤਵਰ ਸੁਰੱਖਿਆ ਪ੍ਰੀਸ਼ਦ 'ਚ ਗੈਰ ਸਥਾਈ ਮੈਂਬਰ ਵਜੋਂ ਭਾਰਤ ਦੇ ਚੁਣੇ ਜਾਣ ਮਗਰੋਂ ਸੰਯੁਕਤ ਰਾਸ਼ਟਰ ਵਿਚ ਸ੍ਰੀ ਮੋਦੀ ਦਾ ਇਹ ਪਹਿਲਾ ਭਾਸ਼ਨ ਸੀ। ਇਸ ਵਰ੍ਹੇ ਬੈਠਕ ਦਾ ਵਿਸ਼ਾ 'ਕੋਵਿਡ-19 ਮਗਰੋਂ ਬਹੁਲਵਾਦ: 75ਵੀਂ ਵਰ੍ਹੇਗੰਢ ਮੌਕੇ ਕਿਹੋ ਜਿਹੇ ਸੰਯੁਕਤ ਰਾਸ਼ਟਰ ਦੀ ਲੋੜ' ਰੱਖਿਆ ਗਿਆ ਹੈ।

ਸ੍ਰੀ ਮੋਦੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਦੀ 75ਵੀਂ ਵਰ੍ਹੇਗੰਢ ਅੱਜ ਦੀ ਦੁਨੀਆਂ 'ਚ ਇਸ ਦੀ ਭੂਮਿਕਾ ਤੇ ਮਹੱਤਵ ਦੇ ਮੁਲਾਂਕਣ ਦਾ ਮੌਕਾ ਹੈ। ਉਨ੍ਹਾਂ ਕਿਹਾ ਕਿ ਦੂਜੀ ਸੰਸਾਰ ਜੰਗ ਕਾਰਨ ਉਪਜੇ ਸੰਕਟ ਦੇ ਸਮੇਂ ਸੰਯੁਕਤ ਰਾਸ਼ਟਰ ਹੋਂਦ 'ਚ ਆਇਆ ਸੀ ਅਤੇ ਹੁਣ ਕੋਵਿਡ-19 ਮਹਾਮਾਰੀ ਦੇ ਦੌਰ ਵਿਚ ਇਸ ਦੀ ਪੁਨਰਸੁਰਜੀਤੀ ਤੇ ਸੋਧ ਦਾ ਵੇਲਾ ਹੈ। ਉਨ੍ਹਾਂ ਭਾਰਤ ਦਾ ਜ਼ਿਕਰ ਕਰਦਿਆਂ ਕਿਹਾ, 'ਕਰੋਨਾ ਵਾਇਰਸ ਖਿਲਾਫ ਚੱਲ ਰਹੀ ਸਾਂਝੀ ਜੰਗ 'ਚ ਅਸੀਂ ਦੁਨੀਆਂ ਦੇ 150 ਤੋਂ ਵੱਧ ਮੁਲਕਾਂ ਦੀ ਮਦਦ ਕੀਤੀ ਹੈ।' ਉਨ੍ਹਾਂ ਕਿਹਾ ਕਿ ਕਰੋਨਾ ਮਹਾਮਾਰੀ ਨੇ ਜਿਥੇ ਸਾਰੀ ਦੁਨੀਆਂ ਦੇ ਸਬਰ ਦਾ ਵੱਡਾ ਇਮਤਿਹਾਨ ਲਿਆ ਹੈ, ਉਥੇ ਹੀ ਭਾਰਤ ਵਿਚ ਵੀ ਇਸ ਬਿਮਾਰੀ ਖਿਲਾਫ ਲੜਾਈ ਨੂੰ ਲੋਕ ਸੰਘਰਸ਼ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਰੋਨਾ ਖਿਲਾਫ ਜੰਗ 'ਚ ਭਾਰਤ ਦੇ ਬੁਨਿਆਦੀ ਸਿਹਤ ਪ੍ਰਬੰਧ ਕਾਰਨ ਹੀ ਇਥੇ ਮਰੀਜ਼ਾਂ ਦੇ ਸਿਹਤਯਾਬ ਹੋਣ ਦੀ ਦਰ ਦੁਨੀਆਂ ਦੇ ਹੋਰਨਾਂ ਮੁਲਕਾਂ ਮੁਕਾਬਲੇ ਬਿਹਤਰ ਰਹੀ ਹੈ।

# ਪਾਕਿਸਤਾਨ 'ਚ ਮੌਲਵੀ ਦੇ ਹੁਕਮਾਂ 'ਤੇ ਬੁੱਧ ਦਾ ਬੁੱਤ ਤੋੜਿਆ

**ਨਵੀਂ ਦਿੱਲੀ:** ਪਾਕਿਸਤਾਨ ਵਿਚ ਧਾਰਮਿਕ ਅਸਹਿਣਸ਼ੀਲਤਾ ਹੁਣ ਭੇਦਭਾਵ ਨਾਲ ਇਕ ਵੱਖਰੇ ਪੱਧਰ 'ਤੇ ਪਹੁੰਚ ਗਈ ਹੈ ਅਤੇ ਘੱਟ ਗਿਣਤੀਆਂ ਖਿਲਾਫ ਭੇਦਭਾਵ ਸਿਰਫ ਹਿੰਦੂ ਭਾਈਚਾਰੇ ਦੇ ਮੰਦਰ ਅਤੇ ਈਸਾਈਆਂ ਦੇ ਧਾਰਮਿਕ ਸਥਾਨ ਢਾਹੁਣ ਤੱਕ ਸੀਮਤ ਨਹੀਂ ਰਿਹਾ ਹੈ।

ਪਾਕਿਸਤਾਨ ਵਿਚ ਗੰਧਾਰ ਖੇਤਰ 'ਚ ਸਥਿਤ ਬੁੱਧ ਧਰਮ ਦੇ ਸਭ ਤੋਂ ਪ੍ਰਭਾਵੀ ਯਾਦਗਾਰੀ ਚਿੰਨ੍ਹਾਂ ਵਿਚ ਸ਼ਾਮਲ ਤਖਤ-ਏ-ਬਾਹੀ ਅਤੇ ਗੁਆਂਢੀ ਪੁਰਾਣੇ ਸ਼ਹਿਰ ਸਹਿਰ-ਏ-ਬਹਿਲੋਲ ਜਿਸ ਨੂੰ ਯੂਨੈਸਕੋ ਵੱਲੋਂ ਵਿਸ਼ਵ ਧਰੋਹਰ ਵਿਚ ਸ਼ਾਮਲ ਕੀਤਾ ਗਿਆ ਸੀ, ਨੂੰ ਬਾਗੀ ਮੌਲਵੀ ਦੇ ਸਮਰਥਕਾਂ ਨੇ ਢਾਹ ਦਿੱਤਾ। ਖੈਬਰ ਪਖਤੂਨਖਵਾ ਦੇ ਮਰਦਾਨ 'ਚ ਸਥਿਤ ਇਹ ਇਤਿਹਾਸਕ ਸਥਾਨ ਈਸਾ ਬਾਅਦ ਪਹਿਲੀ ਤੋਂ 7ਵੀਂ ਸਦੀ ਵਿਚਾਲੇ ਗੰਧਾਰੀ ਖੇਤਰ ਵਿਚ ਮੱਠਵਾਸ ਅਤੇ ਸ਼ਹਿਰੀਕਰਨ ਦੇ ਵਿਕਾਸ ਦੀ ਸਭ ਤੋਂ ਢੁਕਵੀਂ ਉਦਾਹਰਨ ਹੈ।

ਇਸ ਸਬੰਧੀ ਸੋਸ਼ਲ ਮੀਡੀਆ 'ਤੇ ਕਈ ਹੈਰਾਨ ਕਰਨ ਦੇਣ ਵਾਲੀਆਂ ਵੀਡੀਓ ਵਾਇਰਲ ਹੋਈਆਂ ਹਨ ਜਿਨ੍ਹਾਂ ਵਿਚ ਇਕ ਮੌਲਵੀ ਦੇ ਕਹਿਣ ਉਤੇ ਇਕ ਵਿਅਕਤੀ ਬੁੱਧ ਦਾ ਬੁੱਤ ਤੋੜਦਾ ਹੋਇਆ ਨਜ਼ਰ ਆ ਰਿਹਾ ਹੈ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**

*Realtor/Broker*

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Gurdeep (Garry) Chhokar**

Realtor/Broker

**Cell: 317-750-1900**

6979 Hillsdale Court
Indianapolis, Indiana 46250

**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

# ਉਸਤਾਦ ਲਾਲ ਚੰਦ ਯਮਲਾ ਜੱਟ ਦਾ ਨਾਂ ਵਰਤਣ 'ਤੇ ਚਿਤਾਵਨੀ

**ਫਰਿਜ਼ਨੋ (ਬਿਊਰੋ):** ਬੀਤੇ ਕੁਝ ਦਿਨਾਂ ਤੋਂ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਪੋਤਰੇ ਵਿਜੈ ਯਮਲਾ ਅਤੇ ਸੁਰੇਸ਼ ਯਮਲਾ ਨੇ ਕੁਝ ਲੋਕਾਂ 'ਤੇ ਉਨ੍ਹਾਂ ਦੇ ਦਾਦੇ ਦਾ ਨਾਂ ਵਰਤਣ ਦਾ ਦੋਸ਼ ਲਾਇਆ ਜਾ ਰਿਹਾ ਹੈ, ਜਦੋਂ ਕਿ ਕਲਾਕਾਰ ਸਭ ਦੇ ਸਾਂਝੇ ਹੁੰਦੇ ਹਨ ਅਤੇ ਉਨ੍ਹਾਂ ਦੀ ਚਲਾਈ ਪਰੰਪਰਾ ਅਤੇ ਕਲਾ ਨੂੰ ਅੱਗੇ ਤੋਰਨ ਵਾਲੇ ਲੋਕ ਸੱਭਿਆਚਾਰ ਦਾ ਮਾਣ ਹੁੰਦੇ ਹਨ, ਜੋ ਉਸ ਦੇ ਪਰਿਵਾਰ, ਸ਼ਾਗਿਰਦ ਜਾਂ ਉਪਾਸ਼ਕ ਵੀ ਹੋ ਸਕਦੇ ਹਨ। ਇਸ ਸਬੰਧੀ ਯਮਲਾ ਪਰਿਵਾਰ ਦੇ ਕੁਝ ਮੈਂਬਰਾਂ ਨੇ ਬੇਸ਼ੱਕ ਇਸ ਮਾਮਲੇ ਵਿਚ ਖਾਸ ਕਿਸੇ ਦਾ ਨਾਂ ਨਹੀਂ ਲਿਆ, ਪਰ ਵੀਡੀਓ ਵਾਇਰਲ ਕਰਕੇ ਅਤੇ ਖਬਰਾਂ ਰਾਹੀਂ ਉਸਤਾਦ ਲਾਲ ਚੰਦ ਯਮਲਾ ਜੱਟ ਦਾ ਨਾਂ ਵਰਤ ਕੇ ਲੋਕਾਂ ਤੋਂ ਚੰਦਾ ਜਾਂ ਮਦਦ ਆਦਿ ਮੰਗਣ 'ਤੇ ਚਿਤਾਵਨੀਆਂ ਦਿੱਤੀਆਂ ਜਾ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸੁਣਨ ਵਾਲੇ ਦੁਨੀਆਂ ਭਰ ਵਿਚ ਮੌਜੂਦ ਹਨ। ਇਸੇ ਕਰਕੇ ਵੱਖ-ਵੱਖ ਦੇਸ਼ਾਂ ਵਿਚ ਉਨ੍ਹਾਂ ਦੇ ਨਾਂ 'ਤੇ ਯਾਦਗਾਰੀ ਮੇਲੇ ਕਰਵਾਏ ਜਾਂਦੇ ਹਨ ਅਤੇ ਆਪਣੇ ਅਜ਼ੀਜ਼ ਗਾਇਕ ਨੂੰ ਸ਼ਰਧਾਂਜਲੀਆਂ ਦਿੱਤੀਆਂ ਜਾਂਦੀਆਂ ਹਨ। ਕਈ ਦੇਸ਼ਾਂ ਵਿਚ ਪਰਿਵਾਰਕ ਮੈਂਬਰਾਂ ਦੀ ਸਲਾਹ ਤੇ ਰਜਾਮੰਦੀ ਨਾਲ 'ਉਸਤਾਦ ਲਾਲ ਚੰਦ ਯਮਲਾ ਯਾਦਗਾਰੀ' ਮੇਲੇ ਹੁੰਦੇ ਹਨ ਅਤੇ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਪਰਿਵਾਰ ਦੇ ਮੈਂਬਰਾਂ ਵਿਚੋਂ ਕਿਸੇ ਨੂੰ ਬੁਲਾ ਕੇ ਮਾਣ ਬਖਸ਼ਿਆ ਜਾਵੇ।



*ਲਾਲ ਚੰਦ ਯਮਲਾ ਜੱਟ*

ਯਮਲਾ ਜੱਟ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਕੁਝ ਲੋਕ ਉਨ੍ਹਾਂ ਦੇ ਪਰਿਵਾਰ ਦਾ ਨਾਂ ਆਪਣੇ ਸਵਾਰਥ ਲਈ ਵਰਤ ਰਹੇ ਹਨ, ਪਰ ਉਨ੍ਹਾਂ ਇਸ ਸਬੰਧੀ ਕਿਸੇ ਵੀ ਵਿਆਕਤੀ ਦਾ ਨਾਂ ਨਹੀਂ ਲਿਆ। ਉਨ੍ਹਾਂ ਵੱਲੋਂ ਭੇਜੀ ਲਿਖਤ ਅਨੁਸਾਰ ਕਿਹਾ ਗਿਆ ਹੈ, "ਦੋਸਤੋ ਇਕ ਜ਼ਰੂਰੀ ਜਾਣਕਾਰੀ ਸਾਂਝੀ ਕਰਨੀ ਹੈ ਕਿ ਯਮਲਾ ਜੱਟ ਜੀ ਦਾ ਅਸਲ ਪਰਿਵਾਰ ਲੁਧਿਆਣਾ ਰਹਿੰਦਾ ਹੈ। ਪੰਜ ਬੇਟੇ ਸਨ, ਜੋ ਹੁਣ ਇਸ ਦੁਨੀਆਂ ਵਿਚ ਨਹੀਂ ਰਹੇ ਅਤੇ ਦੋ ਬੇਟੀਆਂ ਸਨ। ਇਕ ਡੱਬਵਾਲੀ ਅਤੇ ਇਕ ਅੰਬਾਲਾ ਵਿਆਹੇ ਸਨ। ਉਹ ਅੰਬਾਲਾ ਰਹਿੰਦੇ ਹਨ। ਉਨ੍ਹਾਂ ਦੇ ਪਰਿਵਾਰਕ ਮੈਂਬਰ ਸਰਬਜੀਤ ਕੌਰ ਚਿਮਟੇਵਾਲੀ (ਪਤਨੀ ਜਸਦੇਵ ਯਮਲਾ), ਪੋਤਰਿਆਂ ਵਿਚ ਸੁਰੇਸ਼ ਯਮਲਾ, ਵਿਜੈ ਯਮਲਾ, ਅਮਿਤ ਯਮਲਾ, ਕਸ਼ਮੀਰਾ ਯਮਲਾ, ਰਵੀ ਯਮਲਾ, ਅਸ਼ਵਨੀ ਯਮਲਾ ਤੇ ਕਾਲਾ ਯਮਲਾ ਹਨ, ਜੋ ਸਭ ਕਲਾ ਨਾਲ ਜੁੜ ਕੇ ਪੰਜਾਬੀ ਸੱਭਿਆਚਾਰ ਲਈ ਕੰਮ ਕਰ ਰਹੇ ਹਨ ਅਤੇ ਵਿਰਾਸਤ ਨੂੰ ਅੱਗੇ ਤੋਰ ਰਹੇ ਹਨ। ਇਹ ਸਾਰਾ ਪਰਿਵਾਰ ਯਮਲਾ ਜੀ ਦੇ ਜੱਦੀ ਘਰ ਲੁਧਿਆਣਾ 'ਚ ਹੀ ਰਹਿੰਦਾ ਹੈ।

ਇਸ ਤੋਂ ਇਲਾਵਾ ਕਈ ਦੂਜੇ ਸ਼ਹਿਰਾਂ ਜਾਂ ਪਿੰਡਾਂ ਤੋਂ ਕੁਝ ਲੋਕ ਆਪਣੇ ਆਪ ਨੂੰ ਯਮਲਾ ਪਰਿਵਾਰ ਦੇ ਮੈਂਬਰ ਦੱਸ ਕੇ ਲੋਕਾਂ ਨੂੰ ਬੇਵਕੂਫ ਬਣਾ ਕੇ ਕਈ ਤਰ੍ਹਾਂ ਦੀ ਮਦਦ ਮੰਗਦੇ ਹਨ। ਕਿਰਪਾ ਕਰਕੇ ਅਜਿਹੇ ਧੋਖੇਬਾਜ, ਝੂਠੇ ਲੋਕਾਂ ਤੋਂ ਸਾਵਧਾਨ ਰਹੋ, ਜੋ ਆਪਣੇ ਆਪ ਨੂੰ ਯਮਲਾ ਜੀ ਦਾ ਪੋਤਰਾ ਜਾਂ ਸਪੁੱਤਰ ਦਸਦੇ ਹਨ।

ਕਈ ਸ਼ਾਗਿਰਦ ਚੇਲੇ ਵੀ ਅਜਿਹੇ ਹਨ, ਜੋ ਯਮਲਾ ਜੀ ਨੂੰ ਕਦੀ ਮਿਲੇ ਵੀ ਨਹੀਂ, ਪਰ ਉਹ ਅੱਗੋਂ ਦੀ ਅੱਗੋਂ ਕਿਸੇ ਦੇ ਚੇਲੇ ਹੋਣ ਦੇ ਨਾਤੇ ਆਪਣੇ ਆਪ ਨੂੰ ਯਮਲਾ ਜੀ ਦਾ ਪੋਤਰਾ ਕਹਿ ਦਿੰਦੇ ਹਨ ਤੇ ਲੋਕਾਂ ਤੋਂ ਯਮਲਾ ਜੀ ਦੇ ਨਾਮ 'ਤੇ ਚੰਦਾ ਜਾਂ ਦਾਨ ਇਕੱਠਾ ਕਰਦੇ ਹਨ।

ਕਿਸੇ ਦੇ ਨਾਂ ਨੂੰ ਆਪਣੇ ਸਵਾਰਥ ਲਈ ਵਰਤਣਾ ਗਲਤ ਹੈ, ਪਰੰਤੂ ਜੇ ਕੋਈ ਯਮਲਾ ਜੱਟ ਦੀ ਗਾਇਕੀ ਤੇ ਪਰੰਪਰਾ ਨੂੰ ਨਿਰਸਵਾਰਥ ਅੱਗੇ ਤੋਰਦਾ ਹੈ ਤਾਂ ਪੰਜਾਬੀ ਸੱਭਿਆਚਾਰ ਦੀ ਸੇਵਾ ਅਤੇ ਬਹੁਤ ਵਧੀਆ ਉਪਰਾਲਾ ਹੋਵੇਗਾ।

# ਫਿਲਮ 'ਖਾਮੋਸ਼ ਪੰਜੇਬ' 24 ਜੁਲਾਈ ਨੂੰ ਹੋਵੇਗੀ ਰਿਲੀਜ਼

**ਫਰਿਜ਼ਨੋ (ਬਿਊਰੋ):** ਪੰਜਾਬੀ ਸੱਭਿਆਚਾਰ ਅਤੇ ਗੀਤ-ਸੰਗੀਤ ਖੇਤਰ ਵਿਚ ਆਪਣੀ ਪਛਾਣ ਬਣਾ ਚੁਕੇ ਕੈਲੀਫੋਰਨੀਆ ਰਹਿੰਦੇ ਪ੍ਰੋਡਿਊਸਰ ਅਵਤਾਰ ਲਾਖਾ ਨੇ ਆਪਣੇ ਸਹਿਯੋਗੀ ਰਜਿੰਦਰ ਸਿੰਘ ਬੰਟੂ ਨਾਲ ਰਲ ਕੇ 'ਟੋਟਲ ਐਂਟਰਟੇਨਮੈਂਟ ਕੰਪਨੀ' ਦੇ ਬੈਨਰ ਹੇਠ ਪੰਜਾਬੀ ਲਘੂ ਫਿਲਮ 'ਖਾਮੋਸ਼ ਪੰਜੇਬ' ਬਣਾਈ ਹੈ।



*ਫਿਲਮ ਦੀ ਟੀਮ ਪੋਸਟਰ ਰਿਲੀਜ਼ ਕਰਨ ਸਮੇਂ*

ਬੀਤੇ ਦਿਨੀਂ ਅੰਮ੍ਰਿਤਸਰ ਵਿਖੇ ਇਸ ਫਿਲਮ ਦਾ ਪਹਿਲਾਂ ਪੋਸਟਰ ਗਾਇਕ ਤੇ ਅਦਾਕਾਰ ਪ੍ਰਿੰਸਜੋਤ, ਅਦਾਕਾਰ ਤੇ ਡਾਇਰੈਕਟਰ ਪ੍ਰਿਤਪਾਲ ਪਾਲੀ, ਪ੍ਰਿਥਵੀਰਾਜ ਸਿੰਘ, ਮਾਸਟਰ ਹੈਪੀ ਸਿੰਘ, ਸੁਮਨ, ਪ੍ਰੀਤੀ ਸੈਣੀ, ਬਲਜੀਤ ਕੌਰ ਅਤੇ ਹੋਰ ਨਾਮੀ ਸ਼ਖਸੀਅਤਾਂ ਨੇ ਰਿਲੀਜ਼ ਕੀਤਾ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਿਲਮ ਦੇ ਡਾਇਰੈਕਟਰ ਤੇ ਅਦਾਕਾਰ ਪ੍ਰਿਤਪਾਲ ਪਾਲੀ ਅਤੇ ਪ੍ਰਿਥਵੀਰਾਜ ਸਿੰਘ ਨੇ ਦੱਸਿਆ ਕਿ ਇਸ ਫਿਲਮ ਵਿਚ ਹਰ ਕਲਾਕਾਰ ਨੇ ਬਹੁਤ ਮਿਹਨਤ ਕੀਤੀ ਹੈ ਅਤੇ ਕਹਾਣੀ ਚੰਗੀ ਹੋਣ ਕਰਕੇ ਅਸੀਂ ਇਹ ਫਿਲਮ ਬਣਾਉਣ ਨੂੰ ਪਹਿਲ ਦਿੱਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਡੇ ਕੋਲ ਹੋਰ ਵੀ ਬਹੁਤ ਸਾਰੀਆਂ ਕਹਾਣੀਆਂ ਆਈਆ ਸਨ, ਪਰ ਇਸ ਫਿਲਮ ਦੀ ਕਹਾਣੀ ਸਾਨੂੰ ਦੂਜੀਆਂ ਫਿਲਮਾਂ ਤੋਂ ਵੱਖਰੀ ਲੱਗੀ ਅਤੇ ਅਸੀਂ ਇਸ ਫਿਲਮ ਨੂੰ ਮੁਕੰਮਲ ਕੀਤਾ।

ਫਿਲਮ ਦੇ ਪ੍ਰੋਡਿਊਸਰ ਅਵਤਾਰ ਲਾਖਾ ਨੇ ਕਿਹਾ ਕਿ ਦੇਸ਼ ਵਿਚ ਲੌਕਡਾਊਨ ਹੋਣ ਕਾਰਨ ਸਿਨੇਮਾ ਘਰ ਬੰਦ ਪਏ ਹਨ। ਸੋ, ਹੁਣ ਅਸੀਂ ਮਿਥੇ ਸਮੇਂ ਮੁਤਾਬਕ ਇਹ ਫਿਲਮ ਦਰਸ਼ਕਾਂ ਦੇ ਐਂਟਰਟੇਨਮੈਂਟ ਲਈ 24 ਜੁਲਾਈ ਨੂੰ ਦੁਨੀਆਂ ਭਰ ਵਿਚ ਯੂ-ਟਿਊਬ ਰਾਹੀਂ 'ਟੋਟਲ ਐਂਟਰਟੇਨਮੈਂਟ' ਦੇ ਚੈਨਲ 'ਤੇ ਰਿਲੀਜ਼ ਕਰਨ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਦਰਸ਼ਕ ਘਰ ਬੈਠੇ ਹੀ ਇਹ ਫਿਲਮ ਦੇਖ ਸਕਣਗੇ। ਫਿਲਮ ਵਿਚ ਸਮੂਹ ਕਲਾਕਾਰਾਂ ਨੇ ਭੂਮਿਕਾ ਬਾਖੂਬੀ ਨਿਭਾਈ ਹੈ। ਆਡੀਟਿੰਗ ਤੇ ਡਬਿੰਗ ਦਾ ਕੰਮ ਹੈਪੀ ਸਿੰਘ ਨੇ ਕੀਤਾ ਹੈ।


# ਚੀਨੀ ਅਰਥਚਾਰਾ 3.2% ਨਾਲ ਵਧਿਆ

**ਪੇਈਚਿੰਗ:** ਕਰੋਨਾ ਵਾਇਰਸ ਕਾਰਨ ਲਾਏ ਲੌਕਡਾਊਨ ਨੂੰ ਹਟਾਉਣ ਅਤੇ ਕਾਰਖਾਨੇ ਤੇ ਦੁਕਾਨਾਂ ਮੁੜ ਤੋਂ ਖੋਲ੍ਹਣ ਤੋਂ ਬਾਅਦ ਚੀਨ ਦਾ ਅਰਥਚਾਰਾ 3.2 ਫੀਸਦ ਦੀ ਦਰ ਨਾਲ ਵਧਿਆ ਹੈ। ਚੀਨ ਵੱਲੋਂ ਬੀਤੇ ਦਿਨੀਂ ਜਾਰੀ ਅੰਕੜਿਆਂ ਅਨੁਸਾਰ ਉਸ ਦੇ ਅਰਥਚਾਰੇ 'ਚ ਹੈਰਾਨੀਜਨਕ ਢੰਗ ਨਾਲ ਸੁਧਾਰ ਹੋਇਆ ਹੈ ਜਦਕਿ ਇਸ ਤੋਂ ਪਿਛਲੀ ਛਿਮਾਹੀ ਵਿਚ ਇਸ ਦੇ ਅਰਥਚਾਰੇ ਦੀ ਰਫਤਾਰ 6.8 ਫੀਸਦ ਦੀ ਦਰ ਨਾਲ ਘਟੀ ਸੀ।

ਸਾਲ 2020 ਦੀ ਦੂਜੀ ਤਿਮਾਹੀ ਦੌਰਾਨ ਚੀਨ ਦੀ ਜੀ.ਡੀ.ਪੀ. 3.2 ਫੀਸਦ ਵਧੀ ਹੈ। ਅੰਕੜਿਆਂ ਅਨੁਸਾਰ ਚੀਨ 'ਚ ਬੇਰੁਜ਼ਗਾਰੀ ਦਰ ਵੀ ਸੁਧਰੀ ਹੈ। ਜੂਨ ਮਹੀਨੇ ਬੇਰੁਜ਼ਗਾਰੀ ਦਰ 5.7 ਫੀਸਦ ਰਹੀ ਜੋ ਕਿ 0.2 ਫੀਸਦ ਘੱਟ ਦਰਜ ਕੀਤੀ ਗਈ ਹੈ। ਕਰੋਨਾ ਵਾਇਰਸ ਮਹਾਮਾਰੀ ਦੀ ਸ਼ੁਰੂਆਤ ਦਸੰਬਰ ਮਹੀਨੇ 'ਚ ਚੀਨ ਤੋਂ ਹੋਈ ਸੀ। ਉਥੇ ਸਭ ਤੋਂ ਪਹਿਲਾਂ ਅਰਥਚਾਰੇ ਨੂੰ ਬੰਦ ਕੀਤਾ ਗਿਆ ਅਤੇ ਇਸ ਨੂੰ ਖੋਲ੍ਹਣ ਦੀ ਸ਼ੁਰੂਆਤ ਵੀ ਮਾਰਚ ਵਿਚ ਸਭ ਤੋਂ ਪਹਿਲਾਂ ਉਥੋਂ ਹੀ ਹੋਈ।

# ਜਗਰੂਪ ਸਿੰਘ ਬੋਲਾ ਸੁਰਗਵਾਸ

**ਫਰਿਜ਼ਨੋ (ਬਿਊਰੋ):** ਸੈਲਮਾ ਰਹਿੰਦੇ ਬੋਲਾ ਪਰਿਵਾਰ ਅਤੇ ਫਰਿਜ਼ਨੋ ਰਹਿੰਦੇ ਗਿੱਲ ਪਰਿਵਾਰ ਨੂੰ ਉਦੋਂ ਇਕ ਹੋਰ ਸਦਮਾ ਲੱਗਾ ਜਦੋਂ ਬੀਤੇ ਦਿਨੀਂ ਬਜੁਰਗ ਸ. ਜਗਰੂਪ ਸਿੰਘ ਬੋਲਾ ਅਕਾਲ ਚਲਾਣਾ ਕਰ ਗਏ। ਜ਼ਿਕਰਯੋਗ ਹੈ ਕਿ ਸਵਰਗੀ ਜਗਰੂਪ ਸਿੰਘ ਸੈਲਮਾ ਰਹਿੰਦੇ ਸੁਖਜਿੰਦਰ ਸਿੰਘ ਬੋਲਾ ਅਤੇ ਫਰਿਜ਼ਨੋ ਵਸਦੀ ਪਰਮਜੀਤ ਕੌਰ ਗਿੱਲ ਦੇ ਪਿਤਾ ਜੀ ਹਨ। ਇਹ ਦੀ ਜ਼ਿਕਰਯੋਗ ਹੈ ਕਿ ਪਰਮਜੀਤ ਕੌਰ ਗਿੱਲ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਘੋਲੀਆਂ ਦੀ ਪਤਨੀ ਹਨ। ਸਵਰਗੀ ਜਗਰੂਪ ਸਿੰਘ ਦੇ ਛੋਟੇ ਪੁਤਰ ਅਮਨਦੀਪ ਸਿੰਘ, ਜੋ ਸਿਰਫ 48 ਸਾਲਾਂ ਦੇ ਸਨ, ਦੀ ਵੀ ਅਚਾਨਕ ਮੌਤ ਹੋ ਗਈ ਸੀ।



ਸਵਰਗੀ ਜਗਰੂਪ ਸਿੰਘ 91 ਸਾਲਾਂ ਦੇ ਸਨ ਅਤੇ ਪਿਛਲੇ ਕੁਝ ਸਾਲਾਂ ਤੋਂ ਬੀਮਾਰ ਸਨ, ਪਰ ਜਵਾਨ ਪੁੱਤ ਦੀ ਮੌਤ ਨੇ ਜਗਰੂਪ ਸਿੰਘ 'ਤੇ ਕਾਫੀ ਅਸਰ ਪਾਇਆ ਅਤੇ ਉਹ ਇਸ ਦੁਖ ਨੂੰ ਬਹੁਤਾ ਚਿਰ ਸਹਿ ਨਾ ਸਕੇ। ਉਨ੍ਹਾਂ ਲੰਬਾ ਸਮਾਂ ਫੌਜ ਦੀ ਨੌਕਰੀ ਕੀਤੀ ਅਤੇ ਦੇਸ਼ ਤੇ ਲੋਕਾਂ ਨੂੰ ਸਰੱਖਿਅਤ ਰੱਖਣ ਲਈ ਆਪਣੀਆਂ ਸੇਵਾਵਾਂ ਦਿੱਤੀਆਂ। ਉਂਜ ਫੌਜ ਵਿਚੋਂ ਸੂਬੇਦਾਰ ਮੇਜਰ ਵਜੋਂ ਸੇਵਾਮੁਕਤ ਹੋਏ। ਸੇਵਾਮੁਕਤੀ ਪਿਛੋਂ ਉਹ ਆਪਣੇ ਪਿੰਡ ਦਾਤੇਵਾਸ, ਤਹਿਸੀਲ ਬੁਢਲਾਡਾ ਵਿਚ ਕਈ ਸਾਲ ਰਹੇ ਅਤੇ ਪਿੰਡ ਵਾਸੀਆਂ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਰਹੇ। ਉਹ ਸਾਲ 1996 ਵਿਚ ਅਮਰੀਕਾ ਆ ਗਏ ਅਤੇ ਇਥੇ ਆਪਣੀ ਬੇਟੀ ਪਰਮਜੀਤ ਕੌਰ ਤੇ ਦਾਮਾਦ ਗੁਰਦੀਪ ਸਿੰਘ ਗਿੱਲ ਘੋਲੀਆ ਦੇ ਨਾਲ ਰਹਿੰਦੇ ਸਨ। ਸਵਰਗੀ ਜਗਰੂਪ ਸਿੰਘ ਦਾ ਵਿਦਿਆ ਵਿਚ ਪੂਰਾ ਯਕੀਨ ਸੀ ਅਤੇ ਉਨ੍ਹਾਂ ਨੇ ਆਪਣੇ ਸਾਰੇ ਬੱਚਿਆਂ ਨੂੰ ਵਿਦਿਆ ਦੇ ਲੜ ਲਾਇਆ। ਉਨ੍ਹਾਂ ਦੀਆਂ ਬੇਟੀਆਂ ਪਰਮਜੀਤ ਕੌਰ ਅਤੇ ਸਵਰਨਜੀਤ ਕੌਰ ਕਾਲਜ ਵਿਚ ਪ੍ਰੋਫੈਸਰ ਦੀਆਂ ਸੇਵਾਵਾਂ ਨਿਭਾਉਂਦੀਆਂ ਰਹੀਆਂ ਹਨ।

ਇੰਡੋ ਅਮੈਰਿਕਨ ਹੈਰੀਟੇਜ ਫੋਰਮ ਨੇ ਇਕ ਮਤੇ ਰਾਹੀਂ ਅਮਨਦੀਪ ਸਿੰਘ ਦੀ ਬੇਵਕਤ ਮੌਤ ਪਿਛੋਂ ਸ. ਜਗਰੂਪ ਸਿੰਘ ਬੋਲਾ ਦੀ ਮੌਤ ਨਾਲ ਪਏ ਘਾਟੇ ਪ੍ਰਤੀ ਹਮਦਰਦੀ ਜਾਹਰ ਕੀਤੀ ਹੈ ਅਤੇ ਬੋਲਾ ਪਰਿਵਾਰ, ਗਿੱਲ ਪਰਿਵਾਰ ਤੇ ਦੋਸਤਾਂ-ਰਿਸ਼ਤੇਦਾਰਾਂ ਨਾਲ ਅਫਸੋਸ ਦਾ ਇਜ਼ਹਾਰ ਕੀਤਾ ਹੈ।

# ਅਫਗਾਨਿਸਤਾਨ 'ਚ ਅਗਵਾ ਕੀਤਾ ਸਿੱਖ ਆਗੂ ਰਿਹਾ

**ਨਵੀਂ ਦਿੱਲੀ:** ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਅਫਗਾਨਿਸਤਾਨ 'ਚ ਬੀਤੇ ਮਹੀਨੇ ਅਤਿਵਾਦੀਆਂ ਵੱਲੋਂ ਅਗਵਾ ਕੀਤੇ ਗਏ ਸਿੱਖ ਭਾਈਚਾਰੇ ਦੇ ਆਗੂ ਨਿਧਾਨ ਸਿੰਘ ਸੱਚਦੇਵਾ ਨੂੰ ਰਿਹਾਅ ਕਰਵਾ ਲਿਆ ਗਿਆ ਹੈ। ਮੰਤਰਾਲੇ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਸੀਂ ਅਫਗਾਨਿਸਤਾਨ ਸਰਕਾਰ ਤੇ ਕਬਾਇਲੀ ਆਗੂਆਂ ਦੀ ਸ਼ਲਾਘਾ ਕਰਦੇ ਹਾਂ, ਜਿਨ੍ਹਾਂ ਦੇ ਯਤਨਾਂ ਸਦਕਾ ਨਿਧਾਨ ਸਿੰਘ ਦੀ ਵਾਪਸੀ ਸੰਭਵ ਹੋ ਸਕੀ।

ਅਫਗਾਨਿਸਤਾਨ ਦੇ ਸਿੱਖ ਤੇ ਹਿੰਦੂ ਭਾਈਚਾਰੇ ਦੇ ਨੇਤਾ ਸੱਚਦੇਵਾ ਨੂੰ 22 ਜੂਨ ਨੂੰ ਪਕਤੀਆ ਸੂਬੇ ਦੇ ਚਮਕਾਨੀ ਜ਼ਿਲ੍ਹੇ ਵਿਚੋਂ ਅਗਵਾ ਕਰ ਲਿਆ ਗਿਆ ਸੀ। ਮੰਤਰਾਲੇ ਨੇ ਕਿਹਾ ਕਿ ਅਫਗਾਨਿਸਤਾਨ 'ਚ ਅਤਿਵਾਦੀਆਂ ਵੱਲੋਂ ਆਪਣੇ ਬਾਹਰੀ ਹਮਾਇਤੀਆਂ ਦੇ ਇਸ਼ਾਰੇ ਉਤੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਤੇ ਅੱਤਿਆਚਾਰ ਕਰਨਾ ਚਿੰਤਾ ਦਾ ਵਿਸ਼ਾ ਹੈ। ਜ਼ਿਕਰਯੋਗ ਹੈ ਕਿ ਭਾਰਤ ਨੇ ਕੁਝ ਚਿਰ ਪਹਿਲਾਂ ਅਫਗਾਨਿਸਤਾਨ 'ਚ ਸੁਰੱਖਿਆ ਖਤਰੇ ਦਾ ਸਾਹਮਣਾ ਕਰ ਰਹੇ ਹਿੰਦੂ ਤੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਨਾਗਰਿਕਤਾ ਦੇਣ ਦਾ ਫੈਸਲਾ ਕੀਤਾ ਸੀ।


## ਜਥੇ ਦੀ ਲੋੜ ਹੈ

ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ) ਲਈ ਤਿੰਨ ਜਣਿਆਂ ਦੇ ਜਥੇ ਦੀ ਲੋੜ ਹੈ। ਜਥੇ ਦਾ ਕਾਰਜ ਜੋੜਮੇਲ ਮੌਕੇ ਜੋੜਮੇਲ ਦੀ ਅਗਵਾਈ ਕਰਨਾ, ਕੀਰਤਨ, ਕਥਾ ਤੇ ਅਰਦਾਸ ਕਰਨਾ ਅਤੇ ਸੰਗਤ ਨੂੰ ਪ੍ਰੇਰਨਾ ਤੇ ਅਧਿਆਤਮਿਕ ਰਾਹ ਦਿਖਾਉਣਾ ਹੋਵੇਗਾ। ਅਜਿਹੇ ਕਾਰਜ ਦਾ ਪਹਿਲਾਂ ਤਜਰਬਾ ਹੋਣਾ ਜ਼ਰੂਰੀ ਹੈ।

**ਯੋਗਤਾਵਾਂ**

*ਜਥੇ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ ਗੁਰਬਾਣੀ ਦਾ ਡੂੰਘਾ ਗਿਆਨ ਅਤੇ ਅੰਗਰੇਜ਼ੀ ਦਾ ਕੁਝ ਗਿਆਨ ਹੋਵੇ।

*ਕਲਾਸੀਕਲ ਸੰਗੀਤ ਦਾ ਗਿਆਨ, ਰਾਗ, ਤਬਲਾ ਤਾਲ ਤੇ ਹਾਰਮੋਨੀਅਮ ਦਾ ਗਿਆਨ ਹੋਵੇ।

*ਸਾਹਿਤ ਬਾਰੇ ਗਿਆਨ, ਭਾਸ਼ਣ ਤੇ ਵਿਅਕਤੀਗਤ ਗੁਣ ਵੀ ਹੋਣ।

*ਡਿਊਟੀ ਵਧੀਆ ਢੰਗ ਨਾਲ ਨਿਭਾਉਣ ਲਈ ਸੰਗਤ ਨੂੰ ਪ੍ਰਭਾਵਿਤ ਕਰਨ ਦਾ ਗੁਣ ਵੀ ਹੋਵੇ।

**ਡਿਊਟੀ ਵਿਚ ਸ਼ਾਮਿਲ ਹਨ**

ਗੁਰੂ ਗ੍ਰੰਥ ਸਾਹਿਬ ਦਾ ਪਾਠ, ਹਫਤਾਵਾਰੀ ਦੀਵਾਨਾਂ ਵਿਚ ਸ਼ਬਦ ਗਾਇਨ, ਵਿਆਹ ਤੇ ਮੰਗਣੀ ਸਮਾਗਮ, ਸਸਕਾਰ ਅਤੇ ਹੋਰ ਧਾਰਮਿਕ ਰਸਮਾਂ/ਸਮਾਗਮ ਕਰਵਾਉਣੇ।

**ਤਨਖਾਹ: 4000 ਡਾਲਰ ਪ੍ਰਤੀ ਮਹੀਨਾ ਅਤੇ ਕੀਰਤਨ ਭੇਟਾ**

ਜੇ ਲੋੜ ਹੋਵੇ ਤਾਂ ਅੰਗਰੇਜ਼ੀ ਜਾਂ ਕੰਪਿਊਟਰ ਸਿਖਲਾਈ ਲਈ ਅਦਾਇਗੀ ਵੀ ਕੀਤੀ ਜਾਵੇਗੀ।

ਸੰਪਰਕ ਕਰੋ: ਬਲਵਿੰਦਰ ਸਿੰਘ ਢਿੱਲੋਂ
ਪ੍ਰਧਾਨ, ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ)
ਫੋਨ: 210-573-3017

ਪੰਜਾਬ ਟਾਈਮਜ਼

*ਸਨਿਚਰਵਾਰ, 25 ਜੁਲਾਈ 2020*

# ਸੰਕਟ ਵਾਲੇ ਦੌਰ ਦੀ ਸਿਆਸਤ

ਇਸ ਵਕਤ ਕੋਈ ਇਕ ਮੁਲਕ, ਖਿੱਤਾ ਜਾਂ ਕੋਈ ਸ਼ਖਸ ਹੀ ਸੰਕਟ ਵਿਚ ਨਹੀਂ, ਸਮੁੱਚੀ ਲੋਕਾਈ ਸੰਕਟ ਨਾਲ ਜੂਝ ਰਹੀ ਹੈ। ਇਹ ਸੰਕਟ ਕਰੋਨਾ ਵਾਇਰਸ ਕਾਰਨ ਆਇਆ ਹੈ, ਜਿਸ ਦੀ ਅਜੇ ਤਕ ਕੋਈ ਦਵਾਈ ਜਾਂ ਵੈਕਸੀਨ ਨਹੀਂ ਆਈ ਹੈ। ਇੰਗਲੈਂਡ ਦੇ ਮਾਹਿਰਾਂ ਬਾਰੇ ਖਬਰਾਂ ਆ ਰਹੀਆਂ ਹਨ ਕਿ ਉਹ ਵੈਕਸੀਨ ਤਿਆਰ ਕਰਨ ਦੇ ਮਾਮਲੇ ਵਿਚ ਸਫਲਤਾ ਦੇ ਬੂਹੇ ਤੱਕ ਅੱਪੜ ਗਏ ਹਨ। ਇਸ ਸੰਕਟ ਕਾਰਨ ਬਹੁਤ ਕੁਝ ਤਬਾਹ ਹੋ ਚੁਕਾ ਹੈ; ਖਾਸ ਕਰ ਕੇ ਆਮ ਕਾਰੋਬਾਰ ਲੀਹ ਤੋਂ ਲਹਿ ਗਏ; ਰਿਸ਼ਤਿਆਂ ਅੰਦਰ ਦੂਰੀਆਂ ਵਧ ਰਹੀਆਂ ਹਨ; ਮੋਹ-ਮੁਹੱਬਤ ਦਾਅ ਉਤੇ ਲੱਗੀ ਹੋਈ ਹੈ। ਕੁਝ ਥਾਂਵਾਂ ਉਤੇ ਤਾਂ ਹਾਲਾਤ ਹਾਹਾਕਾਰ ਵਾਲੇ ਬਣੇ ਹੋਏ ਹਨ। ਉਂਜ, ਇਸ ਭਿਅੰਕਰ ਹਾਲਾਤ ਦੌਰਾਨ ਸਿਆਸਤ ਅਜੇ ਵੀ ਉਸੇ ਤਰ੍ਹਾਂ ਚਲ ਰਹੀ ਹੈ। ਅਮਰੀਕਾ ਦੀ ਸਿਆਸਤ ਨੂੰ ਸਾਰੀ ਦੁਨੀਆਂ ਬਹੁਤ ਉਤਸੁਕਤਾ ਨਾਲ ਦੇਖ ਰਹੀ ਹੈ। ਹੋਰ ਤਿੰਨਾਂ ਮਹੀਨਿਆਂ ਨੂੰ ਰਾਸ਼ਟਰਪਤੀ ਦੀ ਚੋਣ ਲਈ ਵੋਟਾਂ ਪੈਣੀਆਂ ਹਨ ਅਤੇ ਐਤਕੀਂ ਮੁਕਾਬਲਾ 'ਕੁੰਡੀਆਂ ਦੇ ਸਿੰਗ ਫਸਣ' ਵਾਲਾ ਹੈ। ਇਕ ਪਾਸੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਹੈ, ਜੋ ਆਪਣੀਆਂ ਵਿਅਕਤੀਗਤ ਖਾਸੀਅਤਾਂ ਕਾਰਨ ਸਦਾ ਚਰਚਾ ਵਿਚ ਰਹਿੰਦਾ ਹੈ; ਦੂਜੇ ਪਾਸੇ ਸਾਬਕਾ ਉਪ ਰਾਸ਼ਟਰਪਤੀ ਜੋਅ ਬਿਡੇਨ ਹੈ। ਹੁਣ ਤੱਕ ਜਿਹੜੇ ਸਰਵੇਖਣ ਸਾਹਮਣੇ ਆਏ ਹਨ, ਉਨ੍ਹਾਂ ਮੁਤਾਬਕ ਟਰੰਪ ਅਤੇ ਬਿਡੇਨ ਦੀ ਲੋਕਪ੍ਰਿਯਤਾ ਵਾਲਾ ਫਰਕ ਲਗਾਤਾਰ ਵਧ ਰਿਹਾ ਹੈ। ਮਾਰਚ ਤੋਂ ਪਹਿਲਾਂ ਟਰੰਪ ਦਾ ਹੱਥ ਉਤਾਂਹ ਹੋਣ ਦੀਆਂ ਖਬਰਾਂ ਸਨ, ਪਰ ਮਾਰਚ ਦੇ ਅਖੀਰ ਤਕ ਟਰੰਪ ਪਛੜਨਾ ਅਰੰਭ ਹੋ ਗਿਆ। ਹੁਣ ਤਾਂ ਇਹ ਪਾੜਾ ਦੋ ਅੰਕਾਂ ਤੱਕ ਅੱਪੜ ਗਿਆ ਹੈ। ਹਾਲੀਆ ਸਰਵੇਖਣਾਂ ਮੁਤਾਬਕ ਬਿਡੇਨ ਦੇ ਹੱਕ ਵਿਚ 52 ਤੋਂ 55 ਫੀਸਦੀ ਵੋਟਾਂ ਮਿਲੀਆਂ ਹਨ, ਜਦਕਿ ਟਰੰਪ 40 ਤੋਂ ਵੀ ਹੇਠਾਂ ਲੁੜਕ ਰਿਹਾ ਹੈ। ਇੰਨੇ ਜ਼ਿਆਦਾ ਫਰਕ ਦੇ ਬਾਵਜੂਦ ਸਿਆਸੀ ਮਾਹਿਰ ਅਜੇ ਵੀ ਇਹ ਆਖ ਰਹੇ ਹਨ ਕਿ ਵੋਟਾਂ ਵਾਲਾ ਪੱਲੜਾ ਭਾਰੀ ਕਰਨ ਲਈ ਟਰੰਪ ਕੁਝ ਵੀ ਕਰ ਸਕਦਾ ਹੈ ਅਤੇ ਕਿਸੇ ਵੀ ਹੱਦ ਤਕ ਜਾ ਸਕਦਾ ਹੈ। ਟਰੰਪ ਦੇ ਹਮਾਇਤੀਆਂ ਨੇ ਤਾਂ ਐਤਕੀਂ ਵਾਲੀਆਂ ਚੋਣਾਂ ਨੂੰ ਟਰੰਪ ਅਤੇ ਬਿਡੇਨ ਵਿਚਾਲੇ ਮੁਕਾਬਲੇ ਦੀ ਥਾਂ, ਟਰੰਪ ਦੇ ਹੱਕ ਵਿਚ ਰਾਇਸ਼ੁਮਾਰੀ ਆਖਣਾ ਸ਼ੁਰੂ ਵੀ ਕਰ ਦਿੱਤਾ ਹੈ। ਉਂਜ, ਕਰੋਨਾ ਸੰਕਟ ਸਹੀ ਤਰੀਕੇ ਨਾਲ ਨਾ ਨਜਿੱਠਣ ਕਰ ਕੇ ਹੀ ਟਰੰਪ ਦਾ ਇਹ ਹਾਲ ਹੋਇਆ ਹੈ। ਇਸ ਵਕਤ ਅਮਰੀਕਾ ਵਿਚ ਕਰੋਨਾ ਕਾਰਨ ਹੋਣ ਵਾਲੀਆਂ ਮੌਤਾਂ ਦਾ ਅੰਕੜਾਂ ਡੇਢ ਲੱਖ ਤਕ ਪੁੱਜਣ ਵਾਲਾ ਹੈ ਅਤੇ ਮਰੀਜ਼ਾਂ ਦੀ ਗਿਣਤੀ 40 ਲੱਖ ਤੋਂ ਪਾਰ ਹੋ ਗਈ ਹੈ। ਇਨ੍ਹਾਂ ਵਿਚੋਂ 19 ਲੱਖ ਠੀਕ ਵੀ ਹੋ ਚੁਕੇ ਹਨ, ਪਰ ਅਸਲ ਮਸਲਾ ਇਸ ਸੰਕਟ ਬਾਰੇ ਕੋਈ ਰਣਨੀਤੀ ਨਾ ਬਣਾਏ ਜਾਣ ਦੁਆਲੇ ਹੀ ਘੁੰਮ ਰਿਹਾ ਹੈ ਅਤੇ ਇਸੇ ਦੀ ਮਾਰ ਟਰੰਪ ਨੂੰ ਪੈ ਰਹੀ ਹੈ।

ਭਾਰਤ ਅੰਦਰ ਇਸ ਤੋਂ ਐਨ ਉਲਟ ਵਰਤਾਰਾ ਚੱਲ ਰਿਹਾ ਹੈ। ਭਾਰਤ ਅੰਦਰ ਆਮ ਚੋਣਾਂ ਪਿਛਲੇ ਸਾਲ ਹੋ ਕੇ ਹਟੀਆਂ ਹਨ, ਜਿਸ ਵਿਚ ਭਾਰਤੀ ਜਨਤਾ ਪਾਰਟੀ ਪੂਰੇ ਧੜੱਲੇ ਨਾਲ ਜਿੱਤੀ ਸੀ। ਅਗਲੀਆਂ ਚੋਣਾਂ ਹੁਣ 2024 ਵਿਚ ਹੋਣੀਆਂ ਹਨ। ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਹੁਣ ਕੱਟੜਪੰਥੀ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦਾ ਏਜੰਡਾ ਜ਼ੋਰ-ਸ਼ੋਰ ਨਾਲ ਲਾਗੂ ਕਰ ਰਹੀ ਹੈ। ਆਰ. ਐਸ. ਐਸ. ਸ਼ੁਰੂ ਤੋਂ ਹੀ ਕੇਂਦਰਵਾਦੀ ਸਿਆਸਤ ਦੇ ਹੱਕ ਵਿਚ ਰਹੀ ਹੈ ਅਤੇ ਪਿਛਲੇ ਛੇ ਸਾਲਾਂ ਦੌਰਾਨ ਇਸ ਨੇ ਇਸੇ ਏਜੰਡੇ ਮੁਤਾਬਕ ਸਰਕਾਰ ਚਲਾਈ ਹੈ। ਇਨ੍ਹਾਂ ਸਾਲਾਂ ਦੌਰਾਨ ਵਿਰੋਧ ਦੀ ਹਰ ਅਵਾਜ਼ ਨੂੰ ਬੰਦ ਕਰਨ ਦਾ ਯਤਨ ਕੀਤਾ ਗਿਆ ਹੈ। ਹੌਲੀ-ਹੌਲੀ ਕਰ ਕੇ ਸੂਬਿਆਂ ਦੇ ਹੱਕ ਘਟਾਏ ਜਾ ਰਹੇ ਹਨ। ਭਾਰਤ ਦੀ 60 ਫੀਸਦੀ ਤੋਂ ਉਪਰ ਵਸੋਂ ਖੇਤੀ 'ਤੇ ਨਿਰਭਰ ਹੈ, ਪਰ ਖੇਤੀ ਸੁਧਾਰਾਂ ਦੇ ਨਾਂ ਉਤੇ ਆਰਡੀਨੈਂਸ ਜਾਰੀ ਕਰ ਦਿੱਤੇ ਗਏ ਹਨ। ਇਨ੍ਹਾਂ ਆਰਡੀਨੈਂਸਾਂ ਨਾਲ ਸੂਬਿਆਂ ਦੇ ਹੱਕਾਂ ਉਤੇ ਸਿੱਧਾ ਡਾਕਾ ਪੈ ਗਿਆ ਹੈ। ਹੁਣ ਤਕ ਜਿੰਨੇ ਵੀ ਵਿਚਾਰ ਸਾਹਮਣੇ ਆਏ ਹਨ, ਉਨ੍ਹਾਂ ਦਾ ਤੱਤ-ਸਾਰ ਇਹੀ ਹੈ ਕਿ ਇਨ੍ਹਾਂ ਆਰਡੀਨੈਂਸਾਂ ਤੋਂ ਬਾਅਦ ਕਿਸਾਨ ਥੱਲੇ ਲੱਗ ਜਾਵੇਗਾ ਅਤੇ ਵਪਾਰੀ ਤਬਕਾ ਤੇ ਕੰਪਨੀਆਂ ਇਨ੍ਹਾਂ ਦਾ ਪੂਰਾ ਲਾਹਾ ਲੈਣਗੀਆਂ। ਸੂਬਿਆਂ ਅਤੇ ਕਿਸਾਨਾਂ ਦੇ ਹੱਕਾਂ ਲਈ ਸਦਾ ਲੜਦਾ ਰਿਹਾ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਮਾਮਲਿਆਂ ਬਾਰੇ ਉਕਾ ਹੀ ਖਾਮੋਸ਼ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਨ੍ਹਾਂ ਆਰਡੀਨੈਂਸਾਂ ਖਿਲਾਫ ਬੋਲੇ ਤਾਂ ਜ਼ਰੂਰ ਹਨ, ਪਰ ਉਹ ਪੰਜਾਬ ਵਿਚ ਇਸ ਮਸਲੇ 'ਤੇ ਸ਼ੁਰੂ ਹੋ ਰਹੇ ਕਿਸਾਨਾਂ ਦੇ ਸੰਘਰਸ਼ ਨੂੰ ਜਿਸ ਤਰ੍ਹਾਂ ਦਬਾਉਣ ਦਾ ਯਤਨ ਕਰ ਰਹੇ ਹਨ, ਉਸ ਤੋਂ ਐਨ ਸਾਫ ਹੋ ਰਿਹਾ ਹੈ ਕਿ ਉਨ੍ਹਾਂ ਦੀ ਇਹ ਰਣਨੀਤੀ ਮੋਦੀ ਸਰਕਾਰ ਦੇ ਹੱਕ ਵਿਚ ਹੀ ਭੁਗਤ ਰਹੀ ਹੈ। ਇਹ ਗੱਲ ਉਚੇਚ ਤੌਰ 'ਤੇ ਗੌਲਣ ਵਾਲੀ ਹੈ। ਕਰਤਾਰਪੁਰ ਵਾਲੇ ਲਾਂਘੇ ਸਮੇਤ ਹੋਰ ਅਨੇਕਾਂ ਮਾਮਲਿਆਂ, ਜਿਹੜੇ ਬਿਨਾ ਸ਼ੱਕ ਪੰਜਾਬ ਦੇ ਹੱਕ ਵਿਚ ਭੁਗਤਦੇ ਸਨ, ਬਾਰੇ ਕੈਪਟਨ ਅਮਰਿੰਦਰ ਸਿੰਘ ਦਾ ਸਟੈਂਡ ਸਦਾ ਕੇਂਦਰ ਸਰਕਾਰ ਪੱਖੀ ਹੀ ਰਿਹਾ ਹੈ। ਜਾਹਰ ਹੈ ਕਿ ਸੰਕਟ ਦੇ ਇਸ ਦੌਰ ਵਿਚ ਸੱਤਾਵਾਦੀ ਆਪੋ-ਆਪਣੀਆਂ ਗਿਣਤੀਆਂ ਮੁਤਾਬਿਕ ਹੀ ਚੱਲ ਰਹੇ ਹਨ। ਕਰੋਨਾ ਵਾਇਰਸ ਦੇ ਸੰਕਟ ਦੌਰਾਨ ਇਨ੍ਹਾਂ ਨੂੰ ਇਲਮ ਹੋ ਗਿਆ ਹੈ ਕਿ ਲੋਕ ਹੁਣ ਵੱਡੇ ਪੱਧਰ ਉਤੇ ਵਿਰੋਧ ਕਰਨ ਦੀ ਹਾਲਤ ਵਿਚ ਨਹੀਂ ਹਨ, ਇਸ ਲਈ ਜਿਹੜੀਆਂ ਮਰਜ਼ੀ ਨੀਤੀਆਂ-ਰਣਨੀਤੀਆਂ ਲਾਗੂ ਕਰੀ ਚੱਲੋ। ਸਿਆਸਤ ਦੇ ਇਸ ਮੋੜ ਉਤੇ ਹੁਣ ਸੰਜੀਦਾ ਧਿਰਾਂ ਨੂੰ ਨਵੇਂ ਸਿਰਿਓਂ ਰਣਨੀਤੀਆਂ ਤਿਆਰ ਕਰਨੀਆਂ ਪੈਣਗੀਆਂ ਅਤੇ ਵਿਰੋਧ ਦੇ ਅਜਿਹੇ ਨਵੇਂ ਢੰਗ-ਤਰੀਕੇ ਲੱਭਣੇ ਪੈਣਗੇ, ਜੋ ਸੱਤਾ ਦੀਆਂ ਚੂਲਾਂ ਨੂੰ ਚੰਗਾ ਹਲੂਣਾ ਦੇਣ। ਇਸ ਮਾਮਲੇ ਵਿਚ ਰਵਾਇਤੀ ਪਾਰਟੀਆਂ ਅਤੇ ਆਗੂ ਬੁਰੀ ਤਰ੍ਹਾਂ ਨਿੱਸਲ ਹੋਏ ਨਜ਼ਰੀਂ ਪੈ ਰਹੇ ਹਨ। ਇਸੇ ਕਰ ਕੇ ਹੁਣ ਵੱਡਾ ਸਵਾਲ ਇਹੀ ਬਣ ਰਿਹਾ ਹੈ ਕਿ ਸੱਤਾਵਾਦੀਆਂ ਨੂੰ ਚੁਣੌਤੀ ਦੇਣ ਵਾਲੇ ਅੱਗੇ ਆਉਣਗੇ ਜਾਂ ਏਡੇ ਸੰਕਟ ਤੋਂ ਬਾਅਦ ਵੀ ਸਾਰਾ ਕੁਝ ਚੋਣਾਂ ਦੀ ਸਿਆਸਤ ਦੁਆਲੇ ਹੀ ਘੁੰਮਦਾ ਰਹੇਗਾ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੁਸ਼ਾਕ ਦਾ ਕੱਚ-ਸੱਚ?*

ਪਿਉ ਵਾਲੀ ਪ੍ਰਧਾਨਗੀ ਮਿਲੀ ਸੌਖੀ, ਗੋਲਕ ਉਤੇ ਵੀ ਪੂਰੇ ਅਖਤਿਆਰ ਹੋ ਗਏ।
ਵੋਟ-ਬੈਂਕ ਸੀ ਮਾਲਵੇ ਵਿਚ ਜਿਸ ਦਾ, ਉਸ 'ਬਾਬੇ' ਦੇ ਤਾਬਿਆਦਾਰ ਹੋ ਗਏ।
ਦੋਸ਼ੀ ਫੜੇ ਨਾ ਕੋਈ ਬੇਅਦਬੀਆਂ ਦੇ, ਕਰਦੇ ਰੋਸ ਬੇਦੋਸ਼ੇ ਵੀ ਮਾਰ ਹੋ ਗਏ।
ਮਾਫੀਨਾਮਾ ਮਨਾਉਣ ਲਈ 'ਹੁਕਮਨਾਮਾ', ਨੱਬੇ ਲੱਖ ਦੇ ਛਾਪ ਇਸ਼ਤਿਹਾਰ ਹੋ ਗਏ।
ਜਥੇਦਾਰਾਂ ਨੂੰ 'ਤਲਬ' ਕਰ ਕੋਠੀਆਂ ਵਿਚ, ਡਰਿਆ ਜਰਾ ਨਾ ਫਲਸਫਾ ਮੇਟ ਯਾਰੋ।
ਪੱਚੀ ਸਾਲਾਂ ਦੇ ਰਾਜ ਦੀ ਰੀਝ ਖਾਤਰ, ਕਰੀ ਹੋਊ 'ਪੁਸ਼ਾਕ' ਵੀ ਭੇਟ ਯਾਰੋ!

# ਪ੍ਰੈਸ ਦੀ ਕਾਹਦੀ ਆਜ਼ਾਦੀ!

***ਭਾਰਤ ਵਿਚ ਮੀਡੀਆ ਅੱਜ ਕੱਲ੍ਹ ਖੂਬ ਚਰਚਾ ਵਿਚ ਹੈ। ਅਸਲ ਵਿਚ ਜਦੋਂ ਤੋਂ ਕੇਂਦਰ ਵਿਚ ਮੋਦੀ ਸਰਕਾਰ ਬਣੀ ਹੈ, ਇਸ ਨੇ ਕਿਸੇ ਨਾ ਕਿਸੇ ਢੰਗ ਨਾਲ ਮੀਡੀਆ ਦੇ ਵੱਡੇ ਹਿੱਸੇ ਨੂੰ ਆਪਣੇ ਗੋਡੇ ਹੇਠ ਲੈ ਲਿਆ ਹੈ। ਮੀਡੀਆ ਦਾ ਜਿਹੜਾ ਹਿੱਸਾ ਸਰਕਾਰੀ ਵਧੀਕੀਆਂ ਖਿਲਾਫ ਆਵਾਜ਼ ਬੁਲੰਦ ਕਰਦਾ ਹੈ, ਉਸ ਨੂੰ ਦੁਸ਼ਵਾਰੀਆਂ ਦਾ ਸਾਹਮਣਾ ਪੈ ਰਿਹਾ ਹੈ। ਉਘੇ ਵਿਦਵਾਨ ਅਤੇ ਮੋਦੀ ਸਰਕਾਰ ਦੇ ਤਿੱਖੇ ਆਲੋਚਕ ਰਾਮਚੰਦਰ ਗੁਹਾ ਨੇ ਆਪਣੇ ਇਸ ਲੇਖ ਵਿਚ ਮੋਦੀ ਸਰਕਾਰ ਦੀ ਇਸ ਚਾਲਬਾਜ਼ੀ ਨੂੰ ਬ੍ਰਿਟਿਸ਼ ਹਕੂਮਤ ਦੀਆਂ ਵਧੀਕੀਆਂ ਨਾਲ ਜੋੜਿਆ ਹੈ। -ਸੰਪਾਦਕ***

ਸੰਨ 1824 ਦੀ ਗੱਲ ਹੈ। ਬੰਗਾਲ ਹਕੂਮਤ ਜੋ ਉਸ ਵੇਲੇ ਈਸਟ ਇੰਡੀਆ ਕੰਪਨੀ ਦੇ ਹੱਥ ਸੀ, ਨੇ ਆਰਡੀਨੈਂਸ ਜਾਰੀ ਕਰ ਕੇ ਪ੍ਰੈਸ ਦੀ ਆਜ਼ਾਦੀ 'ਤੇ ਸਖਤ ਪਾਬੰਦੀਆਂ ਲਾ ਦਿੱਤੀਆਂ। ਇਸ ਨੇ ਸਰਕਾਰ ਨੂੰ ਬਿਨਾਂ ਕਿਸੇ ਸੁਣਵਾਈ ਜਾਂ ਸਫਾਈ ਦੇ ਅਖਬਾਰ ਦਾ ਲਾਇਸੈਂਸ ਰੱਦ ਕਰਨ ਦੇ ਅਖਤਿਆਰ ਦੇ ਦਿੱਤੇ। ਆਰਡੀਨੈਂਸ ਖਿਲਾਫ ਕੋਲਕਾਤਾ ਦੇ ਬੁੱਧੀਜੀਵੀ ਵਰਗ ਨੇ ਸਖਤ ਪ੍ਰਤੀਕਰਮ ਕੀਤਾ, ਖਾਸ ਕਰ ਜਿਹੜਾ ਅੰਗਰੇਜ਼ੀ ਤੇ ਬੰਗਾਲੀ ਭਾਸ਼ਾਵਾਂ 'ਚ ਸੰਪਾਦਨ ਅਤੇ ਪ੍ਰਕਾਸ਼ਨ ਨਾਲ ਜੁੜਿਆ ਸੀ। ਇਸ ਖਿਲਾਫ ਰਾਜਾ ਰਾਮ ਮੋਹਨ ਰਾਏ ਨੇ ਅਧਿਕਾਰੀਆਂ ਨੂੰ ਯਾਦ ਪੱਤਰ ਭੇਜ ਕੇ ਮੰਗ ਕੀਤੀ ਕਿ ਆਰਡੀਨੈਂਸ ਰੱਦ ਕੀਤਾ ਜਾਵੇ।

ਰਾਮਚੰਦਰ ਗੁਹਾ

ਇਸ ਉਤੇ ਟੈਗੋਰ ਪਰਿਵਾਰ ਦੇ ਮੈਂਬਰਾਂ ਸਮੇਤ ਵੱਡੀ ਗਿਣਤੀ ਲੋਕਾਂ ਦੇ ਦਸਤਖਤ ਕਰਵਾਏ ਗਏ।

ਇਹ ਦਸਤਾਵੇਜ਼ ਕਈ ਸਾਲ ਪਹਿਲਾਂ ਪੜ੍ਹਿਆ ਸੀ। ਹੁਣ ਭਾਰਤ ਵਿਚ ਜਦੋਂ ਪੱਤਰਕਾਰਾਂ ਉਤੇ ਵਧੇ ਹਮਲਿਆਂ ਦੇ ਮੱਦੇਨਜ਼ਰ ਦੁਬਾਰਾ ਪੜ੍ਹਿਆ, ਕਾਫੀ ਚੰਗਾ ਲੱਗਾ। ਹੁਣ ਤਾਂ ਆਜ਼ਾਦ ਭਾਰਤ ਦੀ ਸਰਕਾਰ, ਬਸਤੀਵਾਦੀ ਹਕੂਮਤ ਵਾਂਗ ਆਜ਼ਾਦ ਪ੍ਰੈਸ ਦੀ ਦੁਸ਼ਮਣ ਬਣ ਗਈ ਹੈ!

ਈਸਟ ਇੰਡੀਆ ਕੰਪਨੀ ਨੂੰ ਦਿੱਤੇ ਯਾਦ ਪੱਤਰ 'ਚ ਰਾਜਾ ਰਾਮ ਮੋਹਨ ਰਾਏ ਨੇ ਬਰਤਾਨਵੀ ਹਾਕਮਾਂ ਨੂੰ ਕਿਹਾ ਕਿ ਉਹ 'ਉਸ ਤਰ੍ਹਾਂ ਦੇ ਸਿਆਸੀ ਅਸੂਲ ਨਾ ਅਪਣਾਉਣ, ਜਿਨ੍ਹਾਂ 'ਤੇ ਆਮ ਕਰ ਕੇ ਏਸ਼ਿਆਈ ਰਾਜੇ ਚੱਲਦੇ ਹਨ, ਕਿ ਲੋਕਾਂ ਨੂੰ ਜਿੰਨਾ ਜ਼ਿਆਦਾ ਹਨੇਰੇ ਵਿਚ ਰੱਖਿਆ ਜਾਵੇਗਾ, ਓਨਾ ਹੀ ਹਾਕਮਾਂ ਨੂੰ ਵੱਧ ਫਾਇਦਾ ਹੋਵੇਗਾ'। ਉਨ੍ਹਾਂ ਹੋਰ ਲਿਖਿਆ, "ਸਭ ਜਾਣਦੇ ਹਨ ਕਿ ਤਾਨਾਸ਼ਾਹ ਹਕੂਮਤਾਂ ਆਮ ਕਰ ਕੇ ਵਿਚਾਰਾਂ ਦੇ ਅਜਿਹੇ ਕਿਸੇ ਵੀ ਪ੍ਰਗਟਾਵੇ ਦੀ ਆਜ਼ਾਦੀ ਦੇ ਦਮਨ ਦੀਆਂ ਹਾਮੀ ਹੁੰਦੀਆਂ ਹਨ ਜੋ ਉਨ੍ਹਾਂ ਦੇ ਜ਼ੁਲਮ-ਜਬਰ ਦੀਆਂ ਕਾਰਵਾਈਆਂ ਦੀ ਨਿੰਦਾ ਕਰਨ ਵਾਲੇ ਹੋਣ।"

ਰਾਮ ਮੋਹਨ ਰਾਏ ਨੇ ਉਮੀਦ ਜ਼ਾਹਰ ਕੀਤੀ ਕਿ ਨਵੇਂ ਹਾਕਮ ਆਪਣੇ ਤੋਂ ਪਹਿਲੇ ਹਾਕਮਾਂ ਦੇ ਮੁਕਾਬਲੇ ਵਧੇਰੇ ਖੁੱਲ੍ਹੇ ਵਿਚਾਰਾਂ ਵਾਲੇ ਹੋਣਗੇ। ਉਨ੍ਹਾਂ ਲਿਖਿਆ: "ਹਰ ਚੰਗਾ ਹਾਕਮ ਨੂੰ ਯਕੀਨਨ ਇਕ ਵਿਸ਼ਾਲ ਸਾਮਰਾਜ ਦਾ ਪ੍ਰਬੰਧ ਚਲਾਉਣ ਵਿਚ ਉਕਾਈ ਦੀ ਵੱਡੀ ਜ਼ਿੰਮੇਵਾਰੀ ਪ੍ਰਤੀ ਚੇਤੰਨ ਹੋਣਾ ਚਾਹੀਦਾ ਹੈ; ਤੇ ਇਸ ਤਰ੍ਹਾਂ ਉਹ ਅਜਿਹੇ ਹਰੇਕ ਵਿਅਕਤੀ ਨੂੰ ਝੱਲਣ ਲਈ ਤਿਆਰ ਹੋਵੇਗਾ, ਜਿਹੜਾ ਉਹ ਕੁਝ ਉਸ ਦੇ ਧਿਆਨ ਵਿਚ ਲਿਆਵੇ, ਜਿੱਥੇ ਉਸ ਦੇ ਦਖਲ ਦੀ ਲੋੜ ਹੋ ਸਕਦੀ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਪ੍ਰਕਾਸ਼ਨ ਦੀ ਬੇਰੋਕ ਆਜ਼ਾਦੀ ਹੀ ਇਕੋ-ਇਕ ਅਸਰਦਾਰ ਵਸੀਲਾ ਹੈ, ਜਿਸ ਨੂੰ ਅਮਲ ਵਿਚ ਲਿਆਂਦਾ ਜਾ ਸਕਦਾ ਹੈ।"

ਰਾਮ ਮੋਹਨ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰਸ਼ਾਸਨ ਦੇ ਵਧੀਆ ਢੰਗ ਨਾਲ ਚੱਲਣ ਲਈ ਸੂਚਨਾ ਦਾ ਬੇਰੋਕ ਵਹਿਣ ਬਹੁਤ ਜ਼ਰੂਰੀ ਹੈ। ਜਿਹੜਾ ਹਾਕਮ ਆਪਣੀ ਹਕੂਮਤ ਸਿਆਣਪ ਤੇ ਵਧੀਆ ਢੰਗ ਨਾਲ ਚਲਾਉਣਾ ਚਾਹੇ, ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਲੋਕਾਂ ਨੂੰ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚੋਂ ਬਦਇੰਤਜ਼ਾਮੀ ਤੇ ਮਾੜੇ ਪ੍ਰਸ਼ਾਸਨ ਬਾਰੇ ਜਾਣਕਾਰੀ ਉਸ ਤੱਕ ਪਹੁੰਚਾਉਣ ਦੀ ਇਜਾਜ਼ਤ ਹੀ ਨਹੀਂ ਸਗੋਂ ਹੱਲਾਸ਼ੇਰੀ ਵੀ ਦੇਵੇ; ਤਾਂ ਕਿ ਉਸ ਦੀ ਸਰਕਾਰ ਇਨ੍ਹਾਂ ਖਾਮੀਆਂ ਨੂੰ ਦਰੁਸਤ ਕਰ ਸਕੇ। ਇਥੇ ਰਾਮ ਮੋਹਨ ਨੇ ਉਸੇ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ, ਜਿਹੋ ਜਿਹੀਆਂ ਉਘੇ ਅਰਥ ਸ਼ਾਸਤਰੀ ਅਮਰਤਿਆ ਸੇਨ ਨੇ ਦਿੱਤੀਆਂ ਹਨ। ਸੇਨ ਨੇ ਆਪਣੀ ਕਿਤਾਬ 'ਪਾਵਰਟੀ ਐਂਡ ਫੇਮਿਨਜ਼' (1977) ਵਿਚ ਦਲੀਲ ਦਿੱਤੀ ਕਿ ਤਾਨਾਸ਼ਾਹ ਨਿਜ਼ਾਮਾਂ ਦੇ ਮੁਕਾਬਲੇ ਜਮਹੂਰੀਅਤਾਂ ਵਿਚ ਕਾਲ ਪੈਣ ਦਾ ਖਦਸ਼ਾ ਬਹੁਤ ਘੱਟ ਹੁੰਦਾ ਹੈ, ਕਿਉਂਕਿ ਜੇ ਕਿਸੇ ਖਾਸ ਜ਼ਿਲ੍ਹੇ ਜਾਂ ਸੂਬੇ ਵਿਚ ਅਨਾਜ ਦੀ ਥੁੜ੍ਹ ਪੈਦਾ ਹੁੰਦੀ ਹੈ ਤਾਂ ਫੌਰੀ ਇਸ ਬਾਰੇ ਖਬਰਾਂ ਪ੍ਰੈਸ ਵਿਚ ਨਸ਼ਰ ਹੋ ਜਾਣਗੀਆਂ ਅਤੇ ਇੰਝ ਸਰਕਾਰ ਉਸ ਲੋੜਵੰਦ ਖਿੱਤੇ ਨੂੰ ਅਨਾਜ ਦੀ ਸਪਲਾਈ ਤੇਜ਼ ਕਰਨ ਲਈ ਮਜਬੂਰ ਹੋ ਜਾਵੇਗੀ। ਸੰਸਾਰ ਦੇ ਕਿਸੇ ਲੋਕਤੰਤਰੀ ਮੁਲਕ ਨੂੰ ਭਿਆਨਕ ਕਾਲ ਦਾ ਸਾਹਮਣਾ ਨਹੀਂ ਕਰਨਾ ਪਿਆ।

ਦੋਵਾਂ ਰਾਮ ਮੋਹਨ ਰਾਏ ਅਤੇ ਅਮਰਤਿਆ ਸੇਨ ਦੇ ਇਹ ਸ਼ਬਦ (ਤੇ ਕਾਰਜ) ਯਕੀਨੀ ਤੌਰ 'ਤੇ ਆਲਮੀ ਮਹਾਮਾਰੀ ਕੋਵਿਡ-19 ਕਾਰਨ ਪੈਦਾ ਹੋਏ ਸੰਕਟ ਕਾਰਨ ਕਾਫੀ ਅਹਿਮ ਹਨ। ਇਸ ਦੌਰਾਨ, ਆਜ਼ਾਦ ਪ੍ਰੈਸ ਨੂੰ ਖਬਰਾਂ ਦਾ ਅਜਿਹਾ ਮੁੱਲਵਾਨ ਵਸੀਲਾ, ਜਿਹੜਾ ਇਸ ਮਹਾਮਾਰੀ ਨੂੰ ਛੇਤੀ ਤੇ ਅਸਰਦਾਰ ਢੰਗ ਨਾਲ ਨੱਥ ਪਾਉਣ ਵਿਚ ਉਨ੍ਹਾਂ ਦੀ ਮਦਦ ਕਰ ਸਕਦਾ, ਮੰਨਣ ਦੀ ਥਾਂ ਬਹੁਤੀਆਂ ਸਰਕਾਰਾਂ ਨੇ ਸਾਫ ਤੌਰ 'ਤੇ ਪੱਤਰਕਾਰਾਂ ਪ੍ਰਤੀ ਵੈਰ-ਵਿਰੋਧ ਵਾਲਾ ਰਵੱਈਆ ਅਪਣਾਇਆ। ਇਕ ਹਾਲੀਆ ਰਿਪੋਰਟ ਵਿਚ ਸੰਯੁਕਤ ਰਾਸ਼ਟਰ ਦੇ ਇਨਸਾਨੀ ਹੱਕਾਂ ਸਬੰਧੀ ਕਮਿਸ਼ਨਰ ਨੇ ਕੋਵਿਡ-19 ਸੰਕਟ ਦੌਰਾਨ ਏਸ਼ੀਆ ਵਿਚ ਖਿਆਲਾਤ ਦੇ ਇਜ਼ਹਾਰ ਦੀ ਆਜ਼ਾਦੀ ਖਿਲਾਫ ਸਰਕਾਰ ਦੀਆਂ ਸਖਤ ਨੀਤੀਆਂ ਉਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਅਧਿਕਾਰੀਆਂ ਵੱਲੋਂ ਕੋਵਿਡ-19 ਨਾਲ ਸਿੱਝਣ ਦੇ ਤਰੀਕੇ ਦੀ ਸ਼ਰੇਆਮ ਆਲੋਚਨਾ ਕਰਨ ਬਦਲੇ ਕਈ ਪੱਤਰਕਾਰਾਂ ਅਤੇ ਘੱਟੋ-ਘੱਟ ਇਕ ਡਾਕਟਰ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਗਈ। ਮੁੰਬਈ ਵਿਚ ਤਾਂ ਪੁਲੀਸ ਇਥੋਂ ਤੱਕ ਪੁੱਜ ਗਈ ਕਿ ਉਸ ਨੇ ਹੁਕਮ ਜਾਰੀ ਕਰ ਦਿੱਤਾ ਕਿ 'ਜੇ ਕੋਈ ਵਿਅਕਤੀ ਸਰਕਾਰੀ ਅਧਿਕਾਰੀਆਂ ਜਾਂ ਉਨ੍ਹਾਂ ਵਲੋਂ ਕੋਵਿਡ-19 ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਚੁੱਕੇ ਕਦਮਾਂ ਪ੍ਰਤੀ ਬੇਭਰੋਸਗੀ ਜ਼ਾਹਰ ਕਰਦਾ ਹੈ ਤਾਂ ਉਹ ਇਨਸਾਨੀ ਸਿਹਤ ਜਾਂ ਇਸ ਦੀ ਸੁਰੱਖਿਆ ਜਾਂ ਜਨਤਕ ਅਮਨ-ਚੈਨ ਲਈ ਖਤਰਾ ਪੈਦਾ ਕਰ ਰਿਹਾ ਹੋਵੇਗਾ'।

ਯੂ.ਐਨ. ਦੇ ਮਨੁੱਖੀ ਹੱਕਾਂ ਬਾਰੇ ਕਮਿਸ਼ਨਰ ਦੀ ਇਸ ਰਿਪੋਰਟ ਵਿਚ ਖਬਰਦਾਰ ਕੀਤਾ ਗਿਆ ਹੈ ਕਿ ਅਜਿਹੀਆਂ ਬੰਦਿਸ਼ਾਂ ਨਾਲ ਅਸਰਦਾਰ ਜਨਤਕ ਨੀਤੀ ਵਿਚ ਫਾਇਦੇ ਦੀ ਥਾਂ ਨੁਕਸਾਨ ਹੀ ਹੋਵੇਗਾ। ਰਿਪੋਰਟ ਕਹਿੰਦੀ ਹੈ: 'ਬਹੁਤ ਹੀ ਬੇਯਕੀਨੀ ਦੇ ਇਸ ਦੌਰ ਵਿਚ ਮੈਡੀਕਲ ਪੇਸ਼ੇਵਰਾਂ, ਪੱਤਰਕਾਰਾਂ, ਮਨੁੱਖੀ ਹੱਕਾਂ ਦੇ ਰਾਖਿਆਂ ਅਤੇ ਆਮ ਜਨਤਾ ਨੂੰ ਲਾਜ਼ਮੀ ਜਨਤਕ ਹਿੱਤ ਲਈ ਜ਼ਰੂਰੀ ਤੌਰ 'ਤੇ ਅਹਿਮ ਮੁੱਦਿਆਂ, ਜਿਵੇਂ ਸਿਹਤ ਸੰਭਾਲ ਦੇ ਢੰਗ-ਤਰੀਕੇ ਅਤੇ ਸਿਹਤ ਤੇ ਸਮਾਜੀ-ਮਾਲੀ ਸੰਕਟ ਨਾਲ ਸਿੱਝਣ ਅਤੇ ਰਾਹਤ ਸਮੱਗਰੀ ਦੀ ਵੰਡ ਆਦਿ, ਬਾਰੇ ਆਪਣੇ ਵਿਚਾਰ ਜ਼ਾਹਰ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ'।

ਰਿਪੋਰਟ ਵਿਚ ਕਿਹਾ ਗਿਆ ਹੈ: 'ਇਸ ਸੰਕਟ ਨੂੰ ਅਸਹਿਮਤੀ ਜਾਂ ਸੂਚਨਾ ਦੇ ਬੇਰੋਕ ਵਹਿਣ ਅਤੇ ਬਹਿਸ-ਮੁਬਾਹਿਸੇ ਨੂੰ ਰੋਕਣ ਲਈ ਨਹੀਂ ਵਰਤਿਆ ਜਾਣਾ ਚਾਹੀਦਾ। ਵਿਚਾਰਾਂ ਦੀ ਵੰਨ-ਸਵੰਨਤਾ ਸਾਨੂੰ ਦਰਪੇਸ਼ ਵੰਗਾਰਾਂ ਨੂੰ ਸਮਝਣ ਅਤੇ ਇਨ੍ਹਾਂ ਨੂੰ ਸਹੀ ਢੰਗ ਨਾਲ ਮਾਤ ਦੇਣ ਵਿਚ ਸਾਡੇ ਲਈ ਮਦਦਗਾਰ ਸਾਬਤ ਹੋਵੇਗੀ। ਇਹ ਵੱਖ-ਵੱਖ ਮੁਲਕਾਂ ਨੂੰ ਇਸ ਦੇ ਬੁਨਿਆਦੀ ਕਾਰਨਾਂ ਅਤੇ ਪੈਣ ਵਾਲੇ ਲੰਬੇ ਸਮੇਂ ਦੇ ਸਮਾਜੀ-ਆਰਥਿਕ ਤੇ ਹੋਰ ਪ੍ਰਭਾਵਾਂ ਨੂੰ ਮਾਤ ਦੇਣ ਲਈ ਜ਼ਰੂਰੀ ਕਾਰਵਾਈਆਂ ਬਾਰੇ ਜ਼ੋਰਦਾਰ ਬਹਿਸ ਛੇੜਨ ਵਿਚ ਸਹਾਈ ਹੋਵੇਗੀ। ਇਹ ਬਹਿਸ ਇਨ੍ਹਾਂ ਮੁਲਕਾਂ ਲਈ ਸੰਕਟ ਤੋਂ ਬਾਅਦ ਮੁੜ ਉਭਰਨ ਵਾਸਤੇ ਅਹਿਮ ਸਾਬਤ ਹੋਵੇਗੀ।'

ਇਨ੍ਹਾਂ ਸ਼ਬਦਾਂ ਨੂੰ ਨਵੀਂ ਦਿੱਲੀ ਵਿਚਲੇ ਸੱਤਾ ਦੇ ਹਲਕਿਆਂ 'ਚ ਪੜ੍ਹੇ ਜਾਂ ਸੁਣੇ ਜਾਣ 'ਤੇ ਗੌਰ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ ਅਤੇ ਨਾ ਹੀ ਸਾਡੀਆਂ ਸੂਬਾਈ ਰਾਜਧਾਨੀਆਂ ਵਿਚਲੇ ਹਾਕਮਾਂ ਤੋਂ ਅਜਿਹੀ ਉਮੀਦ ਰੱਖੀ ਜਾਣੀ ਚਾਹੀਦੀ ਹੈ ਸਗੋਂ ਪਿਛਲੇ ਹਫਤੇ ਦਿੱਲੀ ਆਧਾਰਿਤ ਰਾਈਟਸ ਐਂਡ ਰਿਸਕਸ ਐਨਲਸਿਸ ਗਰੁੱਪ ਵਲੋਂ ਜਾਰੀ ਰਿਪੋਰਟ ਵਿਚ ਅਜਿਹੇ ਕਰੀਬ 55 ਪੱਤਰਕਾਰਾਂ ਦਾ ਵੇਰਵਾ ਦਿੱਤਾ ਗਿਆ ਹੈ ਜਿਨ੍ਹਾਂ ਨੂੰ ਇਸ ਮਹਾਮਾਰੀ ਬਾਰੇ ਆਪਣੀਆਂ ਰਿਪੋਰਟਾਂ ਕਾਰਨ ਸਟੇਟ ਅਤੇ ਸਿਆਸੀ ਠੱਗਾਂ ਹੱਥੋਂ ਪ੍ਰੇਸ਼ਾਨ ਤੇ ਡਰਾਵਿਆਂ-ਧਮਕੀਆਂ ਦਾ ਸ਼ਿਕਾਰ ਹੋਣਾ ਪਿਆ। ਇਨ੍ਹਾਂ ਪੱਤਰਕਾਰਾਂ ਨੂੰ ਗ੍ਰਿਫਤਾਰ ਕੀਤਾ ਗਿਆ, ਉਨ੍ਹਾਂ ਖਿਲਾਫ ਐਫ.ਆਈ.ਆਰਜ਼ ਦਰਜ ਹੋਈਆਂ ਜਾਂ ਫਿਰ ਕੁੱਟ-ਮਾਰ ਦਾ ਸ਼ਿਕਾਰ ਹੋਣਾ ਪਿਆ। ਇੰਝ ਇਨ੍ਹਾਂ ਵਿਅਕਤੀਆਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾ ਕੇ ਬਾਕੀ ਪੱਤਰਕਾਰਾਂ ਨੂੰ ਸਥਾਪਤੀ ਇਹੋ ਸੁਨੇਹਾ ਦੇਣਾ ਚਾਹੁੰਦੀ ਹੈ ਕਿ ਖਾਮੋਸ਼ ਰਹੋ ਤੇ ਬੀਬੇ ਬਣ ਕੇ ਸਾਡੀ ਹਾਂ ਵਿਚ ਹਾਂ ਮਿਲਾਉ, ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹੋ। ਇਨ੍ਹਾਂ 55 ਕੇਸਾਂ ਵਿਚੋਂ 11 ਭਾਜਪਾ ਸਰਕਾਰ ਵਾਲੇ ਉਤਰ ਪ੍ਰਦੇਸ਼ ਦੇ, ਛੇ ਕੇਂਦਰ ਦੀ ਸਿੱਧੀ ਹਕੂਮਤ ਵਾਲੇ ਜੰਮੂ ਕਸ਼ਮੀਰ ਅਤੇ ਪੰਜ ਭਾਜਪਾ ਰਾਜ ਵਾਲੇ ਹਿਮਾਚਲ ਪ੍ਰਦੇਸ਼ ਦੇ ਹਨ। ਉਂਝ, ਦੂਜੀਆਂ ਪਾਰਟੀਆਂ ਦੀ ਹਕੂਮਤ ਵਾਲੇ ਸੂਬਿਆਂ ਦੀ ਵੀ ਤਾਮਿਲਨਾਡੂ, ਪੱਛਮੀ ਬੰਗਾਲ, ਉੜੀਸਾ ਤੇ ਮਹਾਰਾਸ਼ਟਰ ਨੇ ਵਧੀਆ ਭੱਲ ਬਣਾਈ ਹੈ ਜਿਥੇ ਅਜਿਹੇ ਚਾਰ-ਚਾਰ ਮਾਮਲੇ ਸਾਹਮਣੇ ਆਏ ਹਨ।

ਯੂ.ਪੀ. ਸਰਕਾਰ ਨੇ ਬਹੁਤ ਵਧੀਆ ਵੈਬਸਾਈਟ 'ਸਕਰੌਲ ਡੌਟ ਇਨ' ਦੇ ਇਕ ਪੱਤਰਕਾਰ ਖਿਲਾਫ ਕੇਸ ਦਰਜ ਕੀਤੇ ਜਾਣ ਦੀ ਰਿਪੋਰਟ ਮਿਲੀ। ਇਸ ਪੱਤਰਕਾਰ ਨੇ ਲੌਕਡਾਊਨ ਦੌਰਾਨ ਵਾਰਾਣਸੀ ਦੇ ਅਤਿ ਗਰੀਬ ਲੋਕਾਂ ਨੂੰ ਪੇਸ਼ ਆਈਆਂ ਭਾਰੀ ਪ੍ਰੇਸ਼ਾਨੀਆਂ ਬਾਰੇ ਬਾਕਾਇਦਾ ਸਬੂਤਾਂ ਦੇ ਆਧਾਰ 'ਤੇ ਲੜੀਵਾਰ ਰਿਪੋਰਟਾਂ ਲਿਖੀਆਂ। ਵਾਰਾਣਸੀ ਕਿਉਂਕਿ ਪ੍ਰਧਾਨ ਮੰਤਰੀ ਦਾ ਸੰਸਦੀ ਹਲਕਾ ਹੈ, ਇਸ ਕਾਰਨ ਉਥੋਂ ਦੀ ਹਕੀਕਤ ਨੂੰ ਲੁਕਾਉਣ ਦੀ ਕੀਤੀ ਗਈ ਇਸ ਨੰਗੀ-ਚਿੱਟੀ ਕੋਸ਼ਿਸ਼ ਤੋਂ ਰਾਮ ਮੋਹਨ ਰਾਏ ਦੇ ਇਹ ਸ਼ਬਦ ਚੇਤੇ ਆ ਜਾਂਦੇ ਹਨ ਕਿ "ਸਭ ਜਾਣਦੇ ਹਨ ਕਿ ਤਾਨਾਸ਼ਾਹ ਸਰਕਾਰਾਂ ਆਮ ਕਰ ਕੇ ਵਿਚਾਰਾਂ ਦੇ ਕਿਸੇ ਵੀ ਪ੍ਰਗਟਾਵੇ ਦੀ ਆਜ਼ਾਦੀ ਦਾ ਦਮਨ ਕਰਨ ਦੀਆਂ ਹਾਮੀ ਹੁੰਦੀਆਂ ਹਨ।" ਦਰਅਸਲ ਅਜਿਹੀਆਂ ਸਰਕਾਰਾਂ ਇਸ ਵਿਚਾਰ ਤੋਂ ਪ੍ਰੇਰਿਤ ਹੁੰਦੀਆਂ ਹਨ ਕਿ 'ਲੋਕਾਂ ਨੂੰ ਜਿੰਨਾ ਜ਼ਿਆਦਾ ਹਨੇਰੇ ਵਿਚ ਰੱਖਿਆ ਜਾਵੇਗਾ, ਓਨਾ ਹੀ ਹਾਕਮਾਂ ਨੂੰ ਵੱਧ ਫਾਇਦਾ ਹੋਵੇਗਾ'। ਇਕ ਹੋਰ ਸੰਸਥਾ ਰਿਪੋਰਟਰਜ਼ ਵਿਦਾਊਟ ਬੌਰਡਰਜ਼ ਹਰ ਸਾਲ ਪ੍ਰੈਸ ਦੀ ਆਜ਼ਾਦੀ ਸਬੰਧੀ ਸੂਚਕ ਅੰਕ ਤਿਆਰ ਕਰਦੀ ਹੈ। ਇਸ 'ਚ ਭਾਰਤ 2010 ਵਿਚ 105ਵੇਂ ਸਥਾਨ 'ਤੇ ਸੀ। ਇਕ ਦਹਾਕਾ ਬਾਅਦ ਇਹ 142ਵੇਂ ਸਥਾਨ ਤੱਕ ਖਿਸਕ ਗਿਆ ਹੈ।


ਭਾਰਤ ਦਾ ਸਥਾਨ ਖਿਸਕਣ ਦੇ ਇਸ ਆਜ਼ਾਦ ਮੁਲੰਕਣ ਦੀ ਮੇਰਾ ਜ਼ਾਤੀ ਤਜਰਬਾ ਤਸਦੀਕ ਕਰਦਾ ਹੈ। ਮੈਂ ਅਖਬਾਰਾਂ ਤੇ ਵੈਬਸਾਈਟਾਂ ਲਈ ਲਿਖਣ ਦੇ ਆਪਣੇ 30 ਸਾਲਾਂ ਦੇ ਸਫਰ ਦੌਰਾਨ ਦੇਖਿਆ ਕਿ ਮੀਡੀਆ ਮਾਲਕਾਂ ਤੇ ਸੰਪਾਦਕਾਂ ਉਤੇ ਦਬਾਅ ਬਹੁਤ ਵਧਿਆ ਹੈ। ਕਿਸੇ ਸਮੇਂ ਮਾਲਕਾਂ ਦੀ ਚਿੰਤਾ ਤਾਕਤਵਰ ਸਿਆਸਤਦਾਨਾਂ ਨਾਲੋਂ ਅਹਿਮ ਇਸ਼ਤਿਹਾਰੀ ਗਾਹਕਾਂ ਨੂੰ ਨਾਰਾਜ਼ ਨਾ ਕਰ ਲੈਣ ਦੀ ਹੁੰਦੀ ਸੀ; ਪਰ ਹੁਣ ਇਹ ਹਾਲਤ ਬਿਲਕੁਲ ਬਦਲ ਚੁੱਕੀ ਹੈ। ਸਾਡੇ ਪ੍ਰਧਾਨ ਮੰਤਰੀ ਨੂੰ ਪ੍ਰੈਸ ਦੀ ਆਜ਼ਾਦੀ ਬਿਲਕੁਲ ਪਸੰਦ ਨਹੀਂ - ਪਰ ਸਾਡੇ ਬਹੁਤੇ (ਜਾਂ ਸਾਰੇ ਹੀ) ਮੁੱਖ ਮੰਤਰੀਆਂ ਦੀ ਹਾਲਤ ਵੀ ਵੱਖਰੀ ਨਹੀਂ। ਬੀਤੇ ਕੁਝ ਸਾਲਾਂ ਤੋਂ ਭਾਰਤ ਭਰ ਵਿਚ ਸਿਆਸਤਦਾਨਾਂ ਵਲੋਂ ਸੰਪਾਦਕਾਂ ਨੂੰ ਡਰਾਉਣਾ-ਧਮਕਾਉਣਾ ਆਮ ਗੱਲ ਹੋ ਗਈ ਹੈ, ਪਰ ਹੁਣ ਤਾਂ ਉਨ੍ਹਾਂ ਨੂੰ ਕੇਸਾਂ ਵਿਚ ਫਸਾਉਣ ਲਈ ਐਫ.ਆਈ.ਆਰਜ਼ ਦਰਜ ਕਰਨਾ ਵੀ ਆਮ ਹੈ।

ਇਸ ਦੇ ਬਾਵਜੂਦ ਅੱਜ ਵੀ ਭਾਰਤ ਵਿਚ ਕਈ ਦਲੇਰ ਤੇ ਆਜ਼ਾਦ-ਖਿਆਲ ਅਖਬਾਰ ਤੇ ਵੈਬਸਾਈਟਾਂ ਸਰਗਰਮ ਹਨ, ਨਾਲ ਹੀ ਕਾਫੀ ਨਿਡਰ ਤੇ ਅਣਥੱਕ ਪੱਤਰਕਾਰ ਵੀ ਪਰ ਕੁੱਲ ਮਿਲਾ ਕੇ ਹਾਲਾਤ ਨਿਰਾਸ਼ਾਜਨਕ ਹਨ। ਇਸ ਸਮੇਂ ਭਾਰਤੀ ਪ੍ਰੈਸ ਐਮਰਜੈਂਸੀ ਤੋਂ ਬਾਅਦ ਦੇ ਕਿਸੇ ਵੀ ਦੌਰ ਦੇ ਮੁਕਾਬਲੇ ਸਰਕਾਰੀ ਧੌਂਸ ਦੇ ਵੱਧ ਖਤਰੇ 'ਚ ਅਤੇ ਘੱਟ ਆਜ਼ਾਦੀ ਵਾਲੀ ਹਾਲਤ ਵਿਚ ਹੈ। ਜੇ ਰਾਜਾ ਰਾਮ ਮੋਹਨ ਰਾਏ ਅੱਜ ਜ਼ਿੰਦਾ ਹੁੰਦੇ ਤਾਂ ਉਨ੍ਹਾਂ ਨੂੰ ਇਸ ਵਿਸ਼ੇ ਉਤੇ ਮੌਕੇ ਦੇ ਹਾਕਮਾਂ ਨੂੰ ਇਕ ਨਵਾਂ ਯਾਦ ਪੱਤਰ ਦੇਣਾ ਪੈਂਦਾ - ਭਾਵੇਂ ਇਸ ਗੱਲ ਦੇ ਬਹੁਤ ਆਸਾਰ ਹਨ ਕਿ ਇਸ ਪ੍ਰਤੀ ਜ਼ੋਰਦਾਰ ਖਾਮੋਸ਼ੀ ਧਾਰ ਲਈ ਜਾਂਦੀ ਜਾਂ ਸ਼ਾਇਦ ਉਨ੍ਹਾਂ ਖਿਲਾਫ ਦੇਸ਼ ਧਰੋਹ ਦਾ ਮੁਕੱਦਮਾ ਦਰਜ ਹੋ ਜਾਂਦਾ।

# ਆਰ. ਐਸ. ਐਸ. ਵਲੋਂ ਸਿਲੇਬਸ ਦੀ ਵੱਢ-ਟੁੱਕ

***ਡਾ. ਰਾਮ ਪੁਨਿਆਨੀ ਸਿਰਕੱਢ ਬੁੱਧੀਜੀਵੀ ਹੋਣ ਦੇ ਨਾਲ-ਨਾਲ ਵਧੀਆ ਆਲੋਚਕ, ਤਬਸਰਾਕਾਰ ਅਤੇ ਤਿੰਨ ਦਰਜਨ ਤੋਂ ਉਪਰ ਕਿਤਾਬਾਂ ਦੇ ਲੇਖਕ ਹਨ। ਉਹ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ, ਮੁੰਬਈ ਦੇ ਸਾਬਕਾ ਪ੍ਰੋਫੈਸਰ ਹਨ। ਉਹ ਆਰ.ਐਸ.ਐਸ. ਦੇ ਖਤਰਨਾਕ ਏਜੰਡਿਆਂ ਬਾਰੇ ਅਕਸਰ ਲਿਖਦੇ ਰਹਿੰਦੇ ਹਨ। ਇਸ ਲੇਖ ਵਿਚ ਉਨ੍ਹਾਂ ਆਰ.ਐਸ.ਐਸ.-ਭਾਜਪਾ ਸਰਕਾਰ ਵਲੋਂ ਸਿਲੇਬਸ ਵਿਚ ਰੱਦੋ-ਬਦਲ ਕਰਨ ਦੇ ਹਾਲੀਆ ਯਤਨਾਂ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਦੇ ਇਸ ਅਹਿਮ ਲੇਖ ਦਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

ਕਰੋਨਾ ਨੇ ਜਿਥੇ ਕੁਲ ਆਲਮ 'ਚ ਕਹਿਰ ਵਰਤਾਇਆ ਹੈ, ਉਥੇ ਕਈ ਮੁਲਕਾਂ ਦੇ ਹਾਕਮ ਇਸ ਮਹਾਮਾਰੀ ਦੇ ਬਹਾਨੇ ਆਪਣੇ ਤੰਗਨਜ਼ਰ ਮਨੋਰਥ ਪੂਰੇ ਕਰਨ 'ਚ ਜੁਟੇ ਹੋਏ ਹਨ। ਕਈ ਮੁਲਕਾਂ ਵਿਚ ਜਮਹੂਰੀ ਹੱਕ ਛਾਂਗੇ ਰਹੇ ਹਨ। ਇਸ ਵਿਰੁਧ ਅਮਰੀਕਾ ਵਿਚ ਮੁਹਿੰਮ ਸ਼ੁਰੂ ਹੋਈ ਹੈ। ਇਸ ਮਾਹੌਲ ਤਹਿਤ ਧੌਂਸਬਾਜ਼ ਵਿਚਾਰਧਾਰਾ ਨਾਲ ਸਹਿਮਤ ਹੋਣ ਉਪਰ ਜ਼ੋਰ ਦਿੱਤਾ ਜਾ ਰਿਹਾ ਹੈ, ਸੁਤੰਤਰ ਬਹਿਸ ਉਪਰ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਇਹ ਸਭ ਭਾਰਤ ਵਿਚ ਵੀ ਹੋ ਰਿਹਾ ਹੈ। ਫਿਰਕੂ ਤਾਕਤਾਂ ਨੇ ਪਹਿਲਾਂ ਕਰੋਨਾ ਵਾਇਰਸ



ਫੈਲਾਉਣ ਲਈ ਮੁਸਲਮਾਨਾਂ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਹੁਣ ਪਾਠਕ੍ਰਮ ਨੂੰ 'ਸੌਖਾ' ਬਣਾਉਣ ਦੇ ਨਾਂ ਹੇਠ ਭਾਰਤੀ ਰਾਸ਼ਟਰਵਾਦ ਦੀਆਂ ਮੂਲ ਧਾਰਨਾਵਾਂ ਨਾਲ ਸੰਬੰਧਿਤ ਅਧਿਆਏ

**ਡਾ. ਰਾਮ ਪੁਨਿਆਨੀ**
**ਅਨੁਵਾਦ: ਬੂਟਾ ਸਿੰਘ**

ਪਾਠ ਪੁਸਤਕਾਂ ਵਿਚੋਂ ਹਟਾਏ ਜਾ ਰਹੇ ਹਨ।

ਫੈਡਰਲਿਜ਼ਮ, ਨਾਗਰਿਕਤਾ, ਕੌਮੀਅਤ, ਧਰਮ ਨਿਰਪੱਖਤਾ, ਮਨੁੱਖੀ ਹੱਕ, ਕਾਨੂੰਨੀ ਸਹਾਇਤਾ ਅਤੇ ਮੁਕਾਮੀ ਸਵੈ-ਸਾਸ਼ਨ ਸੰਸਥਾਵਾਂ ਨਾਲ ਸੰਬੰਧਿਤ ਸਮੱਗਰੀ ਸਿਲੇਬਸ ਦੀਆਂ ਕਿਤਾਬਾਂ ਵਿਚੋਂ ਹਟਾਈ ਜਾ ਰਹੀ ਹੈ। ਫਿਰਕੂ ਤਾਕਤਾਂ ਲਈ ਸਿੱਖਿਆ ਦਾ ਖੇਤਰ ਸਦਾ ਹੀ ਬਹੁਤ ਮਹੱਤਵਪੂਰਨ ਰਿਹਾ ਹੈ। ਉਹ ਲਗਾਤਾਰ ਇਹ ਦਾਅਵਾ ਕਰਦੀਆਂ ਆ ਰਹੀਆਂ ਹਨ ਕਿ ਸਿਲੇਬਸਾਂ ਦਾ 'ਭਾਰਤੀਕਰਨ' ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਨੂੰ ਬਣਾਉਣ ਵਿਚ ਖੱਬੇ-ਪੱਖੀਆਂ ਦੀ ਭੂਮਿਕਾ ਹੋਣ ਕਾਰਨ ਉਨ੍ਹਾਂ ਉਪਰ ਮੈਕਾਲੇ, ਮਾਰਕਸ ਅਤੇ ਮੁਹੰਮਦ ਦਾ ਪ੍ਰਭਾਵ ਰਿਹਾ ਹੈ। ਸਿਲੇਬਸ ਦੇ 'ਭਾਰਤੀਕਰਨ' ਦਾ ਪਹਿਲਾ ਯਤਨ 1998 ਵਿਚ ਕੀਤਾ ਗਿਆ ਸੀ। ਤੱਤਕਾਲੀ ਐਨ.ਡੀ.ਏ. (ਕੌਮੀ ਜਮਹੂਰੀ ਗੱਠਜੋੜ) ਸਰਕਾਰ ਵਿਚ ਮਨੁੱਖੀ ਵਸੀਲੇ ਵਿਕਾਸ ਮੰਤਰੀ ਮੁਰਲੀ ਮਨੋਹਰ ਜੋਸ਼ੀ ਨੇ ਸਿਲੇਬਸ ਵਿਚ ਰੱਦੋਬਦਲ ਕੀਤੀ ਸੀ ਜਿਨ੍ਹਾਂ ਨੂੰ 'ਸਿੱਖਿਆ ਦਾ ਭਗਵਾਂਕਰਨ' ਨਾਮ ਦਿੱਤਾ ਗਿਆ ਸੀ। ਉਸ ਵਕਤ ਸੱਜੇਪੱਖੀ ਅਤੇ ਫਿਰਕੂ ਤਾਕਤਾਂ ਦਾ ਮੁੱਖ ਨਿਸ਼ਾਨਾ ਸਮਾਜ ਵਿਗਿਆਨ, ਖਾਸ ਤੌਰ'ਤੇ ਇਤਿਹਾਸ ਸੀ। ਉਦੋਂ ਵੱਖ-ਵੱਖ ਸਿਲੇਬਸ ਵਿਚ ਪ੍ਰਸੰਗ ਨਾਲੋਂ ਟੁੱਟੇ ਸੰਸਕ੍ਰਿਤ ਦੇ ਸ਼ਲੋਕ ਅਤੇ ਜੋਤਿਸ਼ ਵਰਗੇ ਵਿਸ਼ੇ ਅਤੇ ਨਾਲ ਹੀ ਕਿਤਾਬਾਂ ਵਿਚ ਜਾਤਪਾਤ ਦੀ ਵਿਵਸਥਾ ਅਤੇ ਹਿਟਲਰ ਮਾਰਕਾ ਰਾਸ਼ਟਰਵਾਦ ਦੇ ਹੱਕ ਵਿਚ ਦਲੀਲਾਂ ਦਿੰਦੇ ਅਧਿਆਏ ਜੋੜੇ ਗਏ ਸਨ।

2004 'ਚ ਐਨ.ਡੀ.ਏ. ਸਰਕਾਰ ਦੇ ਸੱਤਾ ਤੋਂ ਬਾਹਰ ਹੋਣ ਤੋਂ ਬਾਅਦ ਬਣੀ ਯੂ.ਪੀ.ਏ. (ਸਾਂਝਾ ਪ੍ਰਗਤੀਸ਼ੀਲ ਗੱਠਜੋੜ) ਦੀ ਸਰਕਾਰ ਨੇ ਇਨ੍ਹਾਂ ਵਿਚੋਂ ਕੁਝ ਗੜਬੜਾਂ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਕੀਤੀ। 2014 ਤੋਂ ਬਾਅਦ, ਸਿੱਖਿਆ ਦੇ ਖੇਤਰ ਵਿਚ ਕੰਮ ਕਰਨ ਵਾਲਾ ਆਰ.ਐਸ.ਐਸ. ਦਾ ਖੋਜ ਵਿਭਾਗ ਬੇਹੱਦ ਸਰਗਰਮ ਹੋ ਗਿਆ। ਉਨ੍ਹਾਂ ਦਾ ਯਤਨ ਹੈ ਕਿ ਮਨੁੱਖੀ ਵਸੀਲੇ ਵਿਕਾਸ ਮੰਤਰਾਲੇ ਦੀ ਮਦਦ ਨਾਲ ਸਿਲੇਬਸ ਵਿਚ ਹਿੰਦੂ ਰਾਸ਼ਟਰਵਾਦੀ ਏਜੰਡੇ ਦੇ ਅਨੁਸਾਰ ਰੱਦੋ-ਬਦਲ ਕਰ ਦਿੱਤੀ ਜਾਵੇ। ਸੰਘ ਪਰਿਵਾਰ ਦੀ ਮੈਂਬਰ ਸੰਸਥਾ ਹੈ 'ਸਿਕਸ਼ਾ ਸੰਸਕ੍ਰਿਤੀ ਉਥਾਨ ਨਿਆਸ'। ਇਹ ਚਾਹੁੰਦੀ ਹੈ ਕਿ ਕਿਤਾਬਾਂ ਵਿਚੋਂ ਹਿੰਦੀ ਅਤੇ ਉਰਦੂ ਦੇ ਸ਼ਬਦ ਕੱਢ ਦਿੱਤੇ ਜਾਣ। ਇਸ ਦੀ ਮੰਗ ਇਹ ਵੀ ਹੈ ਕਿ ਰਾਸ਼ਟਰਵਾਦ ਉਪਰ ਰਵੀਂਦਰਨਾਥ ਟੈਗੋਰ ਦੇ ਵਿਚਾਰ, ਐਮ. ਐਫ.ਹੁਸੈਨ ਦੀ ਸਵੈਜੀਵਨੀ ਦੇ ਅੰਸ਼ ਅਤੇ ਮੁਸਲਿਮ ਰਾਜਿਆਂ ਦੀ ਦਰਿਆਦਿਲੀ ਦੇ ਹਵਾਲਿਆਂ ਸਮੇਤ ਉਹ ਤਮਾਮ ਹਿੱਸੇ ਕਿਤਾਬਾਂ ਵਿਚੋਂ ਕੱਢ ਦਿੱਤੇ ਜਾਣ ਜਿਨ੍ਹਾਂ ਵਿਚ ਭਾਜਪਾ ਨੂੰ ਹਿੰਦੂ ਪਾਰਟੀ ਦੱਸਿਆ ਗਿਆ ਹੈ। ਜਿਥੇ ਡਾ. ਮਨਮੋਹਨ ਸਿੰਘ ਵਲੋਂ ਸਿੱਖ ਵਿਰੋਧੀ ਦੰਗਿਆਂ (ਕਤਲੇਆਮ 1984) ਦੇ ਲਈ ਮੁਆਫੀ ਮੰਗੇ ਜਾਣ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਗੁਜਰਾਤ ਦੇ 2002 ਦੇ ਕਤਲੇਆਮ ਵਿਚ ਹੋਏ ਭਾਰੀ ਖੂਨ-ਖਰਾਬੇ ਦੀ ਚਰਚਾ ਕੀਤੀ ਗਈ ਹੈ। ਉਹ ਇਸ ਨੂੰ ਸਿਲੇਬਸ ਦਾ 'ਭਾਰਤੀਕਰਨ' ਕਰਨਾ ਮੰਨਦੇ ਹਨ।

ਸੰਘ ਦਾ ਜਾਲ ਬਹੁਤ ਲੰਮਾ-ਚੌੜਾ ਹੈ। ਸੰਘ ਦੇ ਪ੍ਰਚਾਰਕ ਦੀਨਾਨਾਥ ਬਤਰਾ ਨੇ 'ਸਿੱਖਿਆ ਬਚਾਓ ਮੁਹਿੰਮ ਕਮੇਟੀ' ਬਣਾਈ ਜੋ ਵੱਖ-ਵੱਖ ਪ੍ਰਕਾਸ਼ਕਾਂ ਉਪਰ ਦਬਾਓ ਪਾਉਂਦੀ ਰਹੀ ਹੈ ਕਿ ਉਹ ਉਨ੍ਹਾਂ ਕਿਤਾਬਾਂ ਦਾ ਪ੍ਰਕਾਸ਼ਨ ਬੰਦ ਕਰ ਦੇਣ ਜੋ ਸੰਘ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੀਆਂ।

ਸਾਨੂੰ ਸਾਰਿਆਂ ਨੂੰ ਚੇਤੇ ਹੈ ਕਿ ਇਨ੍ਹਾਂ ਹੀ ਤਾਕਤਾਂ ਨੇ ਮਸ਼ਹੂਰ ਵਿਦਵਾਨ ਵੈਂਡੀ ਡੌਨੀਜਰ ਦੀ ਕਿਤਾਬ 'ਦਿ ਹਿੰਦੂ' ਉਪਰ ਪਾਬੰਦੀ ਲਗਾਉਣ ਦੀ ਮੰਗ ਕੀਤੀ ਸੀ, ਕਿਉਂਕਿ ਆਰ.ਐਸ.ਐਸ. ਅਨੁਸਾਰ ਡੌਨੀਜਰ ਦੀ ਕਿਤਾਬ ਪੁਰਾਤਨ ਭਾਰਤ ਦੀ ਉਸ ਤਰੀਕੇ ਨਾਲ ਨੁਮਾਇੰਦਗੀ ਨਹੀਂ ਕਰਦੀ, ਜਿਵੇਂ ਇਸ ਨੂੰ ਕਰਨੀ 'ਚਾਹੀਦੀ' ਹੈ, ਇਹ ਦਲਿਤਾਂ ਅਤੇ ਔਰਤਾਂ ਦੇ ਸਰੋਕਾਰਾਂ ਦੇ ਭਵਿਖ-ਨਕਸ਼ੇ ਨਾਲ ਪੁਰਾਤਨ ਭਾਰਤ ਨੂੰ ਦੇਖਦੀ ਹੈ। ਬਤਰਾ ਨੇ ਸਕੂਲਾਂ ਲਈ ਨੌਂ ਕਿਤਾਬਾਂ ਦਾ ਸੈੱਟ ਛਾਪਿਆ ਹੈ, ਜਿਨ੍ਹਾਂ ਵਿਚ ਭਾਰਤ ਦੇ ਇਤਿਹਾਸ ਨੂੰ ਆਰ.ਐਸ.ਐਸ. ਦੀ ਐਨਕ ਨਾਲ ਦੇਖਿਆ ਗਿਆ ਹੈ ਅਤੇ ਸਮਾਜ ਵਿਗਿਆਨਾਂ ਦੀ ਸੰਘੀ ਸਮਝ ਨੂੰ ਪੇਸ਼ ਕੀਤਾ ਗਿਆ



ਹੈ। ਇਨ੍ਹਾਂ ਕਿਤਾਬਾਂ ਦਾ ਗੁਜਰਾਤੀ ਵਿਚ ਅਨੁਵਾਦ ਹੋ ਚੁੱਕਾ ਹੈ ਅਤੇ ਰਾਜ ਦੇ ਪ੍ਰਾਇਮਰੀ ਤੋਂ ਉਪਰਲੇ ਸਕੂਲਾਂ ਵਿਚ ਇਹ ਕਿਤਾਬਾਂ ਜੁਲਾਈ 2014 ਤੋਂ ਪੜ੍ਹਾਈਆਂ ਜਾ ਰਹੀਆਂ ਹਨ। ਇਨ੍ਹਾਂ ਵਿਚ 'ਆਰੀਅਨ' ਪੱਖੀ ਅਤੇ 'ਪੱਛਮੀ' ਵਿਰੋਧੀ ਵਿਚਾਰਾਂ ਦੀ ਭਰਮਾਰ ਹੈ। ਇਨ੍ਹਾਂ ਵਿਚੋਂ ਇਕ ਕਿਤਾਬ 'ਸ਼ਿਕਸ਼ਾਨ ਮਾ ਤ੍ਰਿਵੇਨੀ' ਵਿਚ ਬਤਰਾ ਲਿਖਦਾ ਹੈ, "ਜੋ ਵਿਦਿਆਰਥੀ ਨਿੱਤ ਆਰ.ਐਸ.ਐਸ. ਦੀ ਸ਼ਾਖਾ ਵਿਚ ਜਾਂਦਾ ਹੈ, ਉਹ ਆਪਣੀ ਜ਼ਿੰਦਗੀ ਵਿਚ ਚਮਤਕਾਰੀ ਬਦਲਾਓ ਮਹਿਸੂਸ ਕਰਦਾ ਹੈ।"

ਭਾਰਤੀ ਰਾਸ਼ਟਰਵਾਦ, ਧਰਮ ਨਿਰਪੱਖਤਾ ਤੇ ਮਨੁੱਖੀ ਹੱਕਾਂ ਨਾਲ ਸੰਬੰਧਤ ਅਧਿਆਏ ਸਿਲੇਬਸ ਵਿਚੋਂ ਹਟਾਉਣ ਦਾ ਹਾਲੀਆ ਫੈਸਲਾ ਇਸੇ ਦਿਸ਼ਾ ਵਿਚ ਇਕ ਹੋਰ ਕਦਮ ਹੈ। ਇਹ ਉਹ ਸ਼ਬਦ ਹਨ ਜੋ ਹਿੰਦੂ ਰਾਸ਼ਟਰਵਾਦੀਆਂ ਨੂੰ ਬੇਚੈਨ ਅਤੇ ਅਸਹਿਜ ਕਰ ਦਿੰਦੇ ਹਨ। ਆਰ.ਐਸ.ਐਸ. ਅਤੇ ਇਸ ਨਾਲ ਸਬੰਧਤ ਜਥੇਬੰਦੀਆਂ ਤੇ ਇਨ੍ਹਾਂ ਦੇ ਹਮਾਇਤੀ ਅਨਸਰ ਜਦ ਵੀ ਸੱਤਾ 'ਚ ਆਏ, ਇਹ ਲੰਮੇ ਸਮੇਂ ਤੋਂ ਧਰਮ ਨਿਰਪੱਖਤਾ ਨੂੰ ਬਦਨਾਮ ਕਰਦੇ ਆਏ ਹਨ। ਆਰ.ਐਸ.ਐਸ. ਅਤੇ ਇਸ ਦੇ ਹਮਾਇਤੀਆਂ ਨੂੰ ਧਰਮ ਨਿਰਪੱਖਤਾ ਤੋਂ ਐਨੀ ਚਿੜ੍ਹ ਹੈ ਕਿ 2015 ਦੇ ਗਣਤੰਤਰ ਦਿਵਸ ਦੀ ਪੂਰਵ-ਸੰਧਿਆ ਮੌਕੇ ਸਰਕਾਰ ਵਲੋਂ ਜਾਰੀ ਇਸ਼ਤਿਹਾਰ ਵਿਚ ਸੰਵਿਧਾਨ ਦੀ ਆਦਿਕਾ ਦਾ ਜ਼ਿਕਰ ਹੀ ਗਾਇਬ ਸੀ। ਪਿਛਲੇ ਕੁਝ ਦਹਾਕਿਆਂ ਵਿਚ ਰਾਮ ਮੰਦਰ ਅੰਦੋਲਨ ਦੇ ਜ਼ੋਰ ਫੜਨ ਦੇ ਨਾਲ-ਨਾਲ ਭਾਰਤੀ ਸੁਤੰਤਰਤਾ ਸੰਗਰਾਮ ਦੇ ਧਰਮ ਨਿਰਪੇਖ ਖਾਸੇ ਅਤੇ ਸੰਵਿਧਾਨ ਦੇ ਧਰਮ ਨਿਰਪੇਖ ਮੁੱਲਾਂ ਨੂੰ ਰੱਦ ਕਰਨ ਦੇ ਯਤਨ ਲਗਾਤਾਰ ਕੀਤੇ ਜਾ ਰਹੇ ਹਨ। ਬਹੁਤ ਸਾਰੇ ਆਰ.ਐਸ.ਐਸ. ਚਿੰਤਕ ਤੇ ਭਾਜਪਾ ਆਗੂ ਇਸੇ ਨੂੰ ਲੈ ਕੇ ਸੰਵਿਧਾਨ ਵਿਚ ਰੱਦੋਬਦਲ ਕੀਤੇ ਜਾਣ ਦੀ ਮੰਗ ਕਰਦੇ ਰਹੇ ਹਨ।

ਧਰਮ ਨਿਰਪੇਖਤਾ ਭਾਰਤੀ ਰਾਸ਼ਟਰਵਾਦ ਦੀ ਧਾਰਨਾ ਦਾ ਸ਼੍ਰੇਸ਼ਟ ਹਿੱਸਾ ਹੈ। ਧਾਰਮਿਕ ਅਤੇ ਫਿਰਕੂ ਰਾਸ਼ਟਰਵਾਦ ਦੇ ਹਮਾਇਤੀ ਕਈ ਵਿਦਿਆਰਥੀ ਆਗੂਆਂ ਉਪਰ ਹਮਲੇ ਕਰਦੇ ਰਹੇ ਹਨ। ਭਾਰਤੀ ਰਾਸ਼ਟਰਵਾਦ ਦਾ ਅਧਿਐਨ ਕਰਨ 'ਤੇ ਅਸੀਂ ਦੇਖਦੇ ਹਾਂ ਕਿ ਸਾਡਾ ਸੁਤੰਤਰਤਾ ਸੰਗਰਾਮ ਕਿੰਨਾ ਵੰਨ-ਸਵੰਨਾ ਅਤੇ ਬਹੁਵਾਦੀ ਸੀ। ਭਾਰਤ ਦਾ ਸੁਤੰਤਰਤਾ ਸੰਗਰਾਮ ਭਾਰਤੀ ਰਾਸ਼ਟਰਵਾਦ ਦੇ ਮੁੱਲਾਂ ਵਿਚ ਸੰਜੋਇਆ ਹੋਇਆ ਸੀ ਅਤੇ ਇਹੀ ਵਜ੍ਹਾ ਹੈ ਕਿ ਹਿੰਦੂ ਅਤੇ ਮੁਸਲਿਮ ਫਿਰਕਾਪ੍ਰਸਤ ਸਾਡੇ ਮੁਲਕ ਉਪਰ ਰਾਜ ਕਰਨ ਵਾਲੇ ਆਪਣੇ ਬਸਤੀਵਾਦੀ ਬੌਸਾਂ ਵਿਰੁੱਧ ਇਸ ਮਹਾਂ-ਸੰਗਰਾਮ ਤੋਂ ਦੂਰ ਰਹੇ। ਇਸੇ ਮਹਾਂ-ਸੰਗਰਾਮ ਵਿਚੋਂ ਵੰਨ-ਸਵੰਨਤਾ ਵਾਲਾ ਭਾਰਤ ਉਪਜਿਆ।

ਭਾਰਤ ਵਿਚ ਸਾਰੇ ਨਾਗਰਿਕਾਂ ਨੂੰ ਬਰਾਬਰ ਹੱਕ ਹੈ, ਇਸ ਲਈ ਨਾਗਰਿਕਤਾ ਨਾਲ ਸੰਬੰਧਿਤ ਸਾਰੇ ਅਧਿਆਏ ਹਟਾ ਦਿੱਤੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਫੈਡਰਲਿਜ਼ਮ ਰਾਜਨੀਤਕ ਤੇ ਪ੍ਰਸ਼ਾਸਨਿਕ ਢਾਂਚੇ ਦਾ ਆਧਾਰ ਹੈ। ਜਿਉਂ-ਜਿਉਂ ਤਾਨਾਸ਼ਾਹ ਪ੍ਰਵਿਰਤੀਆਂ ਵਿਚ ਇਜ਼ਾਫਾ ਹੁੰਦਾ ਜਾਵੇਗਾ, ਤਿਉਂ-ਤਿਉਂ ਫੈਡਰਲਿਜ਼ਮ ਕਮਜ਼ੋਰ ਹੁੰਦਾ ਜਾਵੇਗਾ, ਇਸੇ ਕਰ ਕੇ ਫੈਡਰਲਿਜ਼ਮ ਬਾਬਤ ਸਮੱਗਰੀ ਨੂੰ ਪਾਠ-ਪੁਸਤਕਾਂ ਵਿਚੋਂ ਹਟਾਇਆ ਜਾ ਰਿਹਾ ਹੈ। ਸੱਤਾ ਦਾ ਵਿਕੇਂਦਰੀਕਰਨ, ਲੋਕਤੰਤਰ ਦਾ ਮੂਲ ਹੈ। ਸੱਚਾ ਲੋਕਤੰਤਰ ਉਹੀ ਹੈ ਜਿਸ ਵਿਚ ਸੱਤਾ ਆਮ ਨਾਗਰਿਕਾਂ ਦੇ ਹੱਥਾਂ ਤੱਕ ਪਹੁੰਚੇ। ਮੁਕਾਮੀ ਸਵੈਰਾਜੀ ਸੰਸਥਾਵਾਂ ਇਹੀ ਕਰਦੀਆਂ ਹਨ। ਤਾਕਤਾਂ ਅਤੇ ਹੱਕਾਂ ਨੂੰ ਕੇਂਦਰ ਅਤੇ ਰਾਜ ਸਰਕਾਰਾਂ, ਸ਼ਹਿਰੀ ਸਵੈਰਾਜੀ ਸੰਸਥਾਵਾਂ ਅਤੇ ਪੰਚਾਇਤਾਂ ਦਰਮਿਆਨ ਵੰਡਿਆ ਗਿਆ ਹੈ। ਸੰਘਵਾਦ ਅਤੇ ਮੁਕਾਮੀ ਸਵੈਰਾਜੀ ਸੰਸਥਾਵਾਂ ਨਾਲ ਸੰਬੰਧਿਤ ਅਧਿਆਏ ਕੱਢ ਦੇਣ ਦਾ ਫੈਸਲਾ ਹੁਕਮਰਾਨ ਪਾਰਟੀ ਦੀ ਸੋਚ ਅਤੇ ਵਿਚਾਰਧਾਰਾ ਨੂੰ ਪ੍ਰਤੀਬਿੰਬਤ ਕਰਦਾ ਹੈ।

ਇਥੇ ਅਸੀਂ ਕੀਤੀ ਜਾ ਰਹੀ ਰੱਦੋ-ਬਦਲ ਦੇ ਤਮਾਮ ਨਿਹਿਤ ਅਰਥਾਂ ਉਪਰ ਚਰਚਾ ਨਹੀਂ ਕਰ ਰਹੇ ਲੇਕਿਨ ਮਨੁੱਖੀ ਹੱਕਾਂ ਨਾਲ ਸੰਬੰਧਿਤ ਅਧਿਆਏ ਨੂੰ ਹਟਾਉਣ ਦੇ ਫੈਸਲੇ ਦੇ ਇਕ ਪਹਿਲੂ ਉਪਰ ਨਜ਼ਰ ਮਾਰਨਾ ਜ਼ਰੂਰੀ ਹੈ। ਮਨੁੱਖੀ ਹੱਕ ਅਤੇ ਮਨੁੱਖੀ ਮਾਣ-ਸਨਮਾਨ ਇਕ ਦੂਜੇ ਨਾਲ ਅਟੁੱਟ ਰੂਪ 'ਚ ਜੁੜੇ ਹੋਏ ਹਨ। ਭਾਰਤ ਨੇ ਸੰਯੁਕਤ ਰਾਸ਼ਟਰ ਸੰਘ ਦੇ ਕਈ ਮਨੁੱਖੀ ਹੱਕਾਂ ਦੇ ਐਲਾਨਨਾਮਿਆਂ ਉਪਰ ਦਸਤਖਤ ਕੀਤੇ ਹੋਏ ਹਨ। ਹੁਣ ਜੋ ਸੰਕੇਤ ਮਿਲ ਰਹੇ ਹਨ ਉਹਨਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਅੱਗੇ ਜਾ ਕੇ ਹੱਕ ਸਿਰਫ ਕੁਝ ਕੁ ਕੁਲੀਨ ਵਰਗੀ ਹਿੱਸਿਆਂ ਦੇ ਹੋਣਗੇ ਅਤੇ ਵਿਸ਼ਾਲ ਵਾਂਝੇ ਹਿੱਸਿਆਂ ਨੂੰ ਸਿਰਫ ਆਪਣੇ ਫਰਜ਼ਾਂ ਵੱਲ ਧਿਆਨ ਦੇਣ ਦੇ ਲਈ ਕਿਹਾ ਜਾਵੇਗਾ।

ਕਰੋਨਾ ਦੀ ਇਸ ਤ੍ਰਾਸਦੀ ਦੇ ਬਹਾਨੇ ਸਰਕਾਰ ਸਿੱਖਿਆ ਦੇ ਖੇਤਰ ਵਿਚ ਹੁਕਮਰਾਨ ਪਾਰਟੀ ਦੇ ਏਜੰਡੇ ਨੂੰ ਅੰਜਾਮ ਦੇਣ ਉਪਰ ਤੁਲੀ ਹੋਈ ਹੈ। ਸਿਲੇਬਸਾਂ ਦੇ ਉਨ੍ਹਾਂ ਹਿੱਸਿਆਂ ਨੂੰ ਹਟਾਇਆ ਜਾ ਰਿਹਾ ਹੈ ਜੋ ਹੁਕਮਰਾਨ ਪਾਰਟੀ ਨੂੰ ਚੁਭਦੇ ਹਨ। ਇਸ ਤੋਂ ਇਲਾਵਾ, ਸਰਕਾਰ ਸਿਲੇਬਸਾਂ ਦਾ 'ਭਾਰਤੀਕਰਨ' ਕਰਨ ਦੀ ਸੰਘ ਪਰਿਵਾਰ ਦੀ ਮੰਗ ਨੂੰ ਪੂਰਾ ਕਰਨ ਲਈ ਵੀ ਪੂਰਾ ਧਿਆਨ ਦੇ ਰਹੀ ਹੈ। ਜੇ ਇਹ ਸਭ ਕੁਝ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਹੋ ਸਕਦਾ ਹੈ ਕਿ ਸਾਡੇ ਬੱਚੇ ਹੁਣ ਇਹ ਪੜ੍ਹਨ ਕਿ ਰਮਾਇਣ ਅਤੇ ਮਹਾਂਭਾਰਤ ਵਿਚ ਵਰਨਣ ਕੀਤਾ ਘਟਨਾਕ੍ਰਮ ਸੱਚੀਮੁੱਚੀ ਹੋਇਆ ਸੀ ਅਤੇ ਪੁਰਾਤਨ ਭਾਰਤ ਵਿਚ ਸਟੈੱਮਸੈੱਲ ਤਕਨੀਕ ਤੋਂ ਲੈ ਕੇ ਪਲਾਸਟਿਕ ਸਰਜਰੀ ਤੱਕ ਸਭ ਕੁਛ ਵਾਪਰਿਆ ਸੀ; ਤੇ ਹਾਂ, ਇਹ ਵੀ ਕਿ ਸਾਡੇ ਪੁਰਖੇ ਹਵਾਈ ਜਹਾਜ਼ਾਂ ਵਿਚ ਸੈਰ ਕਰਦੇ ਸਨ ਅਤੇ ਐਟਮੀ ਹਥਿਆਰ ਇਸਤੇਮਾਲ ਕਰਦੇ ਸਨ।

# ਪਾਠਕ੍ਰਮ 'ਚ ਕਟੌਤੀ ਦੇ ਮਾਇਨੇ

ਆਪਣੇ ਸਹਿਜ ਦਸਤੂਰ ਵਿਚ ਚੱਲ ਰਹੀ ਸਿੱਖਿਆ ਵਿਵਸਥਾ ਵਿਚ ਕਰੋਨਾ ਮਹਾਮਾਰੀ ਨੇ ਗਹਿਰਾ ਵਿਘਨ ਪਾਇਆ ਹੈ। ਇਸ ਨਾਲ ਸਕੂਲ ਕਾਲਜ ਪਿਛਲੇ ਤਕਰੀਬਨ ਤਿੰਨ ਮਹੀਨਿਆਂ ਤੋਂ ਬੰਦ ਪਏ ਹਨ ਅਤੇ ਅਜੇ ਵੀ ਕੋਈ ਸੁਖਾਵੀਂ ਸੂਰਤ ਨੇੜੇ-ਤੇੜੇ ਨਜ਼ਰ ਨਹੀਂ ਆ ਰਹੀ। ਮੁਸ਼ਕਿਲ ਦੀ ਇਸ ਘੜੀ ਵਿਚ ਅਧਿਆਪਕਾਂ ਨੇ ਤਕਨਾਲੋਜੀ ਦੇ ਨਾਜ਼ੁਕ ਆਸਰੇ ਤੇ ਟਿਕੇ ਬਦਲਵੇਂ ਪ੍ਰਬੰਧਾਂ ਰਾਹੀਂ ਦੂਰੋਂ ਹੀ ਘਰ ਬੈਠਣ ਲਈ ਮਜਬੂਰ ਹੋ ਗਏ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਦੇ ਉਪਰਾਲੇ

**ਡਾ. ਕੁਲਦੀਪ ਪੁਰੀ**
**ਫੋਨ: +91-98729-44552**

ਤਾਂ ਕੀਤੇ ਹਨ; ਨਿਰਸੰਦੇਹ ਇਹ ਬਦਲਵੇਂ ਪ੍ਰਬੰਧ ਬਾਕਾਇਦਾ ਸਕੂਲ ਵਿਚ ਅਧਿਆਪਕਾਂ ਦੇ ਰੂਬਰੂ ਅਤੇ ਸਾਥੀ ਵਿਦਿਆਰਥੀਆਂ ਦੀ ਸੰਗਤ ਵਿਚ ਬੈਠ ਕੇ ਪ੍ਰਾਪਤ ਕੀਤੀ ਵਿਦਿਆ ਦੇ ਮੇਚ ਦੇ ਤਾਂ ਹੋ ਹੀ ਨਹੀਂ ਸਕਦੇ ਸਨ। ਅਧਿਆਪਕਾਂ ਦੇ ਇਨ੍ਹਾਂ ਜਤਨਾਂ ਦੇ ਬਾਵਜੂਦ ਦੂਰ ਦੁਰਾਡੇ ਬਹੁਤੀਆਂ ਥਾਵਾਂ ਉਤੇ ਟੁੱਟਵੀਂ ਇੰਟਰਨੈਟ ਪਹੁੰਚ ਹੋਣ ਕਰ ਕੇ ਬੱਚਿਆਂ ਦੀ ਵੱਡੀ ਗਿਣਤੀ ਇਸ ਸਿੱਖਿਆ ਦਾ ਲਗਾਤਾਰ ਲਾਭ ਲੈਣ ਦੇ ਕਾਬਿਲ ਨਾ ਹੋ ਸਕੀ। ਕਮਜ਼ੋਰ ਆਰਥਿਕ ਹੈਸੀਅਤ ਵਾਲੇ ਮਾਪਿਆਂ ਦੇ ਬੱਚੇ ਤਾਂ ਲੋੜੀਂਦੇ ਉਪਕਰਨਾਂ ਦੀ ਅਣਹੋਂਦ ਕਰ ਕੇ ਇਸ ਦਾਇਰੇ ਵਿਚੋਂ ਬਾਹਰ ਹੋ ਹੀ ਗਏ ਅਤੇ ਅਜੇ ਵੀ ਬਾਹਰ ਹੀ ਹਨ।

ਦੁਨੀਆਂ ਭਰ ਦੇ ਮੁਲਕ ਆਪਣੇ ਬੱਚਿਆਂ ਨੂੰ ਇਸ ਮਹਾਮਾਰੀ ਦੇ ਅਸਰਾਂ ਤੋਂ ਸੰਭਾਲ ਕੇ ਰੱਖਣ ਦੇ ਨਾਲ ਨਾਲ ਉਨ੍ਹਾਂ ਦੀ ਪੜ੍ਹਾਈ ਦੀ ਵਿਵਸਥਾ ਮੁੜ ਲੀਹ ਤੇ ਲਿਆਉਣ ਦੇ ਉਪਰਾਲਿਆਂ ਵਿਚ ਰੁੱਝੇ ਹੋਏ ਹਨ। ਭਾਰਤ ਵਿਚ ਵੀ ਅਗਲੇ ਵਿਦਿਅਕ ਸਾਲ ਵਿਚ ਅਪਣਾਏ ਜਾਣ ਵਾਲੇ ਤੌਰ ਤਰੀਕਿਆਂ ਬਾਰੇ ਸੋਚ ਵਿਚਾਰ ਚੱਲ ਰਹੀ ਹੈ। ਇਸੇ ਸਿਲਸਿਲੇ ਦੀ ਕੜੀ ਵਜੋਂ ਵਿਦਿਆਰਥੀਆਂ ਉਪਰ ਪੜ੍ਹਾਈ ਦੇ ਤਣਾਅ ਨੂੰ ਘਟਾਉਣ ਦੇ ਤਰਕ ਦਾ ਹਵਾਲਾ ਦੇ ਕੇ ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰੀ ਦੀ ਅਗਵਾਈ ਵਿਚ ਸੈਕੰਡਰੀ ਬੋਰਡ ਆਫ਼ ਸਕੂਲ ਐਜੂਕੇਸ਼ਨ (ਸੀ.ਬੀ.ਐਸ.ਸੀ.) ਨੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਭਾਸ਼ਾਵਾਂ, ਸਮਾਜਿਕ ਸਿੱਖਿਆ, ਵਿਗਿਆਨ ਸਿੱਖਿਆ, ਰਾਜਨੀਤੀ ਸ਼ਾਸਤਰ, ਇਤਿਹਾਸ, ਵਣਜ ਅਤੇ ਵਪਾਰ ਸਮੇਤ ਤਕਰੀਬਨ ਸਾਰੇ ਵਿਸ਼ਿਆਂ ਦੇ ਪਾਠਕ੍ਰਮ ਵਿਚ ਤੀਹ ਫੀਸਦੀ ਤੱਕ ਕਟੌਤੀ ਕਰਨ ਦਾ ਐਲਾਨ ਕੀਤਾ ਹੈ। ਇਹ ਵੀ ਕਿਹਾ ਗਿਆ ਹੈ ਕਿ ਇਹ ਕਟੌਤੀ ਸਿਰਫ਼ ਵਿਦਿਅਕ ਸੈਸ਼ਨ 2020-21 ਵਾਸਤੇ ਹੀ ਕੀਤੀ ਗਈ ਹੈ।

ਪਾਠਕ੍ਰਮ ਦਾ ਭਾਰ ਹਲਕਾ ਕਰਨ ਲਈ ਕਈ ਅਤਿ ਮਹੱਤਵਪੂਰਨ ਅੰਸ਼ ਪਾਠ ਪੁਸਤਕਾਂ ਵਿਚੋਂ ਬਾਹਰ ਕਰ ਦਿੱਤੇ ਗਏ ਹਨ। ਇਹ ਚੇਤੇ ਕਰਨਾ ਵਾਜਿਬ ਹੋਏਗਾ ਕਿ ਪਾਠਕ੍ਰਮ ਵਿਚ ਇਹ ਕਟੌਤੀ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐਨ.ਸੀ.ਈ.ਆਰ.ਟੀ.) ਦੀਆਂ ਉਨ੍ਹਾਂ ਪਾਠ ਪੁਸਤਕਾਂ ਵਿਚ ਕੀਤੀ ਗਈ ਹੈ ਜਿਹੜੀਆਂ ਮੁਲਕ ਭਰ ਤੋਂ ਵੱਖ-ਵੱਖ ਵਿਸ਼ਿਆਂ ਦੇ ਵਿਦਵਾਨਾਂ ਦੀ ਸ਼ਮੂਲੀਅਤ ਨਾਲ ਬਣਾਏ ਗਏ ਨੈਸ਼ਨਲ ਕਰਿਕੁਲਮ ਫਰੇਮਵਰਕ-2005 ਦੀ ਭਾਵਨਾ ਅਤੇ ਸਿੱਖਿਆ ਸਿਧਾਂਤਾਂ ਦੇ ਅਨੁਕੂਲ ਤਿਆਰ ਕੀਤੀਆਂ ਗਈਆਂ ਸਨ। ਵਿਵੇਚਨਾਤਮਕ ਸਿੱਖਿਆ ਸ਼ਾਸਤਰ ਦੇ ਸੰਕਲਪ ਤੇ ਆਧਾਰਿਤ ਇਨ੍ਹਾਂ ਪਾਠ ਪੁਸਤਕਾਂ ਵਿਚ ਪਾਠਾਂ ਦੀ ਤਰਤੀਬ, ਪਾਠਾਂ ਵਿਚਲੇ ਤੱਥ ਤੇ ਤੱਥਾਂ ਦੀ ਪੇਸ਼ਕਾਰੀ ਦਾ ਅੰਦਾਜ਼ ਵਿਦਿਆਰਥੀਆਂ ਦੀ ਜਾਣਨ ਦੀ ਉਤਸੁਕਤਾ ਜਗਾਉਣ ਅਤੇ ਉਨ੍ਹਾਂ ਨੂੰ ਖੁਦ ਮਸਲਿਆਂ ਦੀ ਤਹਿ ਤੱਕ ਪਹੁੰਚਣ ਦਾ ਢੰਗ ਸਿਖਾਉਣ ਵਾਲਾ ਹੈ। ਇਨ੍ਹਾਂ ਪਾਠਾਂ ਦੀ ਬਣਤਰ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਜਮਾਤ ਦੇ ਕਮਰੇ ਵਿਚ ਅਤੇ ਬਾਹਰ, ਆਪਸੀ ਸੰਵਾਦ ਰਚਾਉਣ ਤੇ ਸਿੱਖਣ-ਸਿਖਾਉਣ ਦੀ ਨਰੋਈ ਪ੍ਰਕਿਰਿਆ ਨਾਲ ਜੋੜਦੀ ਹੈ।

ਕੇਂਦਰੀ ਮੰਤਰੀ ਦੇ ਕਥਨ ਅਨੁਸਾਰ ਉਨ੍ਹਾਂ ਨੇ ਜੂਨ ਮਹੀਨੇ ਲੋਕਾਂ ਤੋਂ ਸਕੂਲ ਪਾਠਕ੍ਰਮ ਦਾ ਭਾਰ ਹੌਲਾ ਕਰਨ ਬਾਰੇ ਸੁਝਾਅ ਮੰਗੇ ਸਨ ਅਤੇ ਇਸ ਦੇ ਹੁੰਗਾਰੇ ਵਿਚ ਪ੍ਰਾਪਤ ਹੋਏ ਤਕਰੀਬਨ ਪੰਦਰਾਂ ਸੌ ਸੁਝਾਵਾਂ ਦੇ ਆਧਾਰ ਤੇ ਵੱਖ ਵੱਖ ਗਿਆਨ ਸ਼ਾਖਾਵਾਂ ਨਾਲ ਜੁੜੇ ਵਿਸ਼ਿਆਂ ਵਿਚਲੀਆਂ ਮੂਲ ਧਾਰਨਾਵਾਂ ਨੂੰ ਬਰਕਰਾਰ ਰੱਖਦਿਆਂ ਹੋਇਆਂ ਪਾਠਕ੍ਰਮ ਨੂੰ ਤਰਕਸੰਗਤ ਬਣਾਇਆ ਹੈ। ਪਾਠਕ੍ਰਮ ਵਿਚ ਕੀਤੀਆਂ ਤਬਦੀਲੀਆਂ ਦਾ ਸਰੂਪ ਇਸ ਦੀ ਗਵਾਹੀ ਨਹੀਂ ਦਿੰਦਾ। ਇਹ ਸਵੀਕਾਰ ਕਰਨਾ ਮੁਸ਼ਕਿਲ ਹੋਵੇਗਾ ਕਿ ਕਟੌਤੀ ਕਰਨ ਲੱਗਿਆਂ ਵਿਸ਼ਿਆਂ ਦੀਆਂ ਮੂਲ ਧਾਰਨਾਵਾਂ ਨੂੰ ਬਰਕਰਾਰ ਰੱਖਿਆ ਗਿਆ ਹੈ। ਹਟਾ ਦਿੱਤੇ ਗਏ ਪਾਠਾਂ ਵਿਚ ਪੜ੍ਹਾਏ ਜਾਂਦੇ ਸੰਕਲਪ ਅਲੱਗ ਅਲੱਗ ਗਿਆਨ ਧਾਰਾਵਾਂ ਦੀ ਰੂਹ ਹਨ। ਵਿਦਿਆਰਥੀਆਂ ਉਤੇ ਬੋਝ ਹਲਕਾ ਕਰਨ ਹਿਤ ਇਨ੍ਹਾਂ ਪਾਠਾਂ ਨੂੰ ਪੂਰੀ ਤਰ੍ਹਾਂ ਖਾਰਿਜ ਕਰ ਦੇਣ ਦੀ ਥਾਂ ਇਨ੍ਹਾਂ ਵਿਚਲੇ ਤੱਥਾਂ ਦੇ ਵਿਸਤਾਰ ਛੋਟੇ ਕਰ ਦੇਣਾ ਵਧੇਰੇ ਤਰਕ ਸੰਗਤ ਅਮਲ ਹੋ ਸਕਦਾ ਸੀ। ਇਨ੍ਹਾਂ ਵਿਸ਼ਿਆਂ ਦੀ ਗਹਿਰੀ ਸਮਝ ਹੀ ਨੌਜਵਾਨ ਪੀੜ੍ਹੀ ਨੂੰ ਭਵਿੱਖ ਦੇ ਨਿਰਮਾਣ ਲਈ ਤਿਆਰ ਕਰ ਸਕਦੀ ਹੈ। ਪਾਠਾਂ ਨੂੰ ਸਿਲੇਬਸ ਤੋਂ ਬਾਹਰ ਕਰਨ ਦਾ ਕੋਈ ਢੁਕਵਾਂ ਅਕਾਦਮਿਕ ਪੈਮਾਨਾ ਨਹੀਂ ਤੈਅ ਕੀਤਾ ਗਿਆ।

ਸੀ.ਬੀ.ਐਸ.ਸੀ. ਨੇ ਕਿਹਾ ਹੈ ਕਿ ਹਟਾ ਗਏ ਪਾਠਾਂ ਵਿਚੋਂ ਬੋਰਡ ਦੀ ਪ੍ਰੀਖਿਆ ਵਿਚ ਸਵਾਲ ਨਹੀਂ ਪੁੱਛੇ ਜਾਣਗੇ, ਭਾਵੇਂ ਅਧਿਆਪਕ ਇਨ੍ਹਾਂ ਪਾਠਾਂ ਬਾਰੇ ਵੀ ਵਿਦਿਆਰਥੀਆਂ ਨਾਲ ਚਰਚਾ ਕਰ ਸਕਦੇ ਹਨ। ਇਹ ਤਾਂ ਪਾਠਕ੍ਰਮ ਨੂੰ ਦੋ ਹਿੱਸਿਆਂ ਵਿਚ ਵੰਡ ਦੇਣ ਦੇ ਬਰਾਬਰ ਹੋਇਆ ਜਿੱਥੇ ਇੱਕ ਹਿੱਸੇ ਵਿਚੋਂ ਸਾਲਾਨਾ ਪ੍ਰੀਖਿਆ ਵਿਚ ਸਵਾਲ ਪੁੱਛੇ ਜਾਣਗੇ ਅਤੇ ਦੂਜੇ ਹਿੱਸੇ ਵਿਚੋਂ ਨਹੀਂ। ਜਦੋਂ ਪਾਠਾਂ ਵਿਚ ਕਟੌਤੀ ਹੀ ਵਿਦਿਆਰਥੀਆਂ ਦੇ ਪੜ੍ਹਾਈ ਦੇ ਬੋਝ ਅਤੇ ਤਣਾਅ ਨੂੰ ਹਲਕਾ ਕਰਨ ਲਈ ਕੀਤੀ ਦੱਸੀ ਗਈ ਹੈ ਤਾਂ ਇਹ ਸੰਭਾਵਨਾ ਹੀ ਕਿੱਥੇ ਬਚਦੀ ਹੈ ਕਿ ਇਮਤਿਹਾਨ ਦੇ ਦਾਇਰੇ ਵਿਚੋਂ ਬਾਹਰ ਕਰ ਦਿੱਤੇ ਗਏ ਪਾਠਾਂ ਵੱਲ ਕੋਈ ਗੌਰ ਕਰੇਗਾ? ਇਹ ਪਹੁੰਚ ਪ੍ਰੀਖਿਆ ਵਿਚ ਅੰਕ ਪ੍ਰਾਪਤ ਕਰਨ ਨੂੰ ਹੀ ਸਿੱਖਿਆ ਦਾ ਮੂਲ ਉਦੇਸ਼ ਮੰਨਣ ਵਾਲੀ ਪਰੰਪਰਾਗਤ ਸੋਚ ਦਾ ਪ੍ਰਗਟਾਵਾ ਕਰਦੀ ਹੈ।

ਜ਼ਾਹਿਰਾ ਤੌਰ ਤੇ ਕਟੌਤੀ ਪ੍ਰਕਿਰਿਆ ਕਰੋਨਾ ਦੀ ਮਾਰ ਕਰ ਕੇ ਅਪਣਾਈ ਗਈ ਹੈ ਲੇਕਿਨ ਇਸ ਦੇ ਸੰਕੇਤ ਕੌਮੀ ਸਿੱਖਿਆ ਨੀਤੀ-2019 ਦੇ ਜਾਰੀ ਕੀਤੇ ਖਰੜੇ ਵਿਚੋਂ ਮਿਲਦੇ ਹਨ ਜਿਸ ਤੋਂ ਸਹਿਜੇ ਹੀ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਕੇਂਦਰੀ ਮਨੁੱਖੀ ਸਰੋਤਾਂ ਦੇ ਵਿਕਾਸ ਵਾਲੇ ਮੰਤਰਾਲੇ ਨੇ ਸਕੂਲ ਸਿੱਖਿਆ ਦੇ ਸਮੁੱਚੇ ਪਾਠਕ੍ਰਮ ਨੂੰ ਛੋਟਾ ਕਰਨ ਬਾਰੇ ਪਹਿਲਾਂ ਤੋਂ ਹੀ ਨਿਸ਼ਚਿਤ ਸਮਝ ਬਣਾਈ ਹੋਈ ਸੀ। ਪਾਠਕ੍ਰਮ ਵਿਚ ਕੀਤੀ ਮੌਜੂਦਾ ਕਟੌਤੀ ਦੇ ਕੇਵਲ ਕਰੋਨਾ ਸੰਕਟ ਕਾਲ ਦੀ ਪ੍ਰਕਿਰਿਆ ਨਾ ਹੋ ਕੇ ਆਉਣ ਵਾਲੇ ਸਾਲਾਂ ਲਈ ਪੱਕੀ ਲੀਹ ਬਣ ਜਾਣ ਦੀ ਸੰਭਾਵਨਾ ਫ਼ਿਕਰ ਪੈਦਾ ਕਰਦੀ ਹੈ।

ਅੱਠ ਹਫਤਿਆਂ ਵਿਚ ਪੜ੍ਹਾਈ ਪੂਰੀ ਕਰਨ ਲਈ ਪਹਿਲੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਬਣਾਏ ਆਲਟਰਨੇਟ ਅਕੈਡਮਿਕ ਕੈਲੰਡਰ ਵਿਚ ਵਿਦਿਆਰਥੀਆਂ ਲਈ ਡਿਜੀਟਲ ਸਰੋਤਾਂ ਦਾ ਪ੍ਰਯੋਗ ਕਰਨ ਲਈ ਦਿੱਤੇ ਹਵਾਲੇ ਸਕੂਲ ਪੱਧਰ ਤੇ ਵੀ ਆਨਲਾਈਨ ਸਿੱਖਿਆ ਨੂੰ ਹੁਲਾਰਾ ਦੇਣ ਵੱਲ ਇਸ਼ਾਰਾ ਕਰਦੇ ਹਨ। ਬੁਨਿਆਦੀ ਪੱਧਰ ਤੇ ਅਕਾਦਮਿਕ ਸਰੋਕਾਰਾਂ ਨੂੰ ਅੱਖੋਂ ਪਰੋਖੇ ਕਰ ਕੇ ਚਾਰੇ ਪਾਸੇ ਅਜਿਹੇ ਆਨਲਾਈਨ ਸਾਧਨਾਂ ਦੁਆਰਾ ਸਿੱਖਿਆ ਦੇਣ ਦੇ ਕਰਮ ਨੂੰ ਸਮੁੱਚੀ ਸਿੱਖਿਆ ਦੇ ਭਵਿਖ ਵਜੋਂ ਪ੍ਰਚਾਰੇ ਅਤੇ ਪ੍ਰਸਾਰੇ ਜਾਣ ਦੇ ਜਤਨ ਜਾਰੀ ਹਨ। ਸਰਕਾਰ ਦਾ ਨੀਤੀਗਤ ਸਮਰਥਨ ਅਤੇ ਮੁਨਾਫ਼ਾ ਭਾਲਦੇ ਬਾਜ਼ਾਰ ਦਾ ਅਤਿ ਉਤਸ਼ਾਹ ਇਨ੍ਹਾਂ ਕੋਸ਼ਿਸ਼ਾਂ ਨੂੰ ਬਲ ਬਖਸ਼ਦਾ ਹੈ ਲੇਕਿਨ ਬੱਚਿਆਂ ਦੇ ਸਰਬ ਪੱਖੀ ਵਾਧੇ ਅਤੇ ਵਿਕਾਸ ਦੀ ਖਾਤਿਰ ਸਕੂਲ ਸਿੱਖਿਆ ਦੇ ਪਾਠਕ੍ਰਮ ਵਿਚ ਕਥਿਤ ਸੁਧਾਰ ਅਤੇ ਪਹਿਲੀ ਜਮਾਤ ਤੋਂ ਹੀ ਆਨਲਾਈਨ ਸਿੱਖਿਆ ਵੱਲ ਮੁੜਨ ਦੇ ਟੀਚੇ ਮੁਲਕ ਭਰ ਵਿਚ ਵਧੇਰੇ ਵਿਆਪਕ ਅਤੇ ਗੰਭੀਰ ਚਰਚਾ ਦੀ ਮੰਗ ਕਰਦੇ ਹਨ।

# ਅਕਾਲੀ ਆਗੂਆਂ ਵਿਰੁੱਧ ਧਾਰਮਿਕ ਦੋਸ਼ਾਂ ਦਾ ਮੁੱਦਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਰੀ ਦੁਨੀਆਂ ਦਾ ਸਾਹ ਸੁਕਾਉਣ ਵਾਲੀ ਕਰੋਨਾ ਵਾਇਰਸ ਦੀ ਮਹਾਮਾਰੀ ਭਾਰਤ ਵਿਚ ਬੇਕਾਬੂ ਹੋਈ ਜਾ ਰਹੀ ਹੈ ਅਤੇ ਭਾਰਤ ਸਰਕਾਰ ਮੰਨੇ ਜਾਂ ਨਾ, ਇਹ ਕੁਝ ਥਾਂਵਾਂ ਉਤੇ ਕਮਿਊਨਿਟੀ ਸਪਰੈਡ ਦਾ ਪ੍ਰਭਾਵ ਵੀ ਦੇਣ ਲੱਗੀ ਹੈ। 16 ਜੁਲਾਈ ਦੇ ਦਿਨ ਭਾਰਤ ਵਿਚ ਕਰੋਨਾ ਵਾਇਰਸ ਦੇ ਕੁੱਲ ਕੇਸਾਂ ਦੀ ਗਿਣਤੀ ਦਸ ਲੱਖ ਤੋਂ ਟੱਪ ਗਈ ਅਤੇ ਮੌਤਾਂ ਦੀ ਗਿਣਤੀ ਵੀ ਉਸੇ ਦਿਨ ਪੰਝੀ ਹਜ਼ਾਰ ਨੂੰ ਟੱਪ ਗਈ ਸੀ। ਉਸ ਤੋਂ ਇੱਕ ਹਫਤਾ ਪਹਿਲਾਂ ਰੋਜ਼ ਨਵੇਂ ਮਿਲ ਰਹੇ ਕੇਸ ਪੰਝੀ ਹਜ਼ਾਰ ਤੋਂ ਕੁਝ ਵੱਧ ਹੁੰਦੇ ਸਨ ਅਤੇ 16 ਜੁਲਾਈ ਦੇ ਅੱਗੇ-ਪਿੱਛੇ ਨਵੇਂ ਕੇਸਾਂ ਦੀ ਰੋਜ਼ਾਨਾ ਗਿਣਤੀ ਵੀ ਪੈਂਤੀ ਹਜ਼ਾਰ ਹੋਣ ਦੀ ਨੌਬਤ ਆ ਗਈ। ਸਾਡਾ ਪੰਜਾਬ ਬਾਕੀ ਰਾਜਾਂ ਨਾਲੋਂ ਕਾਫੀ ਬਚਿਆ ਰਿਹਾ ਹੈ, ਪਰ ਇਸ ਦਾ ਅਰਥ ਇਹ ਨਹੀਂ ਕਿ ਇਥੇ ਬਿਮਾਰੀ ਵਧਦੀ ਨਹੀਂ। ਇਥੇ ਕੇਸ ਵੀ ਲਗਾਤਾਰ ਵਧਦੇ ਜਾਂਦੇ ਹਨ ਤੇ ਮੌਤਾਂ ਵਧਣੀਆਂ ਵੀ ਲਗਾਤਾਰ ਜਾਰੀ ਹਨ, ਜਿਸ ਕਰ ਕੇ ਕੁੱਲ ਕੇਸਾਂ ਦੀ ਗਿਣਤੀ ਦਸ ਹਜ਼ਾਰ ਅਤੇ ਮੌਤਾਂ ਦੀ ਗਿਣਤੀ ਢਾਈ ਸੌ ਨੇੜੇ ਪੁੱਜ ਜਾਣ ਪਿੱਛੋਂ ਵੀ ਰੁਕਦੀ ਨਹੀਂ ਪਈ। ਪੰਜਾਬ ਸਰਕਾਰ ਕਾਫੀ ਸਖਤੀ ਕਰ ਰਹੀ ਹੈ, ਪਰ ਲੋਕਾਂ ਦਾ ਅਜੇ ਵੀ ਇਹੋ ਸੁਭਾਅ ਹੈ ਕਿ ਪੁਲਿਸ ਵਾਲਾ ਮੁਲਾਜ਼ਮ ਸਾਹਮਣੇ ਵੇਖ ਕੇ ਮਾਸਕ ਪਾ ਲੈਂਦੇ ਹਨ ਅਤੇ ਨਾਕਾ ਲੰਘਦੇ ਸਾਰ ਬਹੁਤੇ ਲੋਕ ਜਾਂ ਹੇਠਾਂ ਖਿਸਕਾ ਲੈਂਦੇ ਹਨ ਜਾਂ ਫਿਰ ਲਾਹ ਕੇ ਬੈਗ-ਟੋਕਰੀ ਆਦਿ ਵਿਚ ਰੱਖ ਲੈਂਦੇ ਹਨ। ਉਹ ਮਾਸਕ ਨੂੰ ਕਿਸੇ ਢੋਂਗੀ ਫਕੀਰ ਦਾ ਦਿੱਤਾ ਤਵੀਤ ਹੀ ਸਮਝਦੇ ਹਨ, ਜੋ ਪਹਿਨਣ ਦੀ ਲੋੜ ਨਹੀਂ, ਕੋਲ ਪਿਆ ਵੀ ਸਾਨੂੰ ਸਭ ਬਲਾਵਾਂ ਤੋਂ ਬਚਾਈ ਰੱਖੇਗਾ।



ਜਦੋਂ ਇੱਕ ਪਾਸੇ ਇਸ ਮਹਾਮਾਰੀ ਦਾ ਕਹਿਰ ਵਧਦਾ ਜਾ ਰਿਹਾ ਹੈ, ਉਦੋਂ ਨਾਲ ਦੀ ਨਾਲ ਰਾਜਨੀਤਕ ਖੇਡਾਂ ਪੁਰਾਣੇ ਰੰਗ ਵਿਚ ਆਉਣ ਦਾ ਮਾਹੌਲ ਇਸ ਤਰ੍ਹਾਂ ਬਣਦਾ ਜਾਂਦਾ ਹੈ ਕਿ ਉਨ੍ਹਾਂ ਸਾਹਮਣੇ ਇਸ ਮਹਾਮਾਰੀ ਦੀ ਹੋਂਦ ਨਿਗੁਣੀ ਜਿਹੀ ਜਾਪਦੀ ਹੈ। ਜਨਵਰੀ ਵਿਚ ਜਦੋਂ ਇਸ ਰੋਗ ਦੀ ਲਾਗ ਦੁਨੀਆਂ ਦੇ ਦੇਸ਼ਾਂ ਵਿਚ ਫੈਲਦੀ ਸਾਫ ਦਿੱਸਣ ਲੱਗੀ ਤੇ ਅਮਰੀਕਾ ਵਿਚ ਅੱਧ ਫਰਵਰੀ ਵਿਚ ਕਰੋਨਾ ਵਾਇਰਸ ਪੁੱਜ ਵੀ ਚੁੱਕਾ ਸੀ, ਉਦੋਂ ਰਾਸ਼ਟਰਪਤੀ ਟਰੰਪ ਆਪਣਾ ਦੇਸ਼ ਸੰਭਾਲਣ ਲਈ ਅਗਵਾਈ ਕਰਨ ਦੀ ਥਾਂ ਭਾਰਤ ਦੇ ਦੌਰੇ ਲਈ ਨਿਕਲ ਪਿਆ ਸੀ, ਤਾਂ ਕਿ ਅਗਲੀ ਚੋਣ ਮੌਕੇ ਭਾਰਤੀ ਪਰਵਾਸੀਆਂ ਦੀਆਂ ਵੋਟਾਂ ਲਈ ਚੱਕਾ ਬੰਨ੍ਹ ਸਕੇ। ਉਸ ਦਾ ਦੌਰਾ ਸ਼ੁਰੂ ਹੋਣ ਤੱਕ ਭਾਰਤ ਵਿਚ ਕਰੋਨਾ ਵਾਇਰਸ ਦੀ ਆਮਦ ਨੂੰ ਵੀ ਦਸ ਦਿਨ ਤੋਂ ਵੱਧ ਹੋ ਚੁੱਕੇ ਸਨ, ਪਰ ਦੇਸ਼ ਦਾ ਪ੍ਰਧਾਨ ਮੰਤਰੀ ਇਸ ਦੇ ਟਾਕਰੇ ਦੇ ਪ੍ਰਬੰਧ ਵੇਖਣਾ ਭੁੱਲ ਕੇ ਅਮਰੀਕੀ ਰਾਸ਼ਟਰਪਤੀ ਦੇ ਨਾਲ-ਨਾਲ ਘੁੰਮਦਾ ਫਿਰਦਾ ਸੀ। ਉਸ ਨੇ ਤਾਂ ਮੱਧ ਪ੍ਰਦੇਸ਼ ਦੀ ਸਰਕਾਰ ਉਲਟਾਉਣ ਤੇ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਦੀ ਲੋੜ ਖਾਤਰ ਪਾਰਲੀਮੈਂਟ ਵੀ ਮਾਰਚ ਦੇ ਤੀਜੇ ਹਫਤੇ ਤੱਕ ਚੱਲਦੀ ਰੱਖੀ ਸੀ ਅਤੇ ਉਦੋਂ ਹੀ ਉਠਾਈ ਸੀ, ਜਦੋਂ ਰਾਜਸੀ ਹਿੱਤ ਪੂਰਾ ਹੋ ਗਿਆ ਸੀ। ਉਦੋਂ ਤੱਕ ਕਰੋਨਾ ਵਾਇਰਸ ਦੀ ਸਥਿਤੀ ਏਨੀ ਗੰਭੀਰ ਹੋ ਗਈ ਕਿ ਮੱਧ ਪ੍ਰਦੇਸ਼ ਵਿਚ ਭਾਜਪਾ ਮੁੱਖ ਮੰਤਰੀ ਦੇ ਸਹੁੰ ਚੁੱਕਣ ਤੋਂ ਇੱਕ ਦਿਨ ਪਹਿਲਾਂ ਜਨਤਾ ਕਰਫਿਊ ਲਾ ਕੇ ਸਾਰੇ ਦੇਸ਼ ਦੇ ਲੋਕਾਂ ਨੂੰ ਘਰਾਂ ਵਿਚ ਬੰਦ ਹੋਣ ਦੀ ਅਪੀਲ ਕਰਨੀ ਪੈ ਗਈ ਸੀ। ਰਾਜਸੀ ਹਿੱਤਾਂ ਲਈ ਕੀਤੀ ਗਈ ਉਦੋਂ ਦੀ ਦੇਰੀ ਨਾਲ ਜੋ ਬਹੁਤ ਵੱਡਾ ਨੁਕਸਾਨ ਹੋ ਗਿਆ ਸੀ, ਉਸ ਤੋਂ ਸਿੱਟੇ ਕੱਢਣ ਦੀ ਲੋੜ ਸੀ, ਪਰ ਇਹ ਸਿੱਟੇ ਕੱਢੇ ਨਹੀਂ ਗਏ ਅਤੇ ਇਹੋ ਕਾਰਨ ਹੈ ਕਿ ਮਹਾਮਾਰੀ ਨੂੰ ਡੱਕਾ ਲਾਉਣ ਦੀ ਥਾਂ ਰਾਜਸਥਾਨ ਦੀ ਸਰਕਾਰ ਡੇਗਣ ਦੇ ਹੀਲੇ ਸ਼ੁਰੂ ਕਰ ਦਿੱਤੇ ਗਏ ਹਨ।

ਸਾਡੇ ਪੰਜਾਬ ਵਿਚ ਵੀ ਜੁਲਾਈ ਦੇ ਚੜ੍ਹਨ ਪਿੱਛੋਂ ਪਹਿਲੇ ਦੋ ਹਫਤਿਆਂ ਵਿਚ ਹੀ ਰਾਜਨੀਤੀ ਚੋਖਾ ਪੈਂਡਾ ਤੈਅ ਕਰ ਗਈ ਹੈ। ਇਹ ਪੈਂਡਾ ਬਹੁਤ ਕਾਹਲੀ ਵਿਚ ਤੈਅ ਕੀਤਾ ਗਿਆ ਹੈ। ਸੁਖਦੇਵ ਸਿੰਘ ਢੀਂਡਸੇ ਦਾ ਵੱਖਰਾ ਅਕਾਲੀ ਦਲ ਬਣਾਉਣਾ ਇਸ ਦਾ ਇੱਕ ਪੜਾਅ ਸੀ, ਪਰ ਇਸ ਨਾਲੋਂ ਵੱਡਾ ਪੜਾਅ ਉਹ ਆਇਆ, ਜਦੋਂ ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ ਗੁਰਦੁਆਰਾ ਰਾਮਸਰ ਸਾਹਿਬ, ਅੰਮ੍ਰਿਤਸਰ ਵਿਖੇ ਅੱਗ ਲੱਗਣ ਨਾਲ ਗੁਰੂ ਗ੍ਰੰਥ ਸਾਹਿਬ ਦੀਆਂ 267 ਬੀੜਾਂ ਦੇ ਸੜ ਜਾਣ ਅਤੇ ਉਨ੍ਹਾਂ ਦਾ ਕੋਈ ਰਿਕਾਰਡ ਰੱਖੇ ਬਿਨਾ ਮਾਮਲਾ ਠੱਪ ਦੇਣ ਦੀ ਗੱਲ ਬਾਹਰ ਆਈ ਸੀ। ਇਨ੍ਹਾਂ ਦਾ ਚਾਰਜ ਜਿਸ ਸੁਪਰਵਾਈਜ਼ਰ ਕੋਲ ਹੁੰਦਾ ਸੀ, ਉਹ ਜਦੋਂ ਰਿਟਾਇਰ ਹੋਣ ਲੱਗਾ ਅਤੇ ਨਵੇਂ ਸੁਪਰਵਾਈਜ਼ਰ ਨੇ ਰਿਕਾਰਡ ਮੁਤਾਬਕ ਸਾਰੀਆਂ ਬੀੜਾਂ ਦੀ ਮੰਗ ਕੀਤੀ ਤਾਂ ਰਿਟਾਇਰ ਹੋਣ ਵਾਲੇ ਨੇ ਉਸ ਅਗਨੀ ਕਾਂਡ ਦੀ ਕਹਾਣੀ ਖੋਲ੍ਹ ਦਿੱਤੀ ਸੀ। ਰਿਟਾਇਰਮੈਂਟ ਦੇ ਲਾਭ ਰੋਕਣ ਦੇ ਦਾਬੇ ਨਾਲ ਜਦੋਂ ਉਸ ਕੋਲੋਂ ਨੁਕਸਾਨ ਦੀ ਪੂਰਤੀ ਦੇ ਪੈਸੇ ਜਮ੍ਹਾਂ ਕਰਵਾਏ ਗਏ ਤਾਂ ਉਸ ਨੇ ਉਦੋਂ ਦਾ ਮਾਮਲਾ ਮੀਡੀਏ ਵਿਚ ਲੈ ਆਂਦਾ ਤੇ ਇਹ ਗੱਲ ਵੀ ਕਹਿ ਦਿੱਤੀ ਕਿ ਸੁਖਬੀਰ ਸਿੰਘ ਬਾਦਲ ਦੇ ਕਹਿਣ ਉਤੇ ਇਸ ਦਾ ਕੋਈ ਰਿਕਾਰਡ ਨਹੀਂ ਸੀ ਰੱਖਿਆ ਗਿਆ, ਤਾਂ ਕਿ ਛੇ ਮਹੀਨੇ ਪਿੱਛੋਂ ਆ ਰਹੀਆਂ ਵਿਧਾਨ ਸਭਾ ਚੋਣਾਂ ਉਤੇ ਇਸ ਮੁੱਦੇ ਦਾ ਕੋਈ ਉਲਟਾ ਪਰਛਾਂਵਾਂ ਨਾ ਪੈ ਜਾਵੇ। ਮੁੱਦਾ ਏਨਾ ਭਖ ਗਿਆ ਕਿ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਨੂੰ ਇਸ ਦੀ ਜਾਂਚ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਹਿਣਾ ਪਿਆ, ਪਰ ਜਦੋਂ ਲੋਕਾਂ ਵਿਚ ਸ਼੍ਰੋਮਣੀ ਕਮੇਟੀ ਦੇ ਆਗੂਆਂ ਬਾਰੇ ਬੇਭਰੋਸਗੀ ਦਾ ਮਾਹੌਲ ਦਿੱਸ ਪਿਆ ਤਾਂ ਸ਼੍ਰੋਮਣੀ ਕਮੇਟੀ ਨੇ ਫਿਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਸ ਦੀ ਜਾਂਚ ਕਿਸੇ ਯੋਗ ਸਿੱਖ ਸ਼ਖਸੀਅਤ ਨੂੰ ਖੁਦ ਹੀ ਸੌਂਪਣ ਲਈ ਕਹਿਣ ਦਾ ਮਤਾ ਪਾਸ ਕਰ ਦਿੱਤਾ।

ਅਜੇ ਇਹ ਮੁੱਦਾ ਕਿਸੇ ਪਾਸੇ ਨਹੀਂ ਸੀ ਲੱਗਾ ਕਿ ਡੇਰਾ ਸੱਚਾ ਸੌਦਾ ਨਾਲ ਜੁੜੀ ਇੱਕ ਬੀਬੀ ਨੇ ਇੱਕ ਟੀ. ਵੀ. ਚੈਨਲ ਦੀ ਸਿੱਧੀ ਬਹਿਸ ਵਿਚ ਇਕ ਹੋਰ ਭੇਦ ਖੋਲ੍ਹ ਦਿੱਤਾ। ਉਸ ਨੇ ਕਿਹਾ ਕਿ ਤੇਰਾਂ ਸਾਲ ਪਹਿਲਾਂ ਡੇਰਾ ਸਿਰਸਾ ਦੇ ਮੁਖੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਪ੍ਰਚਾਰ ਦੀ ਰੀਤ ਚਲਾਉਣ ਦੀ ਨਕਲ ਕਰਨ ਵਾਂਗ ਸਾਂਗ ਰਚਦੇ ਸਮੇਂ ਜੋ ਕੱਪੜੇ ਉਸ ਵਕਤ ਪਹਿਨੇ ਸਨ, ਉਹ ਪੁਸ਼ਾਕ ਜਿਸ ਨੇ ਭੇਜੀ ਸੀ, ਉਸ ਦਾ ਸਭ ਨੂੰ ਪਤਾ ਹੈ। ਵਾਰ-ਵਾਰ ਪੁੱਛਣ ਉਤੇ ਉਸ ਨੇ ਇੱਕ ਰਿਟਾਇਰਡ ਅਫਸਰ ਦੇ ਹਵਾਲੇ ਨਾਲ ਸੁਖਬੀਰ ਸਿੰਘ ਬਾਦਲ ਦਾ ਨਾਂ ਲੈ ਦਿੱਤਾ। ਲੋਕਾਂ ਨੂੰ ਅਜੇ ਤੱਕ ਇਹ ਗੱਲ ਯਾਦ ਹੈ ਕਿ ਡੇਰਾ ਮੁਖੀ ਦੇ ਉਸ ਨਾਟਕੀ ਸਮਾਗਮ ਦੇ ਕਾਰਨ ਸੰਸਾਰ ਭਰ ਵਿਚ ਸਿੱਖ ਗੁੱਸੇ ਨਾਲ ਭੜਕ ਪਏ ਸਨ ਅਤੇ ਉਦੋਂ ਪੰਜਾਬ ਦੀ ਸਰਕਾਰ, ਜਿਸ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਨ, ਨੇ ਪਹਿਲਾਂ ਮਾਹੌਲ ਭੜਕਣ ਦਿੱਤਾ ਤੇ ਫਿਰ ਕਰਫਿਊ ਲਾ ਕੇ ਹੌਲੀ-ਹੌਲੀ ਮਾਹੌਲ ਕਾਬੂ ਕਰ ਕੇ ਡੇਰਾ ਮੁਖੀ ਉਤੇ ਕੇਸ ਦਰਜ ਕਰ ਦਿੱਤਾ ਸੀ। ਅਗਲੀਆਂ ਅਸੈਂਬਲੀ ਚੋਣਾਂ ਤੋਂ ਇੱਕ ਦਿਨ ਪਹਿਲਾਂ ਇੱਕ ਥਾਣੇਦਾਰ ਤੋਂ ਉਹ ਕੇਸ ਵਾਪਸ ਲੈਣ ਦਾ ਐਫੀਡੇਵਿਟ ਅਦਾਲਤ ਵਿਚ ਪੇਸ਼ ਕਰਾਇਆ ਅਤੇ ਸਾਧ ਨੇ ਵੀ ਅਤੇ ਅਕਾਲੀ ਦਲ ਦੀ ਅਗਵਾਈ ਕਰਦੇ ਪਿਓ-ਪੁੱਤ ਨੇ ਵੀ ਇਸ ਦਾ ਓਹਲਾ ਰੱਖ ਕੇ ਡੇਰੇ ਦੀਆਂ ਵੋਟਾਂ ਲੈਣ ਦਾ ਕੰਮ ਸਿਰੇ ਚਾੜ੍ਹ ਲਿਆ ਸੀ। ਇਹ ਗੱਲ ਅੱਜ ਤੱਕ ਦੱਬੀ ਰਹੀ ਕਿ ਉਦੋਂ ਉਸ ਡੇਰਾ ਮੁਖੀ ਨੇ ਉਹ ਪੁਸ਼ਾਕ ਕਿਸ ਤੋਂ ਲਈ ਤੇ ਕਿਉਂ ਪਾਈ ਸੀ, ਪਰ ਡੇਰੇ ਨਾਲ ਜੁੜੀ ਬੀਬੀ ਵੱਲੋਂ ਕੀਤੇ ਇਸ ਖੁਲਾਸੇ ਨਾਲ ਉਹ ਮੁੱਦਾ ਫਿਰ ਏਨਾ ਕੁ ਭਖ ਗਿਆ ਹੈ ਕਿ ਅੱਜ ਦੀ ਤਰੀਕ ਵਿਚ ਹਰ ਪਾਸੇ ਉਸ ਘਟਨਾ ਨਾਲ ਜੋੜ ਕੇ ਸੁਖਬੀਰ ਸਿੰਘ ਬਾਦਲ ਬਾਰੇ ਚਰਚਾ ਹੋਈ ਜਾ ਰਹੀ ਹੈ। ਕਈ ਲੋਕਾਂ ਨੇ ਸੁਖਬੀਰ ਸਿੰਘ ਨੂੰ ਸਿੱਖ ਪੰਥ ਵਿਚੋਂ ਛੇਕ ਦੇਣ ਦੀ ਮੰਗ ਵੀ ਕਰ ਦਿੱਤੀ ਹੈ।

ਸਾਰਾ ਮਾਮਲਾ ਚਿੱਟੇ ਦਿਨ ਵਾਂਗ ਸਾਫ ਹੋਣ ਕਰ ਕੇ ਅਸੀਂ ਨਹੀਂ ਜਾਣਦੇ ਕਿ ਗੁਰਦੁਆਰਾ ਰਾਮਸਰ ਸਾਹਿਬ ਵਾਲੀ ਜਾਂਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਅੱਗੇ ਕਿਸੇ ਨੂੰ ਕਿਉਂ ਸੌਂਪੀ ਹੈ ਅਤੇ ਇਸ ਦੀ ਰਿਪੋਰਟ ਕਿੱਦਾਂ ਦੀ ਆਵੇਗੀ, ਪਰ ਏਨੀ ਗੱਲ ਸਾਫ ਹੈ ਕਿ ਤਖਤ ਸਾਹਿਬਾਨ ਦੇ ਜਥੇਦਾਰ ਸਖਤੀ ਕਰਨ ਦੇ ਰੌਂਅ ਵਿਚ ਨਹੀਂ ਹਨ। ਡੇਰਾ ਸਿਰਸਾ ਦੇ ਮੁਖੀ ਨੂੰ ਪੁਸ਼ਾਕ ਦੇਣ ਦੇ ਸਵਾਲ ਉਤੇ ਜਿਸ ਤਰ੍ਹਾਂ ਸਿੰਘ ਸਾਹਿਬਾਨ ਨੇ ਚੁੱਪ ਜਿਹੀ ਵੱਟ ਲਈ ਹੈ, ਇੱਕ ਜਥੇਦਾਰ ਨੇ ਦੱਬੀ ਜ਼ਬਾਨ ਵਿਚ ਥੋੜ੍ਹਾ ਜਿਹਾ ਕੁਝ ਕਿਹਾ ਵੀ ਤਾਂ ਇਸ ਤਰ੍ਹਾਂ ਕਿ ਸੁਖਬੀਰ ਸਿੰਘ ਬਾਦਲ ਨੂੰ ਨਿਕਲਣ ਦਾ ਰਾਹ ਮਿਲਦਾ ਹੋਵੇ, ਉਸ ਤੋਂ ਇਹ ਦਿਖਾਈ ਦਿੰਦਾ ਹੈ ਕਿ ਧਾਰਮਿਕਤਾ ਉਤੇ ਰਾਜਸੀ ਧਿਰ ਦਾ ਦਬਦਬਾ ਬਹੁਤ ਭਾਰੂ ਹੈ। ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਜਦੋਂ ਡੇਢ ਕੁ ਸਾਲ ਦੇ ਕਰੀਬ ਸਮਾਂ ਰਹਿੰਦਾ ਹੈ, ਉਸ ਵਕਤ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਲੋਕਾਂ ਵਿਚ ਏਨੀ ਬੁਰੀ ਤਰ੍ਹਾਂ ਭੰਡੇ ਜਾਣਾ ਅਕਾਲੀ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਵੀ ਬੁਰੀ ਤਰ੍ਹਾਂ ਸਤਾਉਂਦਾ ਹੈ, ਪਰ ਉਹ ਅਜੇ ਤੱਕ ਮਜਬੂਰੀਆਂ ਦੇ ਬੱਧੇ ਹੋਏ ਕੁਝ ਨਹੀਂ ਬੋਲਦੇ। ਬੇਸ਼ੱਕ ਉਹ ਕੁਝ ਬੋਲ ਨਹੀਂ ਰਹੇ, ਪਰ ਇਸ ਦਾ ਇਹ ਵੀ ਅਰਥ ਨਹੀਂ ਕਿ ਉਹ ਆਪਣੀ ਪਾਰਟੀ ਦੇ ਪ੍ਰਧਾਨ ਦੇ ਪੱਖ ਵਿਚ ਖੜੇ ਹਨ। ਉਹ ਪਾਰਟੀ ਪ੍ਰਧਾਨ ਦੇ ਪੱਖ ਵਿਚ ਖੜੇ ਹੁੰਦੇ ਤਾਂ ਉਨ੍ਹਾਂ ਨੇ ਇਸ ਮਾਮਲੇ ਵਿਚ ਉਸ ਦਾ ਪੱਖ ਪੂਰਨ ਲਈ ਬਿਆਨਾਂ ਦੀ ਝੜੀ ਲਾ ਦੇਣੀ ਸੀ, ਪਰ ਇਹ ਖੁਲਾਸੇ ਹੋਣ ਤੋਂ ਚਾਰ ਦਿਨ ਬਾਅਦ ਤੱਕ ਵੀ ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ ਤੇ ਗੋਬਿੰਦ ਸਿੰਘ ਲੌਂਗੋਵਾਲ ਤੋਂ ਬਿਨਾ ਕੋਈ ਅਕਾਲੀ ਆਗੂ ਇਸ ਬਾਰੇ ਚੁੱਪ ਨਹੀਂ ਤੋੜ ਸਕਿਆ। ਉਨ੍ਹਾਂ ਦੀ ਇਸ ਚੁੱਪ ਦੇ ਵੀ ਕੁਝ ਅਰਥ ਹਨ। ਲੱਗਦਾ ਹੈ ਕਿ ਅਗਲੀ ਵਾਰੀ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਇਹ ਮੁੱਦਾ ਬਹੁਤ ਸਾਰੇ ਹੋਰ ਮੁੱਦਿਆਂ ਤੋਂ ਵੱਧ ਭਾਰੂ ਹੋ ਸਕਦਾ ਹੈ।

# ਖੇਤੀਬਾੜੀ ਨਾਲ ਸਬੰਧਤ ਆਰਡੀਨੈਂਸ ਲੋਕ ਹਿੱਤ 'ਚ ਹਨ ਜਾਂ ਨਹੀ?

ਰਵਿੰਦਰ ਚੋਟ, ਫਗਵਾੜਾ
ਫੋਨ: 91-98726-73703

ਦੁਨੀਆਂ ਦਾ ਇਤਿਹਾਸ ਗਵਾਹ ਹੈ ਕਿ ਜੇ ਕਿਸੇ ਖਿੱਤੇ ਵਿਚ ਬੇਰੁਜ਼ਗਾਰੀ, ਭੁੱਖਮਰੀ ਤੇ ਬਦਇਖਲਾਕੀ ਵੱਧ ਰਹੀ ਹੋਵੇ ਅਤੇ ਆਮ ਜਨਤਾ, ਲੇਖਕਾਂ, ਚਿੰਤਕਾਂ ਤੇ ਬੁੱਧੀਜੀਵੀਆਂ ਨੂੰ ਸੜਕਾਂ 'ਤੇ ਆਉਣ ਲਈ ਮਜ਼ਬੂਰ ਹੋਣਾ ਪਵੇ ਤਾਂ ਉਸ ਰਾਜ ਵਿਚ, ਸਮਾਜ ਵਿਚ, ਉਸ ਕੌਮ ਵਿਚ ਜਰੂਰ ਹੀ ਕੁਝ ਗਲਤ ਵਾਪਰ ਰਿਹਾ ਹੁੰਦਾ ਹੈ। ਉਸ ਸਮੇਂ ਕੁਦਰਤੀ ਆਫਤਾਂ ਵੀ ਆਪਣਾ ਯੋਗਦਾਨ ਪਾਉਣ ਲਈ ਆ ਬਹੁੜਦੀਆਂ ਹਨ, ਕਿਉਂਕਿ ਅਜਿਹੇ ਹਾਲਾਤ ਵਿਚ ਮਨੁੱਖ ਵਲੋਂ ਕੁਦਰਤ ਨਾਲ ਹੋਏ ਖਿਲਵਾੜ ਕਾਰਨ ਉਹ ਵੀ ਆਪਣਾ ਸੰਤੁਲਨ ਖੋ ਬੈਠਦੀ ਹੈ। ਕਰੋਨਾ ਮਹਾਮਾਰੀ ਨੇ ਸਾਰੀ ਦੁਨੀਆਂ ਵਿਚ ਹਾਹਾਕਾਰ ਮਚਾ ਰੱਖੀ ਹੈ। ਭਾਰਤ ਵੀ ਇਸ ਤੋਂ ਬੱਚ ਨਹੀ ਸਕਿਆ; ਅੱਠ ਲੱਖ ਤੋਂ ਵੱਧ ਲੋਕ ਇਸ ਦੇ ਸ਼ਿਕਾਰ ਹੋ ਚੁਕੇ ਹਨ। ਅਸੀਂ ਅਜੇ ਇਹ ਨਿਰਣਾ ਨਹੀ ਕਰ ਸਕੇ ਕਿ ਇਹ ਆਫਤ ਮਨੁੱਖ ਵਲੋਂ ਆਪ ਪੈਦਾ ਕੀਤੀ ਗਈ ਹੈ ਜਾਂ ਕੁਦਰਤੀ ਪੈਦਾ ਹੋਈ ਹੈ, ਪਰ ਇਸ ਨੇ ਜੋ ਛੇ ਫੁੱਟ ਦੀ ਦੂਰੀ ਇਨਸਾਨਾਂ ਵਿਚ ਪੈਦਾ ਕਰ ਦਿੱਤੀ ਹੈ, ਉਹ ਕਦੋਂ ਖਤਮ ਹੋਵਗੀ। ਉਸ ਨੂੰ ਮਾਪਣ ਲਈ ਸ਼ਾਇਦ ਪ੍ਰਕਾਸ਼ ਵਰ੍ਹੇ ਦੀ ਮਦਦ ਲੈਣੀ ਪਵੇ, ਕਿਉਂਕਿ ਆਮ ਸਕੇਲ ਤਾਂ ਸਮੇ ਤੋਂ ਬਹੁਤ ਛੋਟਾ ਹੈ।

ਕਰੋਨਾ ਨੇ ਐਸੀ ਹਨੇਰੀ ਲਿਆਂਦੀ, ਜਿਸ ਦੀ ਧੂੜ ਵਿਚ ਕਾਹਲੀ ਵਿਚ ਕੀਤੀ ਨੋਟਬੰਦੀ, ਵਗੈਰ ਤਿਆਰੀ ਤੋਂ ਲਾਇਆ ਜੀ. ਐਸ. ਟੀ, ਐਨ. ਪੀ. ਆਰ., ਐਨ. ਆਰ. ਸੀ., ਸੀ. ਏ. ਏ ਅਤੇ ਬੈਂਕ ਘੁਟਾਲਿਆਂ ਆਦਿ ਦੀ ਚੀਸ ਲੋਕ-ਮਨਾਂ ਵਿਚੋਂ ਲੌਕਡਾਊਨ ਦੌਰਾਨ ਕੁਝ ਮੱਠੀ ਪਈ ਸੀ, ਪਰ ਕੇਂਦਰੀ ਸਰਕਾਰ ਵਲੋਂ ਖੇਤੀ ਨਾਲ ਸਬੰਧਤ ਤਿੰਨ ਆਰਡੀਨੈਂਸ ਲਿਆਂਦੇ ਗਏ, ਜਿਨ੍ਹਾਂ ਕਾਰਨ ਕਿਸਾਨਾਂ ਵਿਚ ਫਿਰ ਰੋਹ ਪੈਦਾ ਹੋਇਆ ਅਤੇ ਕਿਸਾਨ ਜਥੇਬੰਦੀਆਂ ਹਰਕਤ ਵਿਚ ਆਈਆਂ ਹਨ। ਸਾਰੇ ਲੌਕਡਾਊਨ ਕਾਰਨ ਬੇਵੱਸ ਹਨ। ਇਹ ਆਰਡੀਨੈਂਸ ਵੀ ਬਹੁਤ ਕਾਹਲੀ ਵਿਚ ਹੀ ਲਿਆਂਦੇ ਗਏ, ਜਦੋਂ ਕਿ ਹੁਣੇ ਹੋਣ ਵਾਲੇ ਪਾਰਲੀਮੈਂਟ ਦੇ ਮੌਨਸੂਨ ਸ਼ੈਸ਼ਨ ਵਿਚ ਇਨ੍ਹਾਂ 'ਤੇ ਬਹਿਸ ਹੋ ਸਕਦੀ ਸੀ ਅਤੇ ਪਾਸ ਕੀਤੇ ਜਾ ਸਕਦੇ ਸਨ। ਇਸ ਦੇ ਨਾਲ ਹੀ ਬਿਜਲੀ ਬਿੱਲ 2020 ਵੀ ਲਿਆਂਦਾ ਗਿਆ, ਜੋ ਛੋਟੇ ਕਿਸਾਨਾਂ ਅਤੇ ਗਰੀਬ ਲੋਕਾਂ ਲਈ ਬਹੁਤ ਵੱਡਾ ਬੋਝ ਲੈ ਕੇ ਆਇਆ ਹੈ। ਇਨ੍ਹਾਂ ਆਰਡੀਨੈਂਸਾਂ ਅਤੇ ਬਿਜਲੀ ਬਿੱਲ 2020 ਦੇ ਹੱਕ ਤੇ ਵਿਰੋਧ 'ਚ ਵੱਖਰੇ ਵੱਖਰੇ ਤਰਕ ਦਿੱਤੇ ਜਾ ਰਹੇ ਹਨ। ਇਨ੍ਹਾਂ 'ਤੇ ਨਜ਼ਰਸਾਨੀ ਕਰਨੀ ਬਣਦੀ ਹੈ।

ਪਹਿਲਾ ਆਰਡੀਨੈਂਸ "ਦੀ ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰਮੋਸ਼ਨ ਐਂਡ ਫੈਸਿਲੀਟੇਸ਼ਨ) ਆਡੀਨੈਂਸ-2020" ਹੈ। ਇਸ ਦਾ ਮੰਤਵ ਇਹ ਦੱਸਿਆ ਗਿਆ ਹੈ ਕਿ ਕਿਸਾਨ ਆਪਣੀ ਫਸਲ ਆਪਣੀ ਮਰਜ਼ੀ ਨਾਲ ਕਿਸੇ ਵੀ ਮੰਡੀ ਵਿਚ ਵੇਚ ਸਕਦਾ ਹੈ। ਉਹ ਸੁਤੰਤਰ ਰੂਪ ਵਿਚ ਖਰੀਦਦਾਰ ਦੀ ਚੋਣ ਕਰ ਸਕੇਗਾ, ਜਿਸ ਨਾਲ ਵਪਾਰ ਵਿਚ ਮੁਕਾਬਲੇਬਾਜ਼ੀ ਵਧੇਗੀ। ਉਹ ਸਿਰਫ ਸਰਕਾਰੀ ਏਜੰਸੀਆਂ ਦਾ ਹੀ ਮੁਥਾਜ਼ ਨਹੀ ਰਹੇਗਾ, ਸਗੋਂ ਬਦਲਵੇਂ ਮੰਡੀ ਚੈਨਲਾਂ ਰਾਹੀਂ ਫਸਲ ਦਾ ਭਾਅ ਵੀ ਵੱਧ ਮਿਲ ਸਕੇਗਾ।

ਦੂਸਰਾ ਆਰਡੀਨੈਂਸ ਹੈ, "ਦੀ ਫਾਰਮਰਜ਼ (ਇੰਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਆਨ ਪ੍ਰਾਈਸ ਇੰਸ਼ੋਰੈਂਸ ਐਂਡ ਫਾਰਮ ਸਰਵਿਸ ਆਰਡੀਨੈਂਸ-2020" ਇਸ ਵਿਚ ਦੱਸਿਆ ਗਿਆ ਹੈ ਕਿ ਖੇਤੀ ਵਿਚ ਰਾਸ਼ਟਰੀ ਪੱਧਰ ਦੇ ਤੌਰ-ਤਰੀਕੇ ਪ੍ਰਦਾਨ ਕਰਵਾਉਣੇ ਹਨ ਤਾਂ ਕਿ ਕਿਸਾਨ ਆਰਥਕ ਤੌਰ 'ਤੇ ਤਕੜੇ ਹੋਣ ਅਤੇ ਉਹ ਕਾਰੋਬਾਰੀ ਫਰਮਾਂ, ਪ੍ਰੋਸੈਸਰਾਂ, ਬੈਂਕਾਂ, ਵਪਾਰੀਆਂ, ਬਰਾਮਦਕਾਰਾਂ ਆਦਿ ਨੂੰ ਟਾਕਰਾ ਦੇ ਸਕਣ। "ਦੀ ਇਸੈਂਸ਼ੀਅਲ ਕਮੋਡਟੀਜ਼ (ਅਮੈਂਡਮੈਂਟ) ਆਰਡੀਨੈਂਸ 2020" ਤੀਜਾ ਆਰਡੀਨੈਂਸ ਹੈ। ਇਸ ਰਾਹੀਂ ਪਹਿਲੇ ਐਕਟ ਵਿਚ ਸੋਧ ਕੀਤੀ ਗਈ ਹੈ। ਇਸ ਆਰਡੀਨੈਂਸ ਰਾਹੀਂ ਸਰਕਾਰ ਖੇਤੀਬਾੜੀ ਖੇਤਰ 'ਚ ਮੁਕਾਬਲੇਬਾਜ਼ੀ ਵਧਾਉਣਾ ਚਾਹੁੰਦੀ ਹੈ। ਖੇਤੀ ਦੀ ਆਮਦਨ 'ਚ ਵਾਧਾ ਕਰਨਾ ਤੇ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨਾ ਚਾਹੁੰਦੀ ਹੈ।

ਇਨ੍ਹਾਂ ਆਰਡੀਨੈਂਸਾਂ ਦੇ ਵਿਰੋਧ ਵਿਚ ਜੋ ਵਿਦਵਾਨ ਜਾਂ ਆਮ ਲੋਕ ਖੜਦੇ ਹਨ, ਉਹ ਦਲੀਲ ਦਿੰਦੇ ਹਨ ਕਿ ਇਨ੍ਹਾਂ ਕਨੂੰਨਾਂ ਰਾਹੀ ਗੁੰਜ਼ਾਇਸ ਵਾਲੇ ਵਪਾਰੀ ਕਿਸਾਨੀ ਉਪਜ ਖਰੀਦਣਗੇ ਅਤੇ ਜਖੀਰੇਬਾਜ਼ੀ ਕਰਨਗੇ। ਉਹ ਕੀਮਤਾਂ ਵਧਾ ਕੇ ਖਪਤਕਾਰਾਂ ਨੂੰ ਵੇਚਣਗੇ, ਜਿਸ ਨਾਲ ਆਮ ਲੋਕਾਂ ਦੀ ਜ਼ਿੰਦਗੀ ਔਖੀ ਹੋ ਜਾਵੇਗੀ। ਅਸਲ ਲਾਭ ਤਾਂ ਜ਼ਖੀਰੇਬਾਜ਼ ਕਮਾਉਣਗੇ। ਕਿਸਾਨੀ ਨੂੰ ਕੋਈ ਬਹੁਤਾ ਲਾਭ ਨਹੀ ਹੋਵੇਗਾ। ਰਾਜ ਸਰਕਾਰ ਦਾ 'ਖੇਤੀ ਉਤਪਾਦ ਮੰਡੀ ਕਮੇਟੀ ਐਕਟ' ਖਤਮ ਹੋ ਜਾਵੇਗਾ, ਜਿਸ ਨਾਲ ਹੀ ਰੇਗੂਲੇਟਿਡ ਮੰਡੀਆਂ ਵੀ ਟੁੱਟ ਜਾਣਗੀਆਂ। ਮੰਡੀ ਬੋਰਡ ਨੂੰ ਮੰਡੀ ਫੀਸ/ਟੈਕਸ ਤੋਂ ਹੋਣ ਵਾਲੀ ਆਮਦਨ ਵੀ ਖਤਮ ਹੋ ਜਾਵੇਗੀ। ਰਾਜ ਸਰਕਾਰ ਦੀ ਵੱਡੀ ਆਮਦਨ ਦਾ ਸੋਮਾ ਵੀ ਸੁੱਕ ਜਾਵੇਗਾ। ਇਸ ਪੱਖੋਂ ਕਿਸਾਨੀ ਵੀ ਸਿਧੇ ਤੌਰ 'ਤੇ ਕੇਂਦਰ ਦੀ ਮੁਥਾਜ਼ ਹੋ ਜਾਵੇਗੀ। ਖੇਤੀ ਖੇਤਰ 'ਤੇ ਕਾਰਪੋਰੇਟ ਸੈਕਟਰ ਆਪਣਾ ਕਬਜਾ ਕਰਕੇ ਛੋਟੀ ਕਿਸਾਨੀ ਨੂੰ ਖਤਮ ਕਰ ਦੇਵੇਗਾ। ਰਾਜ ਸਰਕਾਰ ਦੇ ਅਧਿਕਾਰਾਂ 'ਤੇ ਕੇਂਦਰ ਦਾ ਕਬਜਾ ਹੋ ਜਾਵੇਗਾ। ਇਹ ਵੀ ਦਲੀਲ ਹੈ ਕਿ ਖੇਤੀ ਮੰਡੀਕਰਨ ਨਾਲ ਸਬੰਧਤ ਸੰਸਥਾਵਾਂ ਜਿਵੇ 'ਖੇਤੀ ਲਾਗਤਾਂ ਤੇ ਕੀਮਤਾਂ ਕਮੀਸ਼ਨ', 'ਭਾਰਤੀ ਖਾਧ ਕਾਰਪੋਰੇਸ਼ਨ' ਆਦਿ ਵੀ ਨਿਰਾਰਥਕ ਹੋ ਜਾਣਗੇ ਤਾਂ ਫਿਰ 'ਘੱਟੋ ਘੱਟ ਸਮਰਥਨ ਮੁੱਲ' ਦਾ ਕੀ ਮੁੱਲ ਰਹੇਗਾ?

ਇਨ੍ਹਾਂ ਆਰਡੀਨੈਂਸਾਂ ਦੇ ਹੱਕ ਵਿਚ ਦਲੀਲ ਦੇਣ ਵਾਲੇ ਵਿਦਵਾਨਾਂ ਵਿਚੋਂ ਦੇਸ਼ ਦੇ ਉਘੇ ਅਰਥਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਦੀ ਰਾਏ ਬਹੁਤ ਅਹਿਮ ਹੈ। ਉਨ੍ਹਾਂ ਦਾ ਵਿਚਾਰ ਹੈ, "ਦੀ ਇਸੈਂਸ਼ੀਅਲ ਕਮੋਡਟੀਜ਼ ਐਕਟ" ਵਿਚ ਸੋਧ ਕਰਨੀ ਬਹੁਤ ਜਰੂਰੀ ਸੀ, ਕਿਉਂਕਿ ਸਰਕਾਰ ਇਸ ਐਕਟ ਦੀ ਕਈ ਵਾਰੀ ਦੁਰਵਰਤੋ ਕਰਦੀ ਸੀ। ਜਦੋਂ ਸਰਕਾਰ ਨੂੰ ਅਨਾਜ ਦੀ ਲੋੜ ਹੁੰਦੀ ਸੀ, ਉਸ ਸਮੇਂ ਇਸ ਐਕਟ ਰਾਹੀਂ ਮੰਡੀ ਵਿਚ ਉਹ ਕੀਮਤਾਂ ਸਮਰਥਨ ਮੁੱਲ ਤੋਂ ਵਧਣ ਨਹੀਂ ਦਿੰਦੀ ਸੀ, ਭਾਵੇਂ ਕੋਈ ਹੋਰ ਖਰੀਦਦਾਰ ਵੱਧ ਮੁੱਲ ਦੇਣ ਲਈ ਤਿਆਰ ਹੋਵੇ। ਇਸ ਨਾਲ ਕਿਸਾਨ ਦਾ ਨੁਕਸਾਨ ਹੁੰਦਾ ਸੀ। ਕਿਸਾਨ ਆਪਣਾ ਅਨਾਜ ਇੱਧਰ-ਉਧਰ ਨਹੀਂ ਲਿਜਾ ਸਕਦਾ ਸੀ। ਇੱਥੋਂ ਤਕ ਕਿ ਇੱਕ ਜਿਲੇ ਤੋਂ ਦੂਜੇ ਜਿਲੇ ਤਕ ਵੀ ਨਹੀਂ ਜਾ ਸਕਦਾ ਸੀ। ਉਹਦੀ ਖਰੀਦ ਸਰਕਾਰੀ ਅਫਸਰਾਂ ਦੇ ਰਹਿਮੋ-ਕਰਮ 'ਤੇ ਨਿਰਭਰ ਕਰਦੀ ਸੀ।" 'ਦੀ ਫਾਰਮਰਜ਼ ਐਗਰੀਮੈਂਟ ਆਨ ਪ੍ਰਾਈਸ ਇੰਸ਼ੋਰੈਂਸ ਸਰਵਿਸ ਆਰਡੀਨੈਂਸ' ਬਾਰੇ ਉਨ੍ਹਾਂ ਦੀ ਦਲੀਲ ਹੈ ਕਿ ਇਸ ਆਰਡੀਨੈਂਸ ਨੇ ਹੁਣ ਉਪਜ ਖਰੀਦਣ ਵਾਲੇ ਅਤੇ ਵੇਚਣ ਵਾਲੇ-ਦੋਹਾਂ ਨੂੰ ਹੀ ਕਾਨੂੰਨੀ ਤੌਰ 'ਤੇ ਵਾਅਦੇ ਦੇ ਪਾਬੰਦ ਕਰ ਦਿਤਾ ਹੈ। ਕੋਈ ਵੀ ਖਰੀਦਦਾਰ ਜਿਸ ਮੁੱਲ 'ਤੇ ਉਪਜ ਚੁੱਕਣ ਦਾ ਇਕਰਾਰ ਕਰੇਗਾ, ਉਸ ਤੋਂ ਭੱਜ ਨਹੀਂ ਸਕੇਗਾ ਤੇ ਨਾ ਹੀ ਕਿਸਾਨ ਹੋਰ ਕਿਧਰੇ ਵੇਚ ਸਕੇਗਾ। ਇਸ ਐਕਟ ਅਧੀਨ ਹੁਣ ਜ਼ਮੀਨ ਦੇ ਮਾਲਕ ਨੂੰ ਜ਼ਮੀਨ ਦੱਬੀ ਜਾਣ ਦਾ ਕੋਈ ਖਤਰਾ ਨਹੀਂ ਰਹੇਗਾ, ਕਿਉਂਕਿ ਵਾਹਕ ਦੇ ਨਾਮ ਗਦਾਵਰੀਆਂ ਹੋਣ ਦੇ ਬਾਵਜੂਦ ਵੀ ਜ਼ਮੀਨ ਮਾਲਕ ਦੀ ਰਹੇਗੀ। ਇਸ ਮੱਦ ਨਾਲ ਪਰਵਾਸੀ ਵੀਰਾਂ ਨੂੰ ਬਹੁਤ ਰਾਹਤ ਮਿਲੇਗੀ, ਉਨ੍ਹਾਂ ਦੀਆਂ ਜਾਇਦਾਦਾਂ ਸੁਰੱਖਿਅਤ ਰਹਿਣਗੀਆ।

'ਦੀ ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ ਆਰਡੀਨੈਂਸ 2020' ਬਾਰੇ ਉਨ੍ਹਾਂ ਦਾ ਵਿਚਾਰ ਹੈ ਕਿ ਇਸ ਰਾਹੀਂ ਨਿਜੀ ਕੰਪਨੀਆਂ ਨੂੰ ਮੰਡੀ ਵਿਚ ਆਉਣ ਦਾ ਮੌਕਾ ਮਿਲੇਗਾ ਅਤੇ ਉਹ ਸਰਕਾਰੀ ਰੇਟ ਤੋਂ ਵੱਧ ਮੁੱਲ 'ਤੇ ਕਿਸਾਨੀ ਉਪਜ ਦੀ ਖਰੀਦ ਕਰ ਸਕਣਗੇ। ਇਹ ਮੱਦ ਵੀ ਕਿਸਾਨ ਦੇ ਹੱਕ ਵਿਚ ਜਾਂਦੀ ਹੈ। ਇਸ ਐਕਟ ਵਿਚ ਐਮ. ਐਸ. ਪੀ. ਦੇ ਫੰਡੇ ਨਾਲ ਕੋਈ ਵਾਧਾ-ਘਾਟਾ ਨਹੀ ਕੀਤਾ ਗਿਆ। ਇਹ ਪਹਿਲਾਂ ਵਾਂਗ ਹੀ ਰਹੇਗਾ। ਇਸ ਸਮੇਂ ਅਨਾਜ ਦਾ ਸਮੱਰਥਨ ਮੁੱਲ ਸਾਡੀ ਮੰਡੀ ਵਿਚ ਅੰਤਰ ਰਾਸ਼ਟਰੀ ਮੰਡੀ ਨਾਲੋਂ ਵੱਧ ਹੈ। ਨਿਜੀ ਕੰਪਨੀਆਂ ਦੀ ਖਰੀਦ ਦੇ ਨਾਲ ਸਰਕਾਰੀ ਖਰੀਦ ਵੀ ਜਾਰੀ ਰਹਿਣੀ ਚਾਹੀਦੀ ਹੈ ਤਾਂ ਹੀ ਮੁਕਾਬਲੇਬਾਜ਼ੀ ਹੋਵੇਗੀ। ਉਂਜ ਸਰਕਾਰ ਕੋਲ ਇਸ ਸਮੇਂ ਅਨਾਜ ਦੇ ਵੱਡੇ ਭੰਡਾਰ ਪਏ ਹਨ। ਹੋ ਸਕਦਾ ਹੈ ਕਿ ਸਰਕਾਰ ਮੰਡੀ ਵਿਚ ਖਰੀਦ ਕਰਨ ਤੋਂ ਆਪਣਾ ਹੱਥ ਪਿਛੇ ਖਿੱਚ ਲਵੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨਿਜੀ ਕੰਪਨੀਆਂ ਤੋਂ ਵੀ ਟੈਕਸ ਦੀ ਉਗਰਾਹੀ ਕਰੇ। ਸਬਜ਼ੀ ਦੀ ਵੇਚ-ਖਰੀਦ ਬਾਰੇ ਵੀ ਉਨ੍ਹਾਂ ਦੇ ਇਹੀ ਵਿਚਾਰ ਹਨ।

ਇਸ ਤਰ੍ਹਾਂ ਲੱਗਦਾ ਹੈ ਕਿ ਖੇਤੀਬਾੜੀ ਦੇ ਸਬੰਧ ਵਿਚ ਕੇਂਦਰ ਸਰਕਾਰ ਰਾਜ ਸਰਕਾਰਾਂ ਦੀਆਂ ਸ਼ਕਤੀਆਂ ਦਾ ਕੇਂਦਰੀਕਰਨ ਕਰਨਾ ਚਾਹੁੰਦੀ ਹੈ। ਕਾਰਪੋਰੇਟ ਫਾਰਮਿੰਗ ਅਤੇ ਖੁੱਲ੍ਹੀ ਮੰਡੀ ਦਾ ਫੰਡਾ ਭਾਰਤ ਜਿਹੇ ਦੇਸ਼ ਵਿਚ ਪਹਿਲਾਂ ਹੀ ਰੱਦ ਕੀਤਾ ਗਿਆ। ਸਾਡੇ ਦੇਸ਼ ਲਈ ਸਹਿਕਾਰੀ ਖੇਤੀ ਮਾਡਲ ਸਫਲ ਹੋ ਸਕਦਾ ਹੈ, ਜਿਸ ਵਿਚ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਕਾਰੀਗਰ ਸਾਰੇ ਰੁੱਝ ਸਕਦੇ ਹਨ। ਵੱਡੇ ਘਰਾਣਿਆਂ-ਕਾਰਪੋਰੇਟ ਕੰਪਨੀਆਂ ਦਾ ਖੇਤੀਬਾੜੀ ਖੇਤਰ 'ਤੇ ਹਾਵੀ ਹੋਣ ਦਾ ਖਦਸ਼ਾ ਵੀ ਹੈ। ਉਂਜ ਲੰਮੇ ਸਮੇਂ ਵਿਚ ਹੀ ਨਿਰਣਾ ਹੋਵੇਗਾ ਕਿ ਇਹ ਕਾਨੂੰਨ ਲੋਕ ਹਿੱਤ ਵਿਚ ਹਨ ਜਾਂ ਨਹੀਂ!

# ਖੇਤੀਬਾੜੀ ਕਾਮਿਆਂ ਨੂੰ ਉਜਾੜਨਾ ਮੁਲਕ ਦੇ ਹਿੱਤ ਵਿਚ ਨਹੀਂ

ਜਿੱਥੇ ਕਰੋਨਾ ਵਾਇਰਸ ਦੀ ਮਹਾਮਾਰੀ ਨੇ ਸੰਸਾਰ ਦੇ ਬਹੁਤੇ ਮੁਲਕਾਂ ਦੀ ਅਰਥ-ਵਿਵਸਥਾ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਹਨ, ਉਥੇ ਪਹਿਲਾਂ ਤੋਂ ਹੀ ਕਮਜ਼ੋਰ ਸਮਾਜਕ ਭਾਈਚਾਰੇ ਨੂੰ ਹੋਰ ਕਮਜ਼ੋਰ ਕਰ ਦਿੱਤਾ ਹੈ। ਇਸ ਮਹਾਮਾਰੀ ਦੇ ਸੰਕਟ ਤੋਂ ਬਚਣ ਲਈ ਬਹੁਤੇ ਮੁਲਕਾਂ ਦੀਆਂ ਸਰਕਾਰਾਂ ਨੇ ਤਾਲਾਬੰਦੀ ਕਰਕੇ ਲੋਕਾਂ ਨੂੰ ਆਪਣੇ ਘਰਾਂ ਵਿਚ ਹੀ ਰਹਿਣ ਦੇ ਆਦੇਸ਼ ਦਿੱਤੇ ਅਤੇ ਬਾਹਰਲੇ ਮੁਲਕਾਂ ਦੇ ਬਾਸ਼ਿੰਦਿਆਂ ਨੂੰ ਆਪਣੇ ਮੁਲਕਾਂ ਵਿਚ ਦਾਖਲ ਹੋਣ 'ਤੇ ਪਾਬੰਦੀ ਲਾਈ। ਤਾਲਾਬੰਦੀ ਲਾਉਣ ਅਤੇ ਸਰੀਰਕ ਦੂਰੀ ਬਣਾਈ ਰੱਖਣ ਦੇ ਨਤੀਜੇ ਵਜੋਂ ਉਦਯੋਗਿਕ ਇਕਾਈਆਂ, ਸੇਵਾਵਾਂ ਦੇਣ ਵਾਲੇ ਅਦਾਰੇ, ਖਾਸ ਕਰਕੇ ਸਕੂਲ, ਕਾਲਜ, ਯੂਨੀਵਰਸਿਟੀਆਂ, ਨਿੱਜੀ ਹਸਪਤਾਲ ਆਦਿ, ਠੱਪ ਹੋ ਕੇ ਰਹਿ ਗਏ। ਨਤੀਜੇ ਵਜੋਂ ਵੱਡੇ ਪੱਧਰ ਉਤੇ ਬੇਰੁਜ਼ਗਾਰੀ ਫੈਲੀ, ਜਿਸ ਕਾਰਨ ਮੰਗ, ਉਤਪਾਦਨ ਅਤੇ ਨਿਵੇਸ਼ ਕਾਫੀ ਜ਼ਿਆਦਾ ਘਟੇ। ਵੱਖ ਵੱਖ ਮੁਲਕਾਂ ਵਿਚ ਆਰਥਕ ਅਸਮਾਨਤਾਵਾਂ

**ਡਾ. ਗਿਆਨ ਸਿੰਘ**
ਫੋਨ: 91-99156-82196

ਵਧੀਆਂ ਹਨ ਅਤੇ ਆਉਣ ਵਾਲੇ ਸਮੇਂ ਦੌਰਾਨ ਉਨ੍ਹਾਂ ਦਾ ਹੋਰ ਵਧਣਾ ਸਾਫ ਦਿਖਾਈ ਦਿੰਦਾ ਹੈ। ਵਿਸ਼ਵ ਬੈਂਕ, ਕੌਮਾਂਤਰੀ ਮਜ਼ਦੂਰ ਸੰਘ ਅਤੇ ਹੋਰ ਕੌਮਾਂਤਰੀ ਏਜੰਸੀਆਂ ਦੇ ਅਨੁਮਾਨਾਂ ਅਨੁਸਾਰ ਬਹੁਤੇ ਮੁਲਕਾਂ ਨੂੰ ਆਰਥਕ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਇਸ ਆਰਥਕ ਮੰਦੀ ਦੇ ਦੁਨੀਆਂ ਵਿਚ 2008-09 ਵਿਚ ਸ਼ੁਰੂ ਹੋਈ ਆਰਥਕ ਮੰਦੀ ਤੋਂ ਵੱਧ ਮਾਰੂ ਹੋਣ ਦੀਆਂ ਸੰਭਾਵਨਾਵਾਂ ਹਨ।

ਕਰੋਨਾ ਵਾਇਰਸ ਦੀ ਮਹਾਮਾਰੀ ਦੇ ਸੰਕਟ ਨੇ ਇਕ ਤੱਥ ਨੂੰ ਚਿੱਟੇ ਦਿਨ ਵਾਂਗ ਸਭ ਦੇ ਸਾਹਮਣੇ ਲਿਆ ਦਿੱਤਾ ਕਿ ਮਨੁੱਖਾਂ ਦਾ ਕਾਰਾਂ, ਕੋਠੀਆਂ, ਜਹਾਜਾਂ, ਫੋਨਾਂ ਅਤੇ ਇਸ ਤਰ੍ਹਾਂ ਹੋਰ ਅਨੇਕ ਵਸਤਾਂ ਤੋਂ ਬਿਨਾ ਤਾਂ ਸਰ ਸਕਦਾ ਹੈ, ਪਰ ਜਿਉਂਦੇ ਰਹਿਣ ਲਈ ਰੋਟੀ ਜ਼ਰੂਰੀ ਹੈ, ਜੋ ਸਿਰਫ ਖੇਤੀਬਾੜੀ ਖੇਤਰ ਹੀ ਦੇ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਵੀ ਉਥੋਂ ਹੀ ਮਿਲਣੀ ਹੈ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਖੇਤੀਬਾੜੀ ਖੇਤਰ ਮਨੁੱਖਤਾ ਦੀ ਜੀਵਨ-ਰੇਖਾ ਹੈ। ਇਸ ਸੰਕਟ ਨੇ ਵੱਖ ਵੱਖ ਮੁਲਕਾਂ ਦੇ ਹੁਕਮਰਾਨਾਂ ਨੂੰ ਅਨੇਕਾਂ ਸੰਦੇਸ਼ ਦਿੱਤੇ ਹਨ, ਜਿਨ੍ਹਾਂ ਵਿਚੋਂ ਸਭ ਤੋਂ ਅਹਿਮ ਸੰਦੇਸ਼ ਖੇਤੀਬਾੜੀ ਖੇਤਰ, ਖਾਸ ਕਰਕੇ ਖੇਤੀਬਾੜੀ ਕਾਮਿਆਂ, ਵੱਲ ਵਿਸ਼ੇਸ਼ ਧਿਆਨ ਦੀ ਗੱਲ ਜ਼ੋਰ ਨਾਲ ਕਰਦਾ ਹੈ। ਆਮ ਲੋਕਾਂ ਲਈ ਰੋਜ਼ੀ-ਰੋਟੀ ਦੇ ਪੱਖ ਤੋਂ ਭਾਰਤ ਇਕ ਖੇਤੀਬਾੜੀ ਅਰਥ-ਵਿਵਸਥਾ ਹੈ, ਜਿੱਥੇ ਕਰੀਬ 50 ਫੀਸਦੀ ਜਨਸੰਖਿਆ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ 'ਤੇ ਨਿਰਭਰ ਹੈ। ਮੁਲਕ ਵਿਚ ਖੇਤੀਬਾੜੀ ਉਤਪਾਦਨ ਕਰਨ ਵਾਲੇ ਕਾਮਿਆਂ ਵਿਚ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਸ਼ਾਮਲ ਹਨ। ਦੁਨੀਆਂ ਦੇ ਬਾਕੀ ਮੁਲਕਾਂ ਵਾਂਗ ਭਾਰਤ ਵਿਚ ਆਰਥਕ ਵਿਕਾਸ ਦਰ ਤੇਜ਼ੀ ਨਾਲ ਥੱਲੇ ਆਉਣ ਅਤੇ ਆਰਥਕ ਮੰਦੀ ਦੇ ਫੈਲਣ ਦੇ ਸੰਕੇਤ ਸਾਫ ਦਿਖਾਈ ਦੇ ਰਹੇ ਹਨ, ਨਤੀਜੇ ਵਜੋਂ ਸਰਕਾਰਾਂ ਦੀਆਂ ਮੌਜੂਦਾ ਨੀਤੀਆਂ ਵਿਚ ਵੱਡੇ ਬਦਲਾਓ ਤੋਂ ਬਿਨਾ ਵੱਖ ਵੱਖ ਵਰਗਾਂ ਵਿਚਾਲੇ ਆਰਥਕ ਅਸਮਾਨਤਾ ਅਤੇ ਘੱਟ ਆਮਦਨ ਵਾਲੇ ਵਰਗਾਂ ਵਿਚਾਲੇ ਗਰੀਬੀ ਹੋਰ ਵਧੇਗੀ। ਵਰਤਮਾਨ ਸਮੇਂ ਦੌਰਾਨ ਆਰਥਕ ਵਿਕਾਸ ਦਰ ਨੂੰ ਉਪਰ ਲਿਜਾਣ ਲਈ ਅਰਥ-ਵਿਵਸਥਾ ਦੇ ਉਦਯੋਗਿਕ, ਸੇਵਾਵਾਂ ਅਤੇ ਖੇਤੀਬਾੜੀ ਖੇਤਰਾਂ ਵਿਚੋਂ ਆਸ ਦੀ ਕਿਰਨ ਸਿਰਫ ਖੇਤੀਬਾੜੀ ਖੇਤਰ ਵਿਚ ਹੀ ਦਿਖਾਈ ਦਿੰਦੀ ਹੈ।

ਮੁਲਕ ਦੀ ਕੇਂਦਰ ਸਰਕਾਰ ਤੇ ਸੂਬਾ ਸਰਕਾਰਾਂ ਅਕਸਰ ਕਿਸਾਨਾਂ ਨੂੰ ਖੇਤੀਬਾੜੀ ਕ੍ਰਿਆਵਾਂ ਵਿਚ ਵੰਨ-ਸੁਵੰਨਤਾ ਦੀਆਂ ਸਲਾਹਾਂ ਦਿੰਦੀਆਂ ਰਹਿੰਦੀਆਂ ਹਨ ਅਤੇ ਅਜਿਹੀਆਂ ਸਲਾਹਾਂ ਦੇਣ ਮੌਕੇ ਉਨ੍ਹਾਂ ਦੀ ਦਲੀਲ ਇਹ ਹੁੰਦੀ ਹੈ ਕਿ ਅਜਿਹਾ ਕਰਨ ਨਾਲ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਣ ਦੇ ਨਾਲ ਹੋਰ ਬਹੁਤ ਸਾਰੇ ਫਾਇਦੇ ਹੋਣਗੇ। ਕਰੋਨਾ ਮਹਾਮਾਰੀ ਤੋਂ ਬਚਣ ਲਈ ਸਰਕਾਰਾਂ ਵੱਲੋਂ ਲਾਗੂ ਕੀਤੀ ਗਈ ਤਾਲਾਬੰਦੀ ਕਾਰਨ ਸਾਰੇ ਕਿਸਾਨਾਂ ਦੀ ਆਮਦਨ ਤਾਂ ਘਟੀ, ਕਿਉਂਕਿ ਉਨ੍ਹਾਂ ਨੂੰ ਖੇਤੀਬਾੜੀ ਉਤਪਾਦਨ ਲਈ ਜ਼ਰੂਰੀ ਆਦਾਨਾਂ ਨੂੰ ਮੰਡੀ ਵਿਚੋਂ ਖਰੀਦਣ ਅਤੇ ਆਪਣੇ ਖੇਤੀਬਾੜੀ ਉਤਪਾਦ ਵੇਚਣ ਵਿਚ ਅਨੇਕਾਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ, ਪਰ ਜੋ ਕਿਸਾਨ ਸਰਕਾਰਾਂ ਦੀਆਂ ਸਲਾਹਾਂ ਮੰਨਦਿਆਂ ਆਪਣੀ ਆਮਦਨ ਵਧਾਉਣ ਲਈ ਖੇਤੀਬਾੜੀ ਕ੍ਰਿਆਵਾਂ ਵਿਚ ਵੰਨ-ਸੁਵੰਨਤਾ ਵੱਲ ਗਏ ਹਨ, ਉਨ੍ਹਾਂ ਦਾ ਨੁਕਸਾਨ ਦੂਜੇ ਕਿਸਾਨਾਂ ਨਾਲੋਂ ਕਿਤੇ ਵੱਧ ਹੋਇਆ। ਉਨ੍ਹਾਂ ਨੂੰ ਆਪਣੀਆਂ ਸਬਜੀਆਂ, ਬਾਗਵਾਨੀ ਦੇ ਉਤਪਾਦ, ਦੁੱਧ ਅਤੇ ਦੁੱਧ ਤੋਂ ਤਿਆਰ ਵਸਤਾਂ, ਪੋਲਟਰੀ ਉਤਪਾਦ ਆਦਿ ਵੇਚਣ ਦੇ ਮੌਕੇ ਘੱਟ ਮਿਲਣ ਕਾਰਨ ਵੱਡੇ ਘਾਟੇ ਪਏ। ਵੱਖ ਵੱਖ ਖੇਤੀਬਾੜੀ ਕ੍ਰਿਆਵਾਂ 'ਤੇ ਕਰੋਨਾ ਮਹਾਮਾਰੀ ਦੇ ਮਾਰੂ ਪ੍ਰਭਾਵ ਪੈਣ ਨਾਲ ਜਿੱਥੇ ਕਿਸਾਨਾਂ ਦਾ ਨੁਕਸਾਨ ਹੋਇਆ, ਉਥੇ ਖੇਤੀਬਾੜੀ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਪਹਿਲਾਂ ਤੋਂ ਰੁਜ਼ਗਾਰ ਦੇ ਘੱਟ ਦਿਨ ਹੋਰ ਘਟ ਗਏ, ਜਿਸ ਕਾਰਨ ਜ਼ਮੀਨ-ਵਿਹੂਣੇ ਇਨ੍ਹਾਂ ਵਰਗਾਂ ਨੂੰ ਸਿਰਫ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨ ਵਿਚ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਹ ਦੋਵੇਂ ਵਰਗ ਖੇਤੀਬਾੜੀ ਆਰਥਕਤਾ ਦੀ ਪੌੜੀ ਦੇ ਥੱਲੇ ਵਾਲੇ ਉਹ ਦੋ ਡੰਡੇ ਹਨ, ਜੋ ਘਸਦੇ ਵੀ ਵੱਧ ਤੇ ਟੁੱਟਦੇ ਵੀ ਜ਼ਿਆਦਾ ਹਨ।

ਮਨੁੱਖੀ ਜ਼ਿੰਦਗੀ ਦੀ ਹੋਂਦ ਵਿਚ ਖੇਤੀਬਾੜੀ ਖੇਤਰ ਦੀ ਮਹੱਤਤਾ ਨੂੰ ਦੇਖਦਿਆਂ ਅਤੇ ਕਰੋਨਾ ਮਹਾਮਾਰੀ ਦੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ 'ਤੇ ਪਈ ਮਾਰ ਤੇ ਮੌਜੂਦਾ ਸੰਕਟ ਸਮੇਂ ਦੌਰਾਨ ਮੁਲਕ ਦੀ ਆਰਥਕ ਵਿਕਾਸ ਦਰ ਨੂੰ ਮੁੜ ਲੀਹ 'ਤੇ ਲਿਆਉਣ ਲਈ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵੱਲੋਂ ਖੇਤੀਬਾੜੀ ਕਾਮਿਆਂ ਦੀ ਆਰਥਕ ਮਦਦ ਪਹਿਲ ਦੇ ਆਧਾਰ 'ਤੇ ਕੀਤੀ ਜਾਣੀ ਬਣਦੀ ਹੈ, ਪਰ ਅਸਲੀਅਤ ਵਿਚ ਇਸ ਤੋਂ ਉਲਟ ਹੋ ਰਿਹਾ ਹੈ। 3 ਜੂਨ 2020 ਨੂੰ ਕੇਂਦਰੀ ਮੰਤਰੀ ਮੰਡਲ ਨੇ ਖੇਤੀਬਾੜੀ ਨਾਲ ਸਬੰਧਿਤ ਤਿੰਨ ਅਧਿਆਦੇਸ਼ਾਂ (ਆਰਡੀਨੈਂਸਾਂ) ਨੂੰ ਆਪਣੀ ਸਹਿਮਤੀ ਦੇ ਦਿੱਤੀ ਸੀ। 5 ਜੂਨ 2020 ਨੂੰ ਮੁਲਕ ਦੇ ਰਾਸ਼ਟਰਪਤੀ ਵੱਲੋਂ ਇਨ੍ਹਾਂ ਅਧਿਆਦੇਸ਼ਾਂ ਨੂੰ ਮਨਜ਼ੂਰੀ ਦੇਣ ਉਪਰੰਤ ਮੁਲਕ ਦੇ ਗਜ਼ਟ ਵਿਚ ਦਰਜ ਕਰ ਦਿੱਤੇ ਗਏ ਹਨ। ਸੰਸਦ ਤੋਂ ਪਾਸ ਕਰਵਾਏ ਬਿਨਾ ਇਹ ਤਿੰਨੇ ਅਧਿਆਦੇਸ਼ ਆਉਣ ਵਾਲੇ 6 ਮਹੀਨੇ ਲਾਗੂ ਰਹਿਣਗੇ। ਇਹ ਤਿੰਨ ਅਧਿਆਦੇਸ਼ ਹਨ: ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹਾਇਕ) ਅਧਿਆਦੇਸ਼-2020; ਕੀਮਤ ਗਾਰੰਟੀ ਖੇਤੀਬਾੜੀ ਸੇਵਾਵਾਂ ਸਬੰਧੀ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਅਧਿਆਦੇਸ਼-2020; ਅਤੇ ਜ਼ਰੂਰੀ ਵਸਤਾਂ ਅਧਿਆਦੇਸ਼-2020 (ਸੋਧ)।

ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹਾਇਕ) ਅਧਿਆਦੇਸ਼-2020 ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਦੀ ਖਰੀਦ-ਵੇਚ ਸਬੰਧੀ ਮਰਜ਼ੀ ਦੀ ਚੋਣ ਦਾ ਇੰਤਜ਼ਾਮ ਕਰਨਾ ਹੈ ਤਾਂ ਕਿ ਖੇਤੀਬਾੜੀ ਵਪਾਰ ਵਿਚ ਮੁਕਾਬਲੇਬਾਜੀ ਸਦਕਾ ਬਦਲਵੇਂ ਵਸੀਲਿਆਂ ਰਾਹੀਂ ਕਿਸਾਨਾਂ ਨੂੰ ਉਨ੍ਹਾਂ ਦੀਆਂ ਖੇਤੀਬਾੜੀ ਜਿਨਸਾਂ ਦੀਆਂ ਲਾਹੇਵੰਦ ਕੀਮਤਾਂ ਮਿਲ ਸਕਣ। ਕੀਮਤ ਗਾਰੰਟੀ ਅਤੇ ਖੇਤੀਬਾੜੀ ਸੇਵਾਵਾਂ ਸਬੰਧੀ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਅਧਿਆਦੇਸ਼-2020 ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਦੀ ਗਾਰੰਟੀ ਕਰਨ ਅਤੇ ਕਿਸਾਨਾਂ ਨੂੰ ਹੋਰ ਤਾਕਤਵਰ ਬਣਾਉਣ ਲਈ ਖੇਤੀਬਾੜੀ ਇਕਰਾਰਨਾਮਿਆਂ ਨੂੰ ਅਭਿਆਸ 'ਚ ਲਿਆਉਣਾ ਹੈ। ਜ਼ਰੂਰੀ ਵਸਤਾਂ (ਸੋਧ) ਅਧਿਆਦੇਸ਼-2020 ਦਾ ਉਦੇਸ਼ ਕਿਸਾਨਾਂ ਅਤੇ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਖੇਤੀਬਾੜੀ ਖੇਤਰ ਵਿਚ ਮੁਕਾਬਲੇਬਾਜ਼ੀ ਨੂੰ ਵਧਾਉਣਾ ਅਤੇ ਨਿਯੰਤਰਣ ਨਿਜ਼ਾਮ ਨੂੰ ਨਰਮ ਬਣਾਉਣਾ ਹੈ। ਇਨ੍ਹਾਂ ਤਿੰਨਾਂ ਅਧਿਆਦੇਸ਼ਾਂ ਦੇ ਦੱਸੇ ਗਏ ਉਦੇਸ਼ਾਂ ਵਿਚ ਪ੍ਰਮੁੱਖ ਤੌਰ 'ਤੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਬਾਰੇ ਕਹੇ ਜਾਣ ਕਰਕੇ ਇਨ੍ਹਾਂ ਅਧਿਆਦੇਸ਼ਾਂ ਨੂੰ ਕਿਸਾਨੀ ਸੁਧਾਰਾਂ ਦਾ ਨਾਮ ਦਿੱਤਾ ਗਿਆ ਹੈ।

ਖੇਤੀਬਾੜੀ ਸਬੰਧੀ ਇਨ੍ਹਾਂ ਤਿੰਨੇ ਅਧਿਆਦੇਸ਼ਾਂ ਦੀ ਅਸਲੀਅਤ ਜਾਣਨ ਅਤੇ ਖੇਤੀਬਾੜੀ ਖੇਤਰ ਅਤੇ ਇਸ 'ਤੇ ਨਿਰਭਰ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਬਿਹਤਰੀ ਬਾਰੇ ਸੁਝਾਅ ਦੇਣ ਤੋਂ ਪਹਿਲਾਂ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਭਾਰਤ ਦਾ ਸੰਵਿਧਾਨ ਬਣਾਉਣ ਵਾਲਿਆਂ ਨੇ ਵੱਖ ਵੱਖ ਸੂਬਿਆਂ ਵਿਚਕਾਰ ਭੂਗੋਲਿਕ, ਆਰਥਕ, ਸਮਾਜਕ-ਸਭਿਆਚਾਰਕ ਅਤੇ ਹੋਰ ਅਨੇਕਾਂ ਪੱਖਾਂ ਤੋਂ ਵੱਖ ਵੱਖ ਵਖਰੇਵਿਆਂ ਕਾਰਨ ਬਹੁਤ ਵਿਚਾਰ-ਵਟਾਂਦਰਾ ਕਰਨ ਪਿਛੋਂ ਮੁਲਕ ਲਈ ਸੰਘੀ ਢਾਂਚੇ ਨੂੰ ਚੁਣਿਆ, ਜਿਸ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਕੰਮਾਂ ਤੇ ਅਧਿਕਾਰਾਂ ਦਾ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ ਤਾਂ ਕਿ ਸੂਬੇ ਖੁਦ-ਮੁਖਤਿਆਰ ਹੋ ਕੇ ਆਪਣਾ ਵਿਕਾਸ ਕਰਦਿਆਂ ਮੁਲਕ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਣ ਅਤੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਇਕ-ਦੂਜੇ ਦੇ ਅਧਿਕਾਰ-ਖੇਤਰ ਵਿਚ ਬੇਲੋੜੀ ਦਖਲਅੰਦਾਜ਼ੀ ਨਾ ਕਰਨ। ਮੁਲਕ ਦਾ ਸੰਵਿਧਾਨ ਅੱਤ ਦੀ ਜ਼ਰੂਰਤ ਵਿਚ ਕੇਂਦਰ ਸਰਕਾਰ ਨੂੰ ਅਧਿਆਦੇਸ਼ ਜਾਰੀ ਕਰਨ ਦਾ ਅਧਿਕਾਰ ਦਿੰਦਾ ਹੈ, ਪਰ ਵਰਤਮਾਨ ਅਧਿਆਦੇਸ਼ਾਂ ਸਬੰਧੀ ਧਿਆਨ ਮੰਗਦੀ ਗੱਲ ਇਹ ਹੈ ਕਿ ਅੱਤ ਦੀ ਜ਼ਰੂਰਤ ਕੀ ਸੀ?

ਜੇ ਕੇਂਦਰ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਜਾਂ ਖੇਤੀਬਾੜੀ ਖੇਤਰ ਦੀ ਬਿਹਤਰੀ ਲਈ ਨਵੀਆਂ ਨੀਤੀਆਂ ਬਣਾਉਣੀਆਂ ਅਤੇ ਲਾਗੂ ਕਰਨੀਆਂ ਚਾਹੁੰਦੀ ਸੀ ਤਾਂ ਉਸ ਨੂੰ ਇਨ੍ਹਾਂ ਨੀਤੀਆਂ ਸਬੰਧੀ ਬਿਲ ਬਣਾ ਕੇ ਸੰਸਦ ਵਿਚ ਵਿਚਾਰ-ਵਟਾਂਦਰੇ ਲਈ ਲਿਆਉਣੇ ਚਾਹੀਦੇ ਸਨ। ਅਜਿਹਾ ਕਰਨ ਤੋਂ ਪਹਿਲਾਂ ਇਹ ਜਾਣਦਿਆਂ ਕਿ ਖੇਤੀਬਾੜੀ, ਸੂਬਿਆਂ ਦੇ ਅਧਿਕਾਰ-ਖੇਤਰ ਵਿਚ ਆਉਂਦੀ ਹੈ, ਸੂਬਾ ਸਰਕਾਰਾਂ ਨਾਲ ਸਲਾਹ-ਮਸ਼ਵਰਾ ਕਰਨਾ ਬਣਦਾ ਸੀ। ਇਸ ਤੋਂ ਬਿਨਾ ਮੁਲਕ ਸਬੰਧੀ ਇਸ ਤੱਥ ਨੂੰ ਜਾਣਦਿਆਂ ਕਿ ਖੇਤੀਬਾੜੀ ਉਤਪਾਦਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ, ਇਨ੍ਹਾਂ ਤਿੰਨਾਂ ਵਰਗਾਂ ਦੀਆਂ ਜਥੇਬੰਦੀਆਂ ਤੋਂ ਵੀ ਸਹਿਮਤੀ ਲੈਣੀ ਬਣਦੀ ਸੀ। ਮੁਲਕ ਦੇ ਸੰਵਿਧਾਨ ਵਲੋਂ ਸੰਘੀ ਢਾਂਚੇ ਵਿਚ ਸੂਬਿਆਂ ਨੂੰ ਦਿੱਤੀ ਗਈ ਖੁਦਮੁਖਤਿਆਰੀ ਨੂੰ ਵੱਖ ਵੱਖ ਸਮਿਆਂ ਦੌਰਾਨ ਕਮਜ਼ੋਰ ਕੀਤਾ ਜਾਂਦਾ ਰਿਹਾ ਹੈ ਅਤੇ ਖੇਤੀਬਾੜੀ ਨਾਲ ਸਬੰਧਿਤ ਅਧਿਆਦੇਸ਼ਾਂ ਸਬੰਧੀ ਸੂਬਾ ਸਰਕਾਰਾਂ ਅਤੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਜਥੇਬੰਦੀਆਂ ਦੀ ਸਹਿਮਤੀ ਲੈਣ ਸਬੰਧੀ ਪੂਰਨ ਅਣਦੇਖੀ ਕੀਤੀ ਗਈ ਹੈ।

***ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਪੂਰੇ ਮੁਲਕ ਦੇ 86 ਫੀਸਦੀ ਤੋਂ ਵੱਧ ਕਿਸਾਨ ਸੀਮਤ ਅਤੇ ਛੋਟੇ ਕਿਸਾਨਾਂ ਦੀਆਂ ਸ਼੍ਰੇਣੀਆਂ ਵਿਚ ਆਉਂਦੇ ਹਨ। 68.45 ਫੀਸਦੀ ਕਿਸਾਨ ਸੀਮਤ ਕਿਸਾਨਾਂ (2.5 ਏਕੜ ਤੋਂ ਘੱਟ) ਅਤੇ 17.62 ਫੀਸਦੀ ਕਿਸਾਨ ਛੋਟੇ ਕਿਸਾਨਾਂ (2.5 ਏਕੜ ਤੋਂ ਵੱਧ ਅਤੇ 5 ਏਕੜ ਤੋਂ ਘੱਟ) ਦੀਆਂ ਸ਼੍ਰੇਣੀਆਂ ਵਿਚ ਆਉਂਦੇ ਹਨ। ਕਿਸਾਨਾਂ ਦੀਆਂ ਇਨ੍ਹਾਂ ਦੋਹਾਂ ਸ਼੍ਰੇਣੀਆਂ ਵਿਚੋਂ ਬਹੁਤ ਵੱਡੀ ਗਿਣਤੀ ਕਿਸਾਨਾਂ ਕੋਲ ਮੰਡੀ ਵਿਚ ਵੇਚਣਯੋਗ ਵਾਧੂ ਜਿਨਸ ਬਹੁਤ ਹੀ ਘੱਟ ਮਾਤਰਾ ਵਿਚ ਹੁੰਦੀ ਹੈ ਅਤੇ ਆਪਣੀ ਮਾੜੀ ਆਰਥਕ ਹਾਲਤ ਕਾਰਨ ਇਹ ਕਿਸਾਨ ਆਪਣੀਆਂ ਨਮਕ, ਤੇਲ, ਕੱਪੜੇ, ਦਵਾਈਆਂ ਆਦਿ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪਣੀ ਵਾਧੂ ਖੇਤੀਬਾੜੀ ਜਿਨਸ ਨੂੰ ਮੰਡੀ ਵਿਚ ਲਿਜਾ ਕੇ ਵੇਚਣ ਲਈ ਕਿਰਾਏ ਦੇ ਸਾਧਨਾਂ 'ਤੇ ਨਿਰਭਰ ਕਰਦੇ ਹਨ।***

ਮੁਲਕ ਦੀਆਂ ਕੁਝ ਖੇਤਰੀ ਰਾਜਸੀ ਪਾਰਟੀਆਂ ਸੂਬਿਆਂ ਦੀ ਖੁਦਮੁਖਤਿਆਰੀ ਨੂੰ ਖਾਸ ਅਹਿਮੀਅਤ ਦਿੰਦੀਆਂ ਰਹੀਆਂ ਜਾਂ ਦੇ ਰਹੀਆਂ ਹਨ। ਪੰਜਾਬ ਦੀ ਖੇਤਰੀ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਤਾਂ ਸੂਬਿਆਂ ਦੀ ਖੁਦਮੁਖਤਿਆਰੀ ਸਬੰਧੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਅਪਨਾਇਆ ਅਤੇ ਇਸ 'ਤੇ ਪਹਿਰਾ ਦੇਣ ਦਾ ਅਹਿਦ ਲਿਆ ਸੀ। ਖੇਤੀਬਾੜੀ ਨਾਲ ਸਬੰਧਿਤ ਮੌਜੂਦਾ ਅਧਿਆਦੇਸ਼ਾਂ ਨੂੰ ਆਪਣੀ ਸਹਿਮਤੀ ਦੇਣ ਅਤੇ ਐੱਨ. ਡੀ. ਏ. ਸਰਕਾਰ ਦੀ ਭਾਗੀਦਾਰ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਸੂਬਿਆਂ ਦੀ ਖੁਦਮੁਖਤਿਆਰੀ ਦੀ ਅਣਦੇਖੀ ਕਰਨ ਅਤੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਲਈ ਆਪ ਵੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ।

ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹਾਇਕ) ਅਧਿਆਦੇਸ਼-2020 ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਦੀ ਖਰੀਦ-ਵੇਚ ਸਬੰਧੀ ਮਰਜ਼ੀ ਦੀ ਚੋਣ ਦਾ ਇੰਤਜ਼ਾਮ ਕਰਨਾ ਹੈ। ਇਸ ਅਧਿਆਦੇਸ਼ ਦੇ ਮੁਲਕ ਦੇ ਗਜ਼ਟ ਵਿਚ ਦਰਜ ਹੋਣ ਤੋਂ ਪਹਿਲਾ ਜ਼ਿਆਦਾ ਸੂਬਿਆਂ ਵਿਚ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਦੀ ਖਰੀਦ-ਵੇਚ ਏ. ਪੀ. ਐੱਮ. ਸੀ. ਐਕਟ ਅਧੀਨ ਹੁੰਦੀ ਸੀ, ਜਿਸ ਅਨੁਸਾਰ ਖਰੀਦ-ਵੇਚ ਦਾ ਕੰਮ ਸੂਬਾ ਸਰਕਾਰਾਂ ਦੇ ਨਿਯੰਤਰਣ ਵਾਲੀਆਂ ਮੰਡੀਆਂ ਵਿਚ ਹੁੰਦਾ ਸੀ, ਪਰ ਹੁਣ ਨਿੱਜੀ ਮੰਡੀਆਂ ਵਿਚ ਖੇਤੀਬਾੜੀ ਜਿਨਸਾਂ ਦੀ ਖਰੀਦ-ਵੇਚ ਹੋ ਸਕੇਗੀ। ਸੂਬਾ ਸਰਕਾਰਾਂ ਇਨ੍ਹਾਂ ਮੰਡੀਆਂ 'ਤੇ ਆਪਣਾ ਨਿਯੰਤਰਣ ਆਪਣੇ ਖੇਤੀਬਾੜੀ ਮੰਡੀਕਰਨ ਬੋਰਡਾਂ ਰਾਹੀਂ ਕਰਦੀਆਂ ਹਨ। ਇਹ ਬੋਰਡ ਖੇਤੀਬਾੜੀ ਜਿਨਸਾਂ ਖਰੀਦਣ ਵਾਲਿਆਂ ਤੋਂ ਆਪਣੀ ਫੀਸ ਅਤੇ ਦਿਹਾਤੀ ਵਿਕਾਸ ਫੰਡ ਇਕੱਠਾ ਕਰਦੇ ਹਨ। 2020-21 ਵਿਚ ਪੰਜਾਬ ਵਿਚ ਇਨ੍ਹਾਂ ਦੋਹਾਂ ਮੱਦਾਂ ਤੋਂ 3900 ਕਰੋੜ ਰੁਪਏ ਦੀ ਆਮਦਨ ਦਾ ਅੰਦਾਜ਼ਾ ਹੈ। ਪੰਜਾਬ ਦਾ ਖੇਤੀਬਾੜੀ ਮੰਡੀਕਰਨ ਬੋਰਡ ਆਪਣੀ ਆਮਦਨ ਨਾਲ ਮੰਡੀਆਂ ਦੇ ਫੜਾਂ ਅਤੇ ਸ਼ੈੱਡਾਂ ਦੀ ਉਸਾਰੀ ਅਤੇ ਦੇਖਭਾਲ ਤੋਂ ਇਲਾਵਾ ਦਿਹਾਤੀ ਖੇਤਰ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਂਦਾ ਆ ਰਿਹਾ ਹੈ। ਪੰਜਾਬ ਪੂਰੇ ਮੁਲਕ ਦਾ ਇਕੋ-ਇਕ ਅਜਿਹਾ ਸੂਬਾ ਹੈ, ਜਿਸ ਦਾ ਹਰੇਕ ਪਿੰਡ ਲਿੰਕ ਸੜਕ ਰਾਹੀਂ ਮੁੱਖ ਸੜਕ ਨਾਲ ਜੁੜਿਆ ਹੋਇਆ ਹੈ, ਜਿਸ ਸਦਕਾ ਖੇਤੀਬਾੜੀ ਜਿਨਸਾਂ ਦੇ ਮੰਡੀ ਤੱਕ ਪਹੁੰਚਾਉਣ ਵਿਚ ਕਾਫੀ ਸੌਖ ਰਹਿੰਦੀ ਹੈ।

ਪੰਜਾਬ ਵਿਚ ਪਿੰਡਾਂ ਨੂੰ ਲਿੰਕ ਸੜਕਾਂ ਰਾਹੀਂ ਮੁੱਖ ਸੜਕਾਂ ਨਾਲ ਜੋੜਨ ਦਾ ਸਿਹਰਾ ਇਸ ਸੂਬੇ ਦੇ ਬਹੁਤ ਹੀ ਥੋੜ੍ਹੇ ਸਮੇਂ ਲਈ ਰਹੇ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੂੰ ਜਾਂਦਾ ਹੈ, ਜਿਸ ਨੇ ਇਹ ਵਿਕਾਸ ਵਾਲਾ ਕੰਮ ਡਾ. ਮਹਿੰਦਰ ਸਿੰਘ ਰੰਧਾਵਾ ਤੋਂ ਸਲਾਹ ਲੈ ਕੇ ਕੀਤਾ ਸੀ। ਇਨ੍ਹਾਂ ਲਿੰਕ ਸੜਕਾਂ ਨੂੰ ਬਣਾਉਣ, ਉਨ੍ਹਾਂ ਦੀ ਮੁਰੰਮਤ ਕਰਨ ਅਤੇ ਪਿੰਡਾਂ ਦੀਆਂ ਗਲੀਆਂ-ਨਾਲੀਆਂ ਬਣਾਉਣ ਸਮੇਤ ਹੋਰ ਵਿਕਾਸ ਦੇ ਕੰਮਾਂ ਲਈ ਖਰਚ ਪੰਜਾਬ ਮੰਡੀਕਰਨ ਬੋਰਡ ਵੱਲੋਂ ਕੀਤਾ ਜਾਂਦਾ ਹੈ। ਹੁਣ ਨਿੱਜੀ ਮੰਡੀਆਂ ਦੇ ਹੋਂਦ ਵਿਚ ਆਉਣ ਨਾਲ ਇਸ ਬੋਰਡ ਦੀ ਆਮਦਨ ਨੂੰ ਵੱਡਾ ਖੋਰਾ ਲੱਗਣ ਕਾਰਨ ਪੰਜਾਬ ਦਿਹਾਤੀ ਵਿਕਾਸ ਪਿੱਛੇ ਵੱਲ ਨੂੰ ਮੋੜਾ ਕੱਟੇਗਾ ਅਤੇ ਮੰਡੀਆਂ ਵਿਚ ਕੰਮ ਕਰਨ ਵਾਲੇ ਕਾਮਿਆਂ ਦਾ ਅਣਕਿਆਸਿਆ ਨੁਕਸਾਨ ਹੋਵੇਗਾ। ਇਸ ਅਧਿਆਦੇਸ਼ ਵਿਚ ਮੁਲਕ ਦੇ ਕਿਸਾਨਾਂ ਵਲੋਂ ਆਪਣੀਆਂ ਖੇਤੀਬਾੜੀ ਜਿਨਸਾਂ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਵੇਚ ਸਕਣ ਦੇ ਸਮਰੱਥ ਹੋਣ ਬਾਰੇ ਕਿਹਾ ਗਿਆ ਹੈ। ਇਸ ਸਬੰਧੀ ਅਸਲੀਅਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਪੂਰੇ ਮੁਲਕ ਦੇ 86 ਫੀਸਦੀ ਤੋਂ ਵੱਧ ਕਿਸਾਨ ਸੀਮਤ ਅਤੇ ਛੋਟੇ ਕਿਸਾਨਾਂ ਦੀਆਂ ਸ਼੍ਰੇਣੀਆਂ ਵਿਚ ਆਉਂਦੇ ਹਨ। 68.45 ਫੀਸਦੀ ਕਿਸਾਨ ਸੀਮਤ ਕਿਸਾਨਾਂ (2.5 ਏਕੜ ਤੋਂ ਘੱਟ) ਅਤੇ 17.62 ਫੀਸਦੀ ਕਿਸਾਨ ਛੋਟੇ ਕਿਸਾਨਾਂ (2.5 ਏਕੜ ਤੋਂ ਵੱਧ ਅਤੇ 5 ਏਕੜ ਤੋਂ ਘੱਟ) ਦੀਆਂ ਸ਼੍ਰੇਣੀਆਂ ਵਿਚ ਆਉਂਦੇ ਹਨ। ਕਿਸਾਨਾਂ ਦੀਆਂ ਇਨ੍ਹਾਂ ਦੋਹਾਂ ਸ਼੍ਰੇਣੀਆਂ ਵਿਚੋਂ ਬਹੁਤ ਵੱਡੀ ਗਿਣਤੀ ਕਿਸਾਨਾਂ ਕੋਲ ਮੰਡੀ ਵਿਚ ਵੇਚਣਯੋਗ ਵਾਧੂ ਜਿਨਸ ਬਹੁਤ ਹੀ ਘੱਟ ਮਾਤਰਾ ਵਿਚ ਹੁੰਦੀ ਹੈ ਅਤੇ ਆਪਣੀ ਮਾੜੀ ਆਰਥਕ ਹਾਲਤ ਕਾਰਨ ਇਹ ਕਿਸਾਨ ਆਪਣੀਆਂ ਨਮਕ, ਤੇਲ, ਕੱਪੜੇ, ਦਵਾਈਆਂ ਆਦਿ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪਣੀ ਵਾਧੂ ਖੇਤੀਬਾੜੀ ਜਿਨਸ ਨੂੰ ਮੰਡੀ ਵਿਚ ਲਿਜਾ ਕੇ ਵੇਚਣ ਲਈ ਕਿਰਾਏ ਦੇ ਸਾਧਨਾਂ 'ਤੇ ਨਿਰਭਰ ਕਰਦੇ ਹਨ। ਇਹ ਕਿਸਾਨ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਮੰਡੀਆਂ ਵਿਚ ਆਪਣੀਆਂ ਖੇਤੀਬਾੜੀ ਜਿਨਸਾਂ ਨੂੰ ਲਿਜਾ ਕੇ ਵੇਚਣ ਦੇ ਕਾਬਲ ਕਿਵੇਂ ਹੋਣਗੇ? ਇਨ੍ਹਾਂ ਕਿਸਾਨਾਂ ਵਿਚ ਕੁਝ ਕਿਸਾਨ ਅਜਿਹੇ ਵੀ ਹਨ, ਜੋ ਆਪਣੀਆਂ ਵਰਤਮਾਨ ਲੋੜਾਂ ਨੂੰ ਪੂਰਾ ਕਰਨ ਲਈ ਆਪਣੀਆਂ ਖੁਰਾਕ ਦੀਆਂ ਲੋੜਾਂ ਲਈ ਸਾਰੇ ਸਾਲ ਲਈ ਰੱਖੀਆਂ ਖੇਤੀਬਾੜੀ ਜਿਨਸਾਂ ਵਿਚੋਂ ਕੁਝ ਹਿੱਸੇ ਨੂੰ ਵੇਚ ਕੇ ਬਾਅਦ ਵਿਚ ਆਪਣੀ ਲੋੜ ਅਨੁਸਾਰ ਮੰਡੀ ਵਿਚੋਂ ਇਨ੍ਹਾਂ ਨੂੰ ਖਰੀਦ ਕੇ ਆਪਣਾ ਡੰਗ ਟਪਾਉਂਦੇ ਹਨ।

ਨਿੱਜੀ ਮੰਡੀਆਂ ਦਾ ਉਦੇਸ਼ ਵਪਾਰੀਆਂ ਦੇ ਨਫੇ ਵਧਾਉਣਾ ਹੁੰਦਾ ਹੈ। ਇਕ ਵਾਰ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਦੇ ਵਿਕ ਜਾਣ ਪਿਛੋਂ ਉਨ੍ਹਾਂ ਦੀਆਂ ਕੀਮਤਾਂ ਵਧਦੀਆਂ ਰਹਿਣਗੀਆਂ, ਜਿਸ ਕਾਰਨ ਨਿਮਨ ਕਿਸਾਨਾਂ ਸਮੇਤ ਸਾਰੇ ਖਪਤਕਾਰ ਆਪਣੀਆਂ ਖੁਰਾਕੀ ਲੋੜਾਂ ਨੂੰ ਪੂਰਾ ਕਰਨ ਲਈ ਉਚੀਆਂ ਕੀਮਤਾਂ ਦੇਣ ਲਈ ਮਜ਼ਬੂਰ ਹੋਣਗੇ। ਨਿੱਜੀ ਮੰਡੀਆਂ ਦੀ ਸਥਾਪਤੀ ਦਾ ਇਕ ਹੋਰ ਬਹੁਤ ਹੀ ਅਹਿਮ ਪੱਖ ਇਹ ਹੈ ਕਿ ਇਨ੍ਹਾਂ ਮੰਡੀਆਂ ਵਿਚ ਖਰੀਦਦਾਰਾਂ 'ਤੇ ਖੇਤੀਬਾੜੀ ਮੰਡੀਕਰਨ ਬੋਰਡ ਦੀ ਲੱਗਣ ਵਾਲੀ ਫੀਸ ਅਤੇ ਦਿਹਾਤੀ ਵਿਕਾਸ ਫੰਡ ਤੋਂ ਛੋਟ ਹੋਣ ਕਾਰਨ ਸ਼ੁਰੂ ਵਿਚ ਵਪਾਰੀ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਕੇਂਦਰ ਸਰਕਾਰ ਵੱਲੋਂ ਤੈਅ ਕੀਤੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਤੋਂ ਕੁਝ ਵੱਧ ਵੀ ਦੇ ਦੇਣਗੇ, ਜਿਸ ਕਾਰਨ ਏ. ਪੀ. ਐੱਸ. ਸੀ. ਐਕਟ ਵਾਲੀਆਂ ਮੰਡੀਆਂ ਦੀ ਸਾਰਥਿਕਤਾ ਖਤਮ ਹੋ ਜਾਵੇਗੀ ਅਤੇ ਕੇਂਦਰ ਸਰਕਾਰ ਨੂੰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਤੈਅ ਕਰਨ ਅਤੇ ਉਨ੍ਹਾਂ ਉਪਰ ਖਰੀਦ ਕਰਨ ਤੋਂ ਭੱਜਣ ਦਾ ਬਹਾਨਾ ਮਿਲ ਜਾਵੇਗਾ, ਪਰ ਅਜਿਹਾ ਹੋਣ ਪਿਛੋਂ ਨਿੱਜੀ ਮੰਡੀਆਂ ਵਿਚ ਕਿਸਾਨਾਂ ਦੀ ਜੋ ਦੁਰਦਸ਼ਾ ਹੋਵੇਗੀ, ਉਸ ਦਾ ਅੰਦਾਜ਼ਾ ਬਿਹਾਰ ਦੇ ਤਜ਼ਰਬੇ ਤੋਂ ਲਾਇਆ ਜਾ ਸਕਦਾ ਹੈ।

ਕੀਮਤ ਗਾਰੰਟੀ ਅਤੇ ਖੇਤੀਬਾੜੀ ਸੇਵਾਵਾਂ ਸਬੰਧੀ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਅਧਿਆਦੇਸ਼-2020 ਦੇ ਦੱਸੇ ਗਏ ਉਦੇਸ਼ ਅਨੁਸਾਰ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਦੀ ਗਾਰੰਟੀ ਲਈ ਖੇਤੀਬਾੜੀ ਇਕਰਾਰਨਾਮਿਆਂ ਨੂੰ ਅਭਿਆਸ ਵਿਚ ਲਿਆਂਦਾ ਜਾ ਸਕੇਗਾ। ਇਨ੍ਹਾਂ ਇਕਰਾਰਨਾਮਿਆਂ ਦੇ ਲਿਖਤੀ ਹੋਣ ਬਾਰੇ ਦੱਸਿਆ ਗਿਆ ਹੈ। ਐਗਰੋ-ਪ੍ਰੋਸੈਸਿੰਗ ਉਦਯੋਗਿਕ ਇਕਾਈਆਂ ਅਤੇ ਵਪਾਰੀਆਂ ਵੱਲੋਂ ਇਸ ਤਰ੍ਹਾਂ ਦੇ ਇਕਰਾਰਨਾਮਿਆਂ ਦਾ ਨਿਰਾਸ਼ਾਜਨਕ ਇਤਿਹਾਸ ਸਭ ਦੇ ਸਾਹਮਣੇ ਹੈ। ਕਿਸਾਨਾਂ ਅਤੇ ਐਗਰੋ-ਪ੍ਰੋਸੈਸਿੰਗ ਇਕਾਈਆਂ/ਵਪਾਰੀਆਂ ਵਿਚਾਲੇ ਹੋਏ ਇਕਰਾਰਨਾਮਿਆਂ ਸਬੰਧੀ ਸ਼ਿਕਾਇਤਾਂ ਦਾ ਨਿਪਟਾਰਾ ਐੱਸ. ਡੀ. ਐੱਮ. ਅਤੇ ਡੀ. ਸੀ. ਪੱਧਰ 'ਤੇ ਹੋਵੇਗਾ। ਸ਼ਿਕਾਇਤਾਂ ਵਿਚ ਕਿਸਾਨ ਵੱਖ ਵੱਖ ਪੱਖਾਂ ਤੋਂ ਬਹੁਤ ਹੀ ਕਮਜ਼ੋਰ ਧਿਰ ਹੋਣਗੇ, ਜਿਸ ਕਾਰਨ ਇਨ੍ਹਾਂ ਸ਼ਿਕਾਇਤਾਂ ਦਾ ਨਿਪਟਾਰਾ ਦੂਜੀਆਂ ਧਿਰਾਂ ਦੇ ਹੱਕ ਵਿਚ ਨਿਪਟਾਉਣ ਦੇ ਆਸਾਰ ਹੀ ਦਿਖਾਈ ਦਿੰਦੇ ਹਨ। 1965 ਤੋਂ ਕਿਸਾਨਾਂ ਨੂੰ ਉਨ੍ਹਾਂ ਦੀਆਂ ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਦੀ ਗਾਰੰਟੀ ਦੇਣ ਦਾ ਕੰਮ ਤਾਂ ਕੇਂਦਰ ਸਰਕਾਰ ਵਲੋਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਕੇ ਉਨ੍ਹਾਂ 'ਤੇ ਇਨ੍ਹਾਂ ਜਿਨਸਾਂ ਨੂੰ ਖਰੀਦ ਕੇ ਕੀਤਾ ਜਾਂਦਾ ਆ ਰਿਹਾ ਹੈ, ਜਿਸ ਵਿਚ ਕੁਝ ਅਹਿਮ ਊਣਤਾਈਆਂ ਵੀ ਹਨ, ਪਰ ਇਸ ਦਾ ਅਰਥ ਇਹ ਤਾਂ ਨਹੀਂ ਕਿ ਊਣਤਾਈਆਂ ਨੂੰ ਦੂਰ ਕਰਨ ਦੀ ਥਾਂ ਕਿਸਾਨਾਂ ਨੂੰ 'ਸ਼ੇਰ ਅਤੇ ਬੱਕਰੀ ਵਾਲੇ ਮੁਕਾਬਲੇ' ਉਪਰ ਛੱਡ ਦਿੱਤਾ ਜਾਵੇ।

ਜ਼ਰੂਰੀ ਵਸਤਾਂ (ਸੋਧ) ਅਧਿਆਦੇਸ਼-2020 ਦਾ ਦੱਸਿਆ ਗਿਆ ਉਦੇਸ਼ ਖੇਤੀਬਾੜੀ ਖੇਤਰ ਵਿਚ ਮੁਕਾਬਲੇਬਾਜ਼ੀ ਵਧਾਉਣ ਲਈ ਸਰਕਾਰੀ ਨਿਯੰਤਰਣ ਨੂੰ ਨਰਮ ਬਣਾਉਣਾ ਹੈ। ਇਸ ਅਧਿਆਦੇਸ਼ ਵਿਚ ਜ਼ਰੂਰੀ ਵਸਤਾਂ ਕਾਨੂੰਨ 1955 ਅਨੁਸਾਰ ਜ਼ਰੂਰੀ ਵਸਤਾਂ ਨੂੰ ਸਟੋਰ ਕਰਨ ਦੀਆਂ ਹੱਦਾਂ ਕੁਝ ਕੁ ਸ਼ਰਤਾਂ ਲਾ ਕੇ ਬਹੁਤ ਹੀ ਨਰਮ ਕੀਤਾ ਗਿਆ ਹੈ। ਹੁਣ ਵਪਾਰੀ, ਕੰਪਨੀਆਂ ਅਤੇ ਕੁਝ ਹੋਰ ਅਦਾਰੇ ਅਨਾਜ, ਦਾਲਾਂ, ਤੇਲ ਬੀਜਾਂ, ਆਲੂ, ਪਿਆਜ ਵਗੈਰਾ ਨੂੰ ਕਿਸੇ ਵੀ ਹੱਦ ਤੱਕ ਸਟੋਰ ਕਰ ਸਕਣਗੇ। ਦੁਨੀਆਂ ਦੇ ਖੇਤੀਬਾੜੀ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਅਜਿਹੇ ਵਰਤਾਰੇ ਵਿਚ ਵਪਾਰੀਆਂ, ਕੰਪਨੀਆਂ ਅਤੇ ਹੋਰ ਅਦਾਰਿਆਂ ਦੇ ਕਾਰਟਲ ਹੋਂਦ ਵਿਚ ਆਉਂਦੇ ਹਨ, ਜੋ ਫਸਲਾਂ ਦੀ ਕਟਾਈ ਆਦਿ ਸਮੇਂ ਕਿਸਾਨਾਂ ਦੀਆਂ ਆਰਥਕ ਮਜ਼ਬੂਰੀਆਂ ਦਾ ਫਾਇਦਾ ਉਠਾਉਂਦਿਆਂ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਨੂੰ ਬਹੁਤ ਹੀ ਘੱਟ ਕੀਮਤਾਂ 'ਤੇ ਖਰੀਦ ਕੇ ਬਾਅਦ ਵਿਚ ਖਪਤਕਾਰਾਂ ਨੂੰ ਬਹੁਤ ਹੀ ਉਚੀਆਂ ਕੀਮਤਾਂ 'ਤੇ ਵੇਚਦੇ ਹਨ, ਜਿਸ ਨਾਲ ਕਿਸਾਨਾਂ ਅਤੇ ਖਪਤਕਾਰਾਂ-ਦੋਹਾਂ ਦਾ ਹੀ ਸ਼ੋਸ਼ਣ ਹੁੰਦਾ ਹੈ।

ਖੇਤੀਬਾੜੀ ਨਾਲ ਸਬੰਧਿਤ ਤਿੰਨਾਂ ਅਧਿਆਦੇਸ਼ਾਂ ਦਾ ਕੁਝ ਰਾਜਸੀ ਪਾਰਟੀਆਂ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ, ਕਿਉਂਕਿ ਉਨ੍ਹਾਂ ਨੂੰ ਸ਼ਾਂਤਾ ਕੁਮਾਰ ਕਮੇਟੀ


***(ਬਾਕੀ ਅਗਲੇ ਸਫੇ 'ਤੇ)***

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਦੋਂ ਜਾਗੇਗੀ?

ਕਿਸੇ ਵੀ ਭਾਈਚਾਰੇ ਜਾਂ ਮਨੁੱਖ ਦੀ ਆਜ਼ਾਦੀ ਲਈ ਪਹਿਲਾ ਅਤੇ ਜ਼ਰੂਰੀ ਕਦਮ ਹੁੰਦਾ ਹੈ, ਉਸ ਦੀ ਆਰਥਕ ਆਜ਼ਾਦੀ, ਉਸ ਦਾ ਆਪਣੀ ਰੋਜ਼ੀ-ਰੋਟੀ ਲਈ ਸਵੈ-ਨਿਰਭਰ ਹੋਣਾ। ਇਸੇ ਦਾ ਪ੍ਰਗਟਾਵਾ ਕਰਦਿਆਂ ਬਾਬਾ ਫਰੀਦ ਨੇ ਆਪਣੀ ਬਾਣੀ ਵਿਚ ਫੁਰਮਾਇਆ ਹੈ,

ਫਰੀਦਾ ਬਾਰਿ ਪਰਾਇਐ ਬੈਸਣਾ<br>
ਸਾਂਈ ਮੁਝੈ ਨ ਦੇਹਿ॥<br>
ਜੇ ਤੂ ਏਵੈ ਰਖਸੀ<br>
ਜੀਉ ਸਰੀਰਹੁ ਲੇਹਿ॥42॥<br>
(ਪੰਨਾ 1380)

ਮਨੁੱਖ ਉਦੋਂ ਹੀ ਕਿਸੇ ਦੇ ਦਰਵਾਜੇ 'ਤੇ ਜਾਂਦਾ ਹੈ, ਜਦੋਂ ਉਸ ਦੇ ਜੀਣ-ਥੀਣ ਦੇ ਆਪਣੇ ਸਾਧਨ ਮੁੱਕ ਜਾਣ ਜਾਂ ਨਾ ਹੋਣ। ਰੋਟੀ ਮਨੁੱਖ ਦੀ ਪਹਿਲੀ ਲੋੜ ਹੈ, ਜੋ ਜਿੰਦਾ ਰਹਿਣ ਵਾਸਤੇ ਬਹੁਤ ਜ਼ਰੂਰੀ ਹੈ। ਭਾਵੇਂ ਕੋਈ ਕਿੰਡਾ ਵੀ ਅਧਿਆਤਮਵਾਦੀ, ਯੋਗੀ-ਜਤੀ, ਤਪੱਸਵੀ ਹੋਵੇ, ਉਸ ਨੂੰ ਵੀ ਭੋਜਨ ਦੀ ਲੋੜ ਪੈਂਦੀ ਹੈ। ਮਨੁੱਖ ਦੇ ਅਧਿਆਤਮਕ ਅਤੇ ਦੁਨਿਆਵੀ ਜੀਵਨ ਨੂੰ ਇਕਸੁਰ ਕਰਨ



ਡਾ. ਗੁਰਨਾਮ ਕੌਰ, ਕੈਨੇਡਾ

ਲਈ, ਉਸ ਦੇ ਸੰਸਾਰਕ ਅਤੇ ਅਧਿਆਤਮਕ ਜੀਵਨ ਨੂੰ ਸੰਤੁਲਤ ਰੱਖਣ ਲਈ ਗੁਰੂ ਨਾਨਕ ਦੇਵ ਨੇ ਹੱਥੀਂ ਇਮਾਨਦਾਰੀ ਦੀ ਕਿਰਤ ਕਰਨ ਨੂੰ, ਉਸ ਨੂੰ ਲੋੜਵੰਦਾਂ ਨਾਲ ਵੰਡ ਕੇ ਖਾਣ ਨੂੰ ਨਾਮ ਸਿਮਰਨ ਨਾਲ ਬਰਾਬਰ 'ਤੇ ਜੋੜਿਆ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਜਦੋਂ ਉਦਾਸੀਆਂ ਕਰਨ ਉਪਰੰਤ ਕਰਤਾਰਪੁਰ ਪੱਕੇ ਤੌਰ 'ਤੇ ਨਿਵਾਸ ਕੀਤਾ ਤਾਂ ਉਨ੍ਹਾਂ ਦਾ ਮੁੱਖ ਸਰੋਕਾਰ ਉਸ ਜੀਵਨ ਦਰਸ਼ਨ ਨੂੰ ਅਮਲੀ ਰੂਪ ਦੇਣਾ ਸੀ, ਜੋ ਉਨ੍ਹਾਂ ਨੇ ਆਪਣੇ ਪਰਮਸਤਿ ਦੇ ਅਨੁਭਵ 'ਚ ਆਤਮਸਾਤ ਕੀਤਾ ਸੀ।

ਕਰਤਾਰਪੁਰ ਨਿਵਾਸ ਕਰਦਿਆਂ ਜਿੱਥੇ ਉਨ੍ਹਾਂ ਨੇ ਸਵੇਰੇ ਸ਼ਾਮ ਨਾਮ-ਬਾਣੀ ਦਾ ਪਰਵਾਹ ਚਲਾਇਆ, ਉਥੇ ਆਪਣੇ ਹੱਥੀਂ ਖੇਤਾਂ ਵਿਚ ਕੰਮ ਕਰਕੇ ਕਿਰਤ ਕਰਨ ਅਤੇ ਸਾਂਝੇ ਲੰਗਰ ਵਿਚ ਹੱਥੀ ਸੇਵਾ ਕਰਕੇ, ਵੰਡ ਕੇ ਛਕਣ ਦੀ ਜਾਚ ਦੱਸੀ। 'ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ' ਦੇ ਸਿਧਾਂਤ ਰਾਹੀਂ ਗੁਰੂ ਨਾਨਕ ਸਾਹਿਬ ਨੇ ਲੰਗਰ ਦੀ ਪਰੰਪਰਾ ਸ਼ੁਰੂ ਕਰਕੇ ਮਨੁੱਖੀ ਬਰਾਬਰੀ ਦੇ ਸਿਧਾਂਤ ਨੂੰ ਵੀ ਦ੍ਰਿੜ ਕਰਵਾਇਆ, ਜਿਸ ਰਾਹੀਂ ਸਾਰੇ ਮਾਈ-ਭਾਈ ਹੱਥੀਂ ਸੁੱਚੀ-ਸੁੱਚੀ ਕਿਰਤ ਕਰਨ, ਰਲ-ਮਿਲ ਕੇ ਲੰਗਰ ਵਿਚ ਸੇਵਾ ਕਰਨ ਤੇ ਬਿਨਾ ਕਿਸੇ ਉਚ-ਨੀਚ, ਧਰਮ-ਜਾਤ, ਇਸਤਰੀ-ਪੁਰਸ਼ ਦੇ ਵਖਰੇਵੇਂ ਦੇ ਇਕੱਠਿਆਂ ਬਰਾਬਰ ਬੈਠ ਕੇ ਲੰਗਰ ਛਕਣ ਅਤੇ ਸੰਗਤੀ ਰੂਪ ਵਿਚ ਨਾਮ-ਬਾਣੀ ਦਾ ਸਿਮਰਨ ਕਰਨ। ਉਚ-ਨੀਚ, ਜਾਤਿ-ਪਾਤਿ ਅਤੇ ਇਸ ਕਿਸਮ ਦੀਆਂ ਅਨੇਕਾਂ ਤਰ੍ਹਾਂ ਦੀਆਂ ਵੰਡਾਂ ਵਿਚ ਵੰਡੇ ਹੋਏ ਸਮਾਜ ਨੂੰ ਇਕਸੁਰ ਅਤੇ ਇੱਕ-ਜੁੱਟ ਕਰਨ ਲਈ ਇਹ ਬਹੁਤ ਵੱਡਾ ਅਮਲੀ ਰਸਤਾ ਸੀ, ਜਿਸ ਦੀ ਪਿਰਤ ਗੁਰੂ ਨਾਨਕ ਸਾਹਿਬ ਨੇ ਪਾਈ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਇਸ ਨੂੰ ਹੋਰ ਮਜ਼ਬੂਤ ਕੀਤਾ।

ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਜੀ ਨੇ ਨਵੇਂ ਨਗਰ ਖਡੂਰ ਸਾਹਿਬ ਅਤੇ ਗੋਇੰਦਵਾਲ ਉਸ ਸ਼ਾਹਰਾਹ 'ਤੇ ਵਸਾਏ, ਜੋ ਉਸ ਵੇਲੇ ਹਿੰਦੁਸਤਾਨ ਦਾ ਦੂਸਰੇ ਏਸ਼ੀਆਈ ਮੁਲਕਾਂ ਨਾਲ ਵਪਾਰ ਕਰਨ ਦਾ ਰੂਟ ਸੀ। ਗੁਰੂ ਰਾਮਦਾਸ ਜੀ ਨੇ ਇਸੇ ਰੂਟ ਤੇ ਜਦੋਂ ਰਾਮਦਾਸ ਚੱਕ ਜਾਣੀ ਅੰਮ੍ਰਿਤਸਰ ਵਸਾਇਆ ਤਾਂ ਉਥੇ ਦੂਰੋਂ ਦੂਰੋਂ ਵੱਖ ਵੱਖ ਕਿੱਤਿਆਂ ਨਾਲ ਜੁੜੇ ਕਾਰੀਗਰ, ਸ਼ਿਲਪਕਾਰ ਅਤੇ ਵਪਾਰੀ ਲਿਆ ਕੇ ਵਸਾਏ ਤਾਂ ਜੋ ਜਿੱਥੇ ਨਗਰ ਤਰੱਕੀ ਕਰੇ, ਉਥੇ ਹੀ ਉਸ ਦੇ ਵਸਨੀਕ ਆਰਥਕ ਤੌਰ 'ਤੇ ਆਤਮ-ਨਿਰਭਰ ਹੋਣ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਪੰਜਾਬ ਦੀ ਡੋਰ ਸੰਭਾਲੀ ਤਾਂ ਸਭ ਤੋਂ ਪਹਿਲਾ ਕੰਮ ਜਗੀਰਦਾਰੀ ਪ੍ਰਬੰਧ ਖਤਮ ਕੀਤਾ ਅਤੇ ਜ਼ਮੀਨ ਹਲ-ਵਾਹਕ ਕਿਸਾਨਾਂ ਵਿਚ ਵੰਡੀ।

ਸਵਰਗੀ ਯੋਗੀ ਹਰਭਜਨ ਸਿੰਘ ਅਜਿਹੀ ਸ਼ਖਸੀਅਤ ਹੋਏ ਹਨ, ਜਿਨ੍ਹਾਂ ਦੇ ਸਿਰ ਅਮਰੀਕਾ ਅਤੇ ਹੋਰ ਕਈ ਮੁਲਕਾਂ ਵਿਚ ਰਹਿ ਰਹੇ ਵੱਖਰੀਆਂ ਨਸਲਾਂ ਦੇ ਲੋਕਾਂ ਨੂੰ ਸਿੱਖੀ ਸਰੂਪ ਵਿਚ ਲਿਆਉਣ ਦਾ ਸਿਹਰਾ ਜਾਂਦਾ ਹੈ। ਉਨ੍ਹਾਂ ਦੇ ਯੋਗ-ਪ੍ਰਬੰਧ ਜਾਂ ਹੋਰ ਢੰਗ-ਤਰੀਕਿਆਂ ਨਾਲ ਆਮ ਸਿੱਖ ਬੁੱਧੀਜੀਵੀਆਂ ਦੇ ਕਈ ਵਖਰੇਵੇਂ ਅਤੇ ਇਤਰਾਜ਼ ਹੋ ਸਕਦੇ ਹਨ, ਪਰ ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਜਿਵੇਂ ਦੂਜੇ ਮੁਲਕਾਂ ਅਤੇ ਨਸਲਾਂ ਦੇ ਲੋਕਾਂ ਨੂੰ ਉਨ੍ਹਾਂ ਨੇ ਸਿੱਖ ਧਰਮ ਵੱਲ ਪ੍ਰੇਰਿਆ, ਇਸ ਦੀ ਮਿਸਾਲ ਮੌਜੂਦਾ ਯੁੱਗ ਵਿਚ ਕਿਸੇ ਟਕਸਾਲ, ਕਿਸੇ ਸੰਤ ਜਾਂ ਕਿਸੇ ਵੀ ਸਿੱਖ ਪ੍ਰਚਾਰਕ ਜਾਂ ਰਾਗੀ-ਢਾਡੀ ਦੀ ਨਹੀਂ ਮਿਲਦੀ। ਪੰਜਾਬੀ ਯੂਨੀਵਰਸਿਟੀ ਨਾਲ ਅਮਰੀਕਨ ਸਿੱਖਾਂ ਨੂੰ ਪੰਜਾਬੀ ਪੜ੍ਹਾਉਣ ਲਈ ਹੋਏ ਸਮਝੌਤੇ ਕਾਰਨ ਸਾਨੂੰ ਉਨ੍ਹਾਂ ਨੂੰ ਅਤੇ ਅਮਰੀਕਨ ਸਿੱਖਾਂ ਨੂੰ ਨੇੜਿਓਂ ਜਾਣਨ ਦਾ ਮੌਕਾ ਮਿਲਿਆ ਅਤੇ ਮੈਂ ਮਹਿਸੂਸ ਕੀਤਾ ਕਿ ਜਿੱਥੋਂ ਤੱਕ ਸਿੱਖ ਧਰਮ ਦਾ ਸਵਾਲ ਹੈ, ਉਹ ਬਹੁਤ ਹੀ ਸ਼ਰਧਾਲੂ ਅਤੇ ਬਾਣੀ ਨਾਲ ਜੁੜੇ ਹੋਏ ਸਿੱਖ ਹਨ। ਦੋ ਵਾਰ ਸੰਨ 2003-4 ਵਿਚ ਸ. ਯੋਗੀ ਦੇ ਵਿਸ਼ੇਸ਼ ਸੱਦੇ 'ਤੇ ਮੈਨੂੰ ਉਨ੍ਹਾਂ ਦੇ ਕੇਂਦਰ ਐਸਪੇਨੋਲਾ-ਨਿਊ ਮੈਕਸੀਕੋ ਜਾਣ ਦਾ ਮੌਕਾ ਮਿਲਿਆ, ਜਿੱਥੇ ਮੈਂ ਦੁਨੀਆਂ ਭਰ ਦੇ ਵੱਖ ਵੱਖ ਮੁਲਕਾਂ ਅਤੇ ਨਸਲਾਂ ਦੇ, ਜਪਾਨ-ਚੀਨ ਤੋਂ ਲੈ ਕੇ ਯੂਰਪ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਤੋਂ ਆਏ ਸਿੱਖ ਵੀਰਾਂ ਅਤੇ ਸਿੱਖ ਬੀਬੀਆਂ ਨੂੰ ਮਿਲੀ, ਜੋ 'ਜਪੁਜੀ ਸਾਹਿਬ' 'ਤੇ ਕੀਤੇ ਜਾ ਰਹੇ ਵਿਸ਼ੇਸ਼ ਪ੍ਰੋਗਰਾਮ ਵਿਚ ਹਿੱਸਾ ਲੈਣ ਆਏ ਹੋਏ ਸਨ। ਉਥੇ ਹੀ ਮੈਨੂੰ ਸ. ਯੋਗੀ ਵੱਲੋਂ ਸਿੱਖ ਸਜਾਉਣ ਦੇ ਨਾਲ ਨਾਲ ਜਿਸ ਵਿਸ਼ੇਸ਼ ਗੱਲ ਦਾ ਗਿਆਨ ਹੋਇਆ, ਉਹ ਇਹ ਸੀ ਕਿ ਅਮਰੀਕਨ ਸਿੱਖਾਂ ਨੂੰ ਦਸਤਾਰਧਾਰੀ ਹੋਣ ਦੇ ਨਾਤੇ ਕਈ ਵਾਰ ਨੌਕਰੀਆਂ ਲੈਣ ਵਿਚ ਬਹੁਤ ਦਿੱਕਤ ਆਉਂਦੀ ਸੀ।




ਇਸ ਸਮੱਸਿਆ ਦੇ ਹੱਲ ਲਈ ਸ. ਯੋਗੀ ਨੇ 'ਸਿੱਖ ਧਰਮਾ' ਅਦਾਰੇ ਦੇ ਆਪਣੇ ਕਿੱਤੇ ਸ਼ੁਰੂ ਕੀਤੇ ਤਾਂ ਕਿ ਅਮਰੀਕਨ ਸਿੱਖਾਂ ਨੂੰ ਰੁਜ਼ਗਾਰ ਲੱਭਣ ਵਿਚ ਕੋਈ ਦਿੱਕਤ ਨਾ ਆਵੇ ਅਤੇ ਉਹ ਆਤਮ-ਨਿਰਭਰ ਹੋ ਸਕਣ। ਕੁਝ ਕਿੱਤਿਆਂ ਦੀ ਇੱਥੇ ਮਿਸਾਲ ਦਿੱਤੀ ਜਾ ਸਕਦੀ ਹੈ, ਜਿਵੇਂ ਕਛਹਿਰੇ, ਕੰਘੇ, ਕੜੇ ਅਤੇ ਕ੍ਰਿਪਾਨਾਂ ਆਦਿ ਕੱਕਾਰ ਬਣਾਉਣ ਦਾ ਕੰਮ, ਯੋਗੀ ਚਾਹ, ਯੋਗੀ ਸੀਰੀਅਲ ਅਤੇ ਖਾਣ ਦਾ ਹੋਰ ਸਮਾਨ ਆਦਿ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਇਸੇ ਤਰ੍ਹਾਂ 'ਅਕਾਲ ਸਿਕਿਊਰਿਟੀ' ਦੇ ਨਾਮ ਹੇਠ ਸਿਕਿਉਰਿਟੀ ਕੰਪਨੀ ਸ਼ੁਰੂ ਕੀਤੀ, ਜੋ ਅਮਰੀਕਾ ਦੀਆਂ ਆਹਲਾ ਕੰਪਨੀਆਂ ਵਿਚ ਸ਼ੁਮਾਰ ਕਰਦੀ ਹੈ ਅਤੇ ਅਮਰੀਕਾ ਵਿਚ ਸਿਕਿਉਰਿਟੀ ਲਈ ਇਸ ਦੀ ਮੰਗ ਪਹਿਲ 'ਤੇ ਕੀਤੀ ਜਾਂਦੀ ਹੈ। ਇਥੇ ਮੇਰੇ ਦੱਸਣ ਦਾ ਮਕਸਦ ਇਹੀ ਹੈ ਕਿ ਆਰਥਕ ਤੌਰ 'ਤੇ ਅਮਰੀਕਨ ਸਿੱਖਾਂ ਨੂੰ ਸਵੈ-ਨਿਰਭਰ ਕਰਨ ਲਈ ਇਨ੍ਹਾਂ ਸਾਰੀਆਂ ਕੰਪਨੀਆਂ ਦੀ ਸ਼ੁਰੂਆਤ ਕੀਤੀ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੇ ਮਾਮਲਿਆਂ ਦੀ ਦੇਖਭਾਲ ਕਰਨ ਅਤੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਬਹੁਤ ਜਦੋ-ਜਹਿਦ ਪਿੱਛੋਂ ਹੋਂਦ ਵਿਚ ਆਈ। ਇਸ ਨੂੰ ਸਿੱਖਾਂ ਦੀ ਮਿਨੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ ਅਤੇ ਇਸ ਦਾ ਸਾਲਾਨਾ ਬਜਟ ਕਰੋੜਾਂ ਵਿਚ ਹੈ। ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਨਾਲ ਜ਼ਮੀਨਾਂ ਵੀ ਹਨ, ਜਿਨ੍ਹਾਂ ਦੀ ਸਾਂਭ-ਸੰਭਾਲ ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਵਿਚ ਹੁੰਦੀ ਹੈ। ਇਸ ਤੋਂ ਇਲਾਵਾ ਵੱਖ ਵੱਖ ਗੁਰਦੁਆਰਿਆਂ ਵਿਚ ਚੜ੍ਹਾਵੇ ਦੇ ਰੂਪ ਵਿਚ ਵੀ ਬਹੁਤ ਮਾਇਆ ਆਉਂਦੀ ਹੈ। ਕੋਈ ਵੀ ਸਿੱਖ ਅਜਿਹਾ ਨਹੀਂ ਹੈ, ਜੋ ਆਪਣੀ ਕਿਰਤ ਕਮਾਈ ਵਿਚੋਂ ਆਪਣੇ ਗੁਰੂ ਲਈ ਮਾਇਆ ਭੇਟ ਨਾ ਕਰਦਾ ਹੋਵੇ। ਇਕੱਲੇ ਦਰਬਾਰ ਸਾਹਿਬ ਵਿਚ ਹੀ ਲੱਖਾਂ ਦੀ ਤਾਦਾਦ ਵਿਚ ਹਰ ਰੋਜ਼ ਸ਼ਰਧਾਲੂ ਮੱਥਾ ਟੇਕਦੇ ਹਨ (ਕਰੋਨਾ ਕਾਰਨ ਸ਼੍ਰੋਮਣੀ ਕਮੇਟੀ ਦੀ ਕੁਝ ਆਮਦਨ ਘਟੀ ਹੈ ਅਤੇ ਸ਼ਰਧਾਲੂ ਵੀ ਘੱਟ ਗਿਣਤੀ ਵਿਚ ਜਾਂਦੇ ਹਨ)।

ਸ਼੍ਰੋਮਣੀ ਕਮੇਟੀ ਦਾ ਕੋਈ ਵੀ ਇਹੋ ਜਿਹਾ ਸਕੂਲ, ਕਾਲਜ, ਪ੍ਰੋਫੈਸ਼ਨਲ ਅਦਾਰਾ ਨਹੀਂ, ਜਿੱਥੇ ਈਸਾਈ ਅਦਾਰਿਆਂ ਵਾਂਗ ਗਰੀਬ ਸਿੱਖ ਬੱਚਿਆਂ ਨੂੰ ਮੁਫਤ ਵਿੱਦਿਆ ਜਾਂ ਸਿੱਖਲਾਈ ਦੇਣ ਦਾ ਪ੍ਰਬੰਧ ਹੋਵੇ, ਕੋਈ ਅਜਿਹਾ ਹਸਪਤਾਲ ਨਹੀਂ, ਜਿੱਥੇ ਗਰੀਬ ਬਿਮਾਰ ਸਿੱਖ ਦਾ ਇਲਾਜ ਮੁਫਤ ਹੋ ਸਕਦਾ ਹੋਵੇ। ਘੱਟੋ ਘੱਟ ਮੇਰੀ ਜਾਣਕਾਰੀ ਵਿਚ ਤਾਂ ਨਹੀਂ ਹੈ। ਪਿੱਛੇ ਜਿਹੇ ਪੰਜਾਬ ਦੇ ਕਈ ਇਲਾਕਿਆਂ ਵਿਚ ਹੜ੍ਹ ਆਏ ਜਿਵੇਂ ਅਨੰਦਪੁਰ ਸਾਹਿਬ, ਜਲੰਧਰ ਅਤੇ ਸੁਲਤਾਨਪੁਰ ਲੋਧੀ ਆਦਿ। ਸਭ ਤੋਂ ਪਹਿਲਾਂ ਖਾਲਸਾ ਏਡ ਸੁਸਾਇਟੀ (ਜੋ ਸ਼੍ਰੋਮਣੀ ਕਮੇਟੀ ਦਾ ਅਦਾਰਾ ਨਹੀਂ ਹੈ) ਅਤੇ ਫਿਰ ਕਈ ਸਮਾਜ-ਸੇਵੀ ਸੰਸਥਾਵਾਂ ਅੱਗੇ ਆਈਆਂ ਤੇ ਹੜਾਂ ਦੀ ਮਾਰ ਹੇਠ ਆਏ ਲੋਕਾਂ ਦੀ ਮੱਦਦ ਕੀਤੀ। ਖਾਲਸਾ ਏਡ ਸੁਸਾਇਟੀ ਨੇ ਤਾਂ ਲੋੜਵੰਦਾਂ ਨੂੰ, ਜਿਨ੍ਹਾਂ ਦੇ ਦੁੱਧਾਰੂ ਪਸ਼ੂ ਮਰ ਗਏ ਸਨ, ਉਹ ਵੀ ਖਰੀਦ ਕੇ ਦੇਣ ਤੋਂ ਲੈ ਕੇ, ਰਹਿਣ ਲਈ ਘਰ ਤੱਕ ਬਣਾਉਣ ਦਾ ਕਾਰਜ ਅਰੰਭ ਕੀਤਾ; ਪਰ ਸ਼੍ਰੋਮਣੀ ਕਮੇਟੀ ਕਾਫੀ ਦੇਰ ਨਾਲ ਮੱਦਦ ਲਈ ਬਹੁੜੀ।

ਪੰਜਾਬ ਵਿਚ ਵੱਖ ਵੱਖ ਸਰਕਾਰਾਂ ਵੱਲੋਂ ਸਮੇਂ ਸਮੇਂ ਸਰਕਾਰੀ ਮਕਸਦ ਲਈ ਜ਼ਮੀਨਾਂ ਲੈ ਲੈਣ ਨਾਲ ਕਿਸਾਨਾਂ ਨੂੰ ਜ਼ਮੀਨਾਂ ਤੋਂ ਹੱਥ ਧੋਣੇ ਪੈਂਦੇ ਰਹੇ ਹਨ। ਪਰਿਵਾਰ ਵਧਣ ਨਾਲ ਅੱਗੇ ਤੋਂ ਅੱਗੇ ਹੁੰਦੀ ਜ਼ਮੀਨਾਂ ਦੀ ਵੰਡ ਕਾਰਨ ਖੇਤੀ ਕਰਨ ਲਈ ਜ਼ਮੀਨ ਦੀਆਂ ਇਕਾਈਆਂ ਦਿਨੋ ਦਿਨ ਛੋਟੀਆਂ ਹੁੰਦੀਆਂ ਜਾਂਦੀਆਂ ਹਨ। ਹੁਣ ਆਮ ਕਿਸਾਨ ਲਈ ਜ਼ਮੀਨ 'ਤੇ ਇਕੱਲੀ ਖੇਤੀ ਕਰਕੇ ਗੁਜ਼ਾਰਾ ਕਰਨਾ ਦਿਨੋ ਦਿਨ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਸ ਲਈ ਆਪਣਾ ਗੁਜ਼ਾਰਾ ਕਰਨ ਲਈ ਕਿਸਾਨਾਂ ਨੂੰ ਖੇਤੀ ਦੇ ਨਾਲ ਨਾਲ ਹੋਰ ਸਹਾਇਕ ਧੰਦੇ ਅਪਨਾਉਣੇ ਪੈ ਰਹੇ ਹਨ ਤਾਂ ਕਿ ਉਹ ਆਪਣੇ ਪਰਿਵਾਰਾਂ ਲਈ ਦੋ ਵਕਤ ਦੀ ਰੋਟੀ ਜੁਟਾ ਸਕਣ। ਇਨ੍ਹਾਂ ਸਹਾਇਕ ਧੰਦਿਆਂ ਵਿਚੋਂ ਹੀ ਇੱਕ ਧੰਦਾ ਦੁੱਧ ਦਾ ਹੈ, ਜਿਸ ਨਾਲ ਕਿਸਾਨਾਂ ਤੋਂ ਬਿਨਾ ਪਿੰਡਾਂ ਵਿਚ ਰਹਿਣ ਵਾਲੇ ਹੋਰ ਕਾਫੀ ਗਿਣਤੀ ਵਿਚ ਬੇਜ਼ਮੀਨੇ ਲੋਕ ਵੀ ਜੁੜੇ ਹੋਏ ਹਨ। ਦੁੱਧ ਦਾ ਭਾਅ ਅੱਜ ਕੱਲ ਕਾਫੀ ਚੰਗਾ ਦੁੱਧ ਦੀ ਫੈਟ ਅਨੁਸਾਰ ਮਿਲ ਜਾਂਦਾ ਹੈ ਭਾਵੇਂ ਕਿ ਪਸ਼ੂਆਂ ਨੂੰ ਪਾਉਣ ਲਈ ਦਾਣਾ, ਖਲ ਅਤੇ ਹੋਰ ਚਾਰਾ ਵੀ ਕਾਫੀ ਮਹਿੰਗਾ ਹੈ। ਕਰੋਨਾ ਦੀ ਮਹਾਮਾਰੀ ਫੈਲੀ ਤਾਂ ਕਰੀਬ ਬਹੁਤੇ ਮੁਲਕਾਂ ਦੀਆਂ ਸਰਕਾਰਾਂ ਨੇ ਲੌਕਡਾਊਨ ਲਾਗੂ ਕਰ ਦਿੱਤਾ ਅਤੇ ਇਹ ਹਿੰਦੁਸਤਾਨ ਵਿਚ ਵੀ ਲਾਗੂ ਹੋ ਗਿਆ। ਲੌਕਡਾਊਨ ਹੀ ਨਹੀਂ ਭਾਰਤ ਦੇ ਬਹੁਤ ਸਾਰੇ ਸੂਬਿਆਂ ਨੇ ਪਿੰਡਾਂ-ਸ਼ਹਿਰਾਂ, ਕਸਬਿਆਂ-ਸਭ ਥਾਂਵੀਂ ਕਰਫਿਊ ਲਾ ਦਿੱਤਾ। ਇਹ ਕਰਫਿਊ ਪੰਜਾਬ ਵਿਚ ਵੀ ਲਾਗੂ ਕਰ ਦਿੱਤਾ ਗਿਆ। ਹੋਰ ਕਿੱਤਿਆਂ ਦੇ ਨਾਲ ਨਾਲ ਇਸ ਦਾ ਪੰਜਾਬ ਦੇ ਕਿਸਾਨਾਂ ਵੱਲੋਂ ਦੁੱਧ ਵੇਚਣ ਦੇ ਸਹਾਇਕ ਧੰਦੇ 'ਤੇ ਬਹੁਤ ਮਾੜਾ ਅਸਰ ਪਿਆ। ਦੁੱਧ ਅਜਿਹੀ ਉਪਜ ਹੈ, ਜਿਸ ਨੂੰ ਕਿਸਾਨ ਸਟੋਰ ਕਰਕੇ ਨਹੀਂ ਰੱਖ ਸਕਦਾ। ਸ਼ਹਿਰਾਂ ਵਿਚ ਦੋਧੀਆਂ ਦੀ ਆਵਾਜਾਈ ਬੰਦ ਹੋ ਗਈ, ਹਲਵਾਈਆਂ ਦੀਆਂ ਦੁਕਾਨਾਂ ਬੰਦ ਹੋ ਗਈਆਂ। ਇਸ ਦਾ ਅਸਰ ਇਹ ਹੋਇਆ ਕਿ ਇੱਕ ਪਾਸੇ ਸ਼ਹਿਰਾਂ ਵਿਚ ਲੋਕ ਦੁੱਧ ਤੋਂ ਵਾਂਝੇ ਹੋ ਗਏ ਅਤੇ ਦੂਜੇ ਪਾਸੇ ਦੁੱਧ ਇਕੱਠਾ ਕਰਨ ਵਾਲੇ ਕੇਂਦਰ ਬੰਦ ਹੋ ਗਏ। ਕਿਸਾਨਾਂ ਦਾ ਦੁੱਧ ਵਿਕਣੋਂ ਬੰਦ ਹੋ ਗਿਆ। ਲੋਕਾਂ ਨੇ ਦੁੱਧ ਪਸ਼ੂਆਂ ਨੂੰ ਪਿਲਾਉਣਾ ਸ਼ੁਰੂ ਕਰ ਦਿੱਤਾ। ਕਈ ਥਾਂਵਾਂ 'ਤੇ ਦੋਧੀਆਂ ਨੇ ਰੋਸ ਵੱਜੋਂ ਦੁੱਧ ਦੇ ਡਰੰਮ ਸੜਕਾਂ 'ਤੇ ਡੋਲ੍ਹ ਦਿੱਤੇ। ਕਈ ਟੀ. ਵੀ. ਚੈਨਲਾਂ ਨੇ ਦੁੱਧ ਦੇ ਧੰਦੇ ਨਾਲ ਜੁੜੇ ਲੋਕਾਂ ਦੀਆਂ ਦਰਦ ਭਰੀਆਂ ਇੰਟਰਵਿਊਜ਼ ਆਪਣੇ ਚੈਨਲਾਂ 'ਤੇ ਨਸ਼ਰ ਕੀਤੀਆਂ।

ਸੋਸ਼ਲ ਮੀਡੀਆ ਤੇ ਅਜਿਹੀਆਂ ਖਬਰਾਂ ਨਸ਼ਰ ਹੋਣ ਪਿਛੋਂ ਇਸ ਔਖੀ ਘੜੀ ਵੇਰਕਾ ਯਾਨਿ ਮਿਲਕਫੈੱਡ ਮਸੀਹਾ ਬਣ ਕੇ ਦੁੱਧ ਉਤਪਾਦਕਾਂ ਦੀ ਸਹਾਇਤਾ ਲਈ ਅੱਗੇ ਆਇਆ ਅਤੇ ਵੇਰਕਾ ਦੇ ਦੁੱਧ ਵਾਲੇ ਟੈਂਕਰ ਪਿੰਡਾਂ ਵਿਚ ਬਣੀਆਂ ਡੇਹਰੀਆਂ ਤੋਂ ਦੁੱਧ ਚੁੱਕਣ ਆਉਣ ਲੱਗੇ ਤੇ ਦੁੱਧ ਉਤਪਾਦਕਾਂ ਨੂੰ ਸੁੱਖ ਦਾ ਥੋੜਾ ਸਾਹ ਆਇਆ। ਭਾਵੇਂ ਦੁੱਧ ਦਾ ਭਾਅ ਪਹਿਲਾਂ ਨਾਲੋਂ ਕੁਝ ਥੋੜਾ ਜਿਹਾ ਥੱਲੇ ਆ ਗਿਆ ਸੀ, ਪਰ ਫਿਰ ਵੀ ਇਸ ਸੰਕਟ ਦੀ ਘੜੀ ਮਿਲਕਫੈੱਡ ਅਦਾਰੇ ਨੇ ਆਪਣੇ ਲੋਕਾਂ ਦੀ ਬਾਂਹ ਫੜੀ। ਹੁਣ ਆਈਏ ਅਸਲ ਮੁੱਦੇ ਵੱਲ, ਜੋ ਕਈ ਦਿਨਾਂ ਤੋਂ ਟੀ. ਵੀ. ਚੈਨਲਾਂ ਅਤੇ ਅਖਬਾਰਾਂ ਦੀ ਸੁਰਖੀ ਬਣਿਆ ਹੋਇਆ ਹੈ। ਮੁੱਦਾ ਇਹ ਹੈ ਕਿ ਸ਼੍ਰੋਮਣੀ ਕਮੇਟੀ ਨੇ, ਜੋ ਸਿੱਖਾਂ ਦੀ ਸਿਰਮੌਰ ਸੰਸਥਾ ਹੈ, ਨੇ ਪੰਜਾਬ ਦੇ ਦੁੱਧ ਤੋਂ ਬਣਨ ਵਾਲੇ ਉਤਪਾਦਾਂ ਨਾਲ ਜੁੜੇ ਹੋਏ ਮੁੱਖ ਅਦਾਰੇ ਵੇਰਕਾ, ਮਿਲਕਫੈੱਡ ਤੋਂ ਦੁੱਧ ਅਤੇ ਦੁੱਧ ਤੋਂ ਬਣੇ ਦੂਸਰੇ ਉਤਪਾਦ ਖਰੀਦਣ ਤੋਂ ਨਾਂਹ ਕਰ ਦਿੱਤੀ ਹੈ। ਵੇਰਕਾ ਦੀ ਥਾਂ ਇਸ ਖਰੀਦ ਦਾ ਪ੍ਰਬੰਧ ਗੁਜਰਾਤ ਨਾਲ ਜੁੜੀ, ਗੁਜਰਾਤ ਦੀ ਕਿਸੇ ਕੰਪਨੀ ਨਾਲ ਕਰ ਲਿਆ ਹੈ। ਜਿਸ ਬਾਰੇ ਉਡਦੀ ਉਡਦੀ ਖਬਰ ਇਹ ਵੀ ਹੈ ਕਿ ਇਹ ਕੰਪਨੀ ਕੁਝ ਮਹੀਨੇ ਪਹਿਲਾਂ ਹੀ ਸਥਾਪਤ ਹੋਈ ਹੈ ਜਾਂ ਮਾਰਕੀਟ ਵਿਚ ਆਈ ਹੈ। ਮਿਲਕਫੈੱਡ ਜਾਂ ਹੋਰਾਂ ਵੱਲੋਂ ਮੁੱਦਾ ਉਠਾਉਣ 'ਤੇ ਕਿ ਪੰਜਾਬ ਦੇ ਦੁੱਧ ਉਤਪਾਦਕਾਂ ਨਾਲ ਜੁੜੇ, ਪੰਜਾਬ ਦੇ ਅਦਾਰੇ ਨੂੰ ਛੱਡ ਕੇ ਏਡੀ ਦੂਰ ਪੈਂਦੇ ਗੁਜਰਾਤ ਸੂਬੇ ਦੇ ਅਦਾਰੇ ਨਾਲ ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦ ਖਰੀਦਣ ਦਾ ਸਮਝੌਤਾ ਕਿਉਂ ਕੀਤਾ ਗਿਆ ਹੈ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੇ ਉਤਰ ਇਹ ਦਿੱਤਾ ਹੈ ਕਿ ਵੇਰਕਾ ਦੇ ਭਾਅ ਗੁਜਰਾਤ ਦੀ ਕੰਪਨੀ ਨਾਲੋਂ ਮਹਿੰਗੇ ਹਨ ਅਤੇ ਇਹ ਵੀ ਕਿ ਤਿੰਨ ਮਹੀਨੇ ਬਾਅਦ ਟੈਂਡਰ ਮੰਗੇ ਜਾਣਗੇ, ਫਿਰ ਜੇ ਵੇਰਕਾ ਦਾ ਭਾਅ ਸਸਤਾ ਹੋਵੇਗਾ ਤਾਂ ਇਹ ਠੇਕਾ ਮਿਲਕਫੈੱਡ ਨਾਲ ਕਰ ਲਿਆ ਜਾਵੇਗਾ। ਇਹ ਤਰਕ ਵਾਜਬ ਤਰਕ ਨਹੀਂ ਹੈ। 'ਗਰੀਬ ਦਾ ਮੂੰਹ ਗੁਰੂ ਦੀ ਗੋਲਕ' ਆਪਣੇ ਹੀ ਕਿਸਾਨਾਂ, ਦੁੱਧ ਉਤਪਾਦਕਾਂ ਦੀ ਮਦਦ ਕਰਨ ਲਈ ਇਹ ਕਿਵੇਂ ਸੋਚਿਆ ਜਾ ਸਕਦਾ ਹੈ ਕਿ ਪੰਜਾਬ ਦਾ ਆਪਣਾ ਅਦਾਰਾ ਮਹਿੰਗੀ ਕੀਮਤ ਵਸੂਲ ਕਰਦਾ ਹੈ? ਜੇ ਵੇਰਕਾ ਮਹਿੰਗੀ ਕੀਮਤ ਵਸੂਲ ਕਰਦਾ ਹੈ ਤਾਂ ਕਿਸਾਨਾਂ ਨੂੰ ਵੀ ਜ਼ਰੂਰ ਚੰਗੀ ਕੀਮਤ ਦਿੰਦਾ ਹੋਵੇਗਾ? ਜੇ ਕਰੋਨਾ ਮਹਾਮਾਰੀ ਦੇ ਕਰਫਿਊ ਸਮੇਂ ਵੇਰਕਾ ਅਦਾਰਾ ਅੱਗੇ ਨਾ ਆਉਂਦਾ ਤਾਂ ਦੁੱਧ ਉਤਪਾਦਕਾਂ ਦੇ ਭੁੱਖੇ ਮਰਨ ਜਿਹੀ ਨੌਬਤ ਆਉਣੀ ਸੀ ਅਤੇ ਦੂਜੇ ਪਾਸੇ ਦੁੱਧ ਮੁੱਲ ਲੈਣ ਵਾਲੇ ਲੋਕਾਂ ਦੇ ਬੱਚੇ ਦੁੱਧ ਖੁਣੋਂ ਵਿਲਕਦੇ।

ਸ਼੍ਰੋਮਣੀ ਕਮੇਟੀ ਦੀ ਮਦਦ ਲਈ ਧਰਮ ਪ੍ਰਚਾਰ ਕਮੇਟੀ ਬਣੀ ਹੋਈ ਹੈ, ਜਿਸ ਵਿਚ ਵਿਦਵਾਨ ਵੀ ਮੈਂਬਰ ਬਣਾਏ ਜਾਂਦੇ ਹਨ। ਧਰਮ ਪ੍ਰਚਾਰ ਕਮੇਟੀ ਦੇ ਹੋਰ ਕੰਮਾਂ ਵਿਚੋਂ ਇੱਕ ਕੰਮ ਸ਼੍ਰੋਮਣੀ ਕਮੇਟੀ ਵੱਲੋਂ ਛਾਪੀਆਂ ਜਾਣ ਵਾਲੀਆਂ ਜਾਂ ਖਰੀਦੀਆਂ ਜਾਣ ਵਾਲੀਆਂ ਪੁਸਤਕਾਂ ਦੀ ਪੜਚੋਲ ਕਰਨਾ ਵੀ ਹੁੰਦਾ ਹੈ, ਪਰ ਪਿਛਲੇ ਸਮੇਂ ਵਿਚ ਅਨੇਕਾਂ ਸਿਧਾਂਤਕ ਗਲਤੀਆਂ ਵਾਲੀਆਂ ਕਿਤਾਬਾਂ ਕਮੇਟੀ ਵੱਲੋਂ ਛਾਪੀਆਂ ਗਈਆਂ। ਕਮੇਟੀ ਵੱਲੋਂ ਬਾਕਾਇਦਾ ਧਰਮ ਪ੍ਰਚਾਰ ਲਈ ਪ੍ਰਚਾਰਕ ਨੌਕਰੀ 'ਤੇ ਰੱਖੇ ਜਾਂਦੇ ਹਨ, ਪਰ ਕਦੇ ਕਿਸੇ ਪ੍ਰਚਾਰਕ ਨੂੰ ਪਿੰਡਾਂ, ਥਾਂਵਾਂ 'ਤੇ ਜਾ ਕੇ ਪ੍ਰਚਾਰ ਕਰਦਿਆਂ ਜਾਂ ਨੌਜੁਆਨਾਂ ਨੂੰ ਸਿੱਖੀ ਵੱਲ ਪ੍ਰੇਰਤ ਕਰਦਿਆਂ ਨਹੀਂ ਸੁਣਿਆ, ਦੇਖਿਆ। ਅੱਜ ਕੱਲ ਤਾਂ ਸ਼੍ਰੋਮਣੀ ਕਮੇਟੀ ਦੀ ਕਾਰਜ ਸ਼ੈਲੀ, ਕੀਤੇ ਜਾਂਦੇ ਸਕੈਂਡਲਾਂ ਦੀ ਚਰਚਾ ਅਖਬਾਰਾਂ, ਟੀ. ਵੀ. ਚੈਨਲਾਂ ਦਾ ਮੁੱਖ ਵਿਸ਼ਾ ਬਣਿਆ ਹੋਇਆ ਹੈ। ਇਸ ਪਿੱਛੇ ਲੁਕੇ ਕਾਰਨਾਂ ਦਾ ਵੀ ਖੁਲਾਸਾ ਹੁੰਦਾ ਰਹਿੰਦਾ ਹੈ। ਕਮੇਟੀ ਵੱਲੋਂ ਉਪਰ ਦਿੱਤੇ ਤਰਕ ਤੋਂ ਬਿਨਾ ਕਿਧਰੇ ਕੋਈ ਹੋਰ ਲੁਕਵੇਂ ਕਾਰਨ ਤਾਂ ਨਹੀਂ, ਜਿਨ੍ਹਾਂ ਕਰਕੇ ਕਮੇਟੀ ਨੂੰ ਮਜ਼ਬੂਰੀ ਤਹਿਤ ਪੰਜਾਬ ਦੇ ਅਦਾਰੇ ਨੂੰ ਛੱਡ ਕੇ ਗੁਜਰਾਤ ਦੇ ਅਦਾਰੇ ਨਾਲ ਠੇਕਾ ਕਰਨਾ ਪਿਆ ਹੋਵੇ?

ਕੁਝ ਦਿਨ ਪਹਿਲਾਂ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਸੁਣਨ ਵਿਚ ਆਇਆ ਸੀ ਕਿ ਸਿੱਖ ਬੱਚਿਆਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਕਿਰਤ ਦੇ ਕੁਝ ਆਪਣੇ ਅਦਾਰੇ ਕਾਇਮ ਕੀਤੇ ਜਾਣੇ ਚਾਹੀਦੇ ਹਨ। ਇਹ ਬਹੁਤ ਹੀ ਸ਼ੁਭ ਕਾਰਜ ਹੋਵੇਗਾ। ਦੁੱਧ ਉਤਪਾਦਨ ਨਾਲ ਜੁੜਿਆ ਵੇਰਕਾ ਅਦਾਰਾ ਵੀ ਪੰਜਾਬ ਦੇ ਕਿਸਾਨਾਂ ਅਤੇ ਹੋਰ ਦੁੱਧ ਉਤਪਾਦਕਾਂ ਦੀ ਰੋਜ਼ੀ-ਰੋਟੀ ਦਾ ਸਾਧਨ ਹੈ। ਇਸ ਪਾਸੇ ਵੀ ਸ਼੍ਰੋਮਣੀ ਕਮੇਟੀ ਦਾ ਧਿਆਨ ਦੁਆਉਣਾ ਚਾਹੀਦਾ ਹੈ ਕਿ ਪੰਜਾਬ ਦੇ ਅਦਾਰੇ ਨੂੰ ਛੱਡ ਕੇ ਗੁਜਰਾਤ ਦਾ ਅਦਾਰਾ ਹੀ ਕਿਉਂ?

# ਖੇਤੀਬਾੜੀ ਕਾਮਿਆਂ ਨੂੰ ਉਜਾੜਨਾ ਮੁਲਕ ਦੇ ਹਿੱਤ ਵਿਚ ਨਹੀਂ

(ਪਿਛਲੇ ਸਫੇ ਦੀ ਬਾਕੀ)

ਦੀਆਂ ਸਿਫਾਰਸ਼ਾਂ ਅਤੇ ਇਨ੍ਹਾਂ ਅਧਿਆਦੇਸ਼ਾਂ ਦੀਆਂ ਬਾਰੀਕੀਆਂ ਤੋਂ ਡਰ ਹੈ ਕਿ ਕੇਂਦਰ ਸਰਕਾਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੋਂ ਪਿੱਛੇ ਹਟਦੀ ਮੰਡੀਆਂ ਵਿਚੋਂ ਉਨ੍ਹਾਂ ਦੀਆਂ ਜਿਨਸਾਂ ਦੀ ਖਰੀਦ ਨਹੀਂ ਕਰੇਗੀ। ਇਸ ਵਿਰੋਧ ਅਤੇ ਉਸ ਵਿਚੋਂ ਉਪਜੀ ਸੰਘਰਸ਼ਾਂ ਦੀ ਚਿਤਾਵਨੀ ਅਤੇ ਰਾਜਸੀ ਗਿਣਤੀਆਂ-ਮਿਣਤੀਆਂ ਨੂੰ ਧਿਆਨ ਵਿਚ ਰੱਖਦਿਆਂ ਕੇਂਦਰੀ ਖੇਤੀਬਾੜੀ ਮੰਤਰੀ ਨੇ ਬਿਆਨ ਦਿੱਤਾ ਹੈ ਕਿ ਸਰਕਾਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਦੀ ਰਹੇਗੀ, ਪਰ ਉਨ੍ਹਾਂ ਨੇ ਇਨ੍ਹਾਂ ਕੀਮਤਾਂ 'ਤੇ ਮੰਡੀਆਂ ਵਿਚੋਂ ਖਰੀਦ ਕਰਨ ਬਾਰੇ ਕੁਝ ਵੀ ਨਹੀਂ ਕਿਹਾ। ਜੇ ਸਰਕਾਰ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਦੀ ਸਿਫਾਰਸ਼ਾਂ ਅਨੁਸਾਰ ਕਣਕ ਤੇ ਧਾਨ ਦੀ ਖਰੀਦ ਜਨਤਕ ਵੰਡ ਪ੍ਰਣਾਲੀ ਦੀਆਂ ਲੋੜਾਂ ਤੱਕ ਸੀਮਿਤ ਜਾਂ ਬਿਲਕੁਲ ਬੰਦ ਕਰ ਦਿੰਦੀ ਹੈ ਤਾਂ ਇਸ ਦੇ ਨਤੀਜੇ ਵਜੋਂ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦਾ ਦੁਰਕਾਰਨਾ ਅਤੇ ਉਜਾੜਨਾ ਤੈਅ ਹੋ ਜਾਵੇਗਾ, ਜਿਸ ਬਾਰੇ ਸਪਸ਼ਟ ਸੰਕੇਤ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ 11 ਜੂਨ 2020 ਨੂੰ ਇਕ ਵੈਬੀਨਾਰ ਦੇ ਸੰਬੋਧਨ 'ਚੋਂ ਮਿਲ ਗਏ ਹਨ।

ਖੇਤੀਬਾੜੀ ਖੇਤਰ ਵਿਚੋਂ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਉਜਾੜ ਕੇ ਕਾਰਪੋਰੇਟ ਖੇਤੀਬਾੜੀ ਇਨ੍ਹਾਂ ਵਰਗਾਂ ਦੇ ਹਿੱਤਾਂ ਦਾ ਘਾਣ ਤਾਂ ਕਰੇਗੀ ਹੀ ਅਤੇ ਇਹ ਲਾਜ਼ਮੀ ਤੌਰ 'ਤੇ ਮੁਲਕ ਦੇ ਹਿੱਤਾਂ ਦੇ ਉਲਟ ਭੁਗਤੇਗੀ। ਖੇਤੀਬਾੜੀ ਉਤਪਾਦਨ ਕਰਨ ਵਾਲੇ ਵੱਖ ਵੱਖ ਵਰਗਾਂ ਅਤੇ ਮੁਲਕ ਦੇ ਹਿੱਤਾਂ ਦੀ ਰਾਖੀ ਕਰਨ ਲਈ ਸਰਕਾਰਾਂ, ਖਾਸ ਕਰਕੇ ਕੇਂਦਰ ਸਰਕਾਰ, ਨੂੰ ਆਪਣੀਆਂ ਖੇਤੀਬਾੜੀ ਅਤੇ ਆਰਥਕ ਨੀਤੀਆਂ ਵਿਚ ਵੱਡੇ ਬਦਲਾਓ ਦੀ ਸਖਤ ਲੋੜ ਹੈ, ਜਿਸ ਸਦਕਾ ਖੇਤੀਬਾੜੀ ਖੇਤਰ ਦਾ ਸਦਾ ਚੱਲਣ ਵਾਲਾ ਵਿਕਾਸ ਕਾਇਮ ਰਹਿੰਦਿਆਂ ਪੂਰੇ ਮੁਲਕ ਦੇ ਆਰਥਕ ਵਿਕਾਸ ਵਿਚ ਆਪਣਾ ਯੋਗਦਾਨ ਪਾ ਸਕੇ।

# ਉੱਤਰ ਪ੍ਰਦੇਸ਼ ਵਿਚ ਜੰਗਲ ਰਾਜ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਕਾਨਪੁਰ ਨੇੜੇ ਉੱਤਰ ਪ੍ਰਦੇਸ਼ ਵਿਚ ਕਤਲ ਤੇ ਲੁੱਟ-ਖਸੁੱਟ ਦੀਆਂ ਅਨੇਕਾਂ ਵਾਰਦਾਤਾਂ ਵਿਚ ਲੋੜੀਂਦੇ ਵਿਕਾਸ ਦੂਬੇ ਦਾ ਕਥਿਤ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਣਾ ਦੇਸ਼ ਦੀ ਨਿਆਂ ਪ੍ਰਣਾਲੀ ਤੇ ਰਾਜਨੀਤਕ ਗੁੰਡਾਗਰਦੀ ਦੀ ਮੂੰਹ ਬੋਲਦੀ ਤਸਵੀਰ ਹੈ। ਉਸ ਰਾਜ ਦੀ, ਜਿਸ ਦੇ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਨੇ ਰਾਜ ਦੇ ਗ੍ਰਹਿ ਵਿਭਾਗ ਦੀ ਕਮਾਨ ਆਪਣੇ ਹੱਥਾਂ ਵਿਚ ਲੈ ਰੱਖੀ ਹੈ। ਦੂਬੇ ਦਾ ਮੰਦਿਰ ਵਿਚ ਬਿਨ ਮਾਸਕ ਮੱਥਾ ਟੇਕਦੇ ਸਮੇਂ ਫੜੇ ਜਾਣ ਤੇ ਹਥਕੜੀਆਂ ਲਾਏ ਬਿਨ ਪੁਲਿਸ ਵੈਨ ਵਿਚ ਬਿਠਾ ਕੇ ਮੱਧ ਪ੍ਰਦੇਸ਼ ਤੋਂ ਉਤਰ ਪ੍ਰਦੇਸ਼ ਦੀ ਹੱਦ ਵਿਚ ਪ੍ਰਵੇਸ਼ ਕਰਨ ਪਿੱਛੋਂ ਟੋਲ ਪਲਾਜ਼ਾ ਪਾਰ ਕਰਦੇ ਪੁਲਿਸ ਵੈਨ ਦਾ ਦੁਰਘਟਨਾ ਗ੍ਰਸਤ ਹੋਣਾ, ਇਤਿਹਾਸ-ਮਿਥਿਹਾਸ ਦੀਆਂ ਸੱਚੀਆਂ-ਝੂਠੀਆਂ ਘਟਨਾਵਾਂ ਨੂੰ ਮਾਤ ਪਾਉਣ ਵਾਲਾ ਹੈ। ਖਾਸ ਕਰਕੇ ਪੁਲਿਸ ਵੈਨ ਦੇ ਆਵਾਰਾ ਪਸ਼ੂਆਂ ਨੂੰ ਬਚਾਉਂਦੇ ਸਮੇਂ ਅਚਨਚੇਤ ਉਲਟਣ ਵਾਲਾ ਕਿੱਸਾ।

ਅਜਿਹੇ ਝੂਠੇ ਪੁਲਿਸ ਮੁਕਾਬਲੇ ਪੰਜਾਬ ਦੇ ਵਸਨੀਕਾਂ ਲਈ ਨਵੇਂ ਨਹੀਂ, ਜਿਨ੍ਹਾਂ ਨੇ ਪੰਜਾਬ ਦੇ ਕਾਲੇ ਦਿਨਾਂ ਵਿਚ ਨਿਤ ਨਵੇਂ ਹਾਦਸੇ ਤੱਕੇ ਹੋਏ ਹਨ ਅਤੇ ਜਿਨ੍ਹਾਂ ਦਾ ਅੱਜ ਦੇ ਦਿਨ ਵੀ ਇੱਕ ਸੇਵਾ ਮੁਕਤ ਪੁਲਿਸ ਅਧਿਕਾਰੀ ਪ੍ਰਿੰਟ ਤੇ ਬਿਜਲਈ ਮੀਡੀਆ ਦਾ ਪਾਤਰ ਬਣਿਆ ਹੋਇਆ ਹੈ। ਲੋਕ ਮਨਾਂ ਵਿਚ ਤਿਲੰਗਾਨਾ ਦੀ ਡਾਕਟਰ ਯੁਵਤੀ ਦਾ ਜਬਰਜਨਾਹ ਕਰਨ ਉਪਰੰਤ ਕਤਲ ਕਰਨ ਵਾਲੇ ਦੋਸ਼ੀਆਂ ਨੂੰ ਕਥਿਤ ਪੁਲਿਸ ਮੁਕਾਬਲੇ ਦਾ ਸ਼ਿਕਾਰ ਬਣਾਇਆ ਜਾਣਾ ਵੀ ਹਾਲੇ ਤਾਜ਼ਾ ਹੈ। ਅਜਿਹੇ ਦੋਸ਼ੀਆਂ ਨਾਲ ਸਬੰਧਤ ਕੇਸਾਂ ਦੇ ਸਾਲਾਂ ਬੱਧੀ ਕਚਹਿਰੀਆਂ ਵਿਚ ਲਟਕੇ ਰਹਿਣ ਕਾਰਨ ਲੋਕ ਮਨਾਂ ਵਿਚ ਅਮਨ ਚੈਨ ਦੀ ਸਥਿਤੀ ਪ੍ਰਤੀ ਅਵਿਸ਼ਵਾਸ ਦੀ ਭਾਵਨਾ ਆਮ ਲੋਕਾਂ ਨੂੰ ਗਲਤ-ਮਲਤ ਢੰਗ ਨਾਲ ਮਾਰੇ ਗਏ ਅਪਰਾਧੀਆਂ ਦੀ ਖਬਰ ਇਕ ਤਰ੍ਹਾਂ ਦੀ ਰਾਹਤ ਵੀ ਦਿੰਦੀ ਹੈ, ਪਰ ਭੋਲੀ ਭਾਲੀ ਜਨਤਾ ਭੁੱਲ ਜਾਂਦੀ ਹੈ ਕਿ ਅਜਿਹੇ ਗੁੰਡਿਆਂ ਦੇ ਖਾਤਮੇ ਨਾਲ ਉਨ੍ਹਾਂ ਭੇਤਾਂ ਉਤੇ ਵੀ ਮਿੱਟੀ ਪੈ ਜਾਂਦੀ ਹੈ, ਜਿਨ੍ਹਾਂ ਦਾ ਪ੍ਰਗਟਾਵਾ ਦੋਸ਼ੀਆਂ ਦੇ ਜੀਵਤ ਰਹਿਣ ਦੀ ਸੂਰਤ ਵਿਚ ਉਨ੍ਹਾਂ ਤੋਂ ਕੀਤੀ ਗਈ ਪੁੱਛ-ਗਿੱਛ ਨੇ ਖੋਲ੍ਹਣਾ ਹੁੰਦਾ ਹੈ।

ਜਾਨੀ ਚੋਰ ਤੇ ਜੱਗਾ ਡਾਕੂ ਦੇ ਕਾਰਨਾਮੇ ਪੜ੍ਹ ਕੇ ਵੱਡੇ ਹੋਏ ਪੰਜਾਬੀਆਂ ਲਈ ਤਾਂ ਵਿਕਾਸ ਦੂਬੇ ਵਾਂਗ ਜ਼ਮੀਨ ਜਾਇਦਾਦ ਦੀ ਮਾਲਕੀ ਲਈ ਕੀਤੀਆਂ ਹੱਤਿਆਵਾਂ ਤੇ ਲੁੱਟਾਂ ਖੋਹਾਂ ਨੂੰ ਹਜ਼ਮ ਕਰਨਾ ਉਕਾ ਹੀ ਸੰਭਵ ਨਹੀਂ। ਜੇ ਇਨ੍ਹਾਂ ਵਿਚ ਕੰਨਾਂ ਦੀਆਂ ਮੁਰਕੀਆਂ, ਮੋਟਰ ਸਾਈਕਲਾਂ ਤੇ ਕਾਰਾਂ ਦੀ ਲੁੱਟ-ਖਸੁੱਟ ਵੀ ਸ਼ਾਮਲ ਕਰ ਲਈਏ ਤਾਂ ਅਜਿਹੀ ਸਰਕਾਰਾਂ ਨੂੰ ਪ੍ਰਵਾਨ ਕਰਨਾ ਅਸਹਿ ਹੋ ਜਾਂਦਾ ਹੈ, ਜਿਸ ਨੂੰ ਇੱਕ ਰਾਸ਼ਟਰ, ਇੱਕ ਭਾਸ਼ਾ ਤੇ ਇੱਕ ਧਾਰਨਾ ਨੂੰ ਪ੍ਰਚਾਰਨ ਦੀ ਫਿਕਰ ਤਾਂ ਹੈ, ਅਮਨ ਚੈਨ ਬਾਰੇ ਕੋਈ ਚਿੰਤਾ ਨਹੀਂ। ਦੇਸ਼ ਵਿਚ ਅਮਨ ਚੈਨ ਦੇ ਨਿਘਾਰ ਨੂੰ ਵੇਖਦਿਆਂ ਸਿਆਣੀ ਮਾਨਵਤਾ ਤੇ ਬੁੱਧੀਜੀਵੀਆਂ ਦਾ ਫਰਜ਼ ਬਣਦਾ ਹੈ ਕਿ ਉਹ ਭਰਮਾਊ ਨਾਅਰਿਆਂ ਦੀ ਫੂਕ ਕੱਢਣ ਤੇ ਦੇਸ਼ ਦੀ ਜਨਤਾ ਨੂੰ ਉਨ੍ਹਾਂ ਦੀ ਵੋਟ ਦਾ ਮੁੱਲ ਸਮਝਾਉਣ, ਜੋ ਨਿਘਰਦੀ ਜਾ ਰਹੀ ਰਾਜਨੀਤੀ ਨੂੰ ਨੱਥ ਪਾਉਣ ਦਾ ਇੱਕੋ ਇੱਕ ਸਾਧਨ ਹੈ। ਇਹ ਸੰਦੇਸ਼ ਵਾਰ ਵਾਰ ਤੇ ਵੱਖ ਵੱਖ ਰੂਪਾਂ ਵਿਚ ਦਿੰਦੇ ਰਹਿਣਾ ਹੋਰ ਵੀ ਅਹਿਮ ਹੈ।

**ਮੇਰੀ ਮ੍ਰਿਤਕ ਮਾਂ ਦੀ ਸ਼ਾਹੀ ਕੈਦ ਤੇ ਤਾਲਾਬੰਦੀ:** ਮੇਰੀ ਮਾਂ ਦੇ ਮਾਪਿਆਂ ਦਾ ਪਿੰਡ ਖੰਨਾ (ਲੁਧਿਆਣਾ) ਤੋਂ ਅਠ ਮੀਲ ਸੀ ਤੇ ਸਹੁਰਿਆਂ ਦਾ ਬੰਗਾ (ਜਲੰਧਰ) ਤੋਂ ਅਠ ਮੀਲ। ਆਪਣੀ ਜੁਆਨੀ ਸਮੇਂ ਉਹ ਮੈਨੂੰ ਤੇ ਬਾਕੀ ਦਾ ਸਾਰਾ ਸਾਮਾਨ ਚੁੱਕ ਕੇ ਖੰਨੇ ਤੋਂ ਰੇਲ ਗੱਡੀ ਫੜਦੀ ਸੀ ਤੇ ਬੰਗੇ ਜਾ ਕੇ ਉਤਰਦੀ ਸੀ। ਉਸ ਨੇ ਪੱਲੇ ਬੱਧੀ ਰੋਟੀ ਫਗਵਾੜਾ ਦੇ ਰੇਲਵੇ ਸਟੇਸ਼ਨ ਉਤੇ ਖਾਣ ਹੁੰਦੀ ਸੀ ਤੇ ਫਿਰ ਬੰਗਾ ਤੋਂ ਅੱਠ ਮੀਲ ਸਹੁਰੇ ਪਿੰਡ ਪਹੁੰਚਣਾ ਹੁੰਦਾ ਸੀ। ਉਹ ਅੱਠ+ਅੱਠ ਭਾਵ ਸੋਲਾਂ ਮੀਲ ਤੁਰ ਕੇ ਪੇਕਿਆਂ ਤੋਂ ਸਹੁਰੀ ਪਹੁੰਚਦੀ ਸੀ, ਇਸੇ ਤਰ੍ਹਾਂ ਸਹੁਰਿਆਂ ਤੋਂ ਪੇਕੇ। ਉਸ ਦੀ ਆਖਰੀ ਉਮਰੇ ਉਸ ਦੀ ਸਿਹਤ ਦਾ ਧਿਆਨ ਰਖਦਿਆਂ ਮੈਂ ਉਸ ਨੂੰ ਆਪਣੇ ਕੋਲ ਚੰਡੀਗੜ੍ਹ ਲੈ ਆਇਆ। ਇਸ ਲਈ ਵੀ ਕਿ ਮੇਰੀ ਪਤਨੀ ਡਾਕਟਰ ਸੀ, ਇਥੇ ਉਸ ਦਾ ਜੀ ਨਾ ਲੱਗਣਾ। ਮੇਰੇ ਜਾਣੂਆਂ ਦਾ ਉਸ ਨੂੰ ਕੋਈ ਆਸਰਾ ਨਹੀਂ ਸੀ। ਮੈਂ ਹਫਤੇ ਵਿਚ ਇੱਕ ਵਾਰ ਉਸ ਨੂੰ ਕਾਰ ਵਿਚ ਬਿਠਾ ਕੇ ਨੇੜੇ ਹੀ ਆਪਣੀ ਮਾਮੀ ਨੂੰ ਮਿਲਾ ਲਿਆਉਂਦਾ, ਜੋ ਉਸ ਦੀ ਛੋਟੀ ਭਰਜਾਈ ਸੀ।

ਪੰਜ ਚਾਰ ਫੇਰੀਆਂ ਪਿੱਛੋਂ ਉਸ ਨੇ ਮਾਮੀ ਦੇ ਘਰ ਦਾ ਰਾਹ ਚੇਤੇ ਕਰ ਲਿਆ ਤੇ ਇੱਕ ਦਿਨ ਜਦੋਂ ਮੈਂ ਤੇ ਮੇਰੀ ਬੀਵੀ ਆਪੋ ਆਪਣੇ ਦਫਤਰ ਗਏ ਹੋਏ ਸਾਂ, ਉਹ ਨੌਕਰ ਨੂੰ ਘਰ ਸੰਭਾਲ ਕੇ ਤੇ ਆਪਣੇ ਆਪ ਤੁਰ ਕੇ ਮੇਰੀ ਮਾਮੀ ਨੂੰ ਮਿਲ ਆਈ। ਸਾਨੂੰ ਪਤਾ ਲੱਗਾ ਤਾਂ ਮੈਂ ਆਪਣੀ ਮਾਂ ਨੂੰ ਬਹੁਤ ਗੁੱਸੇ ਹੋਇਆ। ਬਹੁਤਾ ਇਸ ਕਰਕੇ ਕਿ ਬੁੱਢੀ ਮਾਂ ਮੋਟਰ ਗੱਡੀਆਂ ਦੀ ਲਪੇਟ ਵਿਚ ਆ ਸਕਦੀ ਸੀ। ਜੇ ਮੈਂ ਉਸ ਨੂੰ ਪਿੰਡ ਛੱਡਣ ਦਾ ਡਰਾਵਾ ਦਿੰਦਾ ਤਾਂ ਉਸ ਨੇ ਫਟਾਫਟ ਤਿਆਰ ਹੋ ਜਾਣਾ ਸੀ। ਉਹ ਮੇਰੀ ਬੀਵੀ ਦੇ ਸਮਝਾਇਆਂ ਸਮਝ ਤਾਂ ਗਈ, ਪਰ ਉਸ ਨੂੰ ਪਿੱਛੇ ਰਹਿ ਗਏ ਪਿੰਡ ਚੇਤੇ ਆਉਂਦੇ ਤੇ ਉਦਾਸ ਹੋ ਜਾਂਦੀ।

ਕਦੀ ਕਦਾਈ ਮੇਰੀ ਮਾਮੀ ਵੀ ਸਾਡੇ ਘਰ ਚੱਕਰ ਮਾਰ ਜਾਂਦੀ। ਮੇਰੀ ਮਾਂ ਨੇ ਆਪਣੀ ਨੂੰਹ ਨੂੰ ਦਿੱਤਾ ਵਚਨ ਨਹੀਂ ਤੋੜਿਆ। ਇੱਕ ਦਿਨ ਮੈਂ ਤੇ ਮੇਰੀ ਬੀਵੀ ਨੇ ਸੁਣਿਆ ਕਿ ਉਹ ਬਾਹਰ ਲਾਅਨ ਵਿਚ ਬੈਠੀ ਮਾਮੀ ਕੋਲ ਆਪਣਾ ਦੁੱਖ ਰੋ ਰਹੀ ਸੀ, "ਬੱਸ ਸ਼ਾਹੀ ਕੈਦ ਭੋਗ ਰਹੀ ਹਾਂ। ਕੋਈ ਕੰਮ ਨਹੀਂ ਕਰਨਾ ਪੈਂਦਾ। ਪੱਕਿਆ ਪਕਾਇਆ ਮਿਲ ਜਾਂਦਾ ਹੈ। ਕਿਸੇ ਚੀਜ਼ ਦਾ ਘਾਟਾ ਨਹੀਂ। ਘਰੋਂ ਬਾਹਰ ਨਹੀਂ ਜਾ ਸਕਦੀ।" ਸਾਡੇ ਕੋਲ ਇਸ ਦਾ ਕੋਈ ਹੱਲ ਨਹੀਂ ਸੀ। ਫਿਰ ਇੱਕ ਦਿਨ ਅਚਾਨਕ ਹੀ ਉਸ ਨੂੰ ਅਧਰੰਗ ਹੋ ਗਿਆ ਤੇ ਉਹਦਾ ਇੱਕ ਪਾਸਾ ਮਾਰਿਆ ਗਿਆ, ਅੰਤ ਚੱਲ ਵੱਸੀ।

ਅਮਿਤਾਬ ਬਚਨ ਦਾ ਪਰਿਵਾਰ ਵੀ ਕਰੋਨਾ ਦਾ ਸ਼ਿਕਾਰ ਨਹੀਂ ਜਾਪਦਾ, ਜੋ ਛੇਤੀ ਸਥਿਰ ਹੋ ਗਿਆ ਹੈ। ਸ਼ਾਹੀ ਕੈਦ ਨੇ ਢਾਹ ਲਿਆ ਜਾਪਦਾ ਹੈ। ਅਜੋਕੀ ਤਾਲਾਬੰਦੀ ਨੇ ਵਸੀਲਿਆਂ ਵਾਲੀ ਸਾਰੀ ਜਨਤਾ ਨੂੰ ਸ਼ਾਹੀ ਕੈਦੀ ਬਣਾ ਰੱਖਿਆ ਹੈ, ਜਿਸ ਵਿਚ ਬਾਲੀਵੁੱਡ ਦੇ ਫਿਲਮੀ ਸਿਤਾਰੇ ਸਭ ਤੋਂ ਉਤੇ ਹਨ। ਅੰਤ ਦਾ ਪਤਾ ਨਹੀਂ। ਆਮੀਨ!

**ਅੰਤਿਕਾ: ਮਿਰਜ਼ਾ ਗ਼ਾਲਿਬ**

ਕੈਦ-ਏ-ਹਯਾਤ ਓ ਬੰਦ-ਏ-ਗਮ
ਅਸਲ ਮੇਂ ਦੋਨੋਂ ਏਕ ਹੈਂ,
ਮੌਤ ਸੇ ਪਹਿਲੇ ਆਦਮੀ
ਗਮ ਸੇ ਨਿਜਾਤ ਪਾਏ ਕਿਉਂ?

# ਝੂਠੇ ਮੁਕਾਬਲਿਆਂ ਦਾ ਆਮ ਹੁੰਦਾ ਜਾ ਰਿਹਾ ਵਰਤਾਰਾ



**ਡਾ. ਜਸਕਰਨ ਸਿੰਘ ਗਿੱਲ**
ਫੋਨ: 91-98154-80892
jksgill.economics@gmail.com

ਜਦੋਂ ਦੇਸ਼ ਅੰਦਰ ਲੋਕਾਂ ਦੀ ਸੁਰੱਖਿਆ ਕਰਨ ਲਈ ਸਥਾਪਿਤ ਕੀਤੀਆਂ ਸੰਵਿਧਾਨਕ ਸੰਸਥਾਵਾਂ ਵੀ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਜਾਣ, ਉਦੋਂ ਅਰਾਜਕਤਾ ਸਰਕਾਰੀ ਰੂਪ ਵੀ ਧਾਰ ਸਕਦੀ ਹੈ। ਅਜਿਹਾ ਹੀ ਖਦਸ਼ਾ ਸਮੇਂ-ਸਮੇਂ ਤੇ ਭਾਰਤ ਵਿਚ ਵੀ ਮਹਿਸੂਸ ਕੀਤਾ ਜਾਂਦਾ ਰਿਹਾ ਹੈ। ਕੋਵਿਡ-19 ਦੀਆਂ ਖਬਰਾਂ ਦੌਰਾਨ ਜਿਸ ਖਬਰ ਨੇ ਪਿਛਲੇ ਦਿਨੀਂ ਅਖਬਾਰਾਂ ਅਤੇ ਟੀ. ਵੀ. ਚੈਨਲਾਂ ਦੀਆਂ ਸੁਰਖੀਆਂ ਬਟੋਰੀਆਂ ਸਨ, ਉਹ ਸੀ ਉੱਤਰ ਪ੍ਰਦੇਸ਼ ਦੇ ਗੈਂਗਸਟਰ ਵਿਕਾਸ ਦੂਬੇ ਦਾ ਕਥਿਤ ਫਰਜ਼ੀ ਪੁਲਿਸ ਮੁਕਾਬਲੇ 'ਚ ਮਾਰੇ ਜਾਣਾ। ਕੁਝ ਦਿਨਾਂ ਤੋਂ ਉੱਤਰ ਪ੍ਰਦੇਸ਼ ਪੁਲਿਸ ਵਲੋਂ ਹਾਈ ਪ੍ਰੋਫਾਈਲ ਗੈਂਗਸਟਰ ਵਿਕਾਸ ਦੂਬੇ ਦੇ 'ਸੰਭਾਵੀ ਪੁਲਿਸ ਮੁਕਾਬਲੇ' ਹੋਣ ਦੀਆਂ ਕਿਆਸਰਾਈਆਂ ਲਾਈਆਂ ਜਾ ਰਹੀਆਂ ਸਨ।

ਇਹ ਰਾਜਨੀਤਿਕ ਪਹੁੰਚ ਰੱਖਣ ਵਾਲਾ ਗੈਂਗਸਟਰ ਉੱਤਰ ਪ੍ਰਦੇਸ਼ ਵਿਚ ਅੱਠ ਪੁਲਿਸ ਮੁਲਾਜ਼ਮਾਂ ਦਾ ਕਤਲ ਕਰਨ ਪਿੱਛੋਂ ਭਗੌੜਾ ਸੀ ਅਤੇ ਕਈਆਂ ਨੂੰ ਉਮੀਦ ਸੀ ਕਿ ਪੁਲਿਸ ਉਸ ਨੂੰ ਗ੍ਰਿਫਤਾਰ ਕਰਕੇ ਅਦਾਲਤ ਪੇਸ਼ ਕਰਨ ਦੀ ਥਾਂ ਉਸ ਨੂੰ ਝੂਠੇ ਮੁਕਾਬਲੇ ਦੀ ਭੇਟ ਚਾੜ੍ਹ ਸਕਦੀ ਹੈ। ਇਸ ਪਿੱਛੇ ਤਰਕ ਇਹ ਸੀ ਕਿ ਉਹ ਵੱਡੇ ਰਾਜਨੀਤਿਕ ਧੁਰੰਤਰਾਂ ਦੇ ਭੇਦ ਖੋਲ੍ਹ ਸਕਦਾ ਹੈ, ਜਿਨ੍ਹਾਂ ਨਾਲ ਉਸ ਦੇ ਨੇੜਲੇ ਸਬੰਧ ਰਹੇ ਸਨ। ਜੇ ਉਸ ਦੀ ਹਿਰਾਸਤ ਵਿਚ ਲੈ ਕੇ ਪੁਛ-ਪੜਤਾਲ ਕੀਤੀ ਜਾਂਦੀ ਤਾਂ ਬਹੁਤ ਸਾਰੀਆਂ ਵੱਡੀਆਂ ਸਿਆਸੀ ਮੱਛੀਆਂ ਜਾਲ 'ਚ ਫਸ ਸਕਦੀਆਂ ਸਨ। ਇਹ ਆਪਣੀ ਤਰ੍ਹਾਂ ਦਾ ਪਹਿਲਾ ਮੌਕਾ ਹੈ, ਜਦੋਂ ਇੱਕ ਵੱਡੇ ਘਟਨਾਕ੍ਰਮ ਬਾਰੇ ਆਮ ਲੋਕਾਂ ਦੀ ਭਵਿੱਖਵਾਣੀ ਸਹੀ ਸਾਬਿਤ ਹੋਈ ਤੇ ਇਹ ਉਪੱਦਰਕਾਰੀ ਮਾਰਿਆ ਗਿਆ।

ਇਸ ਘਟਨਾ ਪਿਛੋਂ ਸੋਸ਼ਲ ਮੀਡੀਆ ਉੱਤੇ ਮਖੌਲੀਆ ਮੀਮ ਸਾਂਝੇ ਕੀਤੇ ਜਾ ਰਹੇ ਹਨ, ਜਿਸ ਵਿਚ ਲੋਕ ਇਸ ਮੁਕਾਬਲੇ ਨੂੰ ਪੁਲਿਸ ਵਲੋਂ ਰਚੀ ਝੂਠੀ ਕਹਾਣੀ ਦੱਸ ਕੇ ਇਸ ਦੀ ਆਲੋਚਨਾ ਕਰ ਰਹੇ ਹਨ ਅਤੇ ਇਸ ਕਤਲ ਜਾਂ ਮੁਕਾਬਲੇ ਦੀ ਸਿਆਸੀ ਚੂਲ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਹਾਲਾਂਕਿ ਰਾਸ਼ਟਰਵਾਦੀ ਮੀਡੀਆ ਸਮੇਤ ਕਈ ਲੋਕ ਇੱਕ ਅਪਰਾਧੀ ਨੂੰ ਉਸ ਦੇ ਅਸਲੀ ਅੰਜਾਮ ਤੱਕ ਪਹੁੰਚਾਉਣ ਲਈ ਪੁਲਿਸ ਅਤੇ ਯੋਗੀ ਸਰਕਾਰ ਦੀ ਪਿੱਠ ਵੀ ਥਾਪੜ ਰਹੇ ਹਨ।

ਇਹ ਰਾਜ ਦੀ ਪੁਲਿਸ ਫੋਰਸ ਦੀ ਇਕ ਕਿਸਮ ਦੀ ਹੇਠੀ ਵੀ ਸੀ, ਕਿਉਂਕਿ ਉਸ ਨੇ ਬੇਰਹਿਮੀ ਨਾਲ ਅੱਠ ਪੁਲਿਸ ਮੁਲਾਜ਼ਮਾਂ ਨੂੰ ਮਾਰ ਦਿੱਤਾ ਸੀ ਅਤੇ ਉਨ੍ਹਾਂ ਦੇ ਹਥਿਆਰ ਵੀ ਲੈ ਕੇ ਭੱਜ ਗਿਆ ਸੀ। ਇਕ ਦਿਨ ਪਹਿਲਾਂ, ਉਸ ਦੇ ਦੋ ਸਹਿਯੋਗੀ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸਨ ਅਤੇ ਬਹੁਤਿਆਂ ਨੂੰ ਲੱਗਦਾ ਸੀ ਕਿ ਉਸ ਦਾ ਹਸ਼ਰ ਵੀ ਇਹੀ ਹੋਵੇਗਾ। ਉਸ ਦੀ ਗ੍ਰਿਫਤਾਰੀ ਨੇ ਇਸ ਤਰ੍ਹਾਂ ਦੀਆਂ ਭਵਿੱਖਵਾਣੀਆਂ 'ਤੇ ਰੋਕ ਲਾ ਦਿੱਤੀ, ਪਰ ਅਚਾਨਕ ਮੱਧ ਪ੍ਰਦੇਸ਼ ਤੋਂ ਉੱਤਰ ਪ੍ਰਦੇਸ਼ ਲਿਆਉਂਦੇ ਸਮੇਂ ਉਸ ਦੇ ਮੁਕਾਬਲੇ 'ਚ ਮਾਰੇ ਜਾਣ ਦੀ ਖਬਰ ਨੇ ਇੱਕ ਵਾਰ ਫਿਰ ਦੇਸ਼ ਵਿਚ ਕਾਨੂੰਨ ਦੇ ਸ਼ਾਸਨ 'ਤੇ ਸਵਾਲ ਖੜ੍ਹੇ ਕਰ ਦਿੱਤੇ, ਜਿਸ ਦੇ ਨੁਮਾਇੰਦੇ ਆਪਣੇ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਅਹਿੰਸਾ ਦੇ ਗਾਂਧੀਵਾਦੀ ਸਿਧਾਂਤਾਂ ਲਈ ਆਪਣੇ ਦੇਸ਼ ਨੂੰ ਕੌਮਾਂਤਰੀ ਪੱਧਰ 'ਤੇ ਵਡਿਆਉਣ ਦਾ ਕੋਈ ਮੌਕਾ ਖੁੰਝਣ ਨਹੀਂ ਦਿੰਦੇ।

ਹਾਲਾਂਕਿ, ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਪੁਲਿਸ ਨੇ ਦੇਸ਼ ਵਿਚ ਕਿਸੇ ਅਪਰਾਧੀ ਨੂੰ ਮੁਕਾਬਲੇ 'ਚ ਹਲਾਕ ਕੀਤਾ ਹੋਵੇ। ਇਸ ਤੋਂ ਇਲਾਵਾ, ਜਿੱਥੇ ਜਿੱਥੇ ਵੀ ਹਥਿਆਰਬੰਦ ਸੰਘਰਸ਼ ਪਾਇਆ ਗਿਆ ਹੈ, ਉੱਥੇ ਹੀ ਸਟੇਟ ਦਾ ਇਹ ਇਕ ਆਮ ਵਰਤਾਰਾ ਰਿਹਾ ਹੈ। ਪੰਜਾਬ ਵਿਚ ਖਾੜਕੂਵਾਦ ਸਮੇਂ, ਮੁੰਬਈ 'ਚ ਅੰਡਰਵਰਲਡ ਨਾਲ ਨਜਿਠਣ ਸਮੇਂ, ਉੱਤਰ-ਪੂਰਬ ਦੇ ਅੰਦਰੂਨੀ ਵਿਦਰੋਹ ਦੌਰਾਨ ਅਤੇ ਜੰਮੂ ਕਸ਼ਮੀਰ ਦੇ ਵੱਖਵਾਦੀਆਂ ਤੇ ਨਕਸਲ ਪ੍ਰਭਾਵਿਤ ਰਾਜਾਂ ਵਿਚ ਵੀ ਹਥਿਆਰਬੰਦ ਵਿਦਰੋਹ ਦੌਰਾਨ ਦੇਸ਼ ਦੇ ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਬਹੁਤ ਸਾਰੇ ਨੌਜਵਾਨ ਮਾਰੇ ਗਏ ਹਨ।

ਕਸ਼ਮੀਰ ਤੇ ਨਕਸਲ ਪ੍ਰਭਾਵਿਤ ਇਲਾਕਿਆਂ 'ਚ ਇਹ ਵਰਤਾਰਾ ਅਜੇ ਵੀ ਆਮ ਹੈ। ਹਾਲਾਂਕਿ ਇਨ੍ਹਾਂ ਪ੍ਰਭਾਵਿਤ ਇਲਾਕਿਆਂ 'ਚ ਕਈ ਵਾਰ ਆਮ ਲੋਕ ਪੁਲਿਸ ਅਤੇ ਸੁਰੱਖਿਆ ਬਲਾਂ ਦੀ ਬੇਰਹਿਮੀ ਨੂੰ ਦੋਸ਼ੀ ਠਹਿਰਾਉਂਦੇ ਹਨ ਤੇ ਪੁਲਿਸ ਇਨ੍ਹਾਂ 'ਅਤਿਵਾਦੀਆਂ/ਵੱਖਵਾਦੀਆਂ' ਨੂੰ ਸਮਾਜ ਲਈ ਖਤਰਾ ਗਰਦਾਨ ਕੇ ਇਨ੍ਹਾਂ ਮੁਕਾਬਲਿਆਂ ਨੂੰ ਜਾਇਜ਼ ਠਹਿਰਾਉਂਦੀ ਹੈ, ਭਾਵੇਂ ਉਹ ਝੂਠੇ ਹੀ ਕਿਉਂ ਨਾ ਹੋਣ। ਜਦੋਂ ਪਿਛਲੇ ਸਾਲ ਹੈਦਰਾਬਾਦ ਵਿਚ ਇੱਕ ਡਾਕਟਰ ਕੁੜੀ ਨਾਲ ਬਲਾਤਕਾਰ ਅਤੇ ਕਤਲ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਪਿਛੋਂ ਇੱਕ ਫਿਲਮੀ ਪੁਲਿਸ ਮੁਕਾਬਲੇ ਵਿਚ ਹਲਾਕ ਕਰ ਦਿੱਤਾ ਗਿਆ ਤਾਂ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਨੇ ਕਾਨੂੰਨ ਦੇ ਰਾਜ ਪ੍ਰਤੀ ਪੁਲਿਸ ਦੀ ਵਚਨਬੱਧਤਾ 'ਤੇ ਉਂਗਲ ਉਠਾਈ ਸੀ, ਪਰ ਇਸ ਦੇ ਉਲਟ ਬਹੁਤ ਸਾਰੇ ਰਾਜਨੇਤਾ, ਮਸ਼ਹੂਰ ਬਾਲੀਵੁੱਡ ਹਸਤੀਆਂ ਅਤੇ ਹੋਰ ਨਾਮੀ ਸ਼ਖਸੀਅਤਾਂ ਨੇ ਹੈਦਰਾਬਾਦ ਪੁਲਿਸ ਦੀ ਇਸ ਬਹਾਦਰੀ ਲਈ ਪਿੱਠ ਥਾਪੜੀ ਸੀ।

ਸਵਾਲ ਹੈ, ਕੀ ਪੁਲਿਸ ਦਾ ਸਿੱਧੇ ਹਿੰਸਾਤਮਕ ਢੰਗ ਤਰੀਕੇ ਵਰਤ ਕੇ ਇਨਸਾਫ ਕਰਨਾ ਜਾਂ ਦਿਵਾਉਣਾ ਵਾਜਬ ਹੈ? ਜੇ ਇਹ ਸਹੀ ਹੈ, ਫਿਰ ਅਦਾਲਤਾਂ ਅਤੇ ਨਿਆਂਪਾਲਿਕਾ ਦੀ ਭੂਮਿਕਾ ਤਾਂ ਅਕ੍ਰਿਆਸ਼ੀਲ ਅਤੇ ਬੇਲੋੜੀ ਸਾਬਿਤ ਹੁੰਦੀ ਹੈ। ਇਸ ਤਰ੍ਹਾਂ ਤਾਂ ਫਿਰ ਸੁਰੱਖਿਆ ਬਲਾਂ ਤੇ ਗੁੰਡੇ ਅਨਸਰਾਂ ਦੀ ਕਾਰਜਸ਼ੈਲੀ ਨੂੰ ਨਿਖੇੜਨਾ ਮੁਸ਼ਕਿਲ ਹੋ ਜਾਵੇਗਾ, ਪਰ ਇਹ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਭਾਰਤ ਦੀ ਦੁਨੀਆਂ ਵਿਚ ਆਪਣੀ ਪਛਾਣ ਲੋਕਤੰਤਰੀ ਦੇਸ਼ ਵਜੋਂ ਹੁੰਦੀ ਹੈ, ਜਿਥੇ ਅਜਿਹੇ ਸਮੰਤੀ ਤੇ ਪਿਛਾਖੜੀ ਵਰਤਾਰੇ ਕਤੱਈ ਬਰਦਾਸ਼ਤ ਨਹੀਂ ਕੀਤੇ ਜਾ ਸਕਦੇ।

ਜਿੱਥੋਂ ਤੱਕ ਪੰਜਾਬ, ਜੰਮੂ ਕਸ਼ਮੀਰ, ਉੱਤਰ-ਪੂਰਬ ਅਤੇ ਕੇਂਦਰੀ ਰਾਜਾਂ ਵਿਚ ਹਥਿਆਰਬੰਦ ਸੰਘਰਸ਼ ਦਾ ਸਬੰਧ ਹੈ, ਸਾਨੂੰ ਇਸ ਦੇ ਪਿੱਛੇ ਦੇ ਰਾਜਨੀਤਿਕ-ਆਰਥਕ ਕਾਰਨਾਂ ਦੇ ਨਾਲ-ਨਾਲ ਇਸ ਸਮੱਸਿਆ ਨੂੰ ਸੁਲਝਾਉਣ ਵਿਚ ਕੇਂਦਰ ਤੇ ਰਾਜ ਸਰਕਾਰਾਂ ਦੀ ਭੂਮਿਕਾ ਦੀ ਵੀ ਨਿਸ਼ਾਨਦੇਹੀ ਕਰਨੀ ਪਵੇਗੀ। ਆਜ਼ਾਦੀ ਪਿਛੋਂ ਸ਼ਾਇਦ ਹੀ ਅਜਿਹਾ ਕੋਈ ਵੇਲਾ ਹੋਵੇ, ਜਦੋਂ ਆਵਾਮ ਦੇ ਸਰਕਾਰਾਂ ਵਿਰੁੱਧ ਵਿਦਰੋਹ ਨੂੰ ਨੱਪਣ ਲਈ ਹਥਿਆਰਬੰਦ ਫੌਜਾਂ ਨਾ ਤਾਇਨਾਤ ਕੀਤੀਆਂ ਗਈਆਂ ਹੋਣ।

ਦੂਜੇ ਪਾਸੇ ਦੇਸ਼ ਵਿਚ ਬਾਹੂਬਲੀ ਗੈਂਗਸਟਰਾਂ ਦਾ ਉਭਾਰ ਦੇਸ਼ ਦੀ ਜਗੀਰੂ ਰਾਜਨੀਤੀ ਦੀ ਉਪਜ ਹੈ। ਦੇਸ਼ ਵਿਚ ਭਾਰੀ ਬੇਰੁਜ਼ਗਾਰੀ ਅਤੇ ਗਰੀਬੀ ਦੇ ਝੰਬੇ ਦੁਖੀ ਨੌਜਵਾਨਾਂ ਤੱਕ ਇਹ ਗੈਂਗਸਟਰ ਅਸਾਨੀ ਨਾਲ ਪਹੁੰਚ ਕਰ ਲੈਂਦੇ ਹਨ, ਫਿਰ ਆਪਣੀ ਰਾਜਨੀਤਿਕ ਸ਼ਕਤੀ ਵਧਾਉਣ ਲਈ ਉਨ੍ਹਾਂ ਨੂੰ ਵਰਤਦੇ ਹਨ ਅਤੇ ਜੋ ਅੱਗੇ ਚੱਲ ਕੇ ਕਈ ਉਨ੍ਹਾਂ ਦੇ ਉਤਰਾਧਿਕਾਰੀ ਵੀ ਹੋ ਨਿਬੜਦੇ ਹਨ। ਖਾਸਕਰ ਪਿਛਲੇ ਸਾਲਾਂ ਵਿਚ ਜਿਥੇ ਇਨ੍ਹਾਂ ਗੁੰਡਾ ਅਨਸਰਾਂ ਨੇ ਭਾਂਪ ਲਿਆ ਕਿ ਉਹ ਨਾ ਸਿਰਫ ਸੱਤਾ ਦੇ ਭੁੱਖੇ ਸਿਆਸਤਦਾਨਾਂ ਦੀ ਪਨਾਹ ਆਸਾਨੀ ਨਾਲ ਪ੍ਰਾਪਤ ਕਰ ਸਕਦੇ ਸਨ, ਸਗੋਂ ਰਾਜਨੀਤਿਕ ਤਾਕਤ ਵੀ ਅਸਾਨੀ ਨਾਲ ਹਥਿਆ ਸਕਦੇ ਹਨ। ਰਾਜ ਅਤੇ ਕੇਂਦਰ ਸਰਕਾਰ ਵਿਚ ਮੰਤਰੀ ਤੱਕ ਦੇ ਅਹੁਦਿਆਂ 'ਤੇ ਕਾਬਜ਼ ਹੋ ਸਕਦੇ ਹਨ। ਸੰਸਦ ਅਤੇ ਰਾਜ ਅਸੈਂਬਲੀਆਂ ਵਿਚ ਉਨ੍ਹਾਂ ਮੈਂਬਰਾਂ ਦੇ ਅੰਕੜੇ ਲਗਾਤਾਰ ਵਧ ਰਹੇ ਹਨ, ਜਿਨ੍ਹਾਂ 'ਤੇ ਕਤਲ, ਦੰਗੇ, ਬਲਾਤਕਾਰ, ਫਿਰੌਤੀ ਅਤੇ ਭ੍ਰਿਸ਼ਟਾਚਾਰ ਆਦਿ ਜਿਹੇ ਸੰਗੀਨ ਅਪਰਾਧਿਕ ਮਾਮਲੇ ਦਰਜ ਹਨ। ਇੰਜ ਜਾਪਣ ਲੱਗ ਪਿਆ ਹੈ, ਜਿਵੇਂ ਹੁਣ ਲੋਕਾਂ ਨੇ ਮੰਨ ਲਿਆ ਹੋਵੇ ਕਿ ਭਾਰਤੀ ਰਾਜਨੀਤੀ ਇਨ੍ਹਾਂ ਗੁੰਡਿਆਂ ਲਈ ਹੀ ਢੁਕਵੀਂ ਹੈ। ਇਹ ਇੱਕ ਖਤਰਨਾਕ ਸਥਿਤੀ ਹੈ।



*ਪੁਲਿਸ ਹਿਰਾਸਤ ਦੌਰਾਨ ਵਿਕਾਸ ਦੂਬੇ*

ਸਮਾਜ ਵਿਚ ਇਸ ਤਰ੍ਹਾਂ ਦੇ ਅਪਰਾਧਿਕ ਜਗਤ ਦੇ ਸਰਗਨੇ ਕਿਵੇਂ ਬਣਦੇ ਤੇ ਪਨਪਦੇ ਹਨ, ਇਹ ਜਾਣਨ ਲਈ ਸਿਨੇਮਾ, ਮੀਡੀਆ ਅਤੇ ਸੋਸ਼ਲ ਨੈਟਵਰਕਿੰਗ ਸਾਈਟਾਂ ਦੀ ਭੂਮਿਕਾ ਨੂੰ ਵੀ ਕਟਹਿਰੇ 'ਚ ਲੈ ਕੇ ਆਉਣਾ ਬਹੁਤ ਜ਼ਰੂਰੀ ਹੈ। ਪਿਛਲੇ ਸਮੇਂ ਦੌਰਾਨ ਬਾਲੀਵੁੱਡ ਦੀਆਂ ਬਹੁਤ ਸਾਰੀਆਂ ਬਲਾਕਬਸਟਰ ਫਿਲਮਾਂ ਗੈਂਗਸਟਰਾਂ ਦੀਆਂ ਜੀਵਨ ਕੁ-ਕਥਾਵਾਂ 'ਤੇ ਆਧਾਰਿਤ ਹਨ, ਜੋ ਬੇਰੁਜ਼ਗਾਰੀ ਦੀ ਮਾਰ ਹੇਠ ਨੌਜਵਾਨਾਂ ਦੇ ਵੱਡੇ ਹਿੱਸੇ ਨੂੰ ਲੁਭਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਸਿਆਸਤਦਾਨ ਬਣੇ ਗੈਂਗਸਟਰ ਕਈ ਉਚ ਕਮਾਈ ਵਾਲੀਆਂ ਸਫਲ ਫਿਲਮਾਂ ਦੇ ਕਹਾਣੀ ਲੇਖਕਾਂ ਲਈ ਇੱਕ ਪ੍ਰਮੁੱਖ ਥੀਮ ਰਿਹਾ ਹੈ। ਮੁੰਬਈ ਵਰਗੇ ਮੈਟਰੋ ਸ਼ਹਿਰਾਂ ਦੇ ਮਸ਼ਹੂਰ ਗੈਂਗਸਟਰ ਤੋਂ ਲੈ ਕੇ ਦੇਸ਼ ਦੇ ਛੋਟੇ-ਛੋਟੇ ਪਿੰਡਾਂ/ਸ਼ਹਿਰਾਂ ਦੇ ਬਦਮਾਸ਼ ਮਸ਼ਹੂਰ ਫਿਲਮਾਂ ਵਿਚ ਮੁੱਖ ਪਾਤਰ ਹੁੰਦੇ ਹਨ। ਇਹ ਫਿਲਮਾਂ ਨੌਜਵਾਨਾਂ ਦੀ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ, ਜੋ ਦੇਸ਼ ਦੀ ਆਬਾਦੀ ਦਾ ਸਭ ਤੋਂ ਵੱਡਾ ਸਮੂਹ ਹੈ।

ਇਸ ਉਪੱਦਰਕਾਰੀ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਵਿਚ ਸੰਗੀਤ ਜਗਤ ਦੀ ਵੀ ਭੂਮਿਕਾ ਹੈ। ਸਥਾਨਕ ਗਾਇਕ ਛੇਤੀ ਪ੍ਰਸਿੱਧੀ ਹਾਸਲ ਕਰਨ ਦੇ ਚੱਕਰ ਵਿਚ ਪੱਛਮੀ ਸੱਭਿਆਚਾਰ ਦੀ ਟੇਕ ਹੇਠ ਨੌਜਵਾਨ ਪੀੜ੍ਹੀ ਲਈ ਹਿੰਸਾ ਪਰੋਸਦੇ ਹਨ, ਜਿਸ ਦੇ ਸਿੱਧੇ ਅਸਰ ਹੇਠ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪਾੜ੍ਹੇ ਆਉਂਦੇ ਹਨ। ਇਨ੍ਹਾਂ ਗੈਂਗਸਟਰਾਂ ਦੀ ਮੀਡੀਆ ਤੱਕ ਵੀ ਅਸਾਨੀ ਨਾਲ ਪਹੁੰਚ ਹੁੰਦੀ ਹੈ। ਮੀਡੀਆ ਕਰਮੀ ਉਨ੍ਹਾਂ ਦੇ ਨਾਮ ਅਖਬਾਰਾਂ ਅਤੇ ਟੀ. ਵੀ. ਚੈਨਲਾਂ ਦੀਆਂ ਸਨਸਨੀ ਭਰਪੂਰ ਖਬਰਾਂ ਬਣਾਉਣ ਲਈ ਚਮਕਾਉਂਦੇ ਹਨ। ਇਹ ਗੈਂਗਸਟਰ ਸਿਵਲ ਸੁਸਾਇਟੀ ਵਿਚ ਨਾਕਾਮ ਪ੍ਰਸ਼ਾਸਨ ਅਤੇ ਪੁਲਿਸ ਦੀ ਬੇਅਸਰਤਾ ਦਾ ਲਾਭ ਵੀ ਲੈਂਦੇ ਹਨ। ਆਮ ਤੌਰ 'ਤੇ ਲੋਕ ਉਨ੍ਹਾਂ ਕੋਲ ਉਦੋਂ ਪਹੁੰਚ ਕਰਦੇ ਹਨ, ਜਦੋਂ ਉਹ ਮਹਿਸੂਸ ਕਰਦੇ ਹਨ ਕਿ ਸਿਵਲ ਪ੍ਰਸ਼ਾਸਨ ਅਤੇ ਪੁਲਿਸ ਉਨ੍ਹਾਂ ਦੀ ਲੋੜ ਸਮੇਂ ਮਦਦ ਕਰਨ ਵਿਚ ਅਸਮਰੱਥ ਹੈ। ਕਈ ਵਾਰ ਇਹ ਰੁਝਾਨ ਬਹੁਤ ਸਾਰੇ ਗੈਂਗਸਟਰਾਂ ਨੂੰ ਰਾਜਨੀਤੀ ਵੱਲ ਲੈ ਜਾਂਦਾ ਹੈ। ਉਹ ਆਪਣੀ ਧਾਂਕ ਨਾਲ ਪਹਿਲਾਂ ਸਥਾਨਕ ਸਰਕਾਰਾਂ ਦੇ ਨੁਮਾਇੰਦੇ ਚੁਣੇ ਜਾਂਦੇ ਹਨ ਅਤੇ ਫਿਰ ਕਈ ਵਾਰ ਵਿਧਾਇਕ ਅਤੇ ਸੰਸਦ ਮੈਂਬਰ ਬਣ ਰਾਜਨੀਤਿਕ ਸਿਖਰਾਂ ਨੂੰ ਛੂੰਹਦੇ ਹਨ।

ਵਧੇਰੇ ਚਿੰਤਾਜਨਕ ਗੱਲ ਇਹ ਹੈ ਕਿ ਲੋਕਾਂ ਨੂੰ ਕਤਲੇਆਮ ਜਾਂ ਮੁਕਾਬਲਿਆਂ 'ਚ ਮਾਰੇ ਜਾਣ ਨੂੰ ਇੱਕ ਜਸ਼ਨ ਵਾਂਗ ਮਨਾਉਣ ਲਈ ਉਕਸਾਇਆ ਜਾ ਰਿਹਾ ਹੈ, ਪਰ ਇਸ ਸਾਰੇ ਵਰਤਾਰੇ ਵਿਚੋਂ ਗੰਭੀਰਤਾ ਦਾ ਅੰਸ਼ ਅਲੋਪ ਹੁੰਦਾ ਜਾਪਦਾ ਹੈ। ਖੂਨ-ਖਰਾਬੇ ਵਾਲੀਆਂ ਝੜਪਾਂ ਦਾ ਆਮ ਹੋ ਜਾਣਾ ਕਿਸੇ ਸਭਿਅਕ ਸਮਾਜ ਨੂੰ ਵਾਰੇ ਨਹੀਂ ਖਾਂਦਾ, ਸਗੋਂ ਇਹ ਇੱਕ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ। ਇਹ ਇਕ ਵਿਆਪਕ ਕਿਸਮ ਦੀ ਹਿੰਸਾ ਹੈ, ਜੋ ਰਾਸ਼ਟਰ ਦੀਆਂ ਜਮਹੂਰੀ ਕਦਰਾਂ ਕੀਮਤਾਂ ਦਾ ਘਾਣ ਕਰ ਸਕਦੀ ਹੈ ਤੇ ਇਸ ਦੇ ਨਤੀਜੇ ਸਮੁੱਚੀ ਮਾਨਵਤਾ ਲਈ ਵਿਨਾਸ਼ਕਾਰੀ ਸਾਬਿਤ ਹੋ ਸਕਦੇ ਹਨ।

# ਭੁਲੇਖਿਆਂ ਦਾ ਸੰਸਾਰ

ਭੁਲੇਖਿਆਂ ਦੀ ਕਥਾ ਨਿਰਾਲੀ ਹੈ। ਕਈ ਵਾਰ ਭੁਲੇਖੇ ਨੂੰ ਗਲਤਫਹਿਮੀ ਕਹਿਣਾ ਯੋਗ ਹੈ। ਤਕਰੀਬਨ ਹਰ ਵਿਅਕਤੀ ਬਚਪਨ ਤੋਂ ਹੀ ਸ਼ੀਸ਼ੇ ਵਿਚ ਆਪਣਾ ਚਿਹਰਾ ਦੇਖਣ ਲੱਗ ਜਾਂਦਾ ਹੈ। ਆਪਣੀ ਸ਼ਕਲ-ਸੂਰਤ ਦਾ ਭੁਲੇਖਾ ਇਸ ਕਥਾ ਦੀ ਮਾਸੂਮ ਜਿਹੀ ਸ਼ੁਰੂਆਤ ਹੈ। ਜੇ ਇਹ ਭੁਲੇਖਾ ਨਾ ਹੋਵੇ ਤਾਂ ਘੱਟ ਸੋਹਣੇ ਲੋਕ ਕਦੀ ਵੀ ਸ਼ੀਸ਼ਾ ਨਾ ਦੇਖਣ। ਅਸਲੀਅਤ ਬਹੁਤ ਦਿਲਚਸਪ ਹੈ। ਕੁਦਰਤ ਨੇ ਹਰ ਇਨਸਾਨ ਵਿਚ ਕੁਝ ਨਾ ਕੁਝ ਖੂਬਸੂਰਤ ਚਿੰਨ੍ਹ ਬਖਸ਼ੇ ਹਨ। ਮੈਂ ਇੱਕ ਬੀਬੀ ਨੂੰ ਜਾਣਦਾ ਹਾਂ ਜਿਹੜੀ ਨੈਣ-ਨਕਸ਼ ਵਲੋਂ ਠੀਕ-ਠਾਕ ਹੀ ਸੀ। ਉਸ ਨੇ ਅਖੀਰਲੀ ਉਮਰ ਵਿਚ ਸ਼ੀਸ਼ਾ ਦੇਖਣਾ ਬੰਦ ਕਰ ਦਿੱਤਾ। ਕਾਰਨ ਉਸ ਦੇ ਦੰਦ ਬਹੁਤ ਖੂਬਸੂਰਤ ਸਨ। ਜਦੋਂ ਦੰਦ ਗਿਰ ਗਏ, ਕਹਿਣ ਲੱਗੀ, ਹੁਣ ਦੇਖਣ ਲਈ ਕੀ ਰਹਿ ਗਿਆ! ਭੁਲੇਖਾ ਦੂਰ ਹੋ ਗਿਆ।

ਅਗਲੀ ਕੜੀ ਵਿਚ ਸੁਪਨਿਆਂ ਦਾ ਭੁਲੇਖਾ ਸ਼ੁਰੂ ਹੁੰਦਾ ਹੈ। ਇਹ ਭੁਲੇਖਾ ਸਾਰੀ ਉਮਰ ਪਿੱਛਾ ਨਹੀਂ ਛੱਡਦਾ। ਕਰਮਾਂ ਵਾਲਿਆਂ ਨੂੰ ਇਹ ਭੁਲੇਖਾ ਆਨੰਦ ਦੀ ਅਵਸਥਾ ਵਿਚ ਲੈ ਆਉਂਦਾ ਹੈ। ਜਿਵੇਂ



**ਬ੍ਰਿਜਿੰਦਰ ਸਿੰਘ ਸਿੱਧੂ**
ਫੋਨ: 925-683-1982

ਭਾਈ ਵੀਰ ਸਿੰਘ ਲਿਖਦੇ ਹਨ:

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ।

ਸਾਧਾਰਨ ਬੰਦਿਆਂ ਨੂੰ ਸੁਪਨੇ ਦਾ ਭੁਲੇਖਾ ਕੁਝ ਹੋਰ ਕਿਸਮ ਦਾ ਧਰਵਾਸ ਦਿੰਦਾ ਹੈ। ਉਹ ਸੋਚਦੇ ਹਨ:

ਸੁਪਨੇ ਤੂੰ ਸੁਲਤਾਨ ਹੈ, ਉਤਮ ਤੇਰੀ ਜਾਤ!
ਸੌ ਵਰ੍ਹਿਆਂ ਦੇ ਵਿੱਛੜੇ, ਆਣ ਮਿਲਾਵੇਂ ਰਾਤ।

ਇਕਲੌਤੇ ਗਮਗੀਨ ਅਤੇ ਮਾਯੂਸ ਵਿਅਕਤੀਆਂ ਲਈ ਸੁਪਨੇ ਦਾ ਭੁਲੇਖਾ ਬਹੁਤ ਧੋਖੇ ਵਾਲਾ ਅਤੇ ਮੰਦਭਾਗਾ ਮਹਿਸੂਸ ਹੁੰਦਾ ਹੈ। ਉਹ ਸ਼ਿਕਵੇ ਭਰੇ ਅੰਦਾਜ਼ ਵਿਚ ਬੋਲ ਉਠਦੇ ਹਨ:

ਨੀਂਦ ਵਿਚ ਅਸੀਂ ਦੋ-ਦੋ ਹੋਈਏ
ਜਾਗ ਪਈਏ ਤਾਂ ਇੱਕ!
ਆ ਸੁਪਨੇ ਤੈਨੂੰ ਕਤਲ ਕਰਾਂ ਮੈਂ
ਧੋਖੇ ਦਿੰਨੈ ਨਿੱਤ!

ਸੁਪਨਾ ਭੁਲੇਖਾ ਹੋਣ ਦੇ ਬਾਵਜੂਦ ਕਈ ਵਾਰ ਭਿਆਨਕ ਰੂਪ ਅਖਤਿਆਰ ਕਰ ਲੈਂਦਾ ਹੈ। ਕਈ ਵਿਅਕਤੀ ਡਰ-ਡਰ ਕੇ ਉਠ ਬੈਠਦੇ ਹਨ। ਉਨ੍ਹਾਂ ਨੂੰ ਕਿਸੇ ਮਨੋਵਿਗਿਆਨੀ ਕੋਲ ਜਾਣਾ ਚਾਹੀਦਾ ਹੈ। ਡਾਕਟਰ ਫਰਾਇਡ ਨੇ ਬਹੁਤ ਹੀ ਮਹੱਤਵਪੂਰਨ ਖੋਜ ਕੀਤੀ ਹੈ ਪਰ ਨੇੜਲੇ ਭਵਿੱਖ ਵਿਚ ਪੂਰਨ ਸੂਝ ਸ਼ਾਇਦ ਨਾ ਆ ਸਕੇ ਕਿਉਂਕਿ ਕਈ ਵਾਰ ਸੁਪਨੇ ਭੁਲੇਖਾ ਨਹੀਂ, ਹਕੀਕਤ ਬਣ ਜਾਂਦੇ ਹਨ। ਇਤਿਹਾਸ ਇਹੋ ਜਿਹੀਆਂ ਘਟਨਾਵਾਂ ਦਾ ਗਵਾਹ ਹੈ।

ਵੈਸੇ ਵੀ ਭਵਿੱਖ ਲਈ ਹੁਸੀਨ ਸੁਪਨੇ ਦੇਖਣਾ ਇਨਸਾਨੀ ਫਿਤਰਤ ਹੈ।

ਮਈ ਦੇ ਪਹਿਲੇ ਐਤਵਾਰ ਮਾਤਾ ਦਿਵਸ ਅਤੇ ਜੂਨ ਦੇ ਤੀਜੇ ਐਤਵਾਰ ਪਿਤਾ ਦਿਵਸ ਮਨਾਉਣਾ ਰਿਵਾਜ ਬਣ ਗਿਆ ਹੈ। ਬਹੁਤ ਚੰਗੀ ਗੱਲ ਹੈ ਪਰ ਇਸ ਨਾਲ ਭੁਲੇਖੇ ਨੇ ਵੀ ਜਨਮ ਲੈ ਲਿਆ ਹੈ। ਬਹੁਤ ਲੋਕ ਸੋਚਦੇ ਹਨ ਕਿ ਬੱਚੇ ਮਾਤਾ ਨਾਲ ਪਿਤਾ ਨਾਲੋਂ ਬਹੁਤ ਵੱਧ ਪਿਆਰ ਕਰਦੇ ਹਨ, ਇਸੇ ਲਈ ਮਾਤਾ ਲਈ ਤੋਹਫਾ ਪਿਤਾ ਵਾਲੇ ਤੋਹਫੇ ਨਾਲੋਂ ਬਹੁਤ ਮਹਿੰਗਾ ਹੁੰਦਾ ਹੈ। ਮੇਰੇ ਅਨੁਭਵ ਅਨੁਸਾਰ ਇਹ ਗੱਲ ਠੀਕ ਨਹੀਂ।

ਅੱਜ ਕੱਲ੍ਹ ਬਹੁਤੇ ਮਾਪਿਆਂ ਦਾ ਆਪਸ ਵਿਚ ਮੇਲ-ਮਿਲਾਪ ਘਟ ਰਿਹਾ ਹੈ। ਕਈ ਥਾਵਾਂ 'ਤੇ ਤਲਾਕ ਹੈ। ਕਿਤੇ ਮਜਬੂਰੀ ਹੈ, ਕਿਤੇ ਖੁਦਗਰਜ਼ੀ ਪ੍ਰਧਾਨ ਹੈ। ਕਈ ਥਾਵਾਂ 'ਤੇ ਮੀ ਟੂ (me too) ਦਾ ਬੋਲ-ਬਾਲਾ ਹੈ ਅਤੇ ਕੁਰਬਾਨੀ ਦਾ ਜਜ਼ਬਾ ਗਾਇਬ ਹੈ। ਇਨ੍ਹਾਂ ਹਾਲਾਤ ਵਿਚ ਬੱਚੇ ਭੰਬਲਭੂਸੇ ਦਾ ਜੀਵਨ ਬਤੀਤ ਕਰ ਰਹੇ ਹਨ ਅਤੇ ਖਾਨਾਪੂਰੀ ਜਾਂ ਲੋਕ-ਲੱਜ ਤੋਂ ਇਨ੍ਹਾਂ ਦਿਨਾਂ ਲਈ ਕਾਰਡ ਤੇ ਤੋਹਫਾ ਲੈ ਆਉਂਦੇ ਹਨ।

ਚੰਗੇ ਭਾਗੀਂ ਜਿਥੇ ਕਿਤੇ ਪਤੀ-ਪਤਨੀ ਦੇ ਰਿਸ਼ਤੇ ਸੁਖਾਵੇਂ, ਨਿੱਘੇ ਅਤੇ ਸੁਚੱਜੇ ਹਨ, ਉਥੇ ਬੱਚੇ ਇਨ੍ਹਾਂ ਦਿਨਾਂ ਨੂੰ ਬਹੁਤ ਪਿਆਰ ਨਾਲ ਉਡੀਕਦੇ ਹਨ। ਮੇਰੀ ਤੁੱਛ ਪਰ ਤਜਰਬੇ ਆਧਾਰਤ ਸੂਝ ਅਨੁਸਾਰ, ਮਾਂ ਬੱਚਿਆਂ ਅਤੇ ਪਰਿਵਾਰ ਦੇ ਸੁੱਖ ਤੇ ਖਾਣ-ਪੀਣ ਤੋਂ ਲੈ ਕੇ ਹਰ ਲੋੜ ਦੀ ਪੂਰਤੀ ਲਈ ਸਵੇਰ ਸ਼ਾਮ ਅਣਥੱਕ ਮਿਹਨਤ ਕਰਦੀ ਹੈ ਅਤੇ ਇਸ ਸਾਰੇ ਕੰਮ ਬਦਲੇ ਕੁਝ ਵੀ ਨਹੀਂ ਮੰਗਦੀ। ਕਈ ਵਾਰ ਹਕੀਕਤ ਨੂੰ ਨਜ਼ਰ ਅੰਦਾਜ਼ ਕਰ ਕੇ ਮੋਹ ਵਿਚ ਰੰਗੀ ਧੁੰਦਲੀ ਨਜ਼ਰ ਨਾਲ ਬੱਚਿਆਂ ਨੂੰ ਵੇਖਦੀ ਹੈ।

ਬਾਪ ਦਿਨ ਰਾਤ ਕੰਮ ਕਰ ਕੇ ਕਰਜ਼ ਲੈ ਕੇ ਅਤੇ ਕਈ ਵਾਰ ਜ਼ਮੀਨ ਵੇਚ ਕੇ ਵੀ ਬੱਚਿਆਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕਰਦਾ ਹੈ। ਬਦਲੇ ਵਿਚ ਉਹ ਵੀ ਬਹੁਤ ਕੁਝ ਨਹੀਂ ਮੰਗਦਾ ਪਰ ਪਿਆਰ ਭਰੇ ਮੀਂਹ ਵਿਚ ਭਿੱਜੀ ਆਸ (ਉਮੀਦ) ਦਾ ਜ਼ਰੂਰ ਤਲਬਗਾਰ ਹੈ! ਜਿਥੋਂ ਤੱਕ ਤੋਹਫਿਆਂ ਦਾ ਸਬੰਧ ਹੈ, ਮਾਤਾ ਲਈ ਜੇ ਬੱਚਿਆਂ ਕੋਲ ਥੋੜ੍ਹੇ ਪੈਸੇ ਹੋਣ ਤਾਂ ਬਾਪ ਤੋਂ ਲੈਂਦੇ ਹਨ ਪਰ ਪਿਤਾ ਲਈ ਮਾਤਾ ਤੋਂ ਮੰਗਣਾ ਉਨ੍ਹਾਂ ਨੂੰ ਠੀਕ ਨਹੀਂ ਲੱਗਦਾ! ਪਿਆਰ ਉਹ ਪਿਤਾ ਨੂੰ ਵੀ ਘੱਟ ਨਹੀਂ ਕਰਦੇ!!

ਹਾਂ, ਆਖਰੀ ਉਮਰ ਵਿਚ ਬਾਪ ਨੂੰ ਇੱਕ ਭੁਲੇਖੇ ਤੋਂ ਮੁਕਤ ਹੋਣਾ ਚਾਹੀਦਾ ਹੈ; ਉਹ ਇਹ ਕਿ ਉਹ ਸਾਰੀ ਉਮਰ ਘਰ ਵਿਚ ਹੀਰੋ ਹੀ ਰਹੇਗਾ! ਜਦੋਂ ਨਜ਼ਰ ਕਮਜ਼ੋਰ ਹੋ ਜਾਂਦੀ ਹੈ ਅਤੇ ਕੰਨਾਂ ਵਲੋਂ ਜੇ ਕੁਝ ਸੁਣ ਵੀ ਜਾਵੇ, ਛੇਤੀ ਕੁਝ ਸਮਝ ਨਹੀਂ ਲਗਦੀ, ਉਸ ਵੇਲੇ ਬੱਚੇ ਕੋਈ ਸਲਾਹ-ਮਸ਼ਵਰਾ ਘੱਟ ਹੀ ਕਰਦੇ ਹਨ ਅਤੇ ਬਾਪ ਹੀਰੋ ਤੋਂ ਜੋਕਰ ਬਣ ਜਾਂਦਾ ਹੈ।

ਸਕੂਲਾਂ ਦੀ ਪੜ੍ਹਾਈ ਪਿਛੋਂ ਬੱਚੇ ਘਰੋਂ ਬਾਹਰ ਪੈਰ ਪੁੱਟਦੇ ਹਨ। ਨਵੇਂ ਵਿਦਿਆਰਥੀਆਂ ਅਤੇ ਹੋਰ ਲੋਕਾਂ ਨਾਲ ਮੇਲਜੋਲ ਦਾ ਇਹ ਸਮਾਂ ਬਹੁਤ ਮਹੱਤਵਪੂਰਨ ਹੈ। ਚੰਗੇ ਦੋਸਤਾਂ ਦੀ ਚੋਣ ਜੀਵਨ ਭਰ ਆਨੰਦਮਈ ਸਾਬਤ ਹੁੰਦੀ ਹੈ। ਹਰ ਆਦਮੀ ਵਿਚ ਕਈ ਆਦਮੀ ਹੁੰਦੇ ਹਨ, ਕਈ ਵਾਰ ਦੇਖਣ ਤੋਂ ਪਿੱਛੋਂ ਹੀ ਪੱਕੇ ਸਬੰਧ ਕਾਇਮ ਕਰਨੇ ਚਾਹੀਦੇ ਹਨ। ਕਈ ਕਿਸਮ ਦੇ ਭੁਲੇਖਿਆਂ ਵਿਚੋਂ ਇੱਕ ਦਾ ਜ਼ਿਕਰ ਕੁਥਾਂ ਨਹੀਂ ਸਮਝਣਾ ਚਾਹੀਦਾ। ਸਿੱਧੇ ਸਾਦੇ ਪਰ ਲਾਇਕ ਵਿਦਿਆਰਥੀਆਂ ਨਾਲ ਕਈ ਚੁਸਤ ਚਲਾਕ ਲੋਕ ਪੱਕੇ ਸਬੰਧ ਜੋੜ ਲੈਂਦੇ ਹਨ। ਨੇਕ ਆਦਮੀ ਸਭ ਕੁਝ ਜਾਣਦੇ ਹੋਏ ਵੀ ਇਸ ਭੁਲੇਖੇ ਵਿਚ ਰਹਿੰਦੇ ਹਨ ਕਿ ਜੇ ਉਹ ਚੰਗੇ ਹਨ ਤਾਂ ਸਬੰਧੀ ਭੀ ਚੰਗਾ ਹੀ ਬਣ ਜਾਵੇਗਾ। ਉਂਜ, ਜ਼ਿੰਦਗੀ ਦਾ ਤਜਰਬਾ ਇਹੀ ਸੁਝਾਉਂਦਾ ਹੈ ਕਿ ਕੋਲਾ ਦਹੀਂ ਨਾਲ ਧੋ ਕੇ ਭੀ ਕਾਲਾ ਹੀ ਰਹੇਗਾ। ਬੁੱਲ੍ਹੇ ਸ਼ਾਹ ਦਾ ਕਲਾਮ ਇਥੇ ਪੂਰੀ ਤਰ੍ਹਾਂ ਢੁੱਕਦਾ ਹੈ:

ਸੱਪ ਕਦੀ ਵੀ ਮਿੱਤ ਨਾ ਹੁੰਦੇ
ਚਾਹੇ ਮਣ-ਮਣ ਦੁੱਧ ਪਿਆਈਏ।

ਮਹਾਤਮਾ ਗਾਂਧੀ ਨੂੰ ਵੀ ਇਹ ਭੁਲੇਖਾ ਹੀ ਸੀ। ਮਾਰਨ ਵਾਲੇ ਨੇ ਕਦੀ ਪਛਤਾਵਾ ਵੀ ਨਹੀਂ ਕੀਤਾ। ਅਗਲੀ ਕੜੀ ਵਿਚ ਕੁਝ ਆਮ ਭੁਲੇਖੇ ਜਿਹੜੇ ਅਗਿਆਨਤਾ ਦੀ ਉਪਜ ਹਨ, ਉਨ੍ਹਾਂ ਵਲ ਧਿਆਨ ਕਰੀਏ। ਬਹੁਤ ਲੋਕ ਪੁੱਛਦੇ ਹਨ ਕਿ ਭਾਰਤ ਨੂੰ ਜਾਣ ਵੇਲੇ ਅਤੇ ਵਾਪਸ ਆਉਣ ਵੇਲੇ ਜਹਾਜ਼ ਦੀ ਉਡਾਣ ਦਾ ਸਮਾਂ ਇਕੋ ਜਿਹਾ ਕਿਉਂ ਨਹੀਂ? ਅਮਰੀਕਾ ਪਹੁੰਚਣ ਵਿਚ ਇਕ ਦਿਨ ਦਾ ਫਰਕ ਕਿਉਂ ਹੈ? ਇਸ ਵਾਰ ਪੰਜਾਬ ਦੀ ਫੇਰੀ ਵੇਲੇ ਮੈਨੂੰ ਇਕ ਲੜਕਾ ਕਹਿਣ ਲੱਗਾ, "ਅੰਕਲ ਜੀ, ਇੱਕ ਗੱਲ ਬੜੀ ਮਾੜੀ ਹੈ।" ਮੈਂ ਕਿਹਾ, "ਕੀ?" ਕਹਿੰਦਾ, "ਜਦੋਂ ਵੀ ਅਸੀਂ ਤੁਹਾਨੂੰ ਦਿਨ ਵੇਲੇ ਟੈਲੀਫੋਨ ਕਰਦੇ ਹਾਂ, ਤੁਹਾਡੇ ਰਾਤ ਕਿਉਂ ਹੁੰਦੀ ਹੈ?"

ਆਮ ਲੋਕ ਜ਼ਮੀਨ ਦੇ ਗੋਲ ਹੋਣ ਨੂੰ ਗਲਤ ਹੀ ਸਮਝਦੇ ਹਨ। ਸੈਰ ਕਰਨ ਸਮੇਂ ਪੜ੍ਹੇ ਲਿਖੇ ਬੰਦੇ ਮਿਲਦੇ ਹਨ। ਉਨ੍ਹਾਂ ਵਿਚੋਂ ਬਹੁਤਿਆਂ ਨੂੰ ਇਹ ਪਤਾ ਨਹੀਂ ਕਿ ਵੈਜੀ ਆਂਡਿਆਂ ਵਿਚੋਂ ਚੂਚੇ ਨਹੀਂ ਨਿਕਲਦੇ। ਮੁਰਗੀਆਂ ਨੇ ਮੁਰਗਿਆਂ ਦੇ ਮੇਲ ਤੋਂ ਬਗੈਰ ਵੀ ਆਂਡੇ ਦੇਣੇ ਹਨ। ਇਹ ਪੂਰਨ ਖੁਰਾਕ ਕੁਦਰਤ ਦੀ ਵੱਡਮੁੱਲੀ ਦੇਣ ਹੈ। ਇਨ੍ਹਾਂ ਆਂਡਿਆਂ ਦੀ ਵਰਤੋਂ ਨਾਲ ਅਸੀਂ ਕੋਈ ਜੀਵ ਜੰਤੂ ਦਾ ਪਾਪ ਨਹੀਂ ਕਰ ਰਹੇ। ਕਰੋੜਾਂ ਬੰਦਿਆਂ ਨੂੰ ਇਹ ਗਿਆਨ ਨਹੀਂ ਕਿ ਉਨ੍ਹਾਂ ਦੀਆਂ ਪਤਨੀਆਂ ਦੇ ਜੇਕਰ ਲੜਕੀਆਂ ਹੀ ਜਨਮ ਲੈਂਦੀਆਂ ਹਨ ਤਾਂ ਉਸ ਲਈ ਉਹ ਜ਼ਿਆਦਾ ਜ਼ਿੰਮੇਵਾਰ ਹਨ, ਪਤਨੀਆਂ ਨਹੀਂ।

ਮੈਨੂੰ ਪੂਰਾ ਯਕੀਨ ਹੈ ਕਿ ਸੂਝਵਾਨ ਵਿਦਵਾਨ ਜਿਨ੍ਹਾਂ ਦੀ ਅੱਡ-ਅੱਡ ਵਿਸ਼ਿਆਂ 'ਤੇ ਪੂਰਨ ਪਕੜ ਹੈ, ਉਹ ਇਨ੍ਹਾਂ ਭੁਲੇਖਿਆਂ ਨੂੰ ਲੋਕਾਂ ਦੇ ਮਨਾਂ ਵਿਚੋਂ ਰਫੂ ਚੱਕਰ ਕਰ ਸਕਦੇ ਹਨ। ਨਿੱਕੀ ਜਿਹੀ ਉਦਾਹਰਨ ਲੈਂਦੇ ਹਾਂ। ਅਸੀਂ ਘਰੇ ਪ੍ਰੈਸ਼ਰ ਕੁੱਕਰ ਲਿਆਂਦਾ। ਸਾਬਤ ਮਾਂਹ ਦੀ ਦਾਲ ਚਾਲੀ ਪਤਾਲੀ ਮਿੰਟਾਂ ਵਿਚ ਤਿਆਰ ਹੋ ਗਈ। ਇਸ ਤੋਂ ਪਹਿਲਾਂ ਕੁੱਜਾ ਪਿੰਡ ਦੇ ਹਾਰੇ ਵਿਚ ਰੱਖ ਕੇ ਸਾਰੇ ਦਿਨ ਉਬਲਣ ਪਿਛੋਂ ਵੀ ਇਹ ਦਾਲ ਇਤਨੀ ਖਸਤਾ ਨਹੀਂ ਹੁੰਦੀ ਸੀ। ਮੇਰੇ ਮਾਤਾ ਜੀ ਮੈਨੂੰ ਕਹਿਣ ਲੱਗੇ, "ਪੁੱਤਰ, ਪ੍ਰੈਸ਼ਰ ਕੁੱਕਰ ਵਿਚ ਕੋਈ ਜਾਦੂ ਹੈ।" ਮੈਂ ਕਿਹਾ, "ਆਓ ਮਾਤਾ ਜੀ, ਤੁਹਾਡਾ ਭੁਲੇਖਾ ਦੂਰ ਕਰਾਂ। ਜੇ ਆਪਾਂ ਇਸ ਦਾਲ ਨੂੰ ਠੰਢੇ ਪਾਣੀ ਵਿਚ ਰੱਖੀਏ ਤਾਂ ਪੰਜ ਛੇ ਦਿਨਾਂ ਵਿਚ ਕੁਝ ਖਸਤਾ ਹੋਵੇਗੀ। ਜੇ ਗਰਮ ਪਾਣੀ ਵਿਚ ਰੱਖੀਏ ਤਾਂ ਦੋ ਦਿਨ ਲੱਗਣਗੇ। ਜੇ ਹਾਰੇ ਵਿਚ ਉਬਲਦੇ ਪਾਣੀ ਵਿਚ ਰੱਖੀਏ ਤਾਂ ਦਸ ਘੰਟੇ। ਜਿਉਂ-ਜਿਉਂ ਪਾਣੀ ਬਹੁਤਾ ਗਰਮ ਹੁੰਦਾ ਹੈ, ਸਮਾਂ ਘਟਦਾ ਜਾਂਦਾ ਹੈ। ਪ੍ਰੈਸ਼ਰ ਕੁੱਕਰ ਦੇ ਉਪਰ ਛੋਟਾ ਜਿਹਾ ਵੇਟ ਕੁੱਕਰ ਵਿਚਲੇ ਪਾਣੀ ਨੂੰ ਹੋਰ ਵੀ ਜ਼ਿਆਦਾ ਗਰਮ ਕਰ ਕੇ ਉਬਲਣ ਦਿੰਦਾ ਹੈ। ਇਸ ਵਿਚਲਾ ਪਾਣੀ ਹਾਰੇ ਵਾਲੇ ਕੁੱਜੇ ਦੇ ਪਾਣੀ ਨਾਲੋਂ ਬਹੁਤ ਗਰਮ ਹੁੰਦਾ ਹੈ। ਇਸ ਲਈ ਦਾਲ ਜਲਦੀ ਖਸਤਾ ਹੋ ਜਾਂਦੀ ਹੈ।" ਮਾਤਾ ਜੀ ਦੇ ਗੱਲ ਸਮਝ ਆ ਗਈ। ਬਹੁਤ ਖੁਸ਼ ਹੋਏ।

ਬਹੁਤ ਥੋੜ੍ਹੇ ਵਿਅਕਤੀਆਂ ਨੂੰ ਪਤਾ ਹੈ ਕਿ ਕਰੰਸੀ ਨੋਟ ਕਿਸ ਹਿਸਾਬ ਨਾਲ ਛਪਦੇ ਹਨ। ਘਾਟੇ ਵਾਲੇ ਬੱਜਟ ਨਾਲ ਵੀ ਕਰਮਚਾਰੀਆਂ ਨੂੰ ਵੇਤਨ ਕਿਵੇਂ ਮਿਲ ਜਾਂਦਾ ਹੈ। ਐਸੀ ਕੀ ਗੱਲ ਹੈ ਕਿ ਹਰ ਸਾਲ ਸਰਕਾਰ ਬੱਜਟ ਦੀਆਂ ਸਿਫਤਾਂ ਦੇ ਪੁਲ ਬੰਨ੍ਹਦੀ ਹੈ ਅਤੇ ਮੁਖਾਲਿਫ ਪਾਰਟੀਆਂ ਉਸ ਨੂੰ ਰੱਦੀ ਦੀ ਟੋਕਰੀ ਵਿਚ ਸੁੱਟਣਾ ਬਿਹਤਰ ਸਮਝਦੀਆਂ ਹਨ। ਆਖਰ ਹਕੀਕਤ ਕੀ ਹੈ? ਆਮ ਆਦਮੀ ਦੀ ਜ਼ਿੰਦਗੀ ਵਿਚ ਇਹ ਭੁਲੇਖੇ ਘਟੀਆ ਕਿਸਮ ਦੇ ਸਿਆਸਦਾਨਾਂ ਲਈ ਮਨਭਾਉਂਦੀ ਖੇਡ ਹੈ। ਭੋਲੇ-ਭਾਲੇ ਲੋਕਾਂ ਦੇ ਭੁਲੇਖਿਆਂ ਦਾ ਅੰਦਾਜ਼ਾ ਛੋਟੀ ਜਿਹੀ ਘਟਨਾ ਤੋਂ ਲਾਇਆ ਜਾ ਸਕਦਾ ਹੈ। ਬਹੁਤ ਸਾਲ ਪਹਿਲਾਂ ਸਕੂਲ ਵਿਚ ਪੜ੍ਹਦਿਆਂ ਮੇਰੇ ਪੁੱਤਰ ਦਾ ਇਕ ਹਮਜਮਾਤੀ ਪੰਜਾਬ ਦੇ ਵਿਤ ਮੰਤਰੀ ਦਾ ਪੁੱਤਰ ਸੀ। ਇਕ ਦਿਨ ਉਹ ਕਹਿਣ ਲੱਗਾ ਕਿ ਕੁਝ ਦਿਨ ਪਹਿਲਾਂ ਉਸ ਦੇ ਡੈਡੀ ਨੂੰ ਉਸ ਦੇ ਹਲਕੇ ਦੇ ਲੋਕ ਮਿਲਣ ਆਏ। ਉਹ ਪੁੱਛਦੇ ਸਨ ਕਿ ਸਰਦਾਰ ਜੀ! ਹੁਣ ਤਾਂ ਪੰਜਾਬ ਦਾ ਖਜ਼ਾਨਾ ਤੁਹਾਡੇ ਘਰ ਹੀ ਹੋਵੇਗਾ, ਬਹੁਤ ਬੋਰੀਆਂ ਵਿਚ ਕਰੰਸੀ ਨੋਟ ਤੁਹਾਡੇ ਕਮਰਿਆਂ ਵਿਚ ਪਏ ਹੋਣਗੇ!

ਅੱਧੀ ਨਾਲੋਂ ਜ਼ਿਆਦਾ ਆਬਾਦੀ ਨੂੰ ਪਤਾ ਨਹੀਂ ਕਿ ਆਮਦਨ ਕਰ (ਇਨਕਮ ਟੈਕਸ) ਅਤੇ ਵਿਕਰੀ ਕਰ (ਸੇਲ ਟੈਕਸ) ਕਿੱਧਰ ਜਾਂਦਾ ਹੈ?

ਅਣਭੋਲ ਲੋਕਾਂ ਨੂੰ ਪੂਰੀ ਜਾਣਕਾਰੀ ਨਹੀਂ ਕਿ ਰਿਆਸਤਾਂ, ਜਗੀਰਦਾਰੀਆਂ ਅਤੇ ਜ਼ੈਲਦਾਰੀਆਂ ਕਿਸ ਤਰ੍ਹਾਂ ਹੋਂਦ ਵਿਚ ਆਈਆਂ! ਹਰ ਸਿਆਸੀ ਪਾਰਟੀ ਆਪੋ-ਆਪਣੀ ਲੋੜ ਅਨੁਸਾਰ ਜਨਤਾ ਨੂੰ ਅਸਲੀਅਤ ਤੋਂ ਵਾਂਝੇ ਰੱਖਦੀ ਹੈ! ਰਾਜਿਆਂ ਨੂੰ ਤਾਂ ਕੀ, ਸਭ ਤੋਂ ਬਾਅਦ ਬਣਨ ਵਾਲੇ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਲੁਟੇਰਾ ਕਹਿਣਾ ਮੁਨਾਸਿਬ ਸਮਝਦੀ ਹੈ। ਹਕੀਕਤ ਤਾਂ ਇਹ ਹੈ, ਜਿਹੜਾ ਭੁਲੇਖਾ ਨਹੀਂ ਕਿ ਲਾਹੌਰ ਦੇ ਕਿਲ੍ਹੇ ਅੰਦਰ ਵਸਦੇ ਦੁਕਾਨਦਾਰ ਅਤੇ ਸ਼ਰੀਫ ਲੋਕ ਕਰਿੰਦਿਆਂ ਦੀ ਲੁੱਟ ਤੋਂ ਤੰਗ ਆ ਗਏ ਸਨ। ਉਹ ਬੇਨਤੀ ਕਰ ਕੇ ਰਣਜੀਤ ਸਿੰਘ ਨੂੰ ਕਿਲ੍ਹੇ ਦੀਆਂ ਕਮਜ਼ੋਰ ਮੋਰੀਆਂ ਦੀ ਸੂਹ ਦੇ ਕੇ ਆਏ ਸਨ ਤਾਂ ਕਿ ਆਸਾਨੀ ਨਾਲ ਹੀ ਰਣਜੀਤ ਸਿੰਘ ਕਿਲ੍ਹਾ ਫਤਹਿ ਕਰ ਲਵੇ।

ਅੱਜ ਕੱਲ੍ਹ ਕਰੋਨਾ ਵਾਇਰਸ ਦੀ ਭਿਆਨਕ ਮੌਜੂਦਗੀ ਨੇ ਜਿਥੇ ਦੁਨੀਆਂ ਵਿਚ ਹਾਹਾਕਾਰ ਮਚਾ ਦਿੱਤੀ ਹੈ, ਉਥੇ ਇਸ ਨੇ ਕਈ ਭੁਲੇਖਿਆਂ ਨੂੰ ਫਤਹਿ ਬੁਲਾ ਦਿੱਤੀ ਹੈ। ਪੁਰਾਣੇ ਸਮੇਂ ਤੋਂ ਹੀ ਲੱਗਭਗ ਹਰ ਆਦਮੀ ਦਾ ਇਹ ਖਿਆਲ ਰਿਹਾ ਹੈ ਕਿ ਅੰਤ ਸਮੇਂ ਉਸ ਦੇ ਹੀ ਬੱਚੇ ਜਾਂ ਨਜ਼ਦੀਕੀ ਰਿਸ਼ਤੇਦਾਰ ਉਸ ਨੂੰ ਅਗਨ ਭੇਟ ਕਰਨ। ਉਹੀ ਉਸ ਦੀ ਅਰਥੀ ਨੂੰ ਮੋਢਾ ਲਾਉਣ। ਲੁਧਿਆਣੇ ਤੋਂ ਕਰੋਨਾ ਵਾਇਰਸ ਨਾਲ ਮਰਨ ਵਾਲੀ ਬੀਬੀ ਦੇ ਅੰਤਮ ਸਮੇਂ ਰਿਸ਼ਤੇਦਾਰਾਂ ਦਾ ਕਾਰ ਵਿਚ ਹੀ ਦੂਰ ਬੈਠੇ ਰਹਿਣਾ ਅਤੇ ਅੰਮ੍ਰਿਤਸਰ ਦੇ ਇਕ ਇੰਜੀਨੀਅਰ ਦੇ ਉਸ ਦੀ ਡਾਕਟਰ ਬੇਟੀ ਦਾ ਵੀ ਨੇੜੇ ਨਾ ਆਉਣਾ ਭੁਲੇਖਾ ਦੂਰ ਕਰ ਗਿਆ। ਬਹੁਤ ਸਾਰੀਆਂ ਸੰਸਥਾਵਾਂ ਨੇ ਅਜਿਹੇ ਮਸਲਿਆਂ ਵਿਚ ਸੇਵਾ ਕਰਨ ਨੇ ਦੁਨੀਆਂ ਨੂੰ ਯਕੀਨ ਕਰਵਾ ਦਿੱਤਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਡਰਨ ਦੀ ਲੋੜ ਨਹੀਂ, ਭੁਲੇਖਿਆਂ ਵਿਚ ਨਾ ਰਹਿਣ ਅਤੇ ਆਪਣਿਆਂ ਦੀ ਆਸ ਰੱਖਣ ਵਿਚ ਵਕਤ ਬਰਬਾਦ ਨਾ ਕਰਨ।

ਇਕ ਹੋਰ ਭੁਲੇਖੇ ਨੂੰ ਲਿਖਣ ਲਈ ਕਲਮ ਥੱਕਦੀ ਨਹੀਂ! ਦੇਖਦਾ ਹਾਂ ਕਿ ਅਮੀਰ ਅਤੇ ਕਾਰਖਾਨਿਆਂ ਦੇ ਮਾਲਕ ਗਰੀਬਾਂ ਦਾ ਸ਼ੋਸ਼ਣ ਕਰਦੇ ਹਨ। ਇਹ ਬਿਲਕੁਲ ਠੀਕ ਹੈ ਪਰ ਭੁਲੇਖੇ ਵਿਚ ਨਾ ਰਹੋ, ਜਦੋਂ ਮੌਕਾ ਮਿਲੇ, ਘੱਟ ਕੋਈ ਵੀ ਨਹੀਂ। ਖਰਾਬ ਮੌਸਮ ਵਿਚ ਕਿਸੇ ਰਿਕਸ਼ਾ ਚਾਲਕ ਤੋਂ ਰੇਟ ਪੁੱਛੋ। ਆਟੋ ਰਿਕਸ਼ਾ ਵਾਲੇ ਅਤੇ ਟੈਕਸੀ ਚਾਲਕ ਅਬਲਾ ਔਰਤਾਂ ਨਾਲ ਕਿਸ ਤਰ੍ਹਾਂ ਦੀ ਬਦਤਮੀਜ਼ੀ ਕਰਦੇ ਹਨ। ਪੰਜਾਬ ਵਿਚ ਝੋਨੇ ਦੀ ਕਾਸ਼ਤ ਲਈ ਗਰੀਬ ਮਜ਼ਦੂਰ ਉਨ੍ਹਾਂ ਜਿਹੇ ਹੀ ਕਰਜ਼ਾਈ ਕਿਸਾਨਾਂ ਤੋਂ ਦੁੱਗਣੇ ਰੇਟ ਮੰਗ ਰਹੇ ਹਨ।

ਭੁਲੇਖਿਆਂ ਤੋਂ ਕੁਝ ਹੱਦ ਤੱਕ ਮੁਕਤ ਕਰਨ ਲਈ ਇਕ ਕੋਸ਼ਿਸ਼ ਸਹਾਈ ਹੋ ਸਕਦੀ ਹੈ। ਕੁਝ ਦੇਰ ਪਹਿਲਾਂ ਖਬਰ ਪੜ੍ਹੀ ਕਿ ਪੰਜਾਬ ਸਕੂਲ ਬੋਰਡ ਨੇ ਨਵਾਂ ਵਿਸ਼ਾ (ਸਵਾਗਤ ਜ਼ਿੰਦਗੀ) ਜ਼ਰੂਰੀ ਕਰ ਦਿੱਤਾ ਹੈ। ਮੈਨੂੰ ਇਸ ਦੇ ਸਿਲੇਬਸ ਦਾ ਪੂਰਾ ਪਤਾ ਨਹੀਂ ਪਰ ਮੇਰੀ ਬੇਨਤੀ ਹੈ ਕਿ ਨੌਵੀਂ, ਦਸਵੀਂ, ਗਿਆਰਵੀਂ ਅਤੇ ਬਾਰਵੀਂ ਜਮਾਤ ਵਿਚ ਇਸ ਜ਼ਰੂਰੀ ਵਿਸ਼ੇ ਦਾ ਸਿਲੇਬਸ ਭੁਲੇਖਿਆਂ ਨੂੰ ਦੂਰ ਕਰਨ ਦਾ ਭਾਗੀ ਬਣੇ। ਸਾਡੇ ਕੋਲ ਬਹੁਤ ਵਿਦਵਾਨ ਹਨ ਜਿਨ੍ਹਾਂ ਦੀ ਆਪਣੇ ਵਿਸ਼ੇ 'ਤੇ ਮਜ਼ਬੂਤ ਪਕੜ ਹੈ। ਇਹ ਨੌਵੀਂ, ਦਸਵੀਂ ਦੇ ਵਿਦਿਆਰਥੀਆਂ ਨੂੰ ਸਿੱਧੇ-ਸਾਦੇ ਭੁਲੇਖਿਆਂ ਤੋਂ ਦੂਰ ਕਰ ਸਕਦੇ ਹਨ ਅਤੇ ਗਿਆਰਵੀਂ, ਬਾਰਵੀਂ ਦੇ ਬੱਚਿਆਂ ਲਈ ਬਜਟ ਟੈਕਸ ਆਦਿ ਬਾਬਤ ਬਹੁਤ ਸੁਚੱਜੇ ਢੰਗ ਨਾਲ ਰੋਸ਼ਨੀ ਪਾ ਸਕਦੇ ਹਨ।

ਹਰ ਸੈਕੰਡਰੀ ਪਾਸ ਬੱਚਾ ਘਰ ਦੇ ਬਾਕੀ ਜੀਆਂ ਨੂੰ ਕੁਝ ਹੱਦ ਤੱਕ ਭੁਲੇਖਿਆਂ ਤੋਂ ਦੂਰ ਕਰ ਸਕਦਾ ਹੈ। ਹਰ ਘਰ ਨੂੰ ਜਾਗਰੂਕ ਕਰਨ ਵਿਚ ਪੰਜਾਬੀ ਮੋਢੀ ਸੂਬਾ ਬਣ ਸਕਦਾ ਹੈ। ਹੌਲੀ-ਹੌਲੀ ਇਹ ਕੋਸ਼ਿਸ਼ ਬਾਕੀ ਭਾਰਤ ਵਿਚ ਵੀ ਕੀਤੀ ਜਾ ਸਕਦੀ ਹੈ। ਇਸ ਦੇ ਫਲਸਰੂਪ ਸਾਰਾ ਭਾਰਤ ਕਾਫੀ ਹੱਦ ਤੱਕ ਜਾਗਰੂਕ ਹੋ ਜਾਵੇਗਾ। ਕਿਹਾ ਜਾਂਦਾ ਹੈ ਕਿ ਅਜੇ ਤੱਕ ਸਭ ਕਿਸਮ ਦੀਆਂ ਸਰਕਾਰਾਂ ਵਿਚੋਂ ਲੋਕਤੰਤਰ ਹੀ ਚੰਗੀ ਸਰਕਾਰ ਹੈ ਪਰ ਇਹ ਜਾਗਰੂਕ ਪਰਜਾ ਲਈ ਹੀ ਮਹੱਤਵਪੂਰਨ ਹੈ। ਸੁਣਿਆ ਹੈ, ਇੰਗਲਸਤਾਨ ਹੀ ਇਸ ਦੀ ਵਰਤੋਂ ਬਹੁਤ ਚੰਗੀ ਤਰ੍ਹਾਂ ਕਰ ਰਿਹਾ ਹੈ, ਕਿਉਂਕਿ ਉਥੋਂ ਦੇ ਲੋਕ ਬਹੁਤ ਜਾਗਰੂਕ ਹਨ। ਆਓ, ਭਾਰਤ ਨੂੰ ਵੀ ਚੰਗੇ ਭਵਿੱਖ ਦਾ ਦਲਾਸਾ ਦੇਈਏ!

ਬਹੁਤ ਸਾਲਾਂ ਤੋਂ ਅਗਾਂਹਵਧੂ ਸਾਹਿਤ ਦਾ ਆਨੰਦ ਮਾਣ ਰਿਹਾ ਹਾਂ। ਸ਼ਾਇਦ ਮੈਨੂੰ ਭੁਲੇਖਾ ਹੀ ਹੈ, ਫਿਰ ਵੀ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਇਹ ਸਾਹਿਤ ਲੋੜੀਂਦੇ ਮਨਸੂਬਿਆਂ ਵਿਚ ਪੂਰਨ ਕਾਮਯਾਬ ਨਹੀਂ ਹੋਇਆ। ਇਸ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਕਾਰਲ ਮਾਰਕਸ, ਡਾਰਵਿਨ, ਆਈਨਸਟਾਈਨ ਅਤੇ ਡਾਕਟਰ ਫਰਾਇਡ ਬਹੁਤ ਸਹਾਈ ਹੋਏ। ਹੋ ਸਕਦਾ ਹੈ, ਇਸ ਸਾਹਿਤ ਦੇ ਰਚੇਤਾ ਇਨ੍ਹਾਂ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕੇ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਕੁਝ ਲੇਖਕ ਜਿਨ੍ਹਾਂ ਨੇ ਥੈਲੀਆਂ ਵਿਚ ਆਟਾ ਅਤੇ ਵੇਸਣ ਦੇਖਿਆ ਹੈ, ਉਨ੍ਹਾਂ ਨੂੰ ਪਤਾ ਨਹੀਂ ਕਿ ਕਣਕ ਦਰਖਤਾਂ ਉਪਰ ਲਗਦੀ ਹੈ ਜਾਂ ਜ਼ਮੀਨ ਵਿਚ ਉਗਦੀ ਹੈ, ਉਹ ਵੀ ਪੈਲੀਆਂ ਅਤੇ ਪਿੰਡਾਂ ਦੇ ਜੀਵਨ ਦੀਆਂ ਬਾਤਾਂ ਪਾਉਣ ਲੱਗ ਪਏ। ਇਹ ਸਭ ਕੁਝ ਹਕੀਕਤ ਤੋਂ ਕੋਹਾਂ ਦੂਰ ਹੈ। ਨਤੀਜਾ ਕੀ ਨਿਕਲਿਆ! ਸਾਹਿਤ ਅਧੂਰਾ ਰਹਿ ਗਿਆ। ਇਸ ਸਾਹਿਤ ਨੇ ਲੋਕਾਂ ਨੂੰ ਗੂੜ੍ਹੀ ਨੀਂਦ ਵਿਚੋਂ ਜਗਾ ਦਿੱਤਾ ਪਰ ਕੁਝ ਲੋਕ ਕੱਚੀ ਨੀਂਦ ਉਠ ਖਲੋਤੇ, ਕੁਝ ਅੱਖਾਂ ਮਲਦੇ ਫਿਰ ਸੌਂ ਗਏ ਅਤੇ ਕੁਝ ਉਠ ਤਾਂ ਖੜ੍ਹੇ ਲੇਕਿਨ ਕਿਸ ਦਿਸ਼ਾ ਵਿਚ ਅੱਗੇ ਜਾਣ, ਸਾਹਿਤ ਖਾਮੋਸ਼ ਰਿਹਾ।

ਇਨ੍ਹਾਂ ਪ੍ਰਗਤੀਸ਼ੀਲ ਵਿਚਾਰਾਂ ਅਧੀਨ ਜਨਤਾ ਆਪਣੇ ਹੱਕਾਂ ਲਈ ਤਾਂ ਜੂਝ ਉਠੀ ਪਰ ਆਪਣੇ ਫਰਜ਼ਾਂ ਬਾਬਤ ਅਵੇਸਲੀ ਹੋ ਗਈ। ਇਹ ਨਾਅਰੇ ਤਾਂ ਹਰ ਇਕ ਦੀ ਜ਼ੁਬਾਨ 'ਤੇ ਹਨ, ਸਾਡੀਆਂ ਮੰਗਾਂ ਪੂਰੀਆਂ ਕਰੋ। ਮੈਂ ਕਦੀ ਨਹੀਂ ਸੁਣਿਆ ਕਿ ਮੰਗਾਂ ਪੂਰੀਆਂ ਹੋਣ ਪਿੱਛੋਂ ਅਸੀਂ ਰਿਸ਼ਵਤ ਨਹੀਂ ਲਵਾਂਗੇ, ਇਮਾਨਦਾਰੀ ਨਾਲ ਕੰਮ ਕਰਾਂਗੇ, ਵਗੈਰਾ ਵਗੈਰਾ!

ਚੌਥੇ ਦਰਜੇ ਦੇ ਕਰਮਚਾਰੀ ਆਪਣੀਆਂ ਮੰਗਾਂ ਨਾਲ ਇਕ ਹੋਰ ਗੱਲ ਬਹੁਤ ਸ਼ਿਦਤ ਨਾਲ ਕਹਿੰਦੇ ਹਨ, "ਵਗਾਰ ਕਰਾਉਣਾ ਬੰਦ ਕਰੋ।" ਕੋਈ ਨਹੀਂ ਕਹਿੰਦਾ, "ਅਸੀਂ ਹਰ ਰੋਜ਼ ਵਕਤ ਸਿਰ ਪਹੁੰਚਾਂਗੇ, ਅਫਸਰਾਂ ਨੂੰ ਮਿਲਣ ਵਾਲਿਆਂ ਤੋਂ ਰਿਸ਼ਵਤ ਨਹੀਂ ਲਵਾਂਗੇ।" ਮੈਨੂੰ ਜ਼ਾਤੀ ਤਜਰਬਾ ਹੈ ਕਿ ਜੇ ਦਫਤਰ ਵਿਚ ਟੇਬਲ ਸਾਫ ਨਾ ਹੋਵੇ ਤਾਂ ਚਪੜਾਸੀ ਕਹਿੰਦਾ ਹੈ, "ਜੀ ਇਹ ਤਾਂ ਸਫਾਈ ਕਰਮਚਾਰੀ ਦੀ ਡਿਊਟੀ ਹੈ।" ਜੇ ਛੱਤ ਉਪਰ ਜਾਲੇ ਲੱਗੇ ਹੋਣ ਤਾਂ ਸਵੀਪਰ ਕਹਿੰਦਾ ਹੈ, "ਮੇਰਾ ਕੰਮ ਤਾਂ ਜੀ ਫਰਸ਼ ਸਾਫ ਕਰਨਾ ਹੈ।"

ਮੰਨ ਲਵੋ ਕਿ ਇਸ ਵਾਤਾਵਰਨ ਦਾ ਇਕੱਲਾ ਪ੍ਰਗਤੀਸ਼ੀਲ ਸਾਹਿਤ ਹੀ ਜ਼ਿੰਮੇਵਾਰ ਨਹੀਂ, ਇਸ ਲਈ ਦੂਜੇ ਮਹਿਕਮਿਆਂ ਦੀ ਕਥਾ ਨਾ ਛੇੜੀਏ ਕਿਉਂਕਿ ਸਾਹਿਤ ਦਾ ਗਹਿਰਾ ਸਬੰਧ ਵਿਦਿਆ ਨਾਲ ਹੈ। ਵੱਧ ਤੋਂ ਵੱਧ ਲੋਕਾਂ ਦੇ ਵਿਦਿਆ ਪ੍ਰਾਪਤ ਕਰਨ ਲਈ ਬਹੁਤ ਸੰਸਥਾਵਾਂ ਹੋਂਦ ਵਿਚ ਆ ਗਈਆਂ। ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਹ ਵਿਸਥਾਰ ਵਿਦਿਆ ਦੇ ਮਿਆਰ ਨੂੰ ਬਹੁਤ ਨੀਵਾਂ ਕਰ ਗਿਆ ਹੈ। ਸਰਕਾਰਾਂ ਕਰਜ਼ਾਈ ਹਨ ਅਤੇ ਕਰਿਆਨੇ ਦੀਆਂ ਵਸਤਾਂ, ਦਵਾਈਆਂ ਅਤੇ ਮਿਠਾਈਆਂ ਵੇਚਣ ਵਾਲੇ ਅੰਨ੍ਹੀ ਕਮਾਈ ਨਾਲ ਯੂਨੀਵਰਸਟੀਆਂ, ਮੈਡੀਕਲ ਕਾਲਜਾਂ ਅਤੇ ਹੋਰ ਵੱਡੇ ਵਿਦਿਅਕ ਅਦਾਰਿਆਂ ਦੇ ਮਾਲਕ ਬਣ ਬੈਠੇ। ਉਹ ਵਿਚਾਰੇ ਕੀ ਜਾਨਣ, ਵਿਦਿਆ ਦੀਆਂ ਵਿਸ਼ੇਸ਼ਤਾਈਆਂ! ਸਭ ਕੁਝ ਸਾਡੇ ਸਾਹਮਣੇ ਹੈ।

ਸਿਨੇਮਾ ਵੀ ਵਿਦਿਆ ਦਾ ਇਕ ਸਾਧਨ ਹੈ। ਥੋੜ੍ਹੀਆਂ ਹੀ ਫਿਲਮਾਂ ਅਗਾਂਹਵਧੂ ਵਿਚਾਰਧਾਰਾ ਅਧੀਨ ਬਣੀਆਂ ਪਰ ਬਲਰਾਜ ਸਾਹਨੀ ਜਿਹੇ ਕਲਾਕਾਰ ਨੂੰ ਇਨ੍ਹਾਂ ਪਿੱਛੋਂ ਘਰ ਬੈਠਣਾ ਪਿਆ। ਫਿਰ ਰੋਟੀ-ਰੋਜ਼ੀ ਲਈ ਕਮਰਸ਼ੀਅਲ ਫਿਲਮਾਂ ਦਾ ਹੀ ਸਹਾਰਾ ਲੈਣਾ ਪਿਆ। ਜੋ ਕੁਝ ਅੱਜ ਦੇਖ ਰਹੇ ਹਾਂ, ਕੁਝ ਹੀ ਪਰਿਵਾਰਾਂ ਦਾ ਇਸ ਇੰਡਸਟਰੀ 'ਤੇ ਕਬਜ਼ਾ ਹੈ। ਉਨ੍ਹਾਂ ਦੇ ਹੀ ਪੁੱਤ ਪੋਤੇ, ਪੜੋਤੇ, ਦੋਹਤੇ, ਦੋਹਤੀਆਂ ਨਾਇਕ ਤੇ ਨਾਇਕਾਵਾਂ ਹਨ। ਕੀ ਇਹ ਕੁਨਬਾਪ੍ਰਸਤੀ ਨਹੀਂ। ਚੰਗੇ-ਚੰਗੇ ਕਲਾਕਾਰ ਮਾਯੂਸੀ ਅਤੇ ਨਾਉਮੀਦੀ ਅਧੀਨ ਜੀਵਨ ਲੀਲ੍ਹਾ ਸਮਾਪਤ ਕਰ ਰਹੇ ਹਨ। ਜੇ ਸਿਨਮੇ ਨੂੰ ਵਿਦਿਆ ਦਾ ਅਹਿਮ ਅੰਗ ਸਮਝੀਏ ਤਾਂ ਤਰੱਕੀ ਪਸੰਦ ਸਾਹਿਤ ਤੋਂ ਸਿਨਮੇ ਨੇ ਕੀ ਸਿੱਖਿਆ? ਲੇਖ ਦੀ ਸੰਖੇਪਤਾ ਨੂੰ ਧਿਆਨ ਵਿਚ ਰੱਖਦਿਆਂ ਹੋਰ ਕੁਝ ਨਾ ਕਹੀਏ ਅਤੇ ਆਂਢ-ਗੁਆਂਢ ਦੇ ਮੁਲਕਾਂ ਉਪਰ ਪ੍ਰਗਤੀਸ਼ੀਲ ਲਹਿਰ ਦਾ ਅਸਰ ਦੇਖੀਏ।

ਪਾਕਿਸਤਾਨ ਵਿਚ ਫੈਜ਼ ਅਹਿਮਦ ਫੈਜ਼ ਦੀ ਕਵਿਤਾ 'ਹਮ ਦੇਖੇਂਗੇ' ਇਕਬਾਲ ਬਾਨੋ ਨੇ ਗਾ ਕੇ ਸਾਰਾ ਪਾਕਿਸਤਾਨ ਝੂਮਣ ਲਾ ਦਿੱਤਾ। ਨਤੀਜਾ ਕੀ ਨਿਕਲਿਆ? ਨਾ ਤਖਤ ਹਿੱਲੇ, ਨਾ ਧਰਤੀ ਥਰਥਰਾਈ ਅਤੇ ਨਾ ਕੁਝ ਰੂਈ ਦੀ ਤਰ੍ਹਾਂ ਉਡਿਆ। ਪਰਨਾਲਾ ਥਾਂ ਦੀ ਥਾਂ ਕਾਇਮ ਹੈ। 2018 ਵਿਚ ਮੈਨੂੰ ਦਸ ਦਿਨ ਲਈ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ। ਮਹਿਮਾਨ ਨਵਾਜੀ ਦੇ ਕਿਆ ਕਹਿਣੇ! ਪਰ ਚੰਗੇ ਹੋਟਲਾਂ ਵਿਚ ਵੀ ਬਹਿਰਿਆਂ ਦੀ ਗਰੀਬੀ 'ਤੇ ਤਰਸ ਆਉਂਦਾ ਹੈ। ਪਾਕਿਸਤਾਨ ਦੇ 165 ਰੁਪਏ ਤੋਂ ਵੀ ਉਪਰ ਇਕ ਅਮਰੀਕੀ ਡਾਲਰ ਬਰਾਬਰ ਹਨ।

ਪ੍ਰਗਤੀਸ਼ੀਲ ਕਮਿਊਨਿਸਟ ਲਹਿਰ ਦਾ ਚਮਕਦਾ ਹੀਰਾ ਮਾਓ ਜ਼ੇ ਤੁੰਗ ਚੀਨ ਵਿਚ ਕਿਹੋ ਜਿਹੇ ਬੰਦਿਆਂ ਨੂੰ ਵਾਰਿਸ ਬਣਾ ਗਿਆ। ਸਰਹੱਦਾਂ ਦੇ ਸਾਰੇ ਇਲਾਕਿਆਂ ਨੂੰ ਹੜੱਪ ਕਰਨ 'ਤੇ ਤੁਲਿਆ ਹੋਇਆ ਹੈ ਇਹ ਦੇਸ਼! ਰੂਸ ਵਿਚ ਲੈਨਿਨ ਆਪਣੀ ਕਬਰ ਵਿਚ ਬਹੁਤ ਬੇਆਰਾਮ ਹੋ ਰਿਹਾ ਹੋਵੇਗਾ ਜਦੋਂ ਸਟਾਲਿਨ ਦਾ ਇਹ ਸੁਣਦਾ ਹੋਵੇਗਾ ਕਿ ਪੰਜ ਬੰਦਿਆਂ ਦਾ ਮਰ ਜਾਣਾ ਦੁਖਾਂਤ ਹੈ ਅਤੇ ਪੰਜ ਹਜ਼ਾਰ ਦਾ ਮਰਨਾ ਕੇਵਲ ਇੱਕ ਅੰਕੜਾ! ਇਸ ਬੇਰਹਿਮ ਦੁਨੀਆਂ ਵਿਚ ਕਈ ਡਿਕਟੇਟਰਾਂ ਨੇ ਇਸ ਸਿਧਾਂਤ ਦਾ ਪ੍ਰਯੋਗ ਕੀਤਾ ਹੈ। ਰੂਸ ਦੇ ਟੁਕੜੇ ਦੇਖ ਕੇ ਉਸ ਕ੍ਰਾਂਤੀਕਾਰੀ ਦੀ ਰੂਹ ਤੜਫ ਰਹੀ ਹੋਵੇਗੀ।

ਰੂਸ ਵਿਚ ਅੱਜ ਕੱਲ੍ਹ ਵਲਾਦੀਮੀਰ ਪੂਤਿਨ ਦਾ ਬੋਲਬਾਲਾ ਹੈ। ਕਮਾਲ ਦਾ ਵਿਅਕਤੀ ਹੈ, ਅਗਲੀ ਚੋਣ ਵਿਚ ਕਾਮਯਾਬ ਹੋਣ ਪਿੱਛੋਂ 25 ਸਾਲ ਸੱਤਾ ਵਿਚ ਰਹਿਣ ਦੀ ਝੰਡੀ ਗੱਡ ਦੇਵੇਗਾ। ਪਿਛਲੀਆਂ ਹਰ ਚੋਣਾਂ ਵੇਲੇ ਜੇ ਪਹਿਲੀ ਪਦਵੀ ਚੋਣ ਦੀ ਆਗਿਆ ਨਹੀਂ ਦਿੰਦੀ ਤਾਂ ਪਦਵੀ ਬਦਲ ਲੈਂਦਾ ਹੈ ਪਰ ਤਾਕਤ ਆਪਣੇ ਹੱਥਾਂ ਵਿਚ ਹੀ ਰੱਖਦਾ ਹੈ। ਇਹ ਤਰੱਕੀਪਸੰਦ ਲਹਿਰ ਦਾ ਨਵਾਂ ਪੈਂਤੜਾ ਹੈ।

ਕਿਊਬਾ ਛੋਟਾ ਜਿਹਾ ਦੇਸ਼ ਹੈ। ਰੂਸ ਦਾ ਉਸ ਦੀ ਪਿੱਠ ਉਪਰ ਥਾਪੜਾ ਹੈ। ਕਈ ਗੱਲਾਂ ਵਿਚ ਇਹ ਦੇਸ਼ ਵਧਾਈ ਦਾ ਹੱਕਦਾਰ ਹੈ ਪਰ ਫੀਦਲ ਕਾਸਤਰੋ ਦਾ ਦੁਨੀਆਂ ਵਿਚ ਸਭ ਤੋਂ ਲੰਮਾ ਸਮਾਂ ਡਿਕਟੇਟਰ ਰਹਿਣਾ ਤਰੱਕੀਪਸੰਦ ਲਹਿਰ ਨੂੰ ਸੋਭਦਾ ਨਹੀਂ। ਅਗਾਂਹਵਧੂ ਦਲੀਲ ਇਸ ਦੀ ਹਾਮੀ ਨਹੀਂ ਭਰਦੀ।

ਇਹੋ ਜਿਹੇ ਹਾਲਾਤ ਦੇਖਦਿਆਂ ਇਸ ਵਿਚਾਰਧਾਰਾ ਦੇ ਪ੍ਰਸ਼ੰਸਕ ਵੀ ਇੱਕ ਦਿਲਚਸਪ

*(ਬਾਕੀ ਅਗਲੇ ਸਫੇ 'ਤੇ)*

# ਜੰਗਲਾਂ ਦੀ ਹੋਣੀ ਅਤੇ ਪੰਜਾਬ ਦਾ ਭੂਗੋਲਕ ਅਵਚੇਤਨ

1947 ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦਾ ਜੰਗਲ ਹੇਠਲਾ ਰਕਬਾ 24 ਪ੍ਰਤੀਸ਼ਤ ਦੇ ਨੇੜੇ ਸੀ। ਫਾਰੈਸਟ ਸਰਵੇ ਆਫ ਇੰਡੀਆ ਦੀ 2019 ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਇਹ ਰਕਬਾ ਘਟ ਕੇ ਸਿਰਫ 3.67 ਪ੍ਰਤੀਸ਼ਤ ਰਹਿ ਗਿਆ ਹੈ। ਇਸ ਦੇ ਮੁਕਾਬਲੇ ਸਮੁੱਚੇ ਭਾਰਤ ਦਾ ਜੰਗਲ ਹੇਠਲਾ ਰਕਬਾ 21.67 ਪ੍ਰਤੀਸ਼ਤ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਜੰਗਲ ਹੇਠਲਾ ਰਕਬਾ 60 ਪ੍ਰਤੀਸ਼ਤ ਤੋਂ ਉਤੇ ਹੈ। ਇਨ੍ਹਾਂ ਅੰਕੜਿਆਂ ਤੋਂ ਸਹਿਜੇ ਹੀ ਪਤਾ ਲੱਗਦਾ ਹੈ ਕਿ ਇਸ ਮਾਮਲੇ ਵਿਚ ਪੰਜਾਬ ਦੀ ਸਥਿਤੀ ਪਹਿਲਾਂ ਹੀ ਕਿੰਨੀ ਭਿਆਨਕ ਹੈ।

ਏਨੀ ਮਾੜੀ ਸਥਿਤੀ ਦੇ ਬਾਵਜੂਦ ਸਰਕਾਰਾਂ ਵੱਲੋਂ ਜੰਗਲਾਂ ਦੇ ਰੱਖ-ਰਖਾਅ ਲਈ ਗੰਭੀਰ ਨਾ ਹੋਣਾ ਅਜੋਕੇ ਪੰਜਾਬ ਦੀ ਸੱਭਿਆਚਾਰਕ ਅਤੇ ਰਾਜਨੀਤਕ ਦੁਰਦਸ਼ਾ ਦੀ ਦੱਸ ਪਾਉਂਦਾ ਹੈ। ਇਹ



**ਪ੍ਰਭਸ਼ਰਨਬੀਰ ਸਿੰਘ**
ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ

ਫੈਸਲਾ ਦੱਸਦਾ ਹੈ ਕਿ ਪੰਜਾਬ ਦਾ ਰਾਜਨੀਤਕ ਵਰਗ ਇਸ ਧਰਤੀ ਦਾ ਰਖਵਾਲਾ ਨਹੀਂ, ਸਗੋਂ ਇਸ ਨੂੰ ਉਜਾੜਨ ਵਾਲਾ ਹੈ। ਇਹ ਵੇਲਾ ਜਿੱਥੇ ਸਰਕਾਰ ਦੇ ਇਸ ਨਾਅਹਿਲ ਵਤੀਰੇ ਦੇ ਵਿਰੋਧ ਵਿਚ ਲਾਮਬੰਦੀ ਕਰਨ ਦਾ ਹੈ, ਉਥੇ ਹੀ ਜੰਗਲ ਦੀ ਹਸਤੀ ਬਾਰੇ ਅਤੇ ਇਸ ਦੀ ਸਾਡੇ ਸਮੂਹਕ ਜੀਵਨ ਵਿਚਲੀ ਥਾਂ ਬਾਰੇ ਪੁਨਰ-ਵਿਚਾਰ ਕਰਨ ਦਾ ਵੀ ਹੈ।

ਜੰਗਲ ਕਿਸੇ ਇਲਾਕੇ ਦੇ ਮਹਿਜ਼ ਕੁਦਰਤੀ ਸਰੋਤ ਹੀ ਨਹੀਂ ਹੁੰਦੇ, ਇਹ ਉਸ ਇਲਾਕੇ ਦੇ ਭੂਗੋਲਕ ਅਵਚੇਤਨ ਦੇ ਲਖਾਇਕ ਵੀ ਹੁੰਦੇ ਹਨ। ਪੰਜਾਬ ਦੇ ਲੋਕਾਂ ਦਾ ਇਸ ਧਰਤੀ ਨਾਲ ਇਕ ਅਪਣੱਤ ਭਰਿਆ ਰਿਸ਼ਤਾ ਹੈ। ਇੱਥੋਂ ਦੇ ਰੁੱਖਾਂ ਅਤੇ ਜੰਗਲਾਂ ਦਾ ਉਜਾੜਾ ਇਸ ਰਿਸ਼ਤੇ ਨੂੰ ਵੀ ਤਾਰ-ਤਾਰ ਕਰਦਾ ਹੈ।

ਜੰਗਲ ਬਹੁਤ ਸਾਰੇ ਦਰੱਖਤਾਂ ਦਾ ਸਮੂਹ ਹੀ ਨਹੀਂ ਹੁੰਦਾ, ਜੰਗਲ ਦੀ ਆਪਣੀ ਇਕ ਹਸਤੀ ਹੁੰਦੀ ਹੈ। ਜੰਗਲ ਵਿਚ ਜੀਵਨ ਆਪਣੀ ਬੇਪਰਵਾਹੀ ਵਿਚ ਮੌਲਦਾ ਹੈ। ਤਕਨਾਲੋਜੀ ਦੇ ਕਹਿਰ ਤੋਂ ਦੂਰ, ਜੰਗਲ ਜੀਵਨ ਦੇ ਖੇੜੇ ਲਈ ਅਜਿਹਾ ਮਾਹੌਲ ਪ੍ਰਦਾਨ ਕਰਦਾ ਹੈ, ਜਿੱਥੇ ਬਨਸਪਤੀ ਅਤੇ ਪਸ਼ੂ-ਪੰਛੀਆਂ ਦੀ ਸਮਾਜਕਤਾ ਇਕ ਸਹਿਜ ਰੂਪ ਗ੍ਰਹਿਣ ਕਰਦੀ ਹੈ।

ਜੰਗਲਾਂ ਨੂੰ ਸਿਰਫ ਕੁਦਰਤੀ ਸਰੋਤਾਂ ਵਜੋਂ ਵੇਖਣਾ ਇਕ ਬੱਜਰ ਗੁਨਾਹ ਹੈ। ਅਜਿਹਾ ਕਰਨਾ ਇਕ ਆਧੁਨਿਕ ਅਲਾਮਤ ਹੈ। ਸਾਡੀ ਪਰੰਪਰਾ ਵਿਚ ਅਜਿਹਾ ਕਦੇ ਵੀ ਨਹੀਂ ਸੀ ਕੀਤਾ ਗਿਆ। ਸਾਡੀ ਪਰੰਪਰਾ ਤਾਂ ਬਿਰਖਾਂ ਨੂੰ ਗਾਉਣ, ਮਾਨਣ ਅਤੇ ਉਨ੍ਹਾਂ ਦੇ ਸ਼ੁਕਰਗੁਜ਼ਾਰ ਹੋਣ ਦੀ ਪਰੰਪਰਾ ਹੈ। ਸਾਡਾ ਬਿਰਖਾਂ ਨਾਲ ਰਿਸ਼ਤਾ ਪਦਾਰਥਕ ਅਤੇ ਆਰਥਕ ਨਹੀਂ, ਰੂਹਾਨੀ ਹੈ। ਇਸੇ ਲਈ ਅਸੀਂ ਗਾਉਂਦੇ ਹਾਂ,

ਬਿਰਖਾਂ ਦੇ ਗੀਤ ਸੁਣ ਕੇ,
ਮੇਰੇ ਦਿਲ ਵਿਚ ਚਾਨਣ ਹੋਇਆ।

ਉਪਰੋਕਤ ਪੰਜਾਬੀ ਲੋਕ-ਗੀਤ ਸਾਨੂੰ ਦੱਸਦਾ ਹੈ ਕਿ ਬਿਰਖ ਪੰਜਾਬੀ ਲੋਕਾਂ ਦੇ ਅਧਿਆਤਮਕ ਰਹਿਬਰ ਵੀ ਹਨ। ਸਾਡੀ ਰਹਿਤਲ ਅੰਦਰਲਾ ਅਮੁਕ ਸਬਰ, ਜਿਸਨੂੰ ਕੁਲਵੰਤ ਸਿੰਘ ਵਿਰਕ ਨੇ ਆਪਣੀ ਕਹਾਣੀ 'ਧਰਤੀ ਹੇਠਲਾ ਬਲਦ' ਰਾਹੀਂ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਰੂਪਮਾਨ ਕੀਤਾ ਹੈ, 'ਰੁੱਖਾਂ ਦੀ ਜੀਰਾਂਦ' ਦਾ ਹੀ ਮਨੁੱਖੀ ਪ੍ਰਗਟਾਵਾ ਹੈ। ਬਿਰਖ ਸਾਨੂੰ ਜਿਉਣਾ ਸਿਖਾਉਂਦੇ ਹਨ। ਇਕ ਬਿਰਖ ਜਿਵੇਂ ਜੰਗਲ ਵਿਚ ਮੌਲ ਸਕਦਾ ਹੈ, ਉਵੇਂ ਅਲਹਿਦਗੀ ਵਿਚ ਨਹੀਂ ਜਿਉਂ ਸਕਦਾ। ਜੰਗਲ ਬਿਰਖਾਂ ਦੀ ਸਮਾਜਕਤਾ ਦਾ ਸਹਿਜ ਪ੍ਰਗਟਾਵਾ ਹੁੰਦਾ ਹੈ। ਇਹ ਗੱਲ ਕਿਤੇ ਨਾ ਕਿਤੇ ਸਾਡੇ ਪੁਰਖਿਆਂ ਨੂੰ ਅਚੇਤ ਹੀ ਪਤਾ ਸੀ, ਇਸੇ ਲਈ ਉਹ ਗਾਉਂਦੇ ਰਹੇ ਹਨ,

'ਕੱਲਾ ਰੁੱਖ ਨਾ ਰੋਹੀ ਦੇ ਵਿਚ ਹੋਵੇ,
ਤੇ 'ਕੱਲਾ ਨਾ ਹੋਵੇ ਪੁੱਤ ਜੱਟ ਦਾ।

ਜਰਮਨ ਜੰਗਲਵਾਨ ਪੀਟਰ ਵੋਹਲੇਬੇਨ ਆਪਣੀ ਜਗਤ-ਪ੍ਰਸਿੱਧ ਪੁਸਤਕ 'ਬਿਰਖਾਂ ਦਾ ਗੁਪਤ ਜੀਵਨ' ਵਿਚ ਸਾਨੂੰ ਦੱਸਦਾ ਹੈ ਕਿ ਰੋਹੀ-ਬੀਆਬਾਨ ਵਿਚ 'ਕੱਲਾ ਰੁੱਖ ਕਿਉਂ ਨਹੀਂ ਹੋਣਾ ਚਾਹੀਦਾ। ਉਸ ਦਾ ਕਹਿਣਾ ਹੈ ਕਿ ਜੰਗਲ ਇਕ ਜਿਉਂਦੀ-ਜਾਗਦੀ ਸ਼ੈਅ ਹੁੰਦਾ ਹੈ। ਜੰਗਲ ਵਿਚਲੇ ਬਿਰਖ ਇਕ ਦੂਜੇ ਨਾਲ ਦੋਸਤੀਆਂ ਵੀ ਪਾਉਂਦੇ ਹਨ, ਇਕ ਦੂਜੇ ਨੂੰ ਖਤਰਿਆਂ ਬਾਰੇ ਜਾਣੂੰ ਵੀ ਕਰਵਾਉਂਦੇ ਹਨ ਅਤੇ ਇਕ ਦੂਜੇ ਨੂੰ ਬਿਪਤਾ ਸਮੇਂ ਖੁਰਾਕ ਵੀ ਮੁਹੱਈਆ ਕਰਵਾਉਂਦੇ ਹਨ। ਵੋਹਲੇਬੇਨ ਅਨੁਸਾਰ ਦਰੱਖਤਾਂ ਦੀ ਵੀ ਇਕ ਬੋਲੀ ਹੁੰਦੀ ਹੈ, ਜੋ ਹਰ ਇਲਾਕੇ ਵਿਚ ਵੱਖਰੀ-ਵੱਖਰੀ ਹੋ ਸਕਦੀ ਹੈ। ਉਹ ਦੱਸਦਾ ਹੈ ਕਿ ਜੰਗਲਾਂ ਦੇ ਮਿਜ਼ਾਜ ਵੀ ਹੁੰਦੇ ਹਨ, ਜੋ ਸਮੇਂ ਅਨੁਸਾਰ ਬਦਲਦੇ ਰਹਿੰਦੇ ਹਨ। ਬਾਬਾ ਫਰੀਦ ਜੀ ਦਾ ਫੁਰਮਾਨ ਹੈ,

ਫਰੀਦਾ ਰੁਤਿ ਫਿਰੀ ਵਣੁ ਕੰਬਿਆ॥

ਭਾਵ ਇਹ ਕਿ ਵਣ ਨੂੰ ਵੀ ਰੁੱਤ ਬਦਲਣ ਦਾ ਸਾਡੇ ਜਿੰਨਾ ਹੀ, ਸ਼ਾਇਦ ਸਾਡੇ ਤੋਂ ਵੀ ਵਧੇਰੇ, ਅਹਿਸਾਸ ਹੁੰਦਾ ਹੈ। ਜੰਗਲ ਵੀ ਬਹੁਤ ਸ਼ਿੱਦਤ ਨਾਲ ਚੀਜ਼ਾਂ ਨੂੰ ਮਹਿਸੂਸ ਕਰਦੇ ਹਨ। ਵੋਹਲੇਬੇਨ ਦਾ ਕਹਿਣਾ ਹੈ ਕਿ ਜਦੋਂ ਜੰਗਲ ਕੱਟਣ ਵਾਲੀ ਭਾਰੀ ਮਸ਼ੀਨਰੀ ਨੂੰ ਜੰਗਲ ਵਿਚ ਲਿਜਾਇਆ ਜਾਂਦਾ ਹੈ ਤਾਂ ਇਸ ਦਾ ਉਨ੍ਹਾਂ ਰੁੱਖਾਂ ਉਤੇ ਵੀ ਨਾਂਹ-ਪੱਖੀ ਪ੍ਰਭਾਵ ਪੈਂਦਾ ਹੈ, ਜਿਨ੍ਹਾਂ ਨੂੰ ਕੱਟਿਆ ਨਹੀਂ ਜਾਂਦਾ। ਇਸੇ ਲਈ ਵੋਹਲੇਬੇਨ ਨੇ ਆਪਣੇ ਪਿੰਡ ਵਾਲਿਆਂ ਨੂੰ ਨੇੜਲੇ ਇਕ ਜੰਗਲ ਵਿਚ ਮਸ਼ੀਨਰੀ ਦੇ ਦਾਖਲੇ ਉਤੇ ਪਾਬੰਦੀ ਲਾਉਣ ਲਈ ਰਾਜ਼ੀ ਕਰ ਲਿਆ। ਜੰਗਲ ਵਿਚਲੇ ਰੁੱਖ ਅਲਹਿਦਗੀ ਵਿਚ ਨਹੀਂ ਜਿਉਂਦੇ, ਸਗੋਂ ਇਕ ਸੋਸ਼ਲ ਨੈੱਟਵਰਕ ਵਿਚ ਬੱਝੇ ਹੁੰਦੇ ਹਨ। ਜੰਗਲ ਵਿਚ ਮਨੁੱਖਾਂ ਵੱਲੋਂ ਪਾਇਆ ਜਾਣ ਵਾਲਾ ਖਲਲ ਸਮੁੱਚੇ ਚੌਗਿਰਦੇ ਨੂੰ ਪ੍ਰਭਾਵਿਤ ਕਰਦਾ ਹੈ।

ਵੋਹਲੇਬੇਨ ਦਾ ਆਖਣਾ ਹੈ ਕਿ ਜੰਗਲੀ ਦਰੱਖਤ ਇਕ ਦੂਜੇ ਨਾਲ ਸੁਗੰਧ ਅਤੇ ਜੜ੍ਹਾਂ ਦੇ

## ਮੱਤੇਵਾੜਾ ਜੰਗਲ ਦੇ ਸੰਦਰਭ ਵਿਚ

ਨੈੱਟਵਰਕ ਰਾਹੀਂ ਗੱਲਬਾਤ ਕਰਦੇ ਹਨ। ਅਫਰੀਕਾ ਦੇ ਅਕੇਸ਼ੀਆ ਨਾਂ ਦੇ ਰੁੱਖ ਦੇ ਪੱਤਿਆਂ ਨੂੰ ਜਦੋਂ ਕੋਈ ਜਿਰਾਫ ਖਾਣ ਲੱਗਦਾ ਹੈ ਤਾਂ ਉਹ ਰੁੱਖ ਆਪਣੇ ਆਲੇ-ਦੁਆਲੇ ਦੇ ਹੋਰ ਅਕੇਸ਼ੀਆ ਰੁੱਖਾਂ ਨੂੰ ਆਗਾਹ ਕਰਨ ਲਈ ਇਕ ਰਸਾਇਣ ਛੱਡਦਾ ਹੈ, ਜਿਸ ਦੀ ਗੰਧ ਤੋਂ ਬਾਕੀ ਰੁੱਖਾਂ ਨੂੰ ਖਤਰੇ ਦਾ ਅਹਿਸਾਸ ਹੋ ਜਾਂਦਾ ਹੈ। ਇਹ ਪਤਾ ਲੱਗਦਿਆਂ ਹੀ ਉਹ ਆਪਣੇ ਪੱਤਿਆਂ ਰਾਹੀਂ ਇਕ ਹੋਰ

ਵੋਹਲੇਬੇਨ ਇਕ ਖਾਸ ਗੱਲ ਇਹ ਵੀ ਦੱਸਦਾ ਹੈ ਕਿ ਕੁਦਰਤਨ ਉਗੇ ਜੰਗਲਾਂ ਵਿਚਲੇ ਰੁੱਖਾਂ ਵਿਚ ਇਕ ਦੂਜੇ ਨਾਲ ਸੰਪਰਕ ਬਣਾਉਣ ਦੀ ਤਾਕਤ ਯੋਜਨਾਬੱਧ ਤਰੀਕੇ ਨਾਲ ਉਗਾਏ ਜੰਗਲਾਂ ਵਿਚਲੇ ਰੁੱਖਾਂ ਨਾਲੋਂ ਵਧੇਰੇ ਹੁੰਦੀ ਹੈ। ਜੇ ਕਿਸੇ ਕੁਦਰਤੀ ਜੰਗਲ ਨੂੰ ਉਜਾੜ ਕੇ ਓਨੇ ਹੀ ਰਕਬੇ ਵਿਚ ਰੁੱਖ ਲਾ ਵੀ ਦਿੱਤੇ ਜਾਣ ਤਾਂ ਵੀ ਉਹ ਗੱਲ ਨਹੀਂ ਬਣਦੀ, ਜੋ ਕੁਦਰਤੀ ਜੰਗਲ ਵਿਚ ਹੁੰਦੀ ਹੈ।



ਅਕੇਸ਼ੀਆ ਨਾਂ ਦੇ ਰੁੱਖ ਅੱਗੇ ਖੜ੍ਹਾ ਜਿਰਾਫ

ਰਸਾਇਣ ਛੱਡਣ ਲੱਗਦੇ ਹਨ, ਜਿਸ ਦੀ ਗੰਧ ਜਿਰਾਫ ਨੂੰ ਚੰਗੀ ਨਹੀਂ ਲੱਗਦੀ ਤੇ ਉਹ ਭੱਜ ਜਾਂਦਾ ਹੈ। ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੀ ਜੰਗਲਵਾਨ ਸੁਜ਼ੈਨ ਸੀਮਰਡ ਨੇ ਤਾਂ ਇਹ ਵੀ ਸਾਬਤ ਕੀਤਾ ਹੈ ਕਿ ਜੰਗਲੀ ਦਰੱਖਤ ਆਪਣੇ ਮੁੱਢਾਂ ਦੇ ਆਲੇ-ਦੁਆਲੇ ਜੰਮੀ ਉਲੀ ਰਾਹੀਂ ਵੀ ਰਸਾਇਣੀ ਸੁਨੇਹੇ ਭੇਜ ਕੇ ਇਕ ਦੂਜੇ ਨਾਲ ਸੰਪਰਕ ਸਥਾਪਤ ਕਰ ਸਕਦੇ ਹਨ। ਇਸੇ ਤਰ੍ਹਾਂ ਰੁੱਖ ਜੜ੍ਹਾਂ ਰਾਹੀਂ ਸੰਚਾਰ ਸਥਾਪਤ ਕਰਨ ਦੇ ਨਾਲ-ਨਾਲ ਇਕ ਦੂਜੇ ਨਾਲ ਖੁਰਾਕ ਦਾ ਵਟਾਂਦਰਾ ਵੀ ਕਰਦੇ ਹਨ।

ਵੋਹਲੇਬੇਨ ਨੇ ਜਰਮਨੀ ਦੇ ਇਕ ਜੰਗਲ ਵਿਚ ਪੰਜ ਸਦੀਆਂ ਪਹਿਲਾਂ ਵੱਢੇ ਗਏ ਇਕ ਬਿਰਖ ਦਾ ਮੁੱਢ ਵੇਖਿਆ, ਜੋ ਅਜੇ ਵੀ ਹਰਾ ਸੀ। ਉਸ ਨੂੰ ਇਹ ਵੇਖ ਕੇ ਅਤਿਅੰਤ ਹੈਰਾਨੀ ਹੋਈ ਕਿ ਏਨਾ ਲੰਮਾ ਸਮਾਂ ਕੋਈ ਬਿਰਖ ਪੱਤਿਆਂ ਤੋਂ ਬਿਨਾ ਕਿਵੇਂ ਜਿਉਂਦਾ ਰਹਿ ਸਕਦਾ ਹੈ। ਥੋੜ੍ਹੀ ਛਾਣਬੀਣ ਪਿਛੋਂ ਪਤਾ ਲੱਗਾ ਕਿ ਆਲੇ-ਦੁਆਲੇ ਦੇ ਬਿਰਖ ਉਸ ਨੂੰ ਜਿਉਂਦਾ ਰੱਖਣ ਲਈ ਖੁਰਾਕ ਪ੍ਰਦਾਨ ਕਰ ਰਹੇ ਸਨ। ਵੋਹਲੇਬੇਨ ਦੱਸਦਾ ਹੈ ਕਿ ਜੰਗਲੀ ਬਿਰਖ ਅਜਿਹਾ ਕਿਸੇ ਕਿਸੇ ਖਾਸ ਬਿਰਖ ਲਈ ਹੀ ਕਰਦੇ ਹਨ, ਜਿਸ ਲਈ ਉਨ੍ਹਾਂ ਅੰਦਰ ਵਧੇਰੇ ਸਤਿਕਾਰ ਹੁੰਦਾ ਹੈ।

ਉਹ ਕਹਿੰਦਾ ਹੈ ਕਿ ਮਸਨੂਈ ਜੰਗਲਾਂ ਵਿਚਲੇ ਦਰੱਖਤ ਸ਼ਹਿਰੀ ਨਿਆਣਿਆਂ ਜਿਹੇ ਹੁੰਦੇ ਹਨ, ਭੀੜ ਵਿਚ ਹੁੰਦਿਆਂ ਵੀ 'ਕੱਲਮ-'ਕੱਲੇ।

ਉਪਰੋਕਤ ਵਿਚਾਰਾਂ ਦੇ ਮੱਦੇਨਜ਼ਰ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਜੰਗਲ ਦਾ ਉਜਾੜਾ ਵੀ ਨਸਲਘਾਤ ਤੋਂ ਘੱਟ ਨਹੀਂ ਹੁੰਦਾ। ਜਦੋਂ ਅਸੀਂ ਕਿਸੇ ਜੰਗਲ ਨੂੰ ਤਬਾਹ ਕਰਦੇ ਹਾਂ ਤਾਂ ਅਸੀਂ ਇਕ ਪੂਰਾ ਸਮਾਜਕ ਤਾਣਾ-ਬਾਣਾ ਉਜਾੜ ਦਿੰਦੇ ਹਾਂ, ਜੋ ਸਾਡੀਆਂ ਨਜ਼ਰਾਂ ਦੇ ਸਾਹਮਣੇ ਹੁੰਦਾ ਹੋਇਆ ਵੀ ਸਾਡੇ ਲਈ ਅਦਿੱਖ ਹੁੰਦਾ ਹੈ। ਅਜਿਹਾ ਕਰਦਿਆਂ ਅਸੀਂ ਸਿਰਫ ਕੁਦਰਤ ਦਾ ਹੀ ਉਜਾੜਾ ਨਹੀਂ ਕਰ ਰਹੇ ਹੁੰਦੇ, ਆਪਣੇ ਭੂਗੋਲਕ ਅਵਚੇਤਨ ਦਾ ਕਤਲ ਵੀ ਕਰ ਰਹੇ ਹੁੰਦੇ ਹਾਂ।

ਭੂਗੋਲਕ ਅਵਚੇਤਨ ਤੋਂ ਮੇਰਾ ਭਾਵ ਕਿਸੇ ਖਿੱਤੇ ਦੇ ਉਨ੍ਹਾਂ ਕੁਦਰਤੀ ਨਕਸ਼ਾਂ ਤੋਂ ਹੈ, ਜੋ ਉਥੋਂ ਦੇ ਵਾਤਾਵਰਣ ਦਾ ਅਟੁੱਟ ਅੰਗ ਹੋਣ ਦੇ ਨਾਲ ਨਾਲ ਉਥੋਂ ਦੇ ਸੱਭਿਆਚਾਰਕ ਅਵਚੇਤਨ ਨੂੰ ਘੜਨ ਵਿਚ ਵੀ ਆਪਣਾ ਯੋਗਦਾਨ ਪਾਉਂਦੇ ਹੋਣ। ਜਿਨ੍ਹਾਂ ਇਲਾਕਿਆਂ ਨਾਲ ਸਮੁੰਦਰ ਲੱਗਦਾ ਹੋਵੇ, ਉਥੋਂ ਦੇ ਲੋਕਾਂ ਲਈ ਉਹ ਸਿਰਫ ਖੁਰਾਕ (ਮੱਛੀਆਂ) ਅਤੇ ਆਵਾਜਾਈ ਦਾ ਸਾਧਨ ਹੀ ਨਹੀਂ ਹੁੰਦਾ, ਸਗੋਂ ਉਥੋਂ ਦੀ ਰਹਿਤਲ, ਬੋਲੀ ਅਤੇ ਮਨੌਤਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਸੇ ਤਰ੍ਹਾਂ ਹੀ ਮਾਰੂਥਲ ਹੁੰਦਾ ਹੈ। ਭਾਵੇਂ ਮਾਰੂਥਲ ਵਿਚ ਕੁਝ ਵੀ ਪੈਦਾ ਨਹੀਂ ਹੁੰਦਾ, ਪਰ ਮਾਰੂਥਲ ਵਿਚ ਰਹਿਣ ਵਾਲੇ ਲੋਕਾਂ ਦਾ ਰਹਿਣ-ਸਹਿਣ ਮਾਰੂਥਲ ਤੋਂ ਬਿਨਾ ਚਿਤਵਿਆ ਨਹੀਂ ਜਾ ਸਕਦਾ। ਕੈਨੇਡਾ ਦੇ ਮੂਲ-ਨਿਵਾਸੀ ਲੋਕਾਂ ਦੀ ਰਹਿਤਲ ਬਰਫ ਦੇ ਅਨੁਭਵ ਤੋਂ ਬਿਨਾ ਹੋਂਦ ਨਹੀਂ ਰੱਖਦੀ। ਆਧੁਨਿਕ ਵਿਗਿਆਨਕ ਨਜ਼ਰ ਲਈ ਕੁਦਰਤ ਦੇ ਇਹ ਨਕਸ਼ ਸਮੱਸਿਆਵਾਂ ਤੋਂ ਵੱਧ ਕੋਈ ਦਰਜਾ ਨਹੀਂ ਰੱਖਦੇ, ਜਿਨ੍ਹਾਂ ਨੂੰ ਤਕਨਾਲੋਜੀ ਦੇ ਆਸਰੇ ਹੱਲ ਕੀਤਾ ਜਾਣਾ ਹੁੰਦਾ ਹੈ; ਪਰ ਅਸਲ ਵਿਚ ਕੁਦਰਤ ਦੇ ਇਨ੍ਹਾਂ ਨਕਸ਼ਾਂ ਰਾਹੀਂ ਹੀ ਕਿਸੇ ਕੌਮ ਦਾ ਸੱਭਿਆਚਾਰਕ ਅਵਚੇਤਨ ਘੜਿਆ ਜਾਂਦਾ ਹੈ।

ਪੰਜਾਬ ਦੇ ਸੱਭਿਆਚਾਰਕ ਅਵਚੇਤਨ ਨੂੰ ਘੜਨ ਵਿਚ ਇੱਥੋਂ ਦੇ ਦਰਿਆਵਾਂ, ਮਿੱਟੀ ਦੇ ਉਪਜਾਊਪਣ, ਧਰਤੀ ਹੇਠਲੇ ਪਾਣੀ ਅਤੇ ਜੰਗਲ-ਬੇਲਿਆਂ ਨੇ ਬਹੁਤ ਅਹਿਮ ਰੋਲ ਨਿਭਾਇਆ ਹੈ। ਅੱਜ ਇਹ ਚਾਰੇ ਨਕਸ਼ ਹੀ ਖੁਰਨ ਦੇ ਕੰਢੇ ਉਤੇ ਖੜ੍ਹੇ ਹਨ। ਕੁਦਰਤ ਦੇ ਇਨ੍ਹਾਂ ਨਕਸ਼ਾਂ ਤੋਂ ਬਿਨਾ ਪੰਜਾਬ ਦੀ ਨਿਵੇਕਲੀ ਸੱਭਿਆਚਾਰਕ ਹੋਂਦ ਨੂੰ ਬਹੁਤੀ ਦੇਰ ਜਿਉਂਦਾ ਨਹੀਂ ਰੱਖਿਆ ਜਾ ਸਕਦਾ।

ਪੁਰਾਤਨ ਪੰਜਾਬ ਵਿਚ ਬਹੁਤੇ ਪਿੰਡਾਂ ਦੇ ਨਾਲ ਇਕ ਸੰਘਣਾ ਵਣ ਹੁੰਦਾ ਸੀ, ਜਿਸ ਨੂੰ ਮਾਲਵੇ ਵਿਚ ਆਮ ਕਰਕੇ ਝਿੜੀ ਕਿਹਾ ਜਾਂਦਾ ਹੈ। ਇਹ ਝਿੜੀਆਂ ਜੀਵ-ਜੰਤੂਆਂ ਦੀ ਪਨਾਹਗਾਹ ਵਜੋਂ ਕੰਮ ਕਰਨ ਦੇ ਨਾਲ-ਨਾਲ ਪਿੰਡ ਦੀ ਆਬੋ-ਹਵਾ ਨੂੰ ਸਾਫ ਰੱਖਣ ਅਤੇ ਮੀਂਹ ਦਾ ਪਾਣੀ ਧਰਤੀ ਵਿਚ ਜਜ਼ਬ ਕਰਨ ਵਿਚ ਵੀ ਯੋਗਦਾਨ ਪਾਉਂਦੀਆਂ ਸਨ, ਪਰ ਇਨ੍ਹਾਂ ਝਿੜੀਆਂ ਦੀ ਸਭ ਤੋਂ ਵੱਡੀ ਦੇਣ ਲੋਕ-ਮਨਾਂ ਅੰਦਰ ਕੁਦਰਤ ਦੇ ਨਾਯਾਬ ਹੁਸਨ ਦੀ ਤਸਵੀਰ ਨੂੰ ਧੁੰਦਲਾ ਨਾ ਪੈਣ ਦੇਣਾ ਸੀ। ਜਦੋਂ ਨਿਆਣੇ ਝਿੜੀ ਕੋਲ ਦੀ ਲੰਘਦੇ ਤਾਂ ਵਡੇਰਿਆਂ ਤੋਂ ਸੁਣੀਆਂ ਬਾਤਾਂ ਵਿਚਲੇ ਭੂਤ-ਪ੍ਰੇਤ ਤੇ ਆਤਮਾਵਾਂ ਉਨ੍ਹਾਂ ਦੀ ਕਲਪਨਾ ਵਿਚ ਸਜੀਵ ਹੋ ਉਠਦੀਆਂ। ਇਹ ਝਿੜੀਆਂ ਸਾਡੀ ਲੋਕ-ਧਾਰਾ ਦਾ ਅਟੁੱਟ ਅੰਗ ਸਨ। ਇਨ੍ਹਾਂ ਝਿੜੀਆਂ ਉਤੇ ਮੇਲੇ ਵੀ ਲੱਗਦੇ ਸਨ। ਮਸ਼ੀਨੀਕਰਨ ਅਤੇ ਉਦਯੋਗੀਕਰਨ ਨੇ ਇਨ੍ਹਾਂ ਦਾ ਵੱਡਾ ਹਿੱਸਾ ਤਬਾਹ ਕਰ ਦਿੱਤਾ। ਜਿਹੜਾ ਥੋੜ੍ਹਾ ਜਿਹਾ ਬਚਿਆ ਹੈ, ਜੇ ਉਹ ਵੀ ਉਜੜ ਗਿਆ ਤਾਂ ਸਾਡੇ ਲਈ ਵੱਡੀ ਸ਼ਰਮ ਦੀ ਗੱਲ ਹੋਵੇਗੀ।

ਪੰਜਾਬ ਦੇ ਜੰਗਲਾਂ ਨੂੰ ਬਚਾਉਣ ਦਾ ਸੰਘਰਸ਼ ਪੰਜਾਬ ਦੇ ਸੱਭਿਆਚਾਰਕ ਅਤੇ ਭੂਗੋਲਕ ਅਵਚੇਤਨ ਨੂੰ ਬਚਾਉਣ ਦਾ ਸੰਘਰਸ਼ ਹੈ। ਸਮੂਹ ਪੰਜਾਬ-ਹਿਤੈਸ਼ੀਆਂ ਨੂੰ ਵਿਚਾਰਧਾਰਕ ਵਲਗਣਾਂ ਵਿਚੋਂ ਬਾਹਰ ਆ ਕੇ ਇਹ ਸੰਘਰਸ਼ ਲੜਨਾ ਚਾਹੀਦਾ ਹੈ। ਸਰਕਾਰ ਉਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਪੰਚਾਇਤੀ ਜ਼ਮੀਨਾਂ ਦੇ ਤੀਜੇ ਹਿੱਸੇ ਉਤੇ ਜੰਗਲ ਲਾਏ ਜਾਣ। ਨਾਲ ਹੀ ਸਮੂਹ ਪਰਵਾਸੀ ਵੀਰਾਂ-ਭੈਣਾਂ ਨੂੰ ਵੀ ਬੇਨਤੀ ਹੈ ਕਿ ਆਪਣੀਆਂ ਪੰਜਾਬ ਵਿਚਲੀਆਂ ਜ਼ਮੀਨਾਂ ਦੇ ਘੱਟੋ-ਘੱਟ ਤੀਜੇ ਹਿੱਸੇ ਉਤੇ ਜੰਗਲ ਜਰੂਰ ਲਾਉਣ। ਜੰਗਲ ਹੇਠਲਾ ਰਕਬਾ ਵਧਣ ਨਾਲ ਪੰਜਾਬ ਦੀ ਆਬੋ-ਹਵਾ ਦਾ ਸੁਧਾਰ ਤਾਂ ਹੋਵੇਗਾ ਹੀ, ਪੰਜਾਬ ਦੇ ਸੁੱਕ ਰਹੇ ਸੱਭਿਆਚਾਰਕ ਅਵਚੇਤਨ ਦੀ ਹਰਿਆਵਲ ਵੀ ਵਾਪਸ ਆਵੇਗੀ।

# ਭੁਲੇਖਿਆਂ ਦਾ ਸੰਸਾਰ

(ਪਿਛਲੇ ਸਫੇ ਦੀ ਬਾਕੀ)

ਅਖਾਣ ਸੁਣ ਕੇ ਹੱਸ ਪੈਂਦੇ ਹਨ। ਇਹ ਅਖਾਣ ਹੈ: "ਜੋ ਆਦਮੀ 25 ਸਾਲ ਦੀ ਉਮਰ ਤੱਕ ਕਾਮਰੇਡ ਨਾ ਬਣ ਜਾਏ, ਉਸ ਦੇ ਜਿਸਮ ਅੰਦਰ ਧੜਕਦਾ ਦਿਲ ਨਹੀਂ ਅਤੇ ਜੇ 50 ਸਾਲ ਦੀ ਉਮਰ ਤੋਂ ਪਿੱਛੋਂ ਵੀ ਉਹ ਕਾਮਰੇਡ ਹੀ ਰਹੇ ਤਾਂ ਉਹ ਰੌਸ਼ਨ ਦਿਮਾਗ ਨਹੀਂ।" ਸ਼ਾਇਦ ਇਸੇ ਕਰ ਕੇ ਬਥੇਰੇ ਵੀਰ ਆਪਣੇ ਬੱਚਿਆਂ ਨੂੰ ਅਮਰੀਕਾ ਅਤੇ ਕੈਨੇਡਾ ਭੇਜ ਰਹੇ ਹਨ ਅਤੇ ਕਾਮਰੇਡ ਹੁੰਦਿਆਂ ਹੋਇਆਂ ਵੀ ਅਖੀਰਲੀ ਉਮਰ ਇਨ੍ਹਾਂ ਦੇਸ਼ਾਂ ਵਿਚ ਹੀ ਗੁਜ਼ਾਰਨਾ ਚਾਹੁੰਦੇ ਹਨ।

ਮੈਂ ਪ੍ਰਗਤੀਸ਼ੀਲ ਲਹਿਰ ਅਤੇ ਅਗਾਂਹਵਧੂ ਸਾਹਿਤ ਦੇ ਖਿਲਾਫ ਨਹੀਂ ਪਰ ਇਕ ਗੱਲ ਦਾ ਮੈਨੂੰ ਕੋਈ ਭੁਲੇਖਾ ਨਹੀਂ ਕਿ ਇਸ ਲਹਿਰ ਦੇ ਵਾਰਿਸ ਪੁਰਾਣੀ ਹਰਮਨਪਿਆਰਤਾ ਦੇ ਕਾਬਲ ਨਹੀਂ ਰਹੇ।

ਮਹਿਸੂਸ ਹੋ ਰਿਹਾ ਹੈ ਕਿ ਇਹ ਸਾਹਿਤ ਆਉਧ ਹੰਢਾ ਗਿਆ ਹੈ। ਇਸ ਖੂਬਸੂਰਤ ਪੌਦੇ ਦੇ ਪੱਤੇ ਪੀਲੇ ਹੋ ਗਏ ਹਨ। ਆਓ, ਇਸ ਨੂੰ ਬਹੁਤ ਸਤਿਕਾਰ ਨਾਲ ਅਲਵਿਦਾ ਕਹੀਏ! ਵੈਸੇ ਵੀ ਤਬਦੀਲੀ ਕੁਦਰਤ ਦਾ ਕਾਨੂੰਨ ਹੈ। ਸਾਰੇ ਪੁਰਾਣੀ ਕਿਸਮਾਂ ਦੇ ਵਾਦਾਂ (ਇਜ਼ਮਾਂ) ਨੂੰ ਫਤਹਿ ਬੁਲਾਈਏ। ਇਕ ਨਵਾਂ ਇਜ਼ਮ ਜਿਸ ਦਾ ਨਾਂ ਹੈ ਰੀਅਲਇਜ਼ਮ (ਯਥਾਰਥਵਾਦ) ਦਾ ਦਾਮਨ ਫੜੀਏ। ਇਸ ਨੂੰ ਪਿਆਰ, ਦਇਆ, ਸਬਰ-ਸਬੂਰੀ, ਨਿਰਮਾਣਤਾ ਅਤੇ ਸਚਾਈ ਦੇ ਅਨਮੋਲ ਸਿਧਾਂਤਾਂ ਨਾਲ ਲਬਰੇਜ਼ ਕਰੀਏ। ਯਥਾਰਥਵਾਦ ਦੇ ਇਹ ਪਹਿਲੂ ਸਮੇਂ ਦੇ ਮੁਹਤਾਜ ਨਹੀਂ। ਸਾਡੀਆਂ ਮੰਗਾਂ, ਦੁਨਿਆਵੀ ਹੱਕ, ਸਾਡੇ ਸਿਰਜੇ ਕਾਨੂੰਨ ਅਤੇ ਰਸਮ ਰਿਵਾਜ ਸਮੇਂ ਨਾਲ ਬਦਲਦੇ ਰਹਿੰਦੇ ਹਨ ਪਰ ਪਿਆਰ, ਦਇਆ ਅਤੇ ਸਬਰ ਦੀ ਵਿਆਖਿਆ ਅਮਰ ਰਹੇਗੀ। ਸਚਾਈ ਕਦੀ ਪੁਰਾਣੀ ਨਹੀਂ ਹੁੰਦੀ।

ਬੁੱਧੀਜੀਵੀ, ਵਿਦਵਾਨ ਅਤੇ ਲੇਖਕ ਸਮਾਂ ਨਾ ਗੁਆਉਣ। ਭਾਰਤ ਵਿਚ ਅਜੀਬ ਅਤੇ ਭਿਆਨਕ ਕਿਸਮ ਦਾ ਇਤਿਹਾਸ ਅਤੇ ਸਾਹਿਤ ਕਰਵਟ ਲੈ ਰਿਹਾ ਹੈ। ਹਿੰਦੁਸਤਾਨ ਦੀ ਵੱਡਮੁੱਲੀ ਸਭਿਅਤਾ ਦੇ ਖੂਬਸੂਰਤ ਅਤੇ ਖੁਸ਼ਬੂਦਾਰ ਗੁਲਦਸਤੇ ਵਿਚੋਂ ਕੁਝ ਫੁੱਲ ਤੋੜਨ ਲਈ ਬੇਰਹਿਮ ਗੁਲਚੀਂ (ਫੁਲ ਤੋੜਨ ਵਾਲਾ) ਤਾਕ ਲਗਾਈ ਬੈਠਾ ਹੈ। ਹੁਸ਼ਿਆਰ ਹੋ ਜਾਵੋ।

ਪਿਆਰ, ਸਬਰ-ਸਬੂਰੀ ਅਤੇ ਦਇਆ ਵਿਚ ਭਿੱਜਿਆ ਸਾਹਿਤ ਜੇ ਜਨਤਾ ਦੇ ਹਿਰਦੇ 'ਤੇ ਆਪਣੀ ਮਜ਼ਬੂਤ ਦ੍ਰਿਸ਼ਟੀ ਦੀ ਮੋਹਰ ਲਾ ਦੇਵੇ, ਸਿੱਟੇ ਬਹੁਤ ਚੰਗੇ ਨਿਕਲਣਗੇ।

ਪਿੰਡਾਂ ਵਿਚ ਦੇਖਦਾ ਹਾਂ, ਘਰਾਂ ਦੇ ਮਸਲੇ ਮੁਕੱਦਮਿਆਂ ਅਤੇ ਗੋਲੀਆਂ ਚਲਾਉਣ ਨਾਲ ਹੱਲ ਨਹੀਂ ਹੁੰਦੇ। ਪਿਆਰ ਅਤੇ ਸਬਰ ਸੰਤੋਖ ਦੀ ਭਾਸ਼ਾ ਠੋਸ ਅਤੇ ਪੱਕੇ ਫੈਸਲੇ ਕਰਦੀ ਹੈ! ਸ਼ਹਿਰਾਂ ਵਿਚ ਮਾਲਕ ਮਕਾਨ ਅਤੇ ਕਿਰਾਏਦਾਰ ਦਾ ਝਗੜਾ ਆਮ ਜਿਹੀ ਗੱਲ ਹੈ। ਮੁਕੱਦਮੇ ਸਾਲਾਂ ਵਿਚ ਵੀ ਕੁਝ ਨਹੀਂ ਕਰਦੇ ਬਲਕਿ ਨਫਰਤ ਹੀ ਪੈਦਾ ਕਰਦੇ ਹਨ। ਦੋਹਾਂ ਧਿਰਾਂ ਵਿਚ ਪਿਆਰ ਅਤੇ ਇਕ ਦੂਜੇ ਦੀ ਮੁਸ਼ਕਿਲ ਨੂੰ ਸਮਝਣਾ ਹੀ ਕਾਰ-ਆਮਦ ਹੈ।

ਕੁਝ ਪੁਰਾਣੇ ਮਿਲਟਰੀ ਜਰਨੈਲਾਂ ਦੇ ਕਿੱਸੇ ਸੁਣੇ ਹਨ। ਉਹ ਆਪਣੇ ਮਾਤਹਿਤ ਫੌਜੀਆਂ ਦੇ ਘਰੇਗੀ ਹਾਲਤ ਤੋਂ ਵੀ ਵਾਕਿਫ ਹੁੰਦੇ ਸਨ। ਸਾਲਾਨਾ ਛੁੱਟੀ ਕੱਟ ਕੇ ਆਇਆਂ ਨੂੰ ਪਿਆਰ ਨਾਲ ਬੁਲਾਉਂਦੇ ਅਤੇ ਪਰਿਵਾਰ ਦੀ ਸੁੱਖ-ਸਾਂਦ ਪੁੱਛਦੇ ਸਨ। ਫੌਜ ਉਨ੍ਹਾਂ ਦੇ ਹੁਕਮਾਂ 'ਤੇ ਜਾਨ ਵਾਰਦੀ ਸੀ। ਅੱਜ ਕੱਲ੍ਹ ਮੈਨੂੰ ਦੁੱਖ ਹੁੰਦਾ ਹੈ, ਜਦੋਂ ਮੈਂ ਅਰਦਲੀਆਂ ਨੂੰ ਪਿਆਰ ਨਾਲ ਨਾ ਰੱਖਣ ਵਾਲੇ ਕੁਝ ਅਫਸਰਾਂ ਨੂੰ ਉਨ੍ਹਾਂ ਦੀ ਗੋਲੀ ਦਾ ਨਿਸ਼ਾਨਾ ਬਣੇ ਸੁਣਦਾ ਹਾਂ। ਯਾਦ ਰੱਖੀਏ ਕਿ ਪਿਆਰ ਦੀ ਲੋਅ ਦੀਆਂ ਕਿਰਨਾਂ ਹੰਕਾਰੀ ਦਿਲਾਂ ਨੂੰ ਵੀ ਮੋਮ ਵਾਂਗ ਪਿਘਲਾ ਦਿੰਦੀਆਂ ਹਨ।

ਸਾਡੇ ਦੇਸ਼ ਨੂੰ ਰਿਸ਼ਵਤ ਘੁਣ ਵਾਂਗ ਖਾ ਰਹੀ ਹੈ। ਇਸ ਭੈੜੀ ਕਾਰਗੁਜ਼ਾਰੀ ਦੇ ਕਈ ਕਾਰਨ ਹੋ ਸਕਦੇ ਹਨ ਪਰ ਇਕ ਮਹੱਤਵਪੂਰਨ ਕਾਰਨ ਅਫਸਰਾਂ ਅਤੇ ਸਿਆਸਤਦਾਨਾਂ ਦੀ ਹਉਮੈ, ਟੌਹਰ ਅਤੇ ਜਨਤਾ ਨਾਲ ਪਿਆਰ ਦੀ ਥਾਂ ਹੈਂਕੜ ਅਤੇ ਕੁਝ ਵੱਖਰੀ ਹੈਸੀਅਤ ਨਾਲ ਰਹਿਣ ਦਾ ਜਜ਼ਬਾ ਜਿਹੜਾ ਸੇਵਾ ਮੁਕਤੀ ਪਿਛੋਂ ਅਤੇ ਸਾਬਕਾ ਕਹਾਉਣ ਪਿਛੋਂ ਵੀ ਸ਼ਿੱਦਤ ਨਾਲ ਚਿੰਬੜਿਆ ਰਹਿੰਦਾ ਹੈ। ਇਸ ਘੁਮੰਡੀ ਜਜ਼ਬੇ ਦੀ ਪੂਰਤੀ ਲਈ ਧਨ ਇਕੱਠਾ ਕਰਨਾ ਬਹੁਤ ਸਹਾਈ ਹੁੰਦਾ ਹੈ। ਕੁਝ ਉਮੀਦ ਰੱਖੀ ਜਾ ਸਕਦੀ ਹੈ ਕਿ ਯਥਾਰਥਵਾਦ ਅਧੀਨ ਪਿਆਰ, ਦਇਆ ਅਤੇ ਸਬਰ ਸੰਤੋਖ ਭਰੀ ਨਿਰਮਾਣਤਾ ਇਨ੍ਹਾਂ ਸ਼ਖਸੀਅਤਾਂ ਨੂੰ ਰਿਸ਼ਵਤ ਤੋਂ ਦੂਰ ਰੱਖੇ! ਮੈਨੂੰ ਭੁਲੇਖੇ ਦੀ ਥਾਂ ਆਸ ਦੀ ਕਿਰਨ ਨਜ਼ਰ ਆ ਰਹੀ ਹੈ। ਕਿਵੇਂ?

ਚੰਡੀਗੜ੍ਹ ਵਿਚ ਪੰਜ ਬਹੁਤ ਸੀਨੀਅਰ ਸੇਵਾ ਮੁਕਤ ਅਫਸਰਾਂ ਨਾਲ ਮੇਰੀ ਜਾਣ ਪਛਾਣ ਹੈ। ਇਨ੍ਹਾਂ ਨੇ ਰੁਤਬੇ ਦੀਆਂ ਸਹੂਲਤਾਂ ਦਾ ਤਾਂ ਕੁਝ ਆਨੰਦ ਮਾਣਿਆ ਹੋਵੇਗਾ ਪਰ ਰਿਸ਼ਵਤਖੋਰੀ ਤੋਂ ਦੂਰ ਹੀ ਰਹੇ ਹਨ। ਦੋ ਪੰਡਤ ਹਨ, ਇਕ ਅਗਰਵਾਲ ਹੈ ਅਤੇ ਦੋ ਗੁਰਸਿੱਖ ਹਨ। ਸ਼ੁਰੂ ਤੋਂ ਹੀ ਸੁਚੱਜੇ ਸਾਹਿਤ ਦੇ ਰਸੀਏ ਹਨ। ਚੰਗੀਆਂ ਪੈਨਸ਼ਨਾਂ ਨਾਲ ਗੁਜ਼ਾਰਾ ਕਰਦੇ ਹਨ। ਹੈਂਕੜ ਤੋਂ ਬਹੁਤ ਦੂਰ ਹਨ। ਨਿਰਮਾਣਤਾ ਦੀ ਇਕ ਉਦਾਹਰਨ ਸ਼ਾਇਦ ਕੁਥਾਂ ਨਹੀਂ। ਕਈ ਸਾਲ ਪਹਿਲਾਂ ਇਨ੍ਹਾਂ ਵਿਚੋਂ ਇਕ ਫਰੀਮਾਂਟ ਦੇ ਗੁਰਦੁਆਰੇ ਆਇਆ ਸੀ। ਮੇਰੀ ਮੌਜੂਦਗੀ ਵਿਚ ਕੁਝ ਬੱਚਿਆਂ ਨੇ ਉਸ ਨੂੰ ਸਵਾਲ ਪੁੱਛਿਆ, "ਤੁਸੀਂ ਆਈ.ਏ.ਐਸ. ਵਿਚ ਕਿਸ ਤਰ੍ਹਾਂ ਪਹੁੰਚ ਗਏ?" ਉਸ ਨੇ ਜਵਾਬ ਦਿੱਤਾ, "ਬੱਚਿਓ, ਬਹੁਤ ਲੜਕੇ ਇਸ ਇਮਤਿਹਾਨ ਵਿਚ ਬੈਠਦੇ ਹਨ, ਸਾਰੇ ਹੀ ਲਾਇਕ ਹੁੰਦੇ ਹਨ, ਸਭ ਹੀ ਛਾਲਾਂ ਮਾਰਦੇ ਹਨ, ਭਾਵ ਸਖਤ ਮਿਹਨਤ ਕਰਦੇ ਹਨ ਪਰ ਗੁਰ ਵਾਕ ਅਨੁਸਾਰ 'ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥' ਸੋ ਪਿਆਰੇ ਬੱਚਿਓ, ਉਸ ਕਰਤੇ ਨੂੰ ਮੇਰਾ ਚੁਣੇ ਜਾਣਾ ਮਨਜ਼ੂਰ ਹੋਇਆ। ਬਾਕੀ ਵੀ ਘੱਟ ਲਾਇਕ ਨਹੀਂ ਸਨ।"

ਅਖੀਰ ਵਿਚ ਇਕ ਵਾਰ ਫੇਰ ਭੁਲੇਖੇ ਰਹਿਤ ਉਮੀਦ ਹਿਰਦੇ ਵਿਚ ਰੱਖ ਰਿਹਾ ਹਾਂ ਕਿ ਇਸ ਨਵੇਂ ਨਰੋਏ ਸਾਹਿਤ ਨੂੰ ਵੱਧ ਤੋਂ ਵੱਧ ਲੋਕ ਗ੍ਰਹਿਣ ਕਰਨ ਅਤੇ ਹਰ ਸਾਲ ਉਤਲੇ ਪੰਜ ਪਿਆਰਿਆਂ ਦੀ ਗਿਣਤੀ ਵਿਚ ਵਾਧਾ ਕਰਨ! ਇਹ ਨਾ-ਮੁਮਕਿਨ ਨਹੀਂ।

# ਇੱਕਮਿੱਕਤਾ ਦਾ ਇੱਕਤਾਰਾ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪਰਦੇਸੀਆਂ ਪ੍ਰਤੀ ਬੇਰੁਖੀ ਨਾਲ ਪੰਜਾਬ ਅਤੇ ਪੰਜਾਬੀਆਂ ਨੂੰ ਸੰਭਾਵੀ ਵੱਡੇ ਆਰਥਕ ਘਾਟੇ ਦਾ ਖਦਸ਼ਾ ਪ੍ਰਗਟਾਉਂਦਿਆਂ ਕਿਹਾ ਸੀ, "ਮਨਾਂ ਵਿਚਲੀਆਂ ਤਰੇੜਾਂ ਦਾ ਦਰਦ, ਇਕ ਰਿਸਦਾ ਫੋੜਾ ਹੁੰਦਾ, ਜੋ ਪਲ ਪਲ ਬੀਤੇ ਦੀ ਯਾਦ ਦਿਵਾਉਂਦਾ, ਸਾਹਾਂ ਨੂੰ ਸੰਤਾਪਦਾ ਰਹਿੰਦਾ। ਪਰਦੇਸੀਆਂ ਨੇ ਇਕ ਸੰਤਾਪ ਤਾਂ ਪਰਵਾਸ ਕਰਨ ਲੱਗਿਆਂ ਹੰਢਾਇਆ ਸੀ, ਪਰ ਹੁਣ ਆਪਣਿਆਂ ਦੀ ਬੇਰੁਖੀ ਦਾ ਸੰਤਾਪ ਤੇ ਸੋਗ, ਸਮਿਆਂ ਨੂੰ ਵੀ ਸੰਤਾਪਣ ਲੱਗ ਪਿਆ ਏ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਇੱਕਮਿੱਕਤਾ ਦਾ ਵਿਖਿਆਨ ਕਰਦਿਆਂ ਕਿਹਾ ਹੈ, "ਇੱਕਮਿੱਕਤਾ ਜੀਵਨ ਦਾ ਉਹ ਰੰਗ, ਜਿਸ ਵਿਚੋਂ ਜੀਵਨ-ਦਾਰਸ਼ਨਿਕਤਾ ਦਾ ਝਲਕਾਰਾ। ਮਨੁੱਖੀ ਹੋਂਦ, ਭਵਿੱਖਮੁਖੀ ਸੋਚ, ਮਨੁੱਖਵਾਦੀ ਦ੍ਰਿਸ਼ਟੀ ਅਤੇ ਮਨੁੱਖ ਹੋਣ ਦਾ ਮਾਣ।" ਉਹ ਕਹਿੰਦੇ ਹਨ, "ਸਾਂਝ ਨੂੰ ਨਿਭਾਉਣ ਵਾਲੇ ਦਰਵੇਸ਼ ਲੋਕ, ਜਿਨ੍ਹਾਂ ਨੇ ਰੂਹਾਨੀ ਦਰਦ ਵਿਚੋਂ ਹੀ ਮਿਲੀ ਸਕੂਨਤਾ ਨੂੰ ਸੰਵੇਦਨਾ ਦਾ ਹਿੱਸਾ ਬਣਾ, ਜੀਵਨ-ਦਾਰਸ਼ਨਿਕਤਾ ਨੂੰ ਨਵੀਂ ਦਿਸ਼ਾ ਦਿਤੀ।...ਇੱਕਮਿੱਕਤਾ ਪਰਿਵਾਰਕ, ਸਮਾਜਕ, ਲੋਕਾਈ ਜਾਂ ਸੰਸਾਰਕ ਪੱਧਰ 'ਤੇ ਹੁੰਦੀ ਅਤੇ ਇਸ ਵਿਚੋਂ ਹੀ ਬਹੁਤ ਪਹਿਲਕਦਮੀਆਂ ਅਤੇ ਨਿਵੇਕਲੀਆਂ ਪੈੜਾਂ ਦੀ ਸਿਰਜਣਾ ਹੁੰਦੀ।" -ਸੰਪਾਦਕ***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਇੱਕਮਿੱਕਤਾ, ਇਕ ਦੂਜੇ ਵਿਚ ਰਮਾਉਣਾ, ਆਪੇ ਨੂੰ ਗਵਾ ਕੇ ਕੁਝ ਪਾਉਣਾ, ਖੁਦ ਵਿਚੋਂ ਦੂਜੇ ਨੂੰ ਪਾਉਣਾ ਅਤੇ ਜ਼ਿੰਦਗੀ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣਾ। ਇੱਕਮਿੱਕਤਾ, ਇੱਕਸੁਰਤਾ, ਇੱਕਸਾਰਤਾ, ਇੱਕਰੰਗਤਾ, ਇੱਕਜੁੱਟਤਾ ਅਤੇ ਇਕਾਗਰਤਾ ਦਾ ਸੁੰਦਰ ਸਰੂਪ, ਜਿਸ ਦੇ ਵਜਦ ਵਿਚ ਵੱਜਦਾ ਏ ਇੱਕਤਾਰਾ।

ਇੱਕਮਿੱਕਤਾ ਸਿਰਫ ਸੋਚਾਂ, ਸੁਪਨਿਆਂ ਤੇ ਸੰਭਾਵਨਾਵਾਂ ਦੀ ਸਾਂਝ ਹੀ ਨਹੀਂ ਹੁੰਦੀ, ਇਹ ਤਾਂ ਇਕ ਦੇ ਨੈਣਾਂ ਵਿਚ ਦੂਜੇ ਦਾ ਦੀਦਾਰ, ਇਕ ਦੇ ਬੋਲਾਂ ਵਿਚ ਦੂਜੇ ਦੇ ਵਿਚਾਰ ਅਤੇ ਇਕ ਦੇ ਹਰਫਾਂ ਵਿਚ ਅਪਣੱਤ ਦਾ ਪਸਾਰ ਹੁੰਦਾ।

ਇੱਕਮਿੱਕਤਾ ਜੀਵਨ ਦਾ ਉਹ ਰੰਗ, ਜਿਸ ਵਿਚੋਂ ਜੀਵਨ-ਦਾਰਸ਼ਨਿਕਤਾ ਦਾ ਝਲਕਾਰਾ। ਮਨੁੱਖੀ ਹੋਂਦ, ਭਵਿੱਖਮੁਖੀ ਸੋਚ, ਮਨੁੱਖਵਾਦੀ ਦ੍ਰਿਸ਼ਟੀ ਅਤੇ ਮਨੁੱਖ ਹੋਣ ਦਾ ਮਾਣ।

ਇੱਕਮਿੱਕਤਾ ਹੋਣੀ ਬਹੁਤ ਜਰੂਰੀ, ਕਿਸੇ ਵੀ ਪ੍ਰਾਪਤੀ ਲਈ। ਸੁਪਨਿਆਂ ਨਾਲ ਇਕਸੁਰ ਹੋ ਕੇ ਹੀ ਸੁਪਨ-ਹਾਸਲ ਹੁੰਦਾ। ਕਵਿਤਾ 'ਚ ਕਵਿਤਾ-ਕਵਿਤਾ ਹੋ ਕੇ ਹੀ ਕਵਿਤਾ ਲਿਖੀ ਜਾ ਸਕਦੀ। ਕਿੱਤੇ ਵਿਚ ਪੂਰਨ ਸਮਰਪਿਤਾ ਅਤੇ ਇੱਕਮਿੱਕਤਾ ਹੀ ਮੁਹਾਰਤ ਬਣਦੀ। ਖੁਦ ਦੀ ਇੱਕਮਿੱਕਤਾ ਜਦ ਦੂਸਰਿਆਂ ਦੀ ਇਕਜੁੱਟਤਾ ਦਾ ਸਾਥ ਮਾਣਦੀ ਤਾਂ ਫਿਰ ਕ੍ਰਿਸ਼ਮਾ ਹੁੰਦਾ। ਯਾਦ ਰੱਖਣਾ! ਕੁਦਰਤ ਕਦੇ ਵੀ ਕ੍ਰਿਸ਼ਮੇ ਨਹੀਂ ਕਰਦੀ। ਮਨੁੱਖੀ ਇੱਕਮਿਕਤਾ ਵਿਚੋਂ ਹੀ ਚਮਤਕਾਰੀ ਵਰਤਾਰਿਆਂ ਦਾ ਜਨਮ ਹੁੰਦਾ।

ਇੱਕਮਿੱਕਤਾ ਪਰਿਵਾਰਕ, ਸਮਾਜਕ, ਲੋਕਾਈ ਜਾਂ ਸੰਸਾਰਕ ਪੱਧਰ 'ਤੇ ਹੁੰਦੀ ਅਤੇ ਇਸ ਵਿਚੋਂ ਹੀ ਬਹੁਤ ਪਹਿਲਕਦਮੀਆਂ ਅਤੇ ਨਿਵੇਕਲੀਆਂ ਪੈੜਾਂ ਦੀ ਸਿਰਜਣਾ ਹੁੰਦੀ।

ਇੱਕਮਿੱਕਤਾ ਦੇ ਬਹੁਤ ਸਾਰੇ ਰੂਪ ਤੇ ਰੰਗ। ਆਲੇ-ਦੁਆਲੇ ਪਸਰੀ। ਕਈ ਵਾਰ ਦਿਸਦੀ ਅਤੇ ਕਈ ਵਾਰ ਅਦਿੱਖ। ਲੋੜ ਹੈ, ਇਕ ਤੀਸਰੀ ਅੱਖ ਰਾਹੀਂ ਇਸ ਨੂੰ ਦੇਖਣ, ਪਰਖਣ ਅਤੇ ਮਨੁੱਖੀ ਵਿਚਾਰਧਾਰਾ ਨੂੰ ਸੋਚ-ਹਾਣੀ ਬਣਾ ਕੇ ਸਾਰਥਕ ਸੰਭਾਵਨਾਵਾਂ ਨੂੰ ਪੈਦਾ ਕਰਨ ਦੀ।

ਇਕਮਿੱਕਤਾ ਰੂਹ ਦੀ ਸਰੀਰ ਨਾਲ ਹੋਵੇ ਤਾਂ ਮਨੁੱਖ ਹੁੰਦਾ। ਰੂਹ-ਹੀਣ ਲੋਕ ਸਿਰਫ ਰੋ-ਬੋਟ, ਜੋ ਭਾਵਹੀਣ, ਅਹਿਸਾਸ-ਵਿਹੁਣੇ ਅਤੇ ਅੱਥਰੂਆਂ ਦੀ ਭਾਸ਼ਾ ਸਮਝਣ ਤੋਂ ਅਣਜਾਣ।

ਇੱਕਮਿੱਕਤਾ ਨੂੰ ਅੰਤਰੀਵ ਵਿਚ ਵਸਾਉਣ, ਇਸ 'ਚੋਂ ਖੁਦ ਨੂੰ ਪਰਿਭਾਸ਼ਤ ਕਰਨ ਅਤੇ ਇਸ ਅਨੁਸਾਰ ਜਿਉਣ ਦੀ ਜਾਚ ਆ ਜਾਵੇ ਤਾਂ ਇੱਕਮਿੱਕਤਾ ਨੂੰ ਆਪਣੀ ਸੰਵੇਦਨਾ ਅਤੇ ਸਾਰਥਕਤਾ ਦਾ ਅਹਿਸਾਸ ਹੁੰਦਾ।

ਅੰਬਰ-ਪਸਾਰੇ ਦਾ ਇਕ ਕਣ ਹੈ ਧਰਤੀ ਅਤੇ ਧਰਤ ਹੈ ਅੰਬਰ ਵਿਚ ਸਮਾਈ। ਇਕ ਦੂਜੇ ਵਿਚੋਂ ਹੀ ਇਕ ਦੂਜੇ ਨੂੰ ਹੋਂਦ ਦਾ ਅਹਿਸਾਸ। ਧਰਤ ਤੋਂ ਬਿਨਾ ਅੰਬਰ ਦੇ ਕੋਈ ਅਰਥ ਨਹੀਂ ਅਤੇ ਅੰਬਰ ਨੂੰ ਅੰਬਰ ਵੀ ਧਰਤ-ਵਾਸੀਆਂ ਨੇ ਹੀ ਕਹਿਣਾ।

ਬਚਪਨਾ ਅਤੇ ਜਵਾਨੀ ਇਕ ਦੂਜੇ ਦੇ ਸਾਹੀਂ ਵੱਸਦੇ। ਜਵਾਨੀ, ਬਚਕਾਨੇਪਣ ਨੂੰ ਮਾਣਦੀ ਅਤੇ ਬਚਪਨਾ ਜਵਾਨੀ ਵਿਚ ਪੈਰ ਧਰਨਾ ਲੋਚਦਾ। ਬਚਕਾਨੇ ਵਿਚ ਵੀ ਹੁੰਦਾ ਏ ਸਿਆਣਪਾਂ ਦਾ ਵਾਸ। ਇਹ ਸਿਆਣਪਾਂ ਕਈ ਵਾਰ ਸਿਆਣਿਆਂ ਨੂੰ ਵੀ ਸੋਚੀਂ ਪਾਉਂਦੀਆਂ।

ਬਜੁਰਗ ਦੇ ਅੰਦਰ ਵੱਸਦਾ ਹੈ ਇਕ ਬੱਚਾ ਅਤੇ ਬੱਚੇ ਵੀ ਬਜੁਰਗੀ ਦਾ ਹੀ ਰੂਪ। ਦੋਵੇਂ ਇੱਕਮਿੱਕ, ਇਕੋ ਜਿਹੀਆਂ ਆਦਤਾਂ ਤੇ ਲੋੜਾਂ, ਆਸਰਾ ਲੋੜੀਂਦੇ ਅਤੇ ਕੋਮਲਭਾਵੀ ਸੋਚਾਂ ਨੂੰ ਪ੍ਰਗਟ ਕਰਨ ਤੋਂ ਨਹੀਂ ਹਟਕਦੇ। ਸਫਾਫ, ਬੇਲਾਗ, ਬੇਖੌਫ ਤੇ ਪਾਰਦਰਸ਼ੀ ਗੱਲਾਂ ਅਤੇ ਹਰਕਤਾਂ। ਬੱਚੇ ਵਿਚੋਂ ਬਜੁਰਗ ਅਤੇ ਬਜੁਰਗ ਵਿਚੋਂ ਬੱਚੇ ਨੂੰ ਮਨਫੀ ਕਿੰਜ ਕਰੋਗੇ? ਇੱਕਮਿੱਕਤਾ ਦਾ ਸੁੰਦਰ ਰੂਪ ਹੀ ਏ, ਇਨ੍ਹਾਂ ਦੀ ਸਾਂਝ।

ਮਾਂ ਅਤੇ ਬਾਪ ਜੀਵਨ ਦੇ ਗਾਡੀ ਰਾਹ ਦੇ ਦੋ ਪਹੀਏ। ਇਕ ਦੀ ਅਣਹੋਂਦ ਵਿਚ ਦੂਜਾ ਅਧੂਰਾ। ਇਕ ਦੂਜੇ ਵਿਚ ਪੂਰਨ ਰੂਪ ਵਿਚ ਸਮਾਏ। ਮਾਂ, ਬਾਪ ਵੀ ਹੁੰਦੀ ਅਤੇ ਬਾਪ, ਮਾਂ ਵੀ ਹੁੰਦਾ। ਮਾਨਸਿਕ ਪੱਧਰ 'ਤੇ ਦੋਵੇਂ ਰੂਪਾਂ ਨੂੰ ਹੰਢਾਉਂਦੇ; ਪਰ ਜਦ ਬਾਪ ਅਣਿਆਈ ਮੌਤੇ ਪਰਿਵਾਰ ਨੂੰ ਛੱਡ ਜਾਂਦਾ ਤਾਂ ਮਾਂ ਸਿਰ 'ਤੇ ਮੜਾਸਾ ਬੰਨ ਹਲ ਵੀ ਵਾਹੁੰਦੀ, ਬੱਚਿਆਂ ਦੇ ਸਿਰ ਦੀ ਛਾਂ ਅਤੇ ਪਰਿਵਾਰ ਦੀ ਮੁਹਰੈਲ ਵੀ ਬਣਦੀ। ਜਦ ਮਾਂ ਮਰ ਜਾਂਦੀ ਤਾਂ ਬਾਪ ਮਾਂ ਵੀ ਬਣ ਜਾਂਦਾ। ਬੱਚਿਆਂ ਨੂੰ ਮਮਤਾਈ ਮੋਹ ਨਾਲ ਲਬਰੇਜ਼ ਕਰ, ਮਾਂ ਦੀ ਘਾਟ ਪੂਰੀ ਕਰਦਾ। ਮਾਂ ਦੀ ਮੌਤ ਪਿਛੋਂ ਇਸ ਕੋਮਲ ਰੂਪ ਨੂੰ ਮਾਣਦਿਆਂ, ਮੇਰੀ ਕਲਮ ਵਿਚੋਂ ਹਰਫ ਉਗੇ ਸਨ,

ਮਾਂ ਦੀ ਮੌਤ ਤੋਂ ਬਾਅਦ

ਪਹਿਲੀ ਵਾਰ ਪਿੰਡ ਆਇਆਂ ਹਾਂ,
ਘਰ ਦੇ ਸਾਰੇ ਜੀਅ
ਪੀਰ ਦੀ ਦਰਗਾਹ 'ਤੇ ਗਏ ਹੋਏ ਨੇ।

ਮੈਂ ਘਰ 'ਚ ਇਕੱਲਾ
ਸਿਮਰਤੀਆਂ 'ਚ ਗਵਾਚ ਜਾਂਦਾ ਹਾਂ।
'ਮਾਂ ਦਾ ਉਚੇਚ ਨਾਲ
ਪਿੰਡ ਆਉਣ ਲਈ ਕਹਿਣਾ
ਸਵੇਰ ਤੋਂ ਹੀ ਦਰਾਂ ਦੀ ਬਿੜਕ ਲੈਣਾ
ਅਤੇ ਦੇਰ ਨਾਲ ਆਉਣ 'ਤੇ
ਨਿਹੋਰਾ ਦਿੰਦਿਆਂ
ਕਲਾਵੇ 'ਚ ਲੈ
ਅਸੀਸਾਂ ਦੀ ਝੜੀ ਲਾਉਣਾ' ਦੀਆਂ ਯਾਦਾਂ
ਮੇਰੀ ਉਦਾਸੀ ਨੂੰ ਹੋਰ ਸੰਘਣਾ ਕਰ
ਅੱਖਾਂ ਨਮ ਕਰ ਜਾਂਦੀਆਂ ਹਨ।

ਪੈਰਾਂ ਦੀ ਬਿੜਕ
ਮੇਰੀ ਨਮ-ਚੁੱਪ ਨੂੰ ਤੋੜਦੀ ਹੈ
ਨੰਗੇ ਪੈਰੀਂ ਘਰ ਵੜਦਾ ਬਾਪ,
ਬੋਝੇ 'ਚੋਂ ਅੰਬ ਕੱਢ
ਮੈਨੂੰ ਦਿੰਦਿਆਂ ਕਹਿੰਦਾ ਹੈ,
"ਮੈਨੂੰ ਪਤਾ ਸੀ
ਤੂੰ ਆਇਆ ਹੋਵੇਂਗਾ
ਤੈਨੂੰ ਖੂਹ ਵਾਲੇ ਬੂਟੇ ਦੇ
ਅੰਬ ਬਹੁਤ ਪਸੰਦ ਹਨ
ਅੱਜ ਇਕ ਪੱਕਾ ਅੰਬ ਲੱਭਾ ਸੀ
ਲੈ ਫੜ੍ਹ, ਚੂਪ ਲੈ"
ਅਤੇ ਮੈਂ ਬਾਪ ਦੇ ਝੁਰੜੀਆਂ ਭਰੇ
ਕੰਬਦੇ ਹੱਥ 'ਚੋਂ ਅੰਬ ਲੈਂਦਿਆਂ
ਸੋਚਦਾ ਹਾਂ...
ਮਾਂ ਦੀ ਮੌਤ ਤੋਂ ਬਾਅਦ
ਬਾਪ, ਮਾਂ ਵੀ ਬਣ ਗਿਆ ਹੈ!!!

ਸ਼ਬਦ ਅਤੇ ਅਰਥ, ਇਕ ਦੂਜੇ ਦੀ ਜਿੰਦ-ਜਾਨ। ਸ਼ਬਦਾਂ ਵਿਚ ਵੱਸਦਾ ਅਰਥ-ਪ੍ਰਵਾਹ ਜਿਸ ਕਰਕੇ ਸ਼ਬਦਾਂ ਨੂੰ ਆਪਣੀ ਅਹਿਮੀਅਤ ਦਾ ਅਹਿਸਾਸ ਹੁੰਦਾ। ਅਰਥ-ਵਿਹੂਣੇ ਸ਼ਬਦ ਕਿਸ ਕੰਮ? ਅਰਥਾਂ ਨੂੰ ਵਿਸਥਾਰ ਦੇਣ ਲਈ ਵੀ ਸ਼ਬਦ ਹੀ ਬਹੁੜਦੇ। ਸ਼ਬਦਾਂ ਵਿਚ ਸਮਾਏ ਅਰਥਾਂ ਦਾ ਇਹ ਕਾਰਵਾਂ ਇਕ ਦੂਜੇ ਵਿਚੋਂ ਪਛਾਣ ਸਿਰਜਦਾ। ਜੀਵਨ-ਦਿਸਹੱਦਿਆਂ ਨੂੰ ਰੌਸ਼ਨ ਕਰ, ਪੰਧ-ਪਗਡੰਡੀਆਂ ਰੁਸ਼ਨਾਉਂਦਾ। ਹਰਫਾਂ ਵਿਚ ਵੱਸਦੀਆਂ ਨੇ ਕਿਤਾਬਾਂ ਅਤੇ ਕਿਤਾਬਾਂ 'ਚੋ ਉਗਦੀ ਏ ਹਰਫਾਂ ਦੀ ਫਸਲ। ਕਿਤਾਬਾਂ ਅਤੇ ਹਰਫਾਂ ਦੀ ਅਨੂਠੀ ਸਾਂਝ ਰੂਹ-ਰੇਜ਼ਤਾ ਨੂੰ ਲਬਰੇਜ਼ ਕਰਦੀ। ਸ਼ਬਦ-ਜੋਤ ਜਦ ਮਸਤਕ ਵਿਚ ਜਗਦੀ ਤਾਂ ਬੰਦਾ ਚਾਨਣ ਦਾ ਵਣਜਾਰਾ ਹੁੰਦਾ।

ਮੱਸਿਆ ਅਤੇ ਪੁੰਨਿਆਂ ਇਕ ਦੂਜੇ ਵਿਚ ਸਮਾਈਆਂ। ਮੱਸਿਆ ਪਿਛੋਂ ਹੌਲੀ ਹੌਲੀ ਪੁੰਨਿਆਂ ਦੀ ਆਮਦ ਅਤੇ ਫਿਰ ਪੁੰਨਿਆਂ ਵਿਚੋਂ ਹੀ ਮੱਸਿਆ ਦਾ ਜਨਮ। ਇਨ੍ਹਾਂ ਦੁਆਲੇ ਹੀ ਘੁੰਮਦਾ ਏ ਚੰਦਰਮਾ ਦਾ ਵਜੂਦ। ਕਦੇ ਚਾਨਣੀ ਭਰੀਆਂ ਰਾਤਾਂ ਵਰਗਾ ਜੀਵਨ, ਕਦੇ ਮੱਸਿਆਂ ਦੀ ਰਾਤ ਵਰਗਾ ਹਨੇਰ ਢੋਂਦਾ ਜੀਵਨ।

ਪੱਤਝੜ ਵਿਚੋਂ ਬਾਹਰ ਦਸਤਕ ਦਿੰਦੀ ਅਤੇ ਬਹਾਰ, ਹੌਲੀ ਹੌਲੀ ਪੱਤਝੜ ਨੂੰ ਗਲਵੱਕੜੀ ਪਾਉਣ ਨੂੰ ਕਾਹਲੀ। ਬਹਾਰ ਅਤੇ ਪੱਤਝੜ ਦੀ ਸਾਂਝ, ਜੀਵਨ ਦੇ ਦੋ ਰੂਪ। ਦੋ ਰੰਗਾਂ ਦੀ ਦਾਸਤਾਨ। ਇਕ ਵਿਚੋਂ ਦੂਜੇ ਦਾ ਉਗਮਣਾ। ਪੱਤਝੜ ਦੀ ਹਿੱਕ ਵਿਚ ਗੁਣਗੁਣਾਉਂਦੀ ਏ ਬਹਾਰ। ਬਹਾਰ ਨਾਲੋਂ ਪੱਤਝੜ ਨੂੰ ਵੱਖ ਕਿਵੇਂ ਕਰੋਗੇ?

ਦੁੱਖ ਅਤੇ ਸੁੱਖ ਜੀਵਨ ਦੀਆਂ ਦੋ ਧਾਰਾਵਾਂ। ਦੁੱਖਾਂ ਨੂੰ ਘਟਾਉਣ/ਮਿਟਾਉਣ ਵਿਚੋਂ ਹੀ ਸੁੱਖਾਂ ਦਾ ਨਿਉਂਦਾ ਅਤੇ ਸੁੱਖ-ਸਹੂਲਤਾਂ ਹੀ ਦੁੱਖਾਂ ਦਾ ਪੈਗਾਮ। ਦੋਹਾਂ ਨੂੰ ਸਮ-ਕਰ ਜਾਣਨ ਵਾਲੇ ਲੋਕਾਂ ਲਈ ਸੁੱਖ ਤੇ ਦੁੱਖ ਵਿਚ ਨਹੀਂ ਕੋਈ ਅੰਤਰ। ਸਗੋਂ ਉਹ ਦੁੱਖ ਵਿਚ ਸੁੱਖ ਅਤੇ ਸੁੱਖ ਵਿਚ ਦੁੱਖ ਦੇ ਅਹਿਸਾਸ ਨੂੰ ਜੀਵਨ ਦਾ ਰੰਗ-ਢੰਗ ਬਣਾ ਲੈਂਦੇ। ਇਨ੍ਹਾਂ ਦੀ ਆੜੀ ਵਿਚੋਂ ਹੀ ਜ਼ਿੰਦਗੀ ਨੂੰ ਜਿਉਣਾ ਕਹਿੰਦੇ।

ਅਕ੍ਰਿਤਘਣਤਾ ਅਤੇ ਸ਼ੁਕਰਗੁਜ਼ਾਰੀ ਦੀ ਪੀਢੀ ਸਾਂਝ। ਮਨੁੱਖੀ ਜ਼ਹਿਨੀਅਤ ਵਿਚਲਾ ਫਾਸਲਾ। ਨਾਲ ਨਾਲ ਚੱਲਦੇ। ਇਕ ਵਿਚੋਂ ਹੀ ਦੂਜੇ ਦੀ ਹੋਂਦ ਦਿਖਾਈ ਦਿੰਦੀ। ਜਦ ਕੋਈ ਸ਼ੁਕਰਗੁਜਾਰ ਨਹੀਂ ਹੁੰਦਾ ਤਾਂ ਉਹ ਅਕ੍ਰਿਤਘਣ ਹੁੰਦਾ। ਅਕ੍ਰਿਤਘਣ ਲੋਕਾਂ ਵਿਚੋਂ ਸ਼ੁਕਰਗੁਜਾਰੀ ਨੂੰ ਕਿਆਸਿਆ ਨਹੀਂ ਜਾ ਸਕਦਾ। ਸ਼ੁਕਰਗੁਜ਼ਾਰੀ ਨੂੰ ਜੀਵਨ ਦਾ ਸੂਤਰਧਾਰ ਬਣਾਉਣ ਵਾਲੇ ਲੋਕ ਹੀ ਜੀਵਨ ਦਾ ਹਾਸਲ ਹੁੰਦੇ।

ਦਿਨ ਢਲਦਿਆਂ ਹੀ ਪੈ ਜਾਂਦੀ ਰਾਤ ਅਤੇ ਫਿਰ ਹੌਲੇ ਹੌਲੇ ਖਿਸਕਦੀ ਰਾਤ ਵਿਚੋਂ ਹੀ ਦਿਨ ਦਾ ਉਜਾਲਾ ਪ੍ਰਗਟਦਾ। ਇਹ ਨਿਰੰਤਰ ਵਰਤਾਰਾ ਜੀਵਨ ਦਾ ਸੁਹਜ ਅਤੇ ਸਹਿਜ। ਧੁੱਪ ਵਿਚ ਛਹਿ ਜਾਂਦੀ ਏ ਛਾਂ ਅਤੇ ਛਾਂ ਵਿਚ ਕਈ ਵਾਰ ਧੁੱਪ ਜਿਹਾ ਸੇਕ ਪਿੰਡਿਆਂ ਨੂੰ ਲੂਹਣ ਲੱਗਦਾ। ਧੁੱਪਾਂ-ਛਾਂਵਾਂ ਸਿਰਜ ਜਾਂਦੀਆਂ ਨੇ ਜੀਵਨ-ਤਿੱਤਰਖੰਭੀਆਂ। ਡੱਬ-ਖੜੱਬੀ ਛਾਂ ਵਿਚੋਂ ਹੀ ਉਨ੍ਹਾਂ ਪੈਂਡਿਆਂ ਦਾ ਆਭਾਸ ਹੁੰਦਾ, ਜੋ ਕਰਨੇ ਬਾਕੀ ਹੁੰਦੇ। ਅਸੀਂ ਆਪਣੇ ਪੈਰਾਂ ਦੇ ਨਾਮ ਉਨ੍ਹਾਂ ਰਾਹਾਂ ਨੂੰ ਕਰਦੇ, ਜਿਨ੍ਹਾਂ ਨੇ ਮੰਜ਼ਿਲਾਂ ਨੂੰ ਮਿੱਥਣਾ ਅਤੇ ਮਿਣਨਾ ਹੁੰਦਾ। ਦਿਨ-ਰਾਤ ਅਤੇ ਧੁੱਪ-ਛਾਂ ਦੀ ਇੱਕਮਿੱਕਤਾ ਜੀਵਨ ਵਿਚ ਅਜਿਹੀ ਰਚ-ਮਿਚ ਗਈ ਏ ਕਿ ਦੋਹਾਂ ਤੋਂ ਬਿਨਾ ਜੀਵਨ-ਅਸੰਭਵ।

ਕਿਸੇ ਹੋਂਦ ਦਾ ਹੀ ਪ੍ਰਛਾਂਵਾਂ ਹੁੰਦਾ ਅਤੇ ਪ੍ਰਛਾਂਵੇਂ 'ਚੋਂ ਹੀ ਕਿਸੇ ਦੀ ਹੋਂਦ ਤੇ ਨਕਸ਼ਾਂ ਨੂੰ ਪਛਾਣਿਆ ਜਾ ਸਕਦਾ। ਲੰਮੇਰੀ ਜਾਂ ਸੁੰਗੜੇ ਪ੍ਰਛਾਂਵਿਆਂ ਜਿਹੇ ਲੋਕ ਹੀ ਹੁੰਦੇ, ਜਿਨ੍ਹਾਂ ਨੇ ਜੀਵਨ ਨੂੰ ਬੁਲੰਦੀਆਂ ਬਖਸ਼ੀਆਂ ਹੁੰਦੀਆਂ। ਜਦ ਪ੍ਰਛਾਂਵੇਂ ਲੰਮੇ ਹੋਣ ਲੱਗਦੇ ਤਾਂ ਧੁੱਪਾਂ ਜਿਹੇ ਲੋਕ ਵੀ ਅਣਗੌਲੇ ਹੋ ਜਾਂਦੇ। ਪ੍ਰਛਾਂਵੇਂ ਤੇ ਹੋਂਦ ਦਾ ਬਹੁਤ ਗੂੜ੍ਹਾ ਸਬੰਧ। ਇਕ ਦੂਜੇ ਵਿਚੋਂ ਹੀ ਇਕ ਦੂਜੇ ਦੀ ਹੋਂਦ ਤੇ ਹਾਸਲ।

ਦਿਲ ਵਿਚੋਂ ਧੜਕਣ ਨੂੰ ਕਿਵੇਂ ਵੱਖ ਕੀਤਾ ਜਾ ਸਕਦਾ? ਧੜਕਣ ਹੈ ਤਾਂ ਦਿਲ ਹੈ, ਵਰਨਾ ਦਿਲ ਅਤੇ ਮਨੁੱਖ ਦੇ ਕੀ ਅਰਥ? ਆਪਣਿਆਂ ਨੂੰ ਮਿਲ ਕੇ ਦਿਲ ਵਿਚ ਪੈਦਾ ਹੋਈ ਧੜਕਣ ਵਿਚੋਂ ਹੀ ਪੈਦਾ ਹੋਏ ਅਹਿਸਾਸਾਂ ਨੂੰ ਰਾਹਤ ਅਤੇ ਰੂਹਾਨੀਅਤ ਮਿਲਦੀ।

ਦਰਦ ਵਿਚ ਹੀ ਸਕੂਨ ਹੁੰਦਾ, ਜਦ ਕੋਈ ਆਪਣਾ ਦਰਦ ਦਿੰਦਾ। ਸਕੂਨ ਵਿਚੋਂ ਫਿਰ ਦਰਦ ਦਾ ਦਰਿਆ ਭਰ ਵੱਗਦਾ, ਜਦ ਸਕੂਨ ਦੀ ਹਿੱਕ ਵਿਚ ਕੋਈ ਸੂਲ ਖੋਭਦਾ। ਦਰਦ ਅਤੇ ਸਕੂਨ ਦਾ ਕੇਹਾ ਰਿਸ਼ਤਾ ਕਿ ਕਈ ਵਾਰ ਇਹ ਰਿਸ਼ਤਾ ਸਿਰਜਦਿਆਂ ਹੀ ਬੰਦਾ ਅਉਧ ਵਿਹਾਜ ਜਾਂਦਾ। ਇਸ ਸਾਂਝ ਨੂੰ ਨਿਭਾਉਣ ਵਾਲੇ ਦਰਵੇਸ਼ ਲੋਕ, ਜਿਨ੍ਹਾਂ ਨੇ ਰੂਹਾਨੀ ਦਰਦ ਵਿਚੋਂ ਹੀ ਮਿਲੀ ਸਕੂਨਤਾ ਨੂੰ ਸੰਵੇਦਨਾ ਦਾ ਹਿੱਸਾ ਬਣਾ, ਜੀਵਨ-ਦਾਰਸ਼ਨਿਕਤਾ ਨੂੰ ਨਵੀਂ ਦਿਸ਼ਾ ਦਿਤੀ।

ਸੋਚ ਅਤੇ ਸੰਵੇਨਦਾ ਦਾ ਗੂੜ੍ਹਾ ਰਿਸ਼ਤਾ, ਕਿਉਂਕਿ ਸੋਚ ਵਿਚੋਂ ਹੀ ਸੰਵੇਦਨਾ ਪੈਦਾ ਹੁੰਦੀ। ਸੰਵੇਦਨਾ ਕਾਰਨ ਹੀ ਸੋਚ-ਸਰਵਰ ਵਿਚ ਹਲਚਲ ਹੁੰਦੀ। ਸੰਵੇਦਨਾ ਹੀ ਸੇਧ, ਸੰਦੇਸ਼ ਅਤੇ ਸੂਝ-ਸਰਗਮ ਬਣ ਕੇ ਜ਼ਿੰਦਗੀ ਦਾ ਮੁੱਖ ਨਿਖਾਰਦੀ। ਸੋਚ ਵਿਚੋਂ ਸਮਿਆਂ ਦੇ ਨਕਸ਼ ਜਨਮ ਲੈਂਦੇ ਅਤੇ ਇਨ੍ਹਾਂ ਵਿਚੋਂ ਨਵੀਆਂ ਸੋਚਾਂ ਪੈਦਾ ਹੁੰਦੀਆਂ। ਬਹੁਤ ਕਰੀਬੀ ਹੈ ਇਹ ਸਾਂਝੀਵਾਲਤਾ।

ਫਿਕਰ ਅਤੇ ਫਿਕਰਮੰਦੀ, ਇਕ ਦੂਜੇ ਦੇ ਸਾਹ। ਇਕ ਚੀਸ ਤੇ ਦੂਜੀ ਹਾਅ। ਇਕ ਦਰਦ ਤੇ ਦੂਜਾ ਦਵਾ। ਇਕ ਭਟਕਣ ਅਤੇ ਦੂਜੀ ਟਿਕਾਅ। ਇਕ ਹਉਕਾ ਅਤੇ ਦੂਜਾ ਹੁੰਗਰ। ਇਕ ਹੀ ਧਰਾਤਲ ਵਿਚੋਂ ਪੈਦਾ ਹੋਈਆਂ, ਇਕ ਦੂਜੇ ਦੇ ਫਿਕਰ ਵਿਚ ਹੀ ਜਿਉਂਦੀਆਂ।

ਚਿੰਤਾ ਵਿਚੋਂ ਪਨਪਦੀ ਚੇਤਨਾ ਅਤੇ ਚਿੰਤਾਵਾਨ ਮਨੁੱਖ ਹੀ ਚਿੰਤਕ ਹੁੰਦਾ। ਜਦ ਕੋਈ ਚਿੰਤਾ ਤੋਂ ਚਿੰਤਨ ਤੀਕ ਦਾ ਸਫਰਨਾਮਾ ਬਣਦਾ ਤਾਂ ਬਹੁਤ ਕੁਝ ਅਵਚੇਤਨ ਵਿਚ ਪੈਦਾ ਹੁੰਦਾ, ਜੋ ਚੇਤਨ ਰੂਪ ਵਿਚ ਸਮਾਜ ਲਈ ਨਵੀਂ ਸੇਧ ਅਤੇ ਸੰਭਾਵਨਾ ਦਾ ਸੂਰਜੀ ਆਗਾਜ਼ ਹੁੰਦਾ।

ਗਮ ਕਾਰਨ ਹੀ ਗਮੀਆਂ ਦੇ ਰੂਬਰੂ ਹੋਣਾ ਪੈਂਦਾ ਅਤੇ ਗਮਗੀਨ ਵਕਤ ਹੀ ਗਮ ਲਈ ਜਰਖੇਜ਼ ਧਰਾਤਲ। ਲੋੜ ਹੈ, ਗਮ ਅਤੇ ਗਮਗੀਨ ਵਕਤਾਂ ਦੀ ਸਾਂਝ ਨੂੰ ਤੋੜ, ਗਮ ਵਿਚੋਂ ਹੀ ਗਹਿਰ-ਗੰਭੀਰਤਾ ਅਤੇ ਗਹਿਰੀ ਵਿਸ਼ਲੇਸ਼ਣ ਨੂੰ ਜੀਵਨ-ਮੰਤਰ ਬਣਾਈਏ ਤਾਂ ਗਮ ਵਿਚ ਖੁਰ ਰਹੀ ਮਨੁੱਖੀ ਹੋਂਦ ਨੂੰ ਕਿਨਾਰੇ ਲੱਗਣ ਅਤੇ ਜੀਵਨ ਨੂੰ ਨਵੇਂ ਸਿਰਿਉਂ ਵਿਉਂਤਣ ਦਾ ਵਰ ਮਿਲੇਗਾ।

ਬੋਲ ਅਤੇ ਚੁੱਪ ਦੀ ਗੂੜ੍ਹੀ ਆੜੀ। ਬੋਲ ਹੀ ਕਈ ਵਾਰ ਚੁੱਪ ਪੈਦਾ ਕਰਦੇ, ਪਰ ਚੁੱਪ ਵਿਚੋਂ ਪੈਦਾ ਹੋਏ ਬੋਲਾਂ ਨੂੰ ਸੁਣਨਾ ਬਹੁਤ ਔਖਾ ਹੁੰਦਾ, ਕਿਉਂਕਿ ਚੁੱਪ ਜਦ ਚੀਖ ਬਣਦੀ, ਚਿੰਘਾੜਦੀ ਅਤੇ ਲਲਕਾਰ ਬਣਦੀ ਤਾਂ ਬੋਲ-ਬਹਾਦਰੀ ਦਾ ਬਾਣਾ ਪਾ, ਬੋਲਾਂ ਨੂੰ ਨਵੀਆਂ ਬੁਲੰਦੀਆਂ ਦਾ ਮਾਣ ਬਖਸ਼ਦੀ। ਬੋਲਣ ਲਈ ਚੁੱਪ ਰਹਿਣਾ ਵੀ ਜਰੂਰੀ ਅਤੇ ਚੁੱਪ ਨੂੰ ਮਾਣਨ ਲਈ ਕਈ ਵਾਰ ਬੋਲਣਾ ਵੀ ਜਰੂਰੀ। ਚੁੱਪ ਦੇ ਬੁੱਲਾਂ 'ਤੇ ਬੋਲ ਸਿੱਕਰੀ ਨਾ ਬਣਨ, ਕਿਉਂਕਿ ਬਹੁਤ ਔਖਾ ਹੁੰਦਾ ਏ ਅਜਿਹੀ ਚੁੱਪ ਨੂੰ ਬੋਲ ਅਰਪਣੇ।

ਅੰਧੇਰ ਅਤੇ ਚਾਨਣ, ਇਕ ਦੂਜੇ ਨਾਲ ਅੰਤਰੀਵ ਤੀਕ ਜੁੜੇ। ਹਨੇਰੇ ਵਕਤਾਂ ਵਿਚ ਬੰਦੇ ਨੂੰ ਚਾਨਣ-ਝੀਤ ਦੀ ਆਸ ਹੁੰਦੀ ਅਤੇ ਚਾਨਣ ਦੇ ਚੋਰ ਉਜਲੇ ਸਮਿਆਂ ਨੂੰ ਅੰਧੇਰ ਨਗਰੀ ਬਣਾਉਣ ਲਈ ਕਾਹਲੇ ਹੁੰਦੇ; ਪਰ ਕਹਿਰ ਭਰੇ ਵਕਤਾਂ ਵਿਚ ਜੁਗਨੂੰ ਵੀ ਚਾਨਣ ਦੀ ਕਾਤਰ ਵੰਡਣ ਲਈ ਹਨੇਰੇ ਨਾਲ ਆਢਾ ਲਾਉਣ ਤੋਂ ਗੁਰੇਜ਼ ਨਹੀਂ ਕਰਦਾ। ਚਾਨਣ-ਝੀਤ ਹੀ ਕਾਫੀ ਹੁੰਦੀ ਏ, ਹਨੇਰ ਢੋ ਰਹੇ ਬਦਨਸੀਬਾਂ ਲਈ, ਕਿਉਂਕਿ ਇਸ ਝੀਤ ਨਾਲ ਹੀ ਕਿਸਮਤ ਰੇਖਾਵਾਂ ਦੀ ਸਿਰਜਣਾ ਹੁੰਦੀ। ਚਾਨਣ ਵਿਚ ਛੁਪਿਆ ਹੁੰਦਾ ਏ ਹਨੇਰ।

ਅੱਖ ਅਤੇ ਅੱਖਾਂ ਵਿਚ ਤੈਰਦੇ ਸੁਪਨੇ, ਸੁਪਨਸਾਜ਼ੀ ਵਿਚ ਰੰਗੇ। ਇਕ ਦੂਜੇ ਦੀ ਸਾਹ-ਰਗ। ਸੁਪਨਿਆਂ ਦੀ ਅੱਖ ਜਦ ਸਿੰਮਦੀ ਤਾਂ ਗਾਲ ਦਿੰਦੇ ਦੀਦੇ ਅਤੇ ਸੁਪਨਿਆਂ ਦਾ ਗੁੰਗਾ ਦਰਦ ਘਰਾਲਾਂ ਬਣ ਕੇ ਮੁਖੜੇ ਨੂੰ ਬੇਰੰਗ ਬਣਾ ਦਿੰਦਾ। ਸੁਪਨਾ ਤਿੜਕਣ 'ਤੇ ਅੱਖ ਵਿਚ ਉਤਰੀ ਲਾਲੀ ਗਹਿਰੇ ਤੁਫਾਨਾਂ ਦਾ ਸੰਕੇਤ ਹੁੰਦੀ ਅਤੇ ਇਸ ਵਿਚੋਂ ਹੀ ਨੈਣਾਂ ਨੂੰ ਨਵੀਂ ਸੁਪਨ ਉਡਾਣ ਮਿਲਦੀ।

ਸ਼ਬਦ ਅਤੇ ਧੁਨੀ ਦਾ ਪਰਸਪਰ ਸਬੰਧ ਬਹੁਤ ਹੀ ਸੁਖਾਵਾਂ। ਸ਼ਬਦ ਵਿਚੋਂ ਹੀ ਧੁਨੀ ਪੈਦਾ ਹੁੰਦੀ। ਜਦ ਸ਼ਬਦ ਖਾਮੋਸ਼ ਹੋ ਜਾਂਦੇ ਤਾਂ ਆਲੇ-ਦੁਆਲੇ ਪਸਰ ਜਾਂਦੀ ਸੁੰਨਤਾ। ਇਸ ਸੁੰਨ-ਸਮਾਧੀ ਵਿਚ ਸਭ ਤੋਂ ਪਹਿਲਾਂ ਬੰਦਾ ਖੁਦ ਨੂੰ ਤਲਾਸ਼ਦਾ। ਇਹ ਤਲਾਸ਼ ਦਾ ਅਰੰਭ ਹੀ ਸ਼ਬਦ ਅਤੇ ਧੁਨੀ ਨੂੰ ਨਵਾਂ ਵਿਸਥਾਰ ਦੇਣ ਦਾ ਸਬੱਬ ਬਣਦਾ।

ਹਾਸੇ ਤੇ ਹੌਕੇ ਜੁੜਵੇਂ ਭਾਈ। ਹਾਸਿਆਂ ਵਿਚ ਵੱਸਦੇ ਹੌਕੇ ਅਤੇ ਹੌਕਿਆਂ ਨੂੰ ਮਿਲਦਾ ਹੱਸਣ ਦਾ ਵਰਦਾਨ। ਬਹੁਤ ਹੀ ਕਠਿਨ ਹੁੰਦਾ ਏ, ਰੋਂਦੇ ਰੋਂਦੇ ਹੱਸਣਾ ਅਤੇ ਹੱਸਦੇ ਹੱਸਦੇ ਰੋਣਾ। ਅਜਿਹਾ ਕਰਦਿਆਂ ਬਹੁਤ ਕੁਝ ਮਨ-ਤਹਿਆਂ ਵਿਚ ਛੁਪਾਉਣਾ ਪੈਂਦਾ।

ਇੱਕਮਿਕਤਾ ਏ ਇਕਰੰਗਤਾ। ਇਸ ਦੀ ਬਹੁ-ਰੂਪਤਾ ਨੂੰ ਅਧਿਆਤਮਕ ਅਤੇ ਸੰਸਾਰਕ ਪੱਖ ਤੋਂ ਵਿਚਾਰਿਆਂ ਗੁਰਬਾਣੀ ਦਾ ਖੂਬਸੂਰਤ ਫੁਰਮਾਨ ਏ,

ਰਾਮਕਲੀ ਮਹਲਾ ੧॥
ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ
ਕਵਣੁ ਬੁਝੈ ਬਿਧਿ ਜਾਣੈ॥

***(ਬਾਕੀ ਅਗਲੇ ਸਫੇ 'ਤੇ)***



***ਮਿੱਟੀ ਅਤੇ ਮਨੁੱਖ, ਕੁਦਰਤ ਦਾ ਬੇਜੋੜ ਸਾਥ। ਮਿੱਟੀ ਵਿਚੋਂ ਹੀ ਪੈਦਾ ਹੁੰਦਾ ਏ ਮਨੁੱਖ ਅਤੇ ਆਖਰ ਨੂੰ ਮਿੱਟੀ ਬਣ ਕੇ ਮਿੱਟੀ ਵਿਚ ਹੀ ਰਲ ਜਾਂਦਾ। ਫਿਰ ਇਸ ਮਿੱਟੀ ਵਿਚੋਂ ਕੁਕਨੂਸ ਪੈਦਾ ਹੋ ਕੇ ਮਿੱਟੀ ਨੂੰ ਮਾਣ ਤੇ ਸਨਮਾਨ ਬਖਸ਼ਦਾ। ਮਿੱਟੀ ਅਤੇ ਮਨੁੱਖ ਦੀ ਇਹ ਸਾਂਝ ਸਦੀਵੀ ਬਣੇ ਰਹੇ। ਜਾਰੀ ਰਹੇ ਇਹ ਸਾਂਝ-ਕਾਰਵਾਂ ਤਾਂ ਕਿ ਜ਼ਿੰਦਗੀ ਦੇ ਸਾਜ਼ ਦੀ ਸੁਰਤਾਲ ਤੇ ਸੰਗੀਤਕਤਾ, ਹਵਾ ਨੂੰ ਰੁਮਕਣੀ ਅਤੇ ਮਿੱਟੀ ਨੂੰ ਮਹਾਨਤਾ ਮਿਲਦੀ ਰਹੇ।***

# ਮੁਟਾਪੇ ਦੀ ਮਹਾਮਾਰੀ

ਪ੍ਰਿੰ. ਸਰਵਣ ਸਿੰਘ





**ਸਵਾਲ ਹੈ:** ਉਹ ਕਿਹੜੀ ਵਬਾ ਹੋਵੇਗੀ, ਜੋ ਲੋਕਾਈ ਲਈ ਮਹਾਮਾਰੀ ਬਣੇਗੀ?

**ਜਵਾਬ ਹੈ:** ਉਹ ਵਬਾ ਹੋਵੇਗੀ ਲੋੜੋਂ ਵਧ ਖਾਣਾ ਤੇ ਮੁਟਾਪੇ ਦੇ ਸ਼ਿਕਾਰ ਹੋਣਾ।

ਅੰਕੜੇ ਦੱਸਦੇ ਹਨ ਕਿ ਮੁਟਾਪੇ ਕਾਰਨ 'ਕੱਲੇ ਅਮਰੀਕਾ ਵਿਚ ਹੀ ਹਰ ਸਾਲ ਸਵਾ ਚਾਰ ਲੱਖ ਲੋਕ ਮਰ ਰਹੇ ਹਨ। ਇਸ ਹਿਸਾਬ ਨਾਲ ਤਾਂ ਦੁਨੀਆਂ 'ਚ ਆਏ ਸਾਲ ਇਕ ਕਰੋੜ ਬੰਦੇ ਪਾਰ ਬੋਲਦੇ ਹੋਣਗੇ। 2010 ਦੇ 'ਮੈਨਜ਼ ਫਿਟਨੈਸ' ਮੈਗਜ਼ੀਨ ਦੀ ਵਿਸ਼ੇਸ਼ ਰਿਪੋਰਟ ਵਿਚ ਤੱਤ ਕੱਢਿਆ ਗਿਆ ਸੀ ਕਿ ਇੱਕੀਵੀਂ ਸਦੀ ਦੇ ਮੁੱਢਲੇ ਦਸਾਂ ਸਾਲਾਂ ਵਿਚ ਹੀ ਮੋਟੇ ਲੋਕਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ। ਅਮਰੀਕਾ 'ਚ ਉਸ ਸਮੇਂ ਤਕ ਬਾਰਾਂ ਕਰੋੜ ਸੱਤਰ ਲੱਖ ਲੋਕਾਂ 'ਤੇ ਮੁਟਾਪੇ ਦੇ ਲਿਓੜ ਚੜ੍ਹ ਚੁਕੇ ਸਨ!

ਹੁਣ ਹਾਲਤ ਇਹ ਹੈ ਕਿ ਕੁਲ ਦੁਨੀਆਂ ਦੀ ਆਬਾਦੀ ਦਾ ਕਰੀਬ ਪੰਜਵਾਂ ਹਿੱਸਾ ਮੁਟਾਪੇ ਦਾ ਸ਼ਿਕਾਰ ਹੋ ਗਿਆ ਹੈ। ਘੱਟੋ-ਘੱਟ ਸਵਾ ਅਰਬ ਲੋਕ। ਇਉਂ ਇੱਕੀਵੀਂ ਸਦੀ ਦੀ ਸਭ ਤੋਂ ਵੱਡੀ ਜੰਗ ਦਹਿਸ਼ਤਵਾਦ ਜਾਂ ਕਰੋਨਾ ਵਾਇਰਸ ਜਿਹੀਆਂ ਮਹਾਮਾਰੀਆਂ ਦੀ ਥਾਂ ਮੁਟਾਪੇ ਦੇ ਖਿਲਾਫ ਲੜਨੀ ਪਵੇਗੀ। ਮੁਟਾਪੇ ਦਾ ਮੁੱਖ ਕਾਰਨ ਖੁਰਾਕ ਦੀ ਬਹੁਤਾਤ ਅਤੇ ਸਰੀਰਕ ਮੁਸ਼ੱਕਤ ਦੀ ਘਾਟ ਹੈ। ਕਦੇ ਰਾਜੇ-ਰਾਣੀਆਂ ਦੀਆਂ ਬਾਤਾਂ ਵਿਚ ਛੱਤੀ ਪ੍ਰਕਾਰ ਦੇ ਭੋਜਨ ਸੁਣਿਆਂ ਕਰਦੇ ਸਾਂ। ਹੁਣ 'ਕੱਲੇ ਅਮਰੀਕਾ 'ਚ ਹਰ ਸਾਲ 3000 ਤਰ੍ਹਾਂ ਦੇ ਨਵੇਂ ਲੇਬਲਾਂ ਵਾਲੇ ਭੋਜਨ ਮਾਰਕਿਟ ਵਿਚ ਆ ਰਹੇ ਹਨ। ਖਾਣਿਆਂ ਤੇ ਪੀਣਿਆਂ ਦੀ ਏਡੀ ਵੱਡੀ ਮਾਰਕਿਟ ਹੈ ਕਿ ਹਰ ਰੋਜ਼ ਅਰਬਾਂ-ਖਰਬਾਂ ਡਾਲਰਾਂ ਦਾ ਵਣਜ ਵਪਾਰ ਹੋ ਰਿਹੈ। ਸਾਢੇ ਸੱਤ ਸੌ ਕਰੋੜ ਦੀ ਜਨ ਸੰਖਿਆ, ਪ੍ਰਤੀ ਜੀਅ ਰੋਜ਼ ਪੰਜ ਦਸ ਡਾਲਰਾਂ ਦਾ ਭੋਜਨ ਵੀ ਖਰੀਦੇ ਤਾਂ ਹਿਸਾਬ ਲਾ ਲਓ ਕੁਲ ਕਿੰਨੇ ਦੀ ਖਰੀਦ ਹੋਈ?

ਬਹੁਤੀਆਂ ਕੰਪਨੀਆਂ ਨੂੰ ਬਹੁਤੇ ਮੁਨਾਫੇ ਲਈ ਮਨੁੱਖ ਦੇ ਸੁਆਦਾਂ ਦਾ ਫਿਕਰ ਹੈ, ਨਾ ਕਿ ਸਿਹਤ ਦਾ। ਸੁਆਦਾਂ ਨੇ ਦੁਨੀਆਂ ਪੱਟੀ ਪਈ ਹੈ। ਖਾਣ ਪੀਣ ਦੇ ਸੁਆਦ ਦੀ ਮਨੁੱਖੀ ਕਮਜ਼ੋਰੀ ਦਾ ਲਾਭ ਲੈਂਦਿਆਂ ਖਾਣੇ ਤਿਆਰ ਕਰਨ ਵਾਲੀਆਂ ਕੰਪਨੀਆਂ ਉਹਦੀ ਬਲੈਕਮੇਲ ਕਰ ਰਹੀਆਂ ਹਨ। ਦੂਜੇ ਬੰਨੇ ਮਨੁੱਖ ਦੀਆਂ ਆਪ ਸਹੇੜੀਆਂ ਬਿਮਾਰੀਆਂ ਦੇ ਇਲਾਜ ਦਾ ਲਾਹਾ ਲੈਂਦਿਆਂ ਦਵਾਈਆਂ ਵਾਲੀਆਂ ਕੰਪਨੀਆਂ ਮਾਲਾ-ਮਾਲ ਹੋ ਰਹੀਆਂ ਹਨ। ਇਹ ਸਮਝ ਲਓ ਕਿ ਮਨੁੱਖ ਦੇ ਪੇਟ ਵਿਚ ਬੇਲੋੜੀ ਖਾਧ ਸਮੱਗਰੀ ਪਾਉਣ ਵਾਲਿਆਂ ਦੀਆਂ ਵੀ ਪੰਜੇ ਘਿਉ 'ਚ ਹਨ ਤੇ ਪਿੱਛੋਂ ਦਵਾਈਆਂ ਦੇਣ ਵਾਲਿਆਂ ਦੇ ਵੀ ਦੋਹੀਂ ਹੱਥੀਂ ਲੱਡੂ ਹਨ!

ਮਨੁੱਖ ਜਿਵੇਂ-ਜਿਵੇਂ ਮਸ਼ੀਨਾਂ ਉਤੇ ਨਿਰਭਰ ਹੋਈ ਜਾ ਰਿਹੈ, ਉਹਦੀ ਸਰੀਰਕ ਮਿਹਨਤ ਘਟਦੀ ਜਾ ਰਹੀ ਹੈ। ਕਈਆਂ ਦਾ ਜ਼ੋਰ ਤਾਂ ਸਿਰਫ ਚਾਬੀ ਘੁਮਾਉਣ ਤੇ ਬਟਨ ਦੱਬਣ ਤਕ ਹੀ ਲੱਗ ਰਿਹੈ। ਕਈ ਕੰਮ ਰਿਮੋਟ ਕੰਟਰੋਲ ਨਾਲ ਕੀਤੇ ਜਾ ਰਹੇ ਨੇ। ਬੰਦਾ ਜ਼ੋਰ ਲਾ ਕੇ ਖੁਰਾਕੀ ਕਲੋਰੀਆਂ ਬਾਲਣ ਦੀ ਥਾਂ ਤੇਲ ਬਾਲੀ ਜਾ ਰਿਹੈ ਅਤੇ ਬੈਟਰੀਆਂ ਤੇ ਬਿਜਲੀ ਨਾਲ ਬੁੱਤੇ ਸਾਰੀ ਜਾ ਰਿਹੈ। ਬੰਦੇ ਦੇ ਢਿੱਡ 'ਚ ਪਾਈਆਂ ਜਾ ਰਹੀਆਂ ਕਲੋਰੀਆਂ ਚਰਬੀ 'ਚ ਬਦਲੀ ਜਾ ਰਹੀਆਂ ਨੇ, ਜਿਸ ਨਾਲ ਮੁਟਾਪਾ ਦਿਨੋ ਦਿਨ ਹੋਰ ਵਧੀ ਜਾ ਰਿਹੈ।

ਬਹੁਤ ਸਾਰੇ ਲੋਕਾਂ ਨੂੰ ਤਾਂ ਅਜੇ ਤਕ ਇਹ ਵੀ ਨਹੀਂ ਪਤਾ ਕਿ ਮੁਟਾਪਾ ਹੁੰਦਾ ਕਿਉਂ ਐਂ ਤੇ ਮੁਟਾਪੇ ਨਾਲ ਬਿਮਾਰੀਆਂ ਕਿਉਂ ਲੱਗਦੀਐਂ? ਉਨ੍ਹਾਂ ਨੂੰ ਸਮਝਾਉਣ ਦੀ ਲੋੜ ਹੈ ਕਿ ਮੁਟਾਪਾ ਅਨੇਕਾਂ ਬਿਮਾਰੀਆਂ ਦੀ ਮਾਂ ਹੈ। ਬਹੁਤੇ ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਹਾਰਟ ਅਟੈਕ ਤੇ ਹੋਰ ਦਰਜਨਾਂ ਬਿਮਾਰੀਆਂ ਮੁਟਾਪੇ ਕਾਰਨ ਹੁੰਦੀਆਂ ਹਨ। ਮੋਟਾ ਬੰਦਾ ਵੈਸੇ ਵੀ ਆਲਸੀ ਹੋ ਜਾਂਦੈ, ਜਿਸ ਨਾਲ ਕੰਮਾਂ ਕਾਰਾਂ ਦਾ ਕਾਫੀ ਨੁਕਸਾਨ ਹੁੰਦੈ। ਉਹ ਖਾਂਦਾ ਪੀਂਦਾ ਵੱਧ ਐ, ਕਮਾਉਂਦਾ ਘੱਟ। ਬਿਮਾਰ ਹੋ ਕੇ ਤਾਂ ਉਹ ਸਮਾਜ 'ਤੇ ਦੂਹਰਾ ਭਾਰ ਬਣ ਜਾਂਦੈ। ਬਿਮਾਰ ਬੰਦਾ ਆਪ ਹੀ ਦੁਖੀ ਨਹੀਂ ਹੁੰਦਾ, ਸਗੋਂ ਹੋਰਨਾਂ ਨੂੰ ਵੀ ਦੁਖੀ ਕਰਦੈ।

ਪਹਿਲੀ ਲੋੜ ਹੈ, ਲੋਕਾਂ ਨੂੰ ਸਰੀਰ ਦੇ ਵਾਧੂ ਭਾਰ ਪ੍ਰਤੀ ਸੁਚੇਤ ਕਰਨ ਦੀ। ਸਰੀਰਕ ਭਾਰ ਕੋਈ ਰਾਤੋ-ਰਾਤ ਨਹੀਂ ਵੱਧ ਜਾਂਦਾ। ਇਹ ਹੌਲੀ-ਹੌਲੀ ਵਧਦੈ, ਪਰ ਜਦੋਂ ਵਧ ਜਾਵੇ ਤਾਂ ਘਟਾਉਣਾ ਕਾਫੀ ਔਖਾ ਹੁੰਦੈ। ਇਸ ਲਈ ਅਰੰਭ ਤੋਂ ਹੀ ਸਭ ਨੂੰ ਸਰੀਰਕ ਭਾਰ ਬਾਰੇ ਸੁਚੇਤ ਕਰ ਦੇਣਾ ਚਾਹੀਦੈ। ਸਕੂਲੀ ਪੜ੍ਹਾਈ ਤੇ ਸਿਖਲਾਈ ਵਿਚ ਵਿਦਿਆਰਥੀਆਂ ਨੂੰ ਦੱਸਿਆ ਜਾਣਾ ਚਾਹੀਦੈ ਕਿ ਮੁਟਾਪੇ ਤੋਂ ਕਿਵੇਂ ਬਚਿਆ ਜਾ ਸਕਦੈ?

ਸਰੀਰਕ ਭਾਰ ਦਾ ਸਬੰਧ ਸਰੀਰਕ ਕੰਮ ਕਾਰ ਤੇ ਖਾਧ ਖੁਰਾਕ ਨਾਲ ਹੁੰਦੈ। ਜਿਹੋ ਜਿਹਾ ਕਿਸੇ ਦਾ ਘੱਟ ਜਾਂ ਵਧ ਜ਼ੋਰ ਵਾਲਾ ਕੰਮ ਕਾਜ ਹੋਵੇ, ਉਹਦੇ ਮੁਤਾਬਿਕ ਉਹਨੂੰ ਖਾਣ ਪੀਣ ਕਰਨਾ ਚਾਹੀਦੈ। ਇਹ ਨਹੀਂ ਹੋਣਾ ਚਾਹੀਦਾ ਕਿ ਦਿਹਾੜੀ 'ਚ ਕਲੋਰੀਆਂ ਤਾਂ ਡੇਢ ਹਜ਼ਾਰ ਹੀ ਬਲਣ, ਪਰ ਪੇਟ 'ਚ ਦੋ ਤਿੰਨ ਹਜ਼ਾਰ ਪਾਈਆਂ ਜਾਂਦੀਆਂ ਰਹਿਣ। ਜਿੰਨੀਆਂ ਕਲੋਰੀਆਂ ਢਿੱਡ 'ਚ ਪਾਈਆਂ ਜਾਣ, ਉਨੀਆਂ ਬਾਲੀਆਂ ਵੀ ਜਾਣ। ਮੋਟੇ ਬੰਦੇ ਸਗੋਂ ਵਧੇਰੇ ਕਲੋਰੀਆਂ ਬਾਲਣ ਤਾਂ ਕਿ ਉਨ੍ਹਾਂ ਦਾ ਵਾਧੂ ਬੋਝ ਘਟਣ ਲੱਗੇ।

ਅਸੀਂ ਅਕਸਰ ਵੇਖਦੇ ਹਾਂ ਕਿ ਸਖਤ ਸਰੀਰਕ ਕੰਮ ਕਰਨ ਵਾਲਿਆਂ ਨੂੰ ਰੋਗ ਘੱਟ ਚੰਬੜਦੇ ਹਨ ਅਤੇ ਬੈਠੇ ਬਿਠਾਏ ਕੰਮ ਕਰਨ ਵਾਲੇ ਤੇ ਵਿਹਲੜਾਂ ਨੂੰ ਵੱਧ। ਡਾਕਟਰਾਂ ਦਾ ਕਹਿਣਾ ਕਿ ਖੁਰਾਕ ਦੀ ਘਾਟ ਕਾਰਨ ਘੱਟ ਬਿਮਾਰੀਆਂ ਲੱਗਦੀਆਂ ਹਨ, ਪਰ ਖੁਰਾਕ ਦੀ ਬਹੁਤਾਤ ਕਾਰਨ ਵੱਧ। ਹੁਣ ਭੁੱਖ ਨਾਲ ਉਨੇ ਬੰਦੇ ਨਹੀਂ ਮਰ ਰਹੇ, ਜਿੰਨੇ ਵੱਧ ਖਾਣ ਨਾਲ ਮਰ ਰਹੇ ਨੇ। ਦੁਨੀਆਂ ਵਿਚ ਖਾਧ ਪਦਾਰਥ ਬਹੁਤ ਹੋ ਗਏ ਨੇ ਤੇ ਹੋਰ ਵੀ ਹੁੰਦੇ ਜਾਣੇ ਨੇ। ਲੋਕਾਂ ਨੂੰ ਵੱਡੀ ਪੱਧਰ 'ਤੇ ਸਿਖਿਅਤ ਕਰਨਾ ਪਵੇਗਾ ਕਿ ਉਹ ਕੀ ਖਾਣ ਤੇ ਕੀ ਨਾ ਖਾਣ? ਨਾਲ ਇਹ ਵੀ ਕਿ ਉਹ ਜੋ ਕੁਝ ਖਾ-ਪੀ ਰਹੇ ਨੇ, ਉਹਦੇ ਨਾਲ ਤਕੜੇ ਤਾਂ ਰਹਿਣ ਪਰ ਮੋਟੇ ਨਾ ਹੋਣ।

ਅਮਰੀਕਾ ਵਿਚ ਇਕ ਸਰਵੇਖਣ ਕੀਤਾ ਗਿਐ ਕਿ ਲੋਕ ਮੋਟੇ ਕਿਉਂ ਹੋ ਰਹੇ ਨੇ? ਨਤੀਜਾ ਨਿਕਲਿਆ ਹੈ ਕਿ 54% ਲੋਕ ਵਾਧੂ ਭੋਜਨ ਕਰਨ ਦੀਆਂ ਭੈੜੀਆਂ ਆਦਤਾਂ ਕਰਕੇ ਮੋਟੇ ਹੁੰਦੇ ਨੇ। 28% ਕਸਰਤ ਦੀ ਘਾਟ ਕਾਰਨ ਮੋਟੇ ਹੋ ਜਾਂਦੇ ਨੇ। ਬਾਕੀ 18% ਦੇ ਮੋਟੇ ਹੋਣ ਦਾ ਕਾਰਨ ਸਿਹਤ ਸੰਭਾਲ ਤੋਂ ਅਣਜਾਣ ਹੋਣਾ, ਕਸਰਤ ਲਈ ਸਮਾਂ ਨਾ ਕੱਢਣਾ ਅਤੇ ਖਾਣਿਆਂ-ਪੀਣਿਆਂ ਦੀ ਚਟਪਟੀ ਇਸ਼ਤਿਹਾਰਬਾਜ਼ੀ ਦੇ ਸ਼ਿਕਾਰ ਹੋ ਬਹਿਣਾ ਹੁੰਦੈ।

ਪਿਛਲੇ ਕੁਝ ਸਾਲਾਂ ਤੋਂ ਭਾਰ ਘਟਾਉਣ ਦਾ ਕਾਰੋਬਾਰ ਅਰਬਾਂ-ਖਰਬਾਂ ਡਾਲਰਾਂ ਦਾ ਧੰਦਾ ਬਣ ਚੁਕੈ। ਵਾਧੂ ਭਾਰ ਘਟਾਉਣ ਦੀਆਂ ਇੰਡਸਟਰੀਆਂ ਧੜਾਧੜ ਹੋਂਦ ਵਿਚ ਆ ਰਹੀਆਂ ਹਨ। ਕਿਧਰੇ ਭਾਰ ਘਟਾਉਣ ਦਾ ਮੈਟਰ ਛਾਪਣ ਵਾਲੇ ਮੈਗਜ਼ੀਨ ਛਪ ਰਹੇ ਨੇ, ਕਿਤਾਬਾਂ ਛਪ ਰਹੀਆਂ ਨੇ ਤੇ ਕਿਧਰੇ ਕਸਰਤੀ ਮਸ਼ੀਨਾਂ ਦੀਆਂ ਕਾਢਾਂ ਕੱਢੀਆਂ ਜਾ ਰਹੀਆਂ ਨੇ। ਭਾਰ-ਘਟਾਊ ਖਾਣੇ ਤਿਆਰ ਕੀਤੇ ਜਾ ਰਹੇ ਹਨ। ਭਾਰ ਘਟਾਉਣ ਵਾਲੀਆਂ ਜੜ੍ਹੀਆਂ ਬੂਟੀਆਂ ਦੀ ਖੋਜ ਹੋ ਰਹੀ ਹੈ ਤੇ ਵਾਧੂ ਭਾਰ ਪੇਟ 'ਚੋਂ ਚੀਰ ਦੇਣ ਦੀਆਂ ਸਰਜਰੀਆਂ ਹੋ ਰਹੀਆਂ ਹਨ। ਭਾਰ ਘਟਾਉਣ ਦੇ ਮਾਹਿਰ ਵਕੀਲਾਂ ਵਾਂਗ ਫੀਸਾਂ ਲੈਣ ਲੱਗੇ ਹਨ। ਭਾਰ ਸਾਵਾਂ ਕਰਨ ਵਾਲੇ ਕਲੀਨਿਕ ਖੁੱਲ੍ਹ ਗਏ ਹਨ ਤੇ ਡਾਕਟਰ ਅਜਿਹੀ ਗੋਲੀ ਤਿਆਰ ਕਰਨ ਵਿਚ ਮਸਰੂਫ ਹਨ, ਜਿਹਦੇ ਸੇਵਨ ਨਾਲ ਵਾਧੂ ਭਾਰ ਆਪਣੇ ਆਪ ਘਟ ਸਕੇ। ਭਾਰ ਘਟਾਊ ਗੋਲੀ ਲਈ ਕਰੋੜਾਂ ਡਾਲਰਾਂ ਦੇ ਪ੍ਰਾਜੈਕਟ ਖੋਜ ਅਧੀਨ ਹਨ।

ਜਿਨ੍ਹਾਂ ਦਾ ਭਾਰ ਵਧ ਗਿਆ ਹੋਵੇ, ਜੇ ਉਹ ਕੋਸ਼ਿਸ਼ ਕਰਨ ਤਾਂ ਘਟਾਇਆ ਜਾ ਸਕਦਾ ਹੈ, ਪਰ ਇਹਦੇ ਲਈ ਵਿੱਲ ਪਾਵਰ ਮਜ਼ਬੂਤ ਹੋਣੀ ਚਾਹੀਦੀ ਹੈ। ਦ੍ਰਿੜ ਇਰਾਦੇ ਤੋਂ ਬਿਨਾ ਭਾਰ ਘਟਾਇਆ ਜਾਣਾ ਕਾਫੀ ਮੁਸ਼ਕਿਲ ਹੈ। ਉਹੀ ਬੰਦੇ ਵਧਿਆ ਭਾਰ ਘਟਾ ਸਕਦੇ ਨੇ, ਜੋ ਸੁਆਦਾਂ ਉਤੇ ਕਾਬੂ ਪਾ ਲੈਣ। ਮੁਟਾਪੇ ਲਈ ਵਰਜਿਤ ਖਾਣੇ ਤੇ ਪੀਣੇ ਬਿਲਕੁਲ ਨਾ ਖਾਣ-ਪੀਣ। ਭਾਰ ਘਟਾਉਣ ਬਾਰੇ ਡਾਕਟਰਾਂ, ਕਿਤਾਬਾਂ ਤੇ ਮੈਗਜ਼ੀਨਾਂ ਦੀਆਂ ਸੈਂਕੜੇ ਸਲਾਹਾਂ ਤੇ ਹਜ਼ਾਰਾਂ ਗੁਰ ਹਨ, ਜਿਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪੰਜਾਬੀ ਪੜ੍ਹਨ ਵਾਲਿਆਂ ਲਈ ਡਾ. ਨਵਦੀਪ ਸਿੰਘ ਦੀ ਪੁਸਤਕ 'ਮੋਟਾਪੇ ਤੋਂ ਮੁਕਤੀ' ਦੇ ਚੰਗੇ ਗੁਰ ਦੱਸਣ ਵਾਲੀ ਹੈ। ਸਭ ਤੋਂ ਸਸਤੇ ਤੇ ਸਹੀ ਗੁਰ ਉਂਗਲਾਂ 'ਤੇ ਗਿਣੇ ਜਾਣ ਜੋਗੇ ਹੀ ਹਨ।

ਪਹਿਲਾ ਗੁਰ ਹੈ, ਹਰ ਕੋਈ ਕਲੋਰੀਆਂ ਬਾਰੇ ਸੁਚੇਤ ਹੋਵੇ। ਅਜਿਹੇ ਚਾਰਟ ਆਮ ਮਿਲ ਜਾਂਦੇ ਹਨ, ਜਿਨ੍ਹਾਂ ਵਿਚ ਖਾਧ ਪਦਾਰਥਾਂ ਦੀਆਂ ਕਲੋਰੀਆਂ ਦੱਸੀਆਂ ਹੁੰਦੀਆਂ ਹਨ। ਮਸਲਨ ਤਲਿਆ ਹੋਇਆ ਪਰੌਂਠਾ ਤਿੰਨ ਸੌ ਕਲੋਰੀਆਂ ਦਾ ਹੋ ਸਕਦੈ, ਜਦ ਕਿ ਅਣਚੋਪੜੀ ਰੋਟੀ ਸੌ ਕਲੋਰੀਆਂ ਦੀ ਵੀ ਨਹੀਂ ਹੁੰਦੀ। ਕੱਚਾ ਪਿਆਜ਼ ਪੱਚੀ ਕਲੋਰੀਆਂ ਦਾ ਵੀ ਨਹੀਂ ਹੁੰਦਾ, ਜਦ ਕਿ ਤੜਕਿਆ ਤਿੰਨ ਸੌ ਕਲੋਰੀਆਂ ਦਾ ਬਣ ਜਾਂਦੈ। ਥੰਧੇ ਤੇ ਮਿੱਠੇ ਵਿਚ ਸਭ ਤੋਂ ਵੱਧ ਕਲੋਰੀਆਂ ਹੁੰਦੀਆਂ ਹਨ। ਮੋਟਿਆਂ ਨੂੰ ਥੰਧਾ, ਮਿੱਠਾ ਤੇ ਲੂਣ ਹਰ ਹਾਲਤ ਵਿਚ ਘਟਾ ਦੇਣਾ ਚਾਹੀਦੈ।

ਤਲੇ ਹੋਏ ਖਾਣੇ, ਮਠਿਆਈਆਂ ਤੇ ਸਲੂਣੇ ਮੁਟਾਪੇ ਦੀ ਖਾਣ ਹਨ। ਮੋਟੇ ਬੰਦੇ ਸਬਜ਼ੀਆਂ ਤੇ ਫੋਕੇ ਫਲ ਖਾ ਕੇ ਵਜ਼ਨ ਘਟਾ ਸਕਦੇ ਨੇ। ਉਨ੍ਹਾਂ ਨੂੰ ਰੋਟੀਆਂ ਵੀ ਘਟਾਉਣੀਆਂ ਚਾਹੀਦੀਆਂ ਤੇ ਦੁੱਧ ਵੀ ਇਕ/ਦੋ ਪਰਸੈਂਟ ਫੈਟ ਵਾਲਾ ਪੀਣਾ ਚਾਹੀਦੈ। ਸਲਾਦ ਵੱਧ ਖਾ ਲੈਣ। ਜਿੰਨਾ ਕੁਝ ਖਾਣ ਪੀਣ ਉਹਦੀਆਂ ਕਲੋਰੀਆਂ ਗਿਣਨ। ਜਿੰਨੀਆਂ ਕਲੋਰੀਆਂ ਢਿੱਡ ਵਿਚ ਪਾਈਆਂ ਨੇ, ਜੇ ਉਨੀਆਂ ਹੀ ਬਾਲੀਆਂ ਜਾਂਦੀਆਂ ਨੇ ਤਾਂ ਨਾ ਭਾਰ ਘਟੇਗਾ, ਨਾ ਵਧੇਗਾ। ਜੇ ਪੰਦਰਾਂ ਸੌ ਕਲੋਰੀਆਂ ਪਾ ਕੇ ਸਰੀਰਕ ਸਰਗਰਮੀ ਨਾਲ ਦੋ ਢਾਈ ਹਜ਼ਾਰ ਬਾਲ ਦਿੱਤੀਆਂ ਜਾਣ ਤਾਂ ਭਾਰ ਘਟਣਾ ਸ਼ੁਰੂ ਹੋ ਜਾਵੇਗਾ।

ਵਰਤ ਰੱਖ ਕੇ ਜਾਂ ਡੰਗ ਭੰਨ-ਭੰਨ ਕੇ ਭਾਰ ਘਟਾਉਣਾ ਵਧੀਆ ਤਰੀਕਾ ਨਹੀਂ। ਇਸ ਤਰ੍ਹਾਂ ਘਟਾਇਆ ਭਾਰ ਖਾਣ-ਪੀਣ ਨਾਲ ਫਿਰ ਵਧ ਜਾਂਦੈ। ਵਧੀਆ ਤਰੀਕਾ ਇਹ ਹੈ ਕਿ ਮੋਟੇ ਬੰਦੇ ਆਪਣੀ ਖਾਧ ਖੁਰਾਕ ਦੀ ਸਹੀ ਚੋਣ ਕਰਨ। ਹੌਲੀ-ਹੌਲੀ ਕਲੋਰੀਆਂ ਘਟਾਈ ਜਾਣ ਤੇ ਸਰੀਰਕ ਸਰਗਰਮੀ ਵਧਾਈ ਜਾਣ। ਲੰਮੇ ਸਮੇਂ ਦਾ ਪ੍ਰੋਗਰਾਮ ਬਣਾਉਣ, ਜੋ ਸਾਲਾਂ-ਬੱਧੀ ਚੱਲ ਸਕੇ। ਸਰੀਰਕ ਭਾਰ ਹੌਲੀ-ਹੌਲੀ ਲਗਾਤਾਰ ਘਟਾਇਆ ਜਾਵੇ ਤੇ ਆਦਰਸ਼ ਭਾਰ 'ਤੇ ਲਿਆ ਕੇ ਟਿਕਾਅ ਲਿਆ ਜਾਵੇ। ਇਸ ਅਮਲ ਵਿਚ ਹਰ ਵੇਲੇ ਚੇਤੰਨ ਰਹਿਣ ਦੀ ਲੋੜ ਹੈ। ਸੌਖਾ ਗੁਰ ਹੈ, ਆਪਣੀ ਖਾਧ ਖੁਰਾਕ ਦਾ ਤੀਜਾ ਹਿੱਸਾ ਘਟਾ ਦਿਓ ਅਤੇ ਸਰੀਰਕ ਸਰਗਰਮੀ ਤੀਜਾ ਹਿੱਸਾ ਵਧਾ ਦਿਓ। ਮੋਟਾਪਾ ਆਪਣੇ ਆਪ ਘਟਦਾ ਜਾਵੇਗਾ।

ਅਖੀਰ ਵਿਚ ਮੈਂ ਉਸ ਗੁਰ ਦਾ ਵੀ ਜ਼ਿਕਰ ਕਰਨਾ ਚਾਹਾਂਗਾ, ਜੋ ਖਾਣ-ਪੀਣ ਦੀ ਪਾਰਟੀ ਵਿਚ ਇਕ ਹੰਢੇ ਹੋਏ ਬਜ਼ੁਰਗ ਨੇ ਦੱਸਿਆ ਸੀ। ਉਹ ਖੁਦ ਇਕਹਿਰੇ ਜੁੱਸੇ ਦਾ ਹਸਮੁੱਖ ਜਿਊੜਾ ਸੀ, ਜੋ ਮਹਿਫਿਲ ਦਾ ਸ਼ਿੰਗਾਰ ਬਣਿਆ ਹੋਇਆ ਸੀ। ਹੋਰਨਾਂ ਵਾਂਗ ਉਹ ਮੀਟ ਮੱਛੀ ਦੇ ਪਕੌੜਿਆਂ ਨੂੰ ਮੂੰਹ ਨਹੀਂ ਸੀ ਮਾਰ ਰਿਹਾ, ਨਮਕੀਨ ਨਹੀਂ ਸੀ ਨਿਗਲ ਰਿਹਾ। ਉਹ ਦੋ ਛੋਟੇ ਹਾੜਿਆਂ ਤਕ ਹੀ ਸੀਮਤ ਰਿਹਾ। ਜਾਂਦਾ-ਜਾਂਦਾ ਲੱਖ ਰੁਪਏ ਦੀ ਗੱਲ ਦੱਸ ਗਿਆ, ਅਖੇ ਜੇ ਬੰਦਾ ਤੀਜੇ ਹਾੜੇ ਤੇ ਤੀਜੀ ਰੋਟੀ ਨੂੰ ਨਾਂਹ ਕਰ ਸਕਦੈ, ਉਹ ਦਸ ਵਰ੍ਹੇ ਵੱਧ ਜਿਉਂ ਸਕਦੈ। ਇਹ ਜਿਉਣ ਵਾਲਿਆਂ 'ਤੇ ਨਿਰਭਰ ਹੈ, ਉਹ ਵੱਧ ਜਿਉਣਾ ਚਾਹੁੰਦੇ ਨੇ ਜਾਂ ਘੱਟ?

# ਇੱਕਮਿੱਕਤਾ ਦਾ ਇੱਕਤਾਰਾ

*(ਪਿਛਲੇ ਸਫੇ ਦੀ ਬਾਕੀ)*

---

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ
ਉਸਨ ਸੀਤ ਬਿਧਿ ਸੋਈ॥

---

ਪੁਰਖਿ ਮਹਿ ਨਾਰਿ ਨਾਰਿ ਮਹਿ
ਪੁਰਖਾ ਬੂਝਹੁ ਬ੍ਰਹਮ ਗਿਆਨੀ॥
ਧੁਨਿ ਮਹਿ ਧਿਆਨੁ ਧਿਆਨੁ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ
ਪੰਚ ਮਿਲੇ ਗੁਰ ਭਾਈ॥
ਨਾਨਕ ਤਿਨ ਕੈ ਸਦ ਬਲਿਹਾਰੀ
ਜਿਨ ਏਕ ਸਬਦਿ ਲਿਵ ਲਾਈ॥
(ਗੁਰੂ ਨਾਨਕ ਦੇਵ ਜੀ)

ਨੇੜਤਾ ਅਤੇ ਦੂਰੀ ਅਜਿਹੇ ਸ਼ਬਦ, ਜੋ ਮਹੀਨ ਸਮਝਾਂ ਅਤੇ ਮਨੋਬਿਰਤੀਆਂ ਦਾ ਸ਼ੀਸ਼ਾ। ਕਈ ਵਾਰ ਬਹੁਤ ਨੇੜੇ ਹੁੰਦਿਆਂ ਵੀ ਅਸੀਂ ਬਹੁਤ ਦੂਰ ਹੁੰਦੇ, ਪਰ ਕਈ ਵਾਰ ਦੂਰ ਹੁੰਦਿਆਂ ਵੀ ਬਹੁਤ ਕਰੀਬ ਹੁੰਦੇ। ਦੂਰ ਜਾਂ ਨੇੜਤਾ ਸਰੀਰਕ ਨਾਲੋਂ ਮਾਨਸਿਕਤਾ ਵਿਚ ਫੈਲ ਜਾਵੇ ਤਾਂ ਅਰਥਾਂ ਨੂੰ ਵਿਸ਼ਾਲਤਾ ਮਿਲਦੀ। ਯਾਦ ਰਹੇ, ਮਾਨਸਿਕ ਨੇੜਤਾ ਕਦੇ ਵੀ ਸਰੀਰਕ ਦੂਰੀਆਂ ਦੀ ਮੁਥਾਜ ਨਹੀਂ ਹੁੰਦੀ। ਸਰੀਰਕ ਦੂਰੀਆਂ ਤਾਂ ਹੋਣ, ਪਰ ਕਦੇ ਵੀ ਮਾਨਸਿਕ ਦੂਰੀਆਂ ਨਾ ਪੈਦਾ ਕਰਿਓ, ਕਿਉਂਕਿ ਸਰੀਰਕ ਦੂਰੀਆਂ ਤੈਅ ਕਰਨੀਆਂ ਆਸਾਨ, ਪਰ ਮਾਨਸਿਕ ਤਰੇੜਾਂ ਦੀ ਭਰਪਾਈ ਸੌਖੀ ਨਹੀਂ ਹੁੰਦੀ ਅਤੇ ਤਰੇੜਾਂ ਦੇ ਨਿਸ਼ਾਨ ਹਮੇਸ਼ਾ ਰਹਿ ਹੀ ਜਾਂਦੇ।

ਆਪਣੇ ਜਦ ਬੇਗਾਨਗੀ ਦਾ ਅਹਿਸਾਸ ਕਰਵਾਉਂਦੇ ਅਤੇ ਬਿਗਾਨੇ ਆਪਣਿਆਂ ਨਾਲੋਂ ਜ਼ਿਆਦਾ ਅਪਣੱਤ ਜਤਾਉਂਦੇ ਤਾਂ ਆਪਣੇਪਣ ਵਿਚ ਛੁਪੀ ਹੋਈ ਬੇਗਾਨਗੀ ਅਤੇ ਬੇਗਾਨੇਪਣ ਵਿਚ ਰਮਿਆ ਆਪਣਾਪਣ, ਜੀਵਨੀ ਸੱਚ ਨੂੰ ਉਜਾਗਰ ਕਰਦਾ, ਜਿਸ ਤੋਂ ਅਸੀਂ ਬੇਲਗਾਮ ਹੋਣ ਦਾ ਭਰਮ ਪਾਲਦੇ। ਟੁੱਟ ਰਹੇ ਰਿਸ਼ਤੇ, ਤਿੜਕ ਰਹੇ ਸਬੰਧ ਤੇ ਵੱਧ ਰਹੀਆਂ ਦੂਰੀਆਂ ਤਾਂ ਆਪਣੇਪਣ ਅਤੇ ਬੇਗਾਨੇਪਣ ਦੀਆਂ ਗੁੰਝਲਾਂ 'ਚ ਹੀ ਗਵਾਚ ਗਏ ਨੇ।

ਰੰਗ ਅਤੇ ਰੋਸ਼ਨੀ ਆਪਸ ਵਿਚ ਇਕਮਿੱਕ। ਆਮ ਅੱਖ ਨਾਲ ਰੋਸ਼ਨੀ ਵਿਚੋਂ ਰੰਗਾਂ ਨੂੰ ਕਿੰਜ ਨਿਹਾਰੋਗੇ? ਕਦੇ ਅੰਬਰ ਵਿਚ ਪਈ ਸਤਰੰਗੀ ਨੂੰ ਦੇਖਣਾ, ਤੁਹਾਨੂੰ ਰੋਸ਼ਨੀ ਵਿਚ ਰਚੇ ਹੋਏ ਸੱਤ ਰੰਗਾਂ ਦੀ ਆਭਾ ਨਜ਼ਰ ਆਵੇਗੀ। ਸਤਰੰਗੀ ਅਚੇਤ ਰੂਪ ਵਿਚ ਇਹ ਸੁਨੇਹਾ ਦਿੰਦੀ ਕਿ ਰੋਸ਼ਨੀ ਜਿਹਾ ਸ਼ਖਸੀ ਬਿੰਬ ਬਣਾਉਣ ਵੱਲੀਂ ਕਦਮ ਉਠਾਉਣਾ, ਵਿਅਕਤੀਤਵ ਵਿਚਲੀ ਸੱਤਰੰਗੀ ਖੁਦ-ਬ-ਖੁਦ ਪ੍ਰਗਟ ਹੋ ਕੇ ਜੀਵਨ-ਅੰਬਰ ਨੂੰ ਰੰਗੀਨ ਅਤੇ ਸੁੰਦਰ ਬਣਾਵੇਗੀ। ਇਹ ਪੀਂਘ ਮਾਨਸਿਕ ਹੁਲਾਰ ਦੀ ਤਮੰਨਾ ਜ਼ਰੂਰ ਪੈਦਾ ਕਰੇਗੀ।

ਸਮਝ ਅਤੇ ਬੇਸਮਝੀ ਨਾਲੋ-ਨਾਲ ਚੱਲਦੇ। ਕਿਸੇ ਦੀ ਬੇਸਮਝੀ ਵਿਚੋਂ ਹੀ ਗਲਤਫਹਿਮੀਆਂ ਪੈਦਾ ਹੁੰਦੀਆਂ। ਇਨ੍ਹਾਂ ਨੂੰ ਦੂਰ ਕਰਨ ਲਈ ਸਮਝ ਦਾ ਪੱਲਾ ਜਰੂਰੀ। ਕੁਝ ਲੋਕ ਖੁਦ ਨੂੰ ਇੰਨਾ ਸਮਝਦਾਰ ਬਣਾ ਬਹਿੰਦੇ ਕਿ ਖੁਦ ਹੀ ਬੇਸਮਝੀ ਦਾ ਬਿੰਬ ਬਣ ਜਾਂਦੇ। ਸਮਝਦਾਰ ਤਾਂ ਹੋਵੋ, ਪਰ ਆਪਣੀ ਸਮਝ ਨੂੰ ਹਉਮੈ ਨਾ ਬਣਾਓ, ਸਗੋਂ ਸਲੀਮੀ ਬਣਾਓ। ਸਮਝ ਤੁਹਾਡੇ ਦਰ ਦੀ ਬਾਂਦੀ ਬਣੇਗੀ।

ਇੱਕਮਿੱਕਤਾ ਹੋਣੀ ਚਾਹੀਦੀ ਏ ਜਿਵੇਂ
ਫੁੱਲ ਤੇ ਮਹਿਕ,
ਚਾਅ ਤੇ ਚਹਿਕ,
ਸਮਾਂ ਤੇ ਸਹਿਕ
ਅਤੇ ਟੌਹਰ ਤੇ ਟਹਿਕ ਦੀ।
ਜਿਵੇਂ, ਤਾਰੇ ਤੇ ਲੋਅ,
ਸੱਜਣ ਤੇ ਸੋਅ,
ਖਾਮੋਸ਼ੀ ਤੇ ਖੋਹ
ਅਤੇ ਜਸ਼ਨ ਤੇ ਜਲੌਅ ਦੀ।
ਜਿਵੇਂ, ਅਦਬ ਤੇ ਆਦਾਬ,
ਆਸਥਾ ਤੇ ਆਜ਼ਾਬ,
ਖਿਆਲ ਤੇ ਖੁਆਬ
ਅਤੇ ਮਰਦਾਨਾ ਤੇ ਰਬਾਬ ਦੀ।
ਜਿਵੇਂ, ਜਿੰਦ ਤੇ ਜਾਨ,
ਵਿਦਿਆ ਤੇ ਵਿਦਵਾਨ,
ਗੁਰੂ ਤੇ ਗਿਆਨ
ਅਤੇ ਧਰਮ ਤੇ ਧਿਆਨ ਦੀ।
ਜਿਵੇਂ, ਵਿਸ਼ਵਾਸ ਤੇ ਆਸ,
ਧੀਰਜ ਤੇ ਧਰਵਾਸ,
ਪੰਛੀ ਤੇ ਪਰਵਾਸ
ਅਤੇ ਹਲੀਮੀ ਤੇ ਹੁਲਾਸ ਦੀ।
ਜਿਵੇਂ, ਪਰ ਤੇ ਪਰਵਾਜ਼,
ਸੁਰ ਤੇ ਸਾਜ਼,
ਅੰਤਰੀਵ ਤੇ ਅਵਾਜ਼
ਅਤੇ ਰੂਹ ਤੇ ਰੰਗਰਾਜ਼ ਦੀ।

ਪਿਆਰ ਅਤੇ ਨਫਰਤ, ਜੀਵਨ ਨਦੀ ਦੀਆਂ ਦੋ ਧਾਰਾਵਾਂ। ਇਕ ਦੂਜੇ ਦੇ ਰੰਗ ਵਿਚ ਰੰਗੇ। ਪਿਆਰ ਜਦ ਨਫਰਤ ਵਿਚ ਵਟੀਂਦਾ ਤਾਂ ਜੀਵਨ ਦਾ ਖੋਅ ਹੁੰਦਾ। ਜਦ ਨਫਰਤ ਪਿਆਰ ਦਾ ਬਾਣਾ ਪਾਉਂਦੀ ਤਾਂ ਗਲਵੱਕੜੀਆਂ ਅਤੇ ਨਿੱਘ-ਮਿਲਣੀਆਂ ਦੀ ਰੁੱਤ ਆਉਂਦੀ। ਬਹੁਤ ਮਨਹੂਸ ਹੁੰਦਾ ਹੈ ਪਿਆਰ ਕਰਦਿਆਂ ਦਿਲ ਵਿਚ ਨਫਰਤ ਨੂੰ ਥਾਂ ਦੇਣੀ ਅਤੇ ਨਫਰਤ ਕਰਦਿਆਂ ਕਿਸੇ ਲਈ ਪਿਆਰ ਦਾ ਭੁਲਾਵਾ ਪੈਦਾ ਕਰਨਾ।

ਕਵੀ ਵਿਚੋਂ ਕਵਿਤਾ ਅਤੇ ਲੇਖਕ ਵਿਚੋਂ ਲਿਖਤ ਨੂੰ ਕਿੰਜ ਵੱਖ ਕਰੋਗੇ? ਕਵੀ, ਕਵਿਤਾ ਵਿਚ ਹਮੇਸ਼ਾ ਹਾਜ਼ਰ-ਨਾਜ਼ਰ। ਲਿਖਤ ਵਿਚੋਂ ਹੀ ਲੇਖਕ ਦੇ ਸਮੁੱਚ ਨੂੰ ਨਿਹਾਰਿਆ ਜਾ ਸਕਦਾ। ਇਕ ਦੂਜੇ ਦੀ ਪਛਾਣ ਅਤੇ ਪ੍ਰਮਾਣ। ਇਕ ਦੂਜੇ ਦੀ ਵਿਆਖਿਆ ਅਤੇ ਵਰਣਨ। ਇਕ ਦੂਜੇ ਦਾ ਪਸਾਰ ਅਤੇ ਪਹਿਰਨ।

ਦਰਿਆਵਾਂ ਨਾਲ ਹੀ ਬਗਲਗੀਰ ਹੁੰਦੇ ਬਰੇਤੇ ਅਤੇ ਬਰੇਤਿਆਂ ਦੀ ਹਾਜ਼ਰੀ ਕਾਰਨ ਹੀ ਦਰਿਆ ਨਜ਼ਰ ਆਉਂਦੇ। ਬਰੇਤੇ ਅਤੇ ਦਰਿਆ ਇਕ ਦੂਜੇ ਦੇ ਹਮਰਾਜ਼ ਅਤੇ ਹਮਰੁਤਬਾ। ਜਦ ਬਰੇਤੇ ਦਰਿਆਵਾਂ ਨੂੰ ਹਜ਼ਮ ਲੈਂਦੇ ਜਾਂ ਦਰਿਆਵਾਂ ਦੀ ਹਿੱਕ 'ਤੇ ਬਰੇਤੇ ਉਗਦੇ ਤਾਂ ਕਹਿਰ ਭਰੇ ਸਮਿਆਂ ਦੀ ਦਸਤਕ ਸੁਣਦੀ। ਇਕ ਦੀ ਗੈਰ-ਹਾਜ਼ਰੀ ਕਾਰਨ ਮਨੁੱਖ ਅਤੇ ਕੁਦਰਤ ਦੇ ਪਸਾਰੇ ਦੇ ਰੁਕਣ ਦੀ ਸੰਭਾਵਨਾ ਪੈਦਾ ਹੁੰਦੀ। ਲੋੜ ਹੈ, ਦਰਿਆ ਤੇ ਬਰੇਤਾ ਇਕ ਦੂਜੇ ਦੀ ਨੇੜਤਾ ਵਿਚੋਂ ਜੀਵਨ-ਸਾਹਾਂ ਦਾ ਸੰਦਲੀ ਵਪਾਰ ਕਰਦੇ ਰਹਿਣ।

ਮਿੱਟੀ ਅਤੇ ਮਨੁੱਖ, ਕੁਦਰਤ ਦਾ ਬੇਜੋੜ ਸਾਥ। ਮਿੱਟੀ ਵਿਚੋਂ ਹੀ ਪੈਦਾ ਹੁੰਦਾ ਏ ਮਨੁੱਖ ਅਤੇ ਆਖਰ ਨੂੰ ਮਿੱਟੀ ਬਣ ਕੇ ਮਿੱਟੀ ਵਿਚ ਹੀ ਰਲ ਜਾਂਦਾ। ਫਿਰ ਇਸ ਮਿੱਟੀ ਵਿਚੋਂ ਕੁਕਨੂਸ ਪੈਦਾ ਹੋ ਕੇ ਮਿੱਟੀ ਨੂੰ ਮਾਣ ਤੇ ਸਨਮਾਨ ਬਖਸ਼ਦਾ। ਮਿੱਟੀ ਅਤੇ ਮਨੁੱਖ ਦੀ ਇਹ ਸਾਂਝ ਸਦੀਵੀ ਬਣੇ ਰਹੇ। ਜਾਰੀ ਰਹੇ ਇਹ ਸਾਂਝ-ਕਾਰਵਾਂ ਤਾਂ ਕਿ ਜ਼ਿੰਦਗੀ ਦੇ ਸਾਜ਼ ਦੀ ਸੁਰਤਾਲ ਤੇ ਸੰਗੀਤਕਤਾ, ਹਵਾ ਨੂੰ ਰੁਮਕਣੀ ਅਤੇ ਮਿੱਟੀ ਨੂੰ ਮਹਾਨਤਾ ਮਿਲਦੀ ਰਹੇ।

ਕਲਾ ਪਰਿਕਰਮਾ

# ਮੱਖਣ ਸ਼ਾਹ ਲੁਬਾਣਾ ਦਾ ਜਹਾਜ਼

ਇਕ ਬਿਰਤਾਂਤ ਅਸੀਂ ਸਾਰਿਆਂ ਨੇ ਵਾਰ-ਵਾਰ ਸੁਣਿਆ ਹੈ। ਮੱਖਣ ਸ਼ਾਹ ਲੁਬਾਣਾ ਦਾ ਜਹਾਜ਼ ਸਮੁੰਦਰ ਵਿਚ ਫਸ ਗਿਆ ਹੈ। ਉਹ ਗੁਰੂ ਧਿਆਉਂਦਾ ਹੈ, ਕੁਝ ਮੋਹਰਾਂ ਚੜ੍ਹਾਉਣ ਦੀ ਸੁਖਣਾ ਸੁੱਖਦਾ ਹੈ। ਗੁਰੂ ਜੀ ਆਪਣਾ ਮੋਢਾ ਦੇ ਕੇ ਜਹਾਜ਼ ਸਹੀ ਸਲਾਮਤ ਮੰਜ਼ਿਲ 'ਤੇ ਪਹੁੰਚਾ ਦਿੰਦੇ ਹਨ। ਹੁਣ ਮੱਖਣ ਸ਼ਾਹ ਮੋਹਰਾਂ ਲੈ ਕੇ ਸੁਖਣਾ ਸੁੱਖਣ ਬਾਬੇ ਬਕਾਲੇ ਪਹੁੰਚਿਆ ਹੈ। ਉਥੇ ਕਿੰਨੇ ਸਾਰੇ ਭੇਖੀ ਗੁਰੂ ਬਣੀ ਬੈਠੇ ਹਨ। ਤਰਕੀਬ ਲੜਾਉਂਦਾ ਹੈ, ਇਕ-ਇਕ ਮੋਹਰ ਹਰ ਇਕ ਅੱਗੇ ਰੱਖਦਾ ਹੈ ਪਰ ਅੰਤ ਜਦੋਂ ਗੁਰੂ ਤੇਗ ਬਹਾਦਰ ਜੀ ਕੋਲ ਰੱਖਦਾ ਹੈ ਤਾਂ ਗੁਰੂ ਜੀ ਬਚਨ ਯਾਦ ਕਰਵਾਉਂਦੇ ਹਨ। ਮੱਖਣ ਸ਼ਾਹ 'ਗੁਰੂ ਲਾਧੋ ਰੇ' ਦਾ ਐਲਾਨ ਕਰਦਾ ਹੈ। ਨਾਟਕਕਾਰ ਗੁਰਚਰਨ ਸਿੰਘ ਜਸੂਜਾ ਜਦੋਂ 'ਮੱਖਣ ਸ਼ਾਹ' ਨਾਟਕ ਲਿਖਦਾ ਹੈ ਤਾਂ ਉਹ ਇਸ ਬਿਰਤਾਂਤ ਨੂੰ ਮਨ ਵਿਚ ਵਸਾ ਕੇ ਦਾਰਸ਼ਨਿਕ ਬਿਰਤਾਂਤ ਸਿਰਜਦਾ ਹੈ। ਮੱਖਣ ਸ਼ਾਹ ਲੁਬਾਣਾ ਨੂੰ ਮੱਖਣ ਸ਼ਾਹ ਬਣਾ ਕੇ ਉਹ ਸੰਕੇਤਕ ਤੌਰ 'ਤੇ ਇਸ ਨੂੰ ਵਿਅਕਤੀਗਤ ਤੋਂ ਸਮੂਹਿਕ ਚੇਤਨਾ ਵਿਚ ਰੂਪਾਂਤਰਿਤ ਕਰ ਦਿੰਦਾ ਹੈ। ਨਾਟਕ ਦੇ ਇਕ ਸੰਵਾਦ ਰਾਹੀਂ ਉਹ ਮੱਖਣ ਸ਼ਾਹ ਦੇ ਅਰਥ ਇਵੇਂ ਪਰਿਭਾਸ਼ਤ ਕਰਦਾ ਹੈ:




ਡਾ. ਸਾਹਿਬ ਸਿੰਘ
ਫੋਨ: +91-98880-11096


ਵਿਵੇਕ ਸ਼ਾਹ- ਕਿਸ ਚਾਅ ਤੇ ਉਮੰਗ ਨਾਲ ਤੇਰਾ ਨਾਮ ਰੱਖਿਆ ਸੀ, ਮੱਖਣ! ਅੰਮ੍ਰਿਤ ਵਰਗੇ ਦੁੱਧ ਦਾ ਸ਼੍ਰੋਮਣੀ ਤੱਤ। ਅਸੀਂ ਸੋਚਦੇ ਸਾਂ ਕਿ ਜਿਸ ਤਰ੍ਹਾਂ ਮੱਖਣ ਸ਼ਾਨ ਨਾਲ ਛਾਛ (ਲੱਸੀ) ਉਤੇ ਤਰਦਾ ਹੈ, ਉਸੇ ਤਰ੍ਹਾਂ ਸਾਡਾ ਪੁੱਤਰ ਖਾਰੇ ਸਮੁੰਦਰਾਂ 'ਤੇ ਤਰਦਾ ਹੋਇਆ ਸਾਨੂੰ ਪਰਮ ਦੇਸ਼ ਲੈ ਜਾਵੇਗਾ।

ਨਾਟਕ ਉਸ 'ਮੱਖਣ' ਦੇ ਤਰਨ, ਡੁੱਬਣ, ਫਿਰ ਉਭਰਨ, ਪਾਰ ਹੋਣ ਦੇ ਸੰਘਰਸ਼ ਨੂੰ ਰੂਪਮਾਨ ਕਰਦਾ ਹੈ। ਵਿਵੇਕ ਸ਼ਾਹ ਉਸ ਦਾ ਪਿਤਾ ਹੈ। ਚੇਤਨਾ ਦੇਵੀ ਉਸ ਦੀ ਮਾਂ ਹੈ। ਬੁੱਧਾਂ ਰਾਣੀ ਉਸ ਦੀ ਪਤਨੀ ਹੈ। ਗਿਆਨ ਸ਼ਾਹ ਉਸ ਦਾ ਭਰਾ ਹੈ। ਸੱਤ, ਸੰਤੋਖ, ਪ੍ਰੇਮ ਜਹਾਜ਼ ਦੀ ਦਿਸ਼ਾ ਨਿਰਧਾਰਤ ਕਰਨ ਲਈ ਗਿਆਨ ਸ਼ਾਹ ਦੇ ਸਹਾਇਕ ਹਨ। ਇੱਕਾ, ਦੁੱਕਾ, ਤਿੱਕਾ, ਚੌਕਾ, ਪੰਜਾ ਰੂਪੀ 5 ਕਰਿੰਦੇ ਜਹਾਜ਼ ਰੂਪੀ ਸਰੀਰ ਦਾ ਮਹੱਤਵਪੂਰਨ ਹਿੱਸਾ ਹਨ, ਜਿਨ੍ਹਾਂ ਦੀ ਹੋਂਦ ਤੇ ਮਹੱਤਤਾ ਤੋਂ ਨਾਟਕ ਇਨਕਾਰੀ ਨਹੀਂ ਪਰ ਇਨ੍ਹਾਂ ਦੇ ਬੇਕਾਬੂ ਹੋ ਜਾਣ ਦਾ ਖਤਰਾ ਵੀ ਦਰਸਾਉਂਦਾ ਹੈ। ਜਿਸ ਬਿਰਤਾਂਤ ਨੂੰ ਅਸੀਂ ਚਮਤਕਾਰੀ ਰੂਪ ਵਿਚ ਸੁਣਦੇ, ਪੜ੍ਹਦੇ, ਵਿਚਾਰਦੇ ਆਏ ਹਾਂ, ਜਸੂਜਾ ਉਸ ਨੂੰ ਜ਼ਿੰਦਗੀ ਦੇ ਨਜ਼ਦੀਕ ਰੱਖਦਿਆਂ ਸੰਘਣਾ ਅਤੇ ਤਾਰਕਿਕ ਬਣਾ ਦਿੰਦਾ ਹੈ।

ਨਾਟਕ ਦਾ ਸਥਾਨ ਠਾਠਾਂ ਮਾਰਦਾ ਸਮੁੰਦਰ ਅਤੇ ਉਸ ਦੀ ਹਿੱਕ 'ਤੇ ਤਰਦਾ ਛੋਟਾ ਜਹਾਜ਼ ਹੈ। ਨਾਟਕਕਾਰ ਜਹਾਜ਼ ਨੂੰ ਸਰੀਰ ਦੇ ਰੂਪ ਵਿਚ ਪੇਸ਼ ਕਰ ਰਿਹਾ ਹੈ ਤੇ ਵਿਸ਼ਾਲ ਸਮੁੰਦਰ ਇਹ ਸੰਸਾਰ ਹੈ। ਆਰੰਭ ਹੁੰਦਾ ਹੈ ਤਾਂ ਵਿਵੇਕ ਸ਼ਾਹ ਤੇ ਚੇਤਨਾ ਦੇਵੀ ਜਹਾਜ਼ ਦੇ ਤਖਤੇ 'ਤੇ ਖੜ੍ਹੇ ਹਨ। ਜਹਾਜ਼ੀ ਇਕ ਭਾਵਪੂਰਤ ਗੀਤ ਗਾ ਰਹੇ ਹਨ। ਦੋਵੇਂ ਇਸ ਗੱਲੋਂ ਖੁਸ਼ ਹਨ ਕਿ ਗਿਆਨ ਦੀ ਨਿਰਦੇਸ਼ਨਾ ਹੇਠ ਸਤ, ਸੰਤੋਖ, ਪ੍ਰੇਮ ਜਹਾਜ਼ ਨੂੰ ਸਹੀ ਅਗਵਾਈ ਦੇ ਰਹੇ ਹਨ ਤੇ ਮੱਖਣ ਸ਼ਾਹ ਉਨ੍ਹਾਂ ਦਾ ਸੁਪਨਾ ਜ਼ਰੂਰ ਪੂਰਾ ਕਰੇਗਾ। ਅਚਾਨਕ 'ਪੰਜਾ' ਆ ਕੇ ਜਹਾਜ਼ ਦੇ ਬਾਦਬਾਨ ਖੋਲ੍ਹਣ ਲੱਗਦਾ ਹੈ। ਗਿਆਨ ਨੂੰ ਇਸ 'ਤੇ ਇਤਰਾਜ਼ ਹੈ। ਪੰਜਾ ਜਹਾਜ਼ ਦੀ ਗਤੀ ਵਧਾਉਣੀ ਚਾਹੁੰਦਾ ਹੈ, ਉਸ ਨੂੰ ਕਾਹਲ ਪੈ ਰਹੀ ਹੈ। ਗਿਆਨ ਲਈ ਇਹ ਖਤਰੇ ਦਾ ਸੰਕੇਤ ਹੈ। ਉਹ ਸਖਤੀ ਨਾਲ ਪੰਜੇ 'ਤੇ ਕਾਬੂ ਕਰਦਾ ਹੈ ਤੇ ਅਜਿਹਾ ਨਾ ਕਰਨ ਦੀ ਤਾੜਨਾ ਕਰਦਾ ਹੈ। ਪ੍ਰੇਮ ਵੀ ਫ਼ਿਕਰਮੰਦ ਹੈ ਕਿ ਜੇ ਗਤੀ ਤੇਜ਼ ਕਰ ਕੇ ਜਹਾਜ਼ ਨੇ ਰਸਤਾ ਬਦਲ ਲਿਆ ਤਾਂ ਅਸੀਂ ਤੇਜ਼ ਤਰਾਰ ਪੱਛਮੀ ਹਵਾਵਾਂ ਦੀ ਮਾਰ ਹੇਠ ਆ ਜਾਵਾਂਗੇ ਤੇ ਜਹਾਜ਼ ਬੇਕਾਬੂ ਹੋ ਜਾਏਗਾ। ਚੇਤਨਾ ਫ਼ਿਕਰ ਕਰਦੀ ਹੈ ਕਿ ਇਹ 5 ਕਰਿੰਦੇ ਸਾਨੂੰ ਲੈ ਡੁੱਬਣਗੇ ਪਰ ਗਿਆਨ ਦਾ ਇਹ ਸੰਵਾਦ ਗਹਿਰੇ ਅਰਥ ਉਜਾਗਰ ਕਰਦਾ ਹੈ, 'ਮਾਤਾ ਜੀ, ਜੇ ਸਾਡਾ ਆਪਣਾ ਪ੍ਰਬੰਧ ਠੀਕ ਹੋਵੇ ਤਾਂ ਇਹ ਸਗੋਂ ਮਦਦਗਾਰ ਸਾਬਤ ਹੋਣਗੇ।'



ਨਾਟਕਕਾਰ ਗੁਰਚਰਨ ਸਿੰਘ ਜਸੂਜਾ ਦੇ ਨਾਟਕ 'ਮੱਖਣ ਸ਼ਾਹ' ਦਾ ਮੁਖੜਾ।



ਮੱਖਣ ਸ਼ਾਹ ਲੁਬਾਣਾ ਦੇ 'ਗੁਰੂ ਲਾਧੋ ਰੇ' ਦੇ ਐਲਾਨ ਵਾਲੀ ਪੇਂਟਿੰਗ।

ਨਾਟਕ ਅਜਿਹੀਆਂ ਬਹੁਤ ਸਾਰੀਆਂ ਦਾਰਸ਼ਨਿਕ ਟਿੱਪਣੀਆਂ ਰਾਹੀਂ ਸਾਹਿਤਕ ਅਮੀਰੀ ਵਾਲਾ ਦਸਤਾਵੇਜ਼ ਬਣਦਾ ਹੈ। ਇਨ੍ਹਾਂ 5 ਕਰਿੰਦਿਆਂ ਦਾ ਕਾਰਜ ਭਿੰਨ ਹੈ ਪਰ ਵਿਹਾਰ ਤੇ ਰੂਪ ਲਗਭਗ ਇਕੋ ਜਿਹਾ ਹੈ, ਫਿਰ ਇਨ੍ਹਾਂ ਦੀ ਪਛਾਣ ਕਿਵੇਂ ਕੀਤੀ ਜਾਵੇ! ਨਾਟਕਕਾਰ ਉਨ੍ਹਾਂ ਨੂੰ ਕਾਲੇ ਚੋਗੇ ਪਹਿਨਾ ਦਿੰਦਾ ਹੈ ਪਰ ਪਾਠਕ/ਦਰਸ਼ਕ ਇਨ੍ਹਾਂ ਨੂੰ ਅਵਗੁਣ ਜਾਂ ਵਿਕਾਰ ਸਮਝਣ ਦਾ ਭੁਲੇਖਾ ਨਾ ਖਾ ਜਾਵੇ। ਉਹ ਕਾਲੇ ਚੋਗਿਆਂ ਦੇ ਅੱਗੇ ਪਿੱਛੇ ਚਿੱਟੇ ਧਾਗੇ ਨਾਲ ਇਕ, ਦੋ, ਤਿੰਨ, ਚਾਰ, ਪੰਜ ਉਕਰ ਦਿੰਦਾ ਹੈ। ਇਹ ਕੰਮ ਅਕਲ ਨੇ ਕਰਨਾ ਹੈ। ਇਸੇ ਲਈ ਨਾਟਕਕਾਰ ਇਹ ਜ਼ਿੰਮੇਵਾਰੀ ਬੁੱਧਾਂ ਰਾਣੀ ਨੂੰ ਦਿੰਦਾ ਹੈ। ਜਹਾਜ਼ ਦਾ ਪਹਿਲਾ ਪੜਾਅ 'ਜੋਬਨਵਾੜੀ' ਹੈ। ਉਥੇ ਪਹੁੰਚ ਕੇ ਮੱਖਣ ਸ਼ਾਹ ਨੇ ਪਰਮ ਦੇਸ਼ ਲਈ ਸੌਦਾ ਖਰੀਦਣਾ ਹੈ। ਗਿਆਨ ਤੇ ਵਿਵੇਕ ਉਸਨੂੰ ਇਹ ਸਮਝਾ ਰਹੇ ਹਨ ਕਿ ਇਹ ਸੌਦਾ 'ਸੱਚ' ਦਾ ਹੋਣਾ ਚਾਹੀਦਾ ਹੈ ਪਰ ਨਾਲ ਹੀ ਜਾਣਦੇ ਹਨ ਕਿ ਮੱਖਣ ਨੂੰ ਅਜੇ ਸੱਚ ਦੀ ਪਰਖ ਤੇ ਪਛਾਣ ਕਰਨ ਦੀ ਜਾਚ ਸਿੱਖਣ ਦੀ ਲੋੜ ਹੈ। ਪਹਿਲਾ ਅੰਕ ਇਸ ਤਣਾਅ 'ਤੇ ਮੁੱਕਦਾ ਹੈ ਕਿ ਸੱਚ ਦੇ ਵਪਾਰੀਆਂ ਨੂੰ ਲੱਭਣਾ ਸੌਖਾ ਕੰਮ ਨਹੀਂ।

ਦੂਜੇ ਅੰਕ ਵਿਚ ਜਹਾਜ਼ 'ਜੋਬਨਵਾੜੀ' ਦੀ ਬੰਦਰਗਾਹ 'ਤੇ ਖੜ੍ਹਾ ਹੈ। ਮੱਖਣ ਸ਼ਾਹ ਜਲਦੀ ਜਲਦੀ ਸੌਦਾ ਕਰਨ ਦੀ ਕਾਹਲ ਵਿਚ ਹੈ। ਗਿਆਨ ਸ਼ਾਹ ਦਾ ਸਹਿਜ ਉਸ ਨੂੰ ਚੁੱਭਦਾ ਹੈ। ਚੇਤਨਾ ਤੇ ਵਿਵੇਕ ਦੀ ਮੱਤ ਤਰੱਕੀ ਦੇ ਰਾਹ ਦਾ ਰੋੜਾ ਭਾਸਦੀ ਹੈ। ਉਹ ਹੌਲੀ-ਹੌਲੀ 5 ਕਰਿੰਦਿਆਂ ਦੀ ਜਕੜ ਵਿਚ ਆਉਣ ਲੱਗਦਾ ਹੈ। ਉਹ ਜਹਾਜ਼ ਨੂੰ ਸੱਚ ਦੀ ਥਾਂ ਕੱਚ ਨਾਲ ਭਰ ਕੇ ਪਰਮ ਦੇਸ਼ ਦੀ ਬਜਾਏ 'ਸੋਨਾਪੁਰੀ' ਜਾਣ ਦੀ ਸਲਾਹ ਦੇ ਰਹੇ ਹਨ। ਇਸ ਅੰਕ ਦੇ ਅੰਤ ਤਕ ਮੱਖਣ ਸ਼ਾਹ ਕਾਫ਼ੀ ਹੱਦ ਤਕ ਇਸ ਭੰਵਰ 'ਚ ਫਸ ਗਿਆ ਹੈ।

ਤੀਜੇ ਅੰਕ ਵਿਚ ਜਹਾਜ਼ ਬਹੁਤ ਤੇਜ਼ ਗਤੀ ਨਾਲ ਅੱਗੇ ਵਧ ਰਿਹਾ ਹੈ। ਆਸਮਾਨ ਵਿਚ ਕਾਲੇ ਬੱਦਲ ਮੰਡਰਾਉਂਦੇ ਹੋਏ ਨਜ਼ਰ ਆ ਰਹੇ ਹਨ। ਪੰਜਾ ਗਤੀ ਹੋਰ ਵਧਾ ਰਿਹਾ ਹੈ। ਗਿਆਨ ਇਸ ਅੰਕ ਵਿਚ ਗੈਰਹਾਜ਼ਰ ਹੈ। ਬੁੱਧਾਂ ਨੇ ਚੁੱਪੀ ਧਾਰ ਲਈ ਹੈ। '5 ਵਿਕਾਰ' ਜਦੋਂ ਮੂੰਹ ਜ਼ੋਰ ਹੋ ਜਾਣ ਤਾਂ ਬੁੱਧ ਚਕਰਾ ਜਾਂਦੀ ਹੈ, ਸੁੰਨ ਹੋ ਜਾਂਦੀ ਹੈ। ਇਥੇ ਨਾਟਕਕਾਰ ਨੇ 'ਬੁੱਧ' ਨੂੰ ਚੁੱਪ ਦੇ ਸਪੁਰਦ ਕਰ ਦਿੱਤਾ ਹੈ। ਹੁਣ ਨਾ 'ਸੱਤ' ਨਜ਼ਰ ਆ ਰਿਹਾ ਹੈ, ਨਾ ਸੰਤੋਖ! ਪ੍ਰੇਮ ਪਾਗਲ ਹੋ ਗਿਆ ਹੈ ਤੇ ਗਿਆਨ ਦੀ ਭਾਲ ਕਰ ਰਿਹਾ ਹੈ। ਮੱਖਣ ਸ਼ਾਹ 'ਤੇ ਕੋਈ ਅਸਰ ਨਹੀਂ ਹੋ ਰਿਹਾ। ਉਹ ਵਿਵੇਕ ਅਤੇ ਚੇਤਨਾ ਨਾਲ ਬਦਤਮੀਜ਼ੀ ਕਰਦਾ ਹੈ ਤੇ ਜਹਾਜ਼ ਨੂੰ ਤੇਜ਼ੀ ਨਾਲ ਸੋਨਾਪੁਰੀ ਵੱਲ ਲੈ ਕੇ ਜਾ ਰਿਹਾ ਹੈ।

ਆਖਰੀ ਅੰਕ 'ਚ ਜਹਾਜ਼ ਤੂਫ਼ਾਨ 'ਚ ਘਿਰ ਗਿਆ ਹੈ। ਵਿਵੇਕ, ਚੇਤਨਾ ਤੇ ਗਿਆਨ ਨਾਲੋਂ ਜਦੋਂ ਵੀ ਨਾਤਾ ਟੁੱਟੇਗਾ, ਮਨੁੱਖ ਤੂਫ਼ਾਨ 'ਚ ਫਸੇਗਾ। ਜਹਾਜ਼ ਦੇ ਡੁੱਬਣ ਦਾ ਖਤਰਾ ਹੈ। ਮੱਖਣ ਵਿਵੇਕ ਦਾ ਬੂਹਾ ਖੜਕਾਉਂਦਾ ਹੈ। ਉਹ ਪਛਤਾਵਾ ਕਰਦਾ ਹੈ। ਪਛਤਾਵੇ ਦੀ ਘੜੀ 'ਬੁੱਧ' ਚੁੱਪੀ ਤੋੜਦੀ ਹੈ ਤੇ ਬੁੱਧਾਂ ਰਾਣੀ ਪਰਦਾਫਾਸ਼ ਕਰਦੀ ਹੈ ਕਿ 5 ਕਰਿੰਦਿਆਂ ਨੇ ਸੱਤ, ਸੰਤੋਖ, ਗਿਆਨ ਨੂੰ ਜਹਾਜ਼ ਦੇ ਭੋਰੇ ਅੰਦਰ ਕੈਦ ਕਰ ਰੱਖਿਆ ਹੈ। ਮੱਖਣ ਗਿਆਨ ਦੇ ਪੈਰੀਂ ਪੈਂਦਾ ਹੈ ਤੇ ਮਦਦ ਮੰਗਦਾ ਹੈ। ਗਿਆਨ ਸੱਤ ਸੰਤੋਖ ਪ੍ਰੇਮ ਦਾ ਸਾਥ ਚਾਹੁੰਦਾ ਹੈ। ਚੇਤਨਾ ਪ੍ਰੇਮ ਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਬੁੱਧਾਂ ਸੱਤ ਸੰਤੋਖ ਨੂੰ ਮਨਾਉਣ ਜਾਂਦੀ ਹੈ। ਗਿਆਨ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਜਹਾਜ਼ ਕਿਸੇ ਵਾਧੂ ਬੋਝ ਕਾਰਨ ਵਿਤੋਂ ਵੱਧ ਲੱਦਿਆ ਹੋਇਆ ਹੈ, ਇਸਨੂੰ ਖਾਲੀ ਕਰਨਾ ਪਏਗਾ ਤਾਂ ਹੀ ਤਰ ਸਕੇਗਾ। 5 ਕਰਿੰਦਿਆਂ ਨੂੰ 'ਹੁਕਮ' ਦਿੱਤਾ ਜਾਂਦਾ ਹੈ ਕਿ ਜਹਾਜ਼ 'ਚ ਲੱਦਿਆ 'ਕੱਚ' ਸਮੁੰਦਰ ਵਿਚ ਸੁੱਟ ਦਿੱਤਾ ਜਾਵੇ। ਜਹਾਜ਼ ਹੌਲਾ ਹੋ ਤਰਨ ਲੱਗਦਾ ਹੈ। ਮੱਖਣ ਸ਼ਾਹ ਗੁਰੂ ਅੱਗੇ ਕੀਤੀ ਅਰਦਾਸ ਲਈ ਸ਼ੁਕਰਾਨਾ ਕਰਦਾ ਹੈ, ਇੱਥੇ ਨਾਟਕਕਾਰ ਦਾਰਸ਼ਨਿਕ ਛੋਹ ਦਿੰਦਾ ਹੈ ਜਦੋਂ ਗਿਆਨ ਸ਼ਾਹ ਇਹ ਕਹਿੰਦਾ ਹੈ ਕਿ ਹੁਣ ਜਹਾਜ਼ ਨੂੰ ਪਰਮ ਦੇਸ਼ ਲਿਜਾਣ ਤੋਂ ਪਹਿਲਾਂ 'ਪਰਿਸ਼ਰਮ ਪੜਾਅ' ਵੱਲ ਲੈ ਕੇ ਜਾਣਾ ਪਵੇਗਾ। ਸੱਚੀ ਸੁੱਚੀ ਮਿਹਨਤ ਕਰ ਕੇ ਫਿਰ ਸੱਚ ਦਾ ਸੌਦਾ ਕਰਨਾ ਹੈ, ਪਾਰ ਤਾਂ ਹੀ ਪਹੁੰਚਿਆ ਜਾਣਾ ਹੈ।

***ਮੱਖਣ ਸ਼ਾਹ ਗੁਰੂ ਅੱਗੇ ਕੀਤੀ ਅਰਦਾਸ ਲਈ ਸ਼ੁਕਰਾਨਾ ਕਰਦਾ ਹੈ ਤੇ ਇੱਥੇ ਨਾਟਕਕਾਰ ਇਕ ਹੋਰ ਦਾਰਸ਼ਨਿਕ ਛੋਹ ਦਿੰਦਾ ਹੈ ਜਦੋਂ ਗਿਆਨ ਸ਼ਾਹ ਇਹ ਕਹਿੰਦਾ ਹੈ ਕਿ ਹੁਣ ਜਹਾਜ਼ ਨੂੰ ਪਰਮ ਦੇਸ਼ ਲੈ ਕੇ ਜਾਣ ਤੋਂ ਪਹਿਲਾਂ 'ਪਰਿਸ਼ਰਮ ਪੜਾਅ' ਵੱਲ ਲੈ ਕੇ ਜਾਣਾ ਪਵੇਗਾ। ਸੱਚੀ ਸੁੱਚੀ ਮਿਹਨਤ ਕਰ ਕੇ ਫਿਰ ਸੱਚ ਦਾ ਸੌਦਾ ਕਰਨਾ ਹੈ, ਪਾਰ ਤਾਂ ਹੀ ਪਹੁੰਚਿਆ ਜਾਣਾ ਹੈ।***

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਅਗਸਤ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-440



***ਅਸੀਂ ਚੌਂਕੜੀ ਲਾ ਲਈ ਬਿਸ਼ਨਿਆ, ਬਹਿ ਪੱਬਾਂ ਦੇ ਭਾਰ।***
***ਤਪਿਆ ਬੀਕਾਨੇਰ ਤੇ ਹੋਇਆ ਸੂਰਜ ਆਪੇ ਤੋਂ ਬਾਹਰ।***
***ਇਹੀ ਹਾਲ ਰਿਹਾ ਜੇ ਮਿੱਤਰੋ, ਲਗਦੈ ਕੁਝ ਨਾ ਰਹਿ ਜੂ।***
***ਖਾ ਲਓ ਕੁਲਫੀ ਸੂਹੇ ਰੰਗ ਦੀ, ਠੰਡ ਕਾਲਜੇ ਪੈ ਜੂ।***

## ਕੈਪਸ਼ਨ ਮੁਕਾਬਲਾ-438



ਘੜ ਕੇ ਖਾਲ਼ ਹੈ ਲਾਉਣਾ ਪਾਣੀ,
ਕਹੀ ਫੇਰ ਕੇ ਕਰੇ ਤਿਆਰੀ।
ਸੁਖ, ਅਰਾਮ ਨਾ ਕਦੇ ਵੀ ਦੇਖੇ,
ਮਜਬੂਰੀ ਵੱਸ ਲਾਏ ਦਿਹਾੜੀ।
ਰੱਜਿਆ ਢਿੱਡ ਤਾਂ ਮੌਜਾਂ ਕਰਦਾ,
ਭੁੱਖੇ ਢਿੱਡ ਦੀ ਹਾਲਤ ਮਾੜੀ।
***-ਜਗਮੀਤ ਸਿੰਘ ਪੰਧੇਰ***

---

ਮਿੱਟੀ ਦੇ ਨਾਲ ਮਿੱਟੀ ਹੋ ਕੇ
ਅੰਨ ਦੇ ਢੇਰ ਲਗਾਈ ਜਾਵੇ।
ਸੋਨੇ ਵਰਗੀ ਫਸਲ ਮੰਡੀ ਵਿਚ
ਕੌਡੀਆਂ ਦੇ ਭਾਅ ਸੁੱਟ ਕੇ ਆਵੇ।
ਰੁਤਬਾ ਇਸ ਦਾ ਅੰਨਦਾਤੇ ਦਾ
ਮੰਦਹਾਲੀ ਵਿਚ ਜੂਨ ਹੰਢਾਵੇ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***

---

ਘੜੇ ਆਡ ਧਰਤੀ ਦਾ ਜਾਇਆ
ਕਣਕ ਨਿਸਰਨ 'ਤੇ ਆਈ,
ਕੱਖ ਕੰਡੇ ਨੇ ਪਾਇਆ ਖਿਲਾਰਾ
ਬਿਨਾ ਪਾਣੀ ਸੁੱਕ ਨਾ ਜਾਈ।
ਨੀਲੀ ਛੱਤ ਵਾਲਾ ਚੁੱਪ ਬੈਠਾ
ਕਿਧਰੇ ਬਦਲ ਨਾ ਦੇ ਦਿਖਾਈ,
ਉਪਰੋਂ ਧੁੰਦ ਪੈਂਦਾ ਕੋਹਰਾ ਕੱਕਰ
ਨਾਲੇ ਠੰਡ ਨੇ ਪੂਛ ਚੁਕਾਈ।
***-ਸੇਵਾ ਸਿੰਘ ਨੂਰਪੁਰੀ***

---

ਜੱਟਾ ਤੇਰੀ ਜੂਨ ਬੁਰੀ
ਖਾਲ ਘੜ ਪੱਠਿਆਂ ਨੂੰ ਜਾਣਾ
ਪੱਲੇ ਤੇਰੇ ਧੇਲਾ ਨਾ ਬਚੇ
ਖਾ ਗਿਆ ਲੋਟੂਆ ਦਾ ਲਾਣਾ
ਤੰਗੀਆਂ 'ਚ ਦਿਨ ਕੱਟਦਾ।
ਹੋ'ਜਾ ਜਥੇਬੰਦ ਬਣ'ਜਾ ਸਿਆਣਾ।
***-ਕੇਵਲ ਸਿੰਘ ਪੰਧੇਰ***

---

ਕਿਰਤੀਆਂ ਘਰ ਜੰਮਿਆ,
ਢਿੱਡ ਭਰਨ ਨੂੰ ਕਰਾਂ ਮਜਦੂਰੀ।
ਪੱਲੇ ਕੁਝ ਨਾ ਜਰ-ਜਮੀਨ,
ਇਹੋ ਵਿਰਾਸਤ, ਇਹੋ ਮਜਬੂਰੀ।
ਹੱਥ ਨਾ ਅੱਡਦਾ, ਕਰ ਕੇ ਖਾਵਾਂ,
ਲੱਖ-ਲੱਖ ਰੱਬ ਦਾ ਸ਼ੁਕਰ ਮਨਾਵਾਂ।
***-ਦਵਿੰਦਰ ਕੌਰ***

---

ਮੈਂ ਸ਼ੁਕਰਗੁਜ਼ਾਰ ਹਾਂ ਮੇਰੇ ਰੱਬ ਦਾ
ਮੰਦੀ ਤੇ ਮਹਾਮਾਰੀ 'ਚ ਮਿਲਿਆ ਰੁਜ਼ਗਾਰ।
ਭਾਵੇਂ ਬੁਢਾਪੇ 'ਚ ਉਮਰ ਨ੍ਹੀਂ ਦਿੰਦੀ ਇਜਾਜ਼ਤ
ਪਰ ਔਲਾਦ ਤੋਂ ਹਾਂ ਆਵਾਜ਼ਾਰ।
ਨਵੀਂ ਪੀੜ੍ਹੀ ਨੂੰ ਕੋਈ ਸੇਧ ਨ੍ਹੀਂ ਮਿਲਦੀ
ਵਿਹਲੜਾਂ 'ਤੇ ਰਹੇ ਨਸ਼ਿਆਂ ਦਾ ਭੂਤ ਸਵਾਰ।
ਗਿਣ ਗਿਣ ਬਦਲੇ ਲੈਂਦੇ ਮਾਂ-ਬਾਪ ਤੋਂ
ਪਤਾ ਨ੍ਹੀਂ ਕਿਹੜੇ ਜਨਮ ਦਾ ਚੁਕਾਈਏ ਉਧਾਰ।
***-ਅਮਰਜੀਤ ਸਿੰਘ ਤੂਰ, ਚੰਡੀਗੜ੍ਹ***

---

ਖੇਤੀ ਖਸਮਾਂ ਸੇਤੀ
ਕਦੇ ਨਾ ਹੋਵਣ ਬੱਤੀਆਂ ਤੋਂ ਤੇਤੀ।
ਦਿਨ ਰਾਤ ਜੋ ਜੇਠ, ਹਾੜ, ਪੋਹ, ਮਾਘ
ਗਰਮੀ, ਸਰਦੀ, ਮੀਂਹ, ਹਨੇਰੀ 'ਚ
ਖੇਤਾਂ 'ਚ ਮਿੱਟੀ ਨਾਲ ਮਿੱਟੀ ਹੋ ਘੌਂਚਲਦਾ
ਮਿੱਧ ਸੱਪਾਂ ਦੀਆਂ ਸਿਰੀਆਂ, ਗੰਡੋਏ
ਨੰਗੇ ਪੈਰੀਂ ਖੇਤਾਂ 'ਚ ਵਿਚਰਦਾ।
ਮੁਨਾਫਾ ਲੈ ਜਾਂਦੇ ਆੜ੍ਹਤੀਏ ਜਾਂ ਲੋਟੂ ਵਰਗ
ਬੇਚਾਰਾ ਖੁਦ ਰਹਿ ਤੰਗੀਆਂ ਤੁਰਸ਼ੀਆਂ 'ਚ
ਪਰਿਵਾਰ ਅਤੇ ਹੋਰਨਾਂ ਦੇ ਢਿੱਡ ਭਰਦਾ।
***-ਦਰਸ਼ਨਪਾਲ ਦੋਸਾਂਝ***

---

ਜਿਸ ਉਮਰੇ ਬਾਪੂ ਨੇ ਪਾਉਣੀ ਸੀ
ਸਰਪੰਚਾਂ ਤੇ ਪੰਚਾਂ ਵਾਲੀ ਸਹੀ,
ਉਸ ਉਮਰੇ ਬਾਪੂ ਹਾਲੇ ਵੀ
ਫੜੀ ਫਿਰਦਾ ਹੱਥਾਂ 'ਚ ਕਹੀ।
ਮਿਹਨਤ ਹੱਥੀਂ ਕਰਨੀ ਕੋਈ ਮਾੜੀ ਨਹੀਂ
ਪਰ ਉਮਰ ਦਾ ਵੀ ਹੁੰਦਾ ਲਿਹਾਜ।
ਕਰੋ ਚੰਗੇ ਕਰਮ, ਉਪਰ ਵਾਲਾ ਬੈਠਾ
ਕਰਨ ਲਈ ਹਰ ਇਕ ਦਾ ਹਿਸਾਬ।
***-ਗੋਰਾ ਪ੍ਰਜਾਪਤ, ਨਿਊ ਯਾਰਕ***

## ਕੈਪਸ਼ਨ ਮੁਕਾਬਲਾ-437

ਤੜਕੇ ਉਠਕੇ ਚੱਕੀ ਝੋਅਵੇ
ਮੂੰਹ ਵਿਚ ਕੋਈ ਗੀਤ ਵੀ ਗਾਵੇ।
ਅੱਜ ਦੀ ਨਵੀਂ ਪਨੀਰੀ ਤਾਈਂ
'ਕਿਰਤ ਕਰੋ' ਦਾ ਸੁਨੇਹਾ ਲਾਵੇ।
ਉਠੋ ਜਾਗੋ ਕਰੋ ਮਿਹਨਤਾਂ
ਹਿੰਮਤ ਨੂੰ ਫਲ ਰੱਬ ਵੀ ਲਾਵੇ।
***-ਕੇਵਲ ਸਿੰਘ ਪੰਧੇਰ***

---


ਹੱਥ-ਚੱਕੀ ਦਾ ਇਤਿਹਾਸ ਪੁਰਾਣਾ
ਘਰੇ ਹੀ ਪੀਹ ਲੈਂਦੇ ਸੀ ਆਟਾ।
ਨਾਲੇ ਕਸਰਤ, ਨਾਲੇ ਕੰਮ ਸੀ
ਕਿਸੇ ਚੀਜ਼ ਦਾ ਨਹੀਂ ਸੀ ਘਾਟਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਖਾਲਿਸਤਾਨ ਬਾਰੇ ਚਰਚਾ: ਹਰਚਰਨ ਸਿੰਘ ਪਰਹਾਰ ਦਾ ਲੇਖ ਮਾਇਨੀਖੇਜ਼

***ਸਿੱਖ ਸਿਆਸਤ ਦੇ ਪ੍ਰਸੰਗ ਵਿਚ ਸਾਹਮਣੇ ਆ ਰਹੇ ਨੁਕਤਿਆਂ ਬਾਰੇ ਪਿਛਲੇ ਅੰਕ (18 ਜੁਲਾਈ) ਵਿਚ ਅਸੀਂ 'ਸਿੱਖ ਵਿਰਸਾ' (ਕੈਨੇਡਾ) ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਦਾ ਲੇਖ 'ਸਿੱਖ ਵਿਦਵਾਨ ਭੰਬਲਭੂਸੇ ਦਾ ਸ਼ਿਕਾਰ ਜਾਂ ਬੇਈਮਾਨ' ਛਾਪਿਆ ਸੀ। ਉਘੇ ਸਿੱਖ ਵਿਦਵਾਨ ਪ੍ਰੋ. ਬਲਕਾਰ ਸਿੰਘ ਨੇ ਇਸ ਲੇਖ ਅਤੇ ਸਮੁੱਚੇ ਵਿਚਾਰ-ਵਟਾਂਦਰੇ ਬਾਰੇ ਕੁਝ ਟਿੱਪਣੀਆਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। ਉਨ੍ਹਾਂ ਆਪਣੀ ਲਿਖਤ ਵਿਚ ਅਜਿਹੇ ਨੁਕਤੇ ਉਭਾਰੇ ਹਨ, ਜਿਨ੍ਹਾਂ ਬਾਰੇ ਗੱਲ ਕਰਨ ਤੋਂ ਕੁਝ ਸਿੱਖ ਵਿਦਵਾਨ ਅਕਸਰ ਟਾਲਾ ਵੱਟ ਜਾਂਦੇ ਹਨ। -ਸੰਪਾਦਕ***

## ਵਿਚਾਰ-ਚਰਚਾ

**ਬਲਕਾਰ ਸਿੰਘ ਪ੍ਰੋਫੈਸਰ**



ਕਰਮਜੀਤ ਸਿੰਘ ਦੇ 'ਪ੍ਰਚੰਡ ਜਜ਼ਬਿਆਂ' ਵਾਲੇ ਲੇਖ ਨਾਲ ਸ਼ੁਰੂ ਹੋਈ ਲੜੀ ਦੇ ਪ੍ਰਸੰਗ ਵਿਚ 'ਪੰਜਾਬ ਟਾਈਮਜ਼' ਦੇ 18 ਜੁਲਾਈ 2020 ਦੇ ਅੰਕ ਵਿਚ 'ਸਿੱਖ ਵਿਦਵਾਨ ਭੰਬਲਭੂਸੇ ਦਾ ਸ਼ਿਕਾਰ ਜਾਂ ਬੇਈਮਾਨ' ਸਿਰਲੇਖ ਹੇਠਲਾ ਲੇਖ ਮੈਨੂੰ ਕਈ ਪੱਖਾਂ ਤੋਂ ਮਾਇਨੇਖੇਜ਼ ਲੱਗਾ। ਹਰਚਰਨ ਸਿੰਘ ਪਰਹਾਰ ਨੇ ਸਿਰਦਾਰ ਕਪੂਰ ਸਿੰਘ, ਦਲਬੀਰ ਸਿੰਘ ਪੱਤਰਕਾਰ ਅਤੇ ਅਜਮੇਰ ਸਿੰਘ ਜਿਹੇ ਸਿੱਖਾਂ ਨੂੰ ਸਿਆਸੀ ਸੇਧ ਦੇਣ ਵਾਲੇ ਵਿਦਵਾਨਾਂ ਦੀ ਭੂਮਿਕਾ 'ਤੇ ਉਂਗਲ ਧਰੀ ਹੈ, ਉਸ ਬਾਰੇ ਦੋ ਰਾਵਾਂ ਹੋ ਸਕਦੀਆਂ ਹਨ, ਪਰ ਸਭ ਤੋਂ ਵੱਧ ਅਹਿਮ ਨੁਕਤਾ ਉਸ ਨੇ ਜੋ ਉਭਾਰਿਆ ਹੈ, ਉਹ ਸਿੱਖ ਮਾਨਸਿਕਤਾ ਲਈ ਨਾਸੂਰ ਬਣੀ ਆ ਰਹੀ 'ਸਾਕਾ ਨੀਲਾ ਤਾਰਾ' ਦੀ ਯਾਦ ਦਾ ਹੈ। ਉਸ ਨੇ ਮੰਨਿਆ ਹੈ ਕਿ ਇਹ ਕੁਲਹਿਣੀ ਵਾਰਦਾਤ ਨਹੀਂ ਵਾਪਰਨੀ ਚਾਹੀਦੀ ਸੀ, ਪਰ ਨਾਲ ਹੀ ਇਸਲਾਮੀ ਖਾੜਕੂਆਂ ਵਲੋਂ ਮੱਕੇ ਨੂੰ ਕਿਲ੍ਹਾ ਬਣਾਉਣ ਜਾਂ ਲਾਹੌਰ ਦੀ ਲਾਲ ਮਸਜਿਦ ਵਿਚ ਜਨਰਲ ਮੁਸ਼ੱਰਫ ਵਲੋਂ ਕੀਤੀ ਕਾਰਵਾਈ ਨਾਲ ਜੋੜ ਕੇ ਸਵਾਲ ਕੀਤਾ ਹੈ ਕਿ ਇਸ ਲਈ ਜ਼ਿੰਮੇਵਾਰ ਕੀ ਇਕੱਲੀ ਇੰਦਰਾ ਹੀ ਸੀ? ਇਸ ਦੁਰਭਾਗਪੂਰਨ ਘਟਨਾ ਨੂੰ ਜ਼ਕਰੀਏ ਜਾਂ ਅਬਦਾਲੀ ਨਾਲ ਲਗਾਤਾਰ ਤੁਲਨਾ ਕੇ ਜਿਸ ਤਰ੍ਹਾਂ ਅਜਮੇਰ ਸਿੰਘ ਅਤੇ ਉਸ ਦੀ ਸ਼ੈਲੀ ਦੇ ਕਈ ਹੋਰ ਵਿਦਵਾਨ ਪਿਛਲੇ 20 ਵਰ੍ਹਿਆਂ ਤੋਂ ਕਰਦੇ ਆ ਰਹੇ ਹਨ, ਕਿੰਨੇ ਕੁ ਸਾਰਥਕ ਸਿੱਟੇ ਨਿਕਲਣਗੇ? ਸਿੱਖ ਨੌਜਵਾਨਾਂ ਦੀ ਨਵੀਂ ਪੀੜ੍ਹੀ ਨੂੰ ਕਿੰਨੀ ਕੁ ਸਾਰਥਕ ਸੇਧ ਮਿਲ ਜਾਵੇਗੀ? ਖਾਲਿਸਤਾਨੀ ਦਾਨਿਸ਼ਵਰਾਂ ਦੀ ਫਸਲ 1984-1997 ਵਿਚ ਪੈਦਾ ਹੋਈ ਸੀ ਅਤੇ ਇਹ ਖਿੱਤਾ ਮੂਲਕ ਸਿਆਸਤ ਉਸ ਤੋਂ ਅੱਗੇ ਤੁਰਨ ਲਈ ਤਿਆਰ ਹੀ ਨਹੀਂ। ਉਦੋਂ ਵੀ ਉਹ ਜ਼ਬਾਨਬੰਦੀ ਦਾ ਲਾਹਾ ਲੈ ਰਹੇ ਸਨ ਅਤੇ ਹੁਣ ਵੀ ਇਹੀ ਚਾਹੁੰਦੇ ਹਨ, ਬੇਸ਼ੱਕ ਇਹ ਸੰਭਵ ਨਹੀਂ ਹੈ। ਪਰਹਾਰ ਦੇ ਸਵਾਲ ਵੀ ਬਹੁਤੇ ਇਸੇ ਵਰਤਾਰੇ ਨਾਲ ਜੁੜੇ ਹੋਣ ਕਰ ਕੇ ਵਰਤਮਾਨ ਵਿਚ ਉਸ ਤਰ੍ਹਾਂ ਪਰਵੇਸ਼ ਨਹੀਂ ਕਰਦੇ। ਇਸ ਹਾਲਾਤ ਵਿਚ ਸੰਤ ਭਿੰਡਰਾਂਵਾਲੇ ਦੀ ਸੋਚ ਦੇ ਵਾਹਦ ਪਹਿਰੇਦਾਰ ਦਾ ਗੁਰਜ ਬੇਸ਼ੱਕ ਅਜਮੇਰ ਸਿੰਘ ਦੇ ਹੱਥ ਆ ਗਿਆ ਹੈ, ਪਰ ਇਸ ਲਈ ਉਹ ਇਕੱਲਾ ਜ਼ਿੰਮੇਵਾਰ ਨਹੀਂ। ਪੰਜਾਬ ਬੜੀ ਦੇਰ ਤੋਂ ਕਿਸੇ ਵੀ ਰੰਗ ਦੀ ਸਿਆਸਤ ਦੇ ਏਜੰਡੇ 'ਤੇ ਨਹੀਂ ਹੈ। ਇਸ ਨੂੰ ਰਿਐਕਟਿਵ ਸੁਰ ਵਿਚ ਉਸਾਰਨ ਦੀ ਥਾਂ ਪ੍ਰੋਐਕਟਿਵ ਸੁਰ ਵਿਚ ਸਮਝੇ ਜਾਣ ਦੀ ਲੋੜ ਹੈ। ਪੰਜਾਬ ਬਾਰੇ ਬੋਲਣ ਦੇ ਸਲੀਕੇ ਅਤੇ ਸੋਚਣ ਦੀ ਸਮਝ ਵਾਲਿਆਂ ਨੂੰ ਸਿਆਸਤ ਮੁਕਤ ਨੈਰੇਟਿਵ ਉਸਾਰਨ ਵਾਸਤੇ ਸਿਰ ਜੋੜਨ ਦੀ ਲੋੜ ਹੈ। ਪੰਜਾਬ ਵਿਚ ਅਜਿਹੇ ਸੰਵਾਦ ਦੀ ਸੰਭਾਵਨਾ ਨਾ ਹੋਣ ਜਿਹੀ ਹੈ, ਪਰ 'ਪੰਜਾਬ ਟਾਈਮਜ਼' ਵਲੋਂ ਕੀਤੇ ਜਾ ਰਹੇ ਯਤਨਾਂ ਨੂੰ ਨਤੀਜਿਆਂ ਵਲ ਲਿਜਾਇਆ ਜਾ ਸਕਦਾ ਹੈ। ਪਹਿਲਾਂ ਵੀ ਇਸ ਮੁੱਦੇ 'ਤੇ ਕਿਤਾਬ 'ਸਿੱਖ ਕੌਮ: ਹਸਤੀ ਤੇ ਹੋਣੀ' (2012) ਛਪ ਚੁਕੀ ਹੈ ਅਤੇ ਦੂਜੀ ਦੀ ਨੀਂਹ ਵੀ ਟਿਕ ਗਈ ਲੱਗਦੀ ਹੈ।

ਮੈਨੂੰ ਕਦੇ ਕਿਸੇ ਨਹੀਂ ਪੁੱਛਿਆ ਕਿ ਮੈਂ ਖਾਲਿਸਤਾਨ ਦੇ ਹੱਕ ਵਿਚ ਕਿਉਂ ਨਹੀਂ ਹਾਂ? ਪਰ ਮੈਂ ਹਰ ਖਾਲਿਸਤਾਨੀ ਨੂੰ ਪੁੱਛਦਾ ਰਿਹਾ ਹਾਂ ਕਿ ਖਾਲਿਸਤਾਨ 'ਤੇ ਘੰਟਿਆਂਬੱਧੀ ਬੋਲ ਸਕਣ ਵਾਲੇ ਦਾਨਸ਼ਵਰ ਵੀ ਖਾਲਿਸਤਾਨ ਦੀ ਅਜਿਹੀ ਵਿਆਖਿਆ ਕਿਉਂ ਨਹੀਂ ਕਰ ਸਕੇ, ਜਿਸ ਨਾਲ ਸ. ਪ੍ਰੀਤਮ ਸਿੰਘ ਕੁਮੇਦਾਨ ਜਾਂ ਮੇਰੇ ਵਰਗੇ ਪਾਠਕ ਨੂੰ ਸਮਝ ਆ ਜਾਵੇ ਕਿ ਖਾਲਿਸਤਾਨ ਹੈ ਕੀ? ਮੈਨੂੰ ਚੰਗਾ ਲੱਗਾ ਕਿ ਪ੍ਰਭਸ਼ਰਨ ਨੇ ਖਾਲਿਸਤਾਨ ਨੂੰ ਜਿਉਂਦੇ ਸੁਪਨਿਆਂ ਦੀ ਧਰਤੀ ਦੇ ਆਬਾਦ ਹੋਣ ਦੀਆਂ ਸੰਭਾਵਨਾਵਾਂ ਕਿਹਾ ਹੈ। ਅਜਿਹਾ 'ਆਜ਼ਾਦ ਪ੍ਰਭੂਸੱਤਾ ਸੰਪੰਨ ਮੁਲਕ ਖਾਲਿਸਤਾਨ' ਕਿਥੇ, ਕਿਵੇਂ ਅਤੇ ਕਿਉਂ ਬਣ ਸਕਦਾ ਹੈ, ਇਸ ਬਾਰੇ ਲੋੜੀਂਦੀ ਚਰਚਾ ਦੇ ਮੁਦੱਈਆਂ ਨੂੰ ਚਰਚਾ ਇਸ ਕਰ ਕੇ ਛੇੜਨੀ ਚਾਹੀਦੀ ਹੈ, ਕਿਉਂਕਿ ਖਾਲਿਸਤਾਨ ਦੀ ਆੜ ਵਿਚ ਚੱਲ ਰਹੀਆਂ ਸਿਆਸੀ ਦੁਕਾਨਦਾਰੀਆਂ ਨਾਲ ਪੈਦਾ ਹੋ ਰਹੀ ਸਿੱਖ ਕੌਮ ਦੀ ਦਸ਼ਾ ਅਤੇ ਦਿਸ਼ਾ ਬਾਰੇ ਸਥਿਤੀ ਸਪਸ਼ਟ ਹੋ ਸਕੇ।

ਅਜਿਹਾ ਨਹੀਂ ਕਰਾਂਗੇ ਤਾਂ ਪੰਜਾਬ ਵਿਚ ਬਾਦਲਕੇ ਅਤੇ ਰੈਫਰੈਂਡਮ 2020 ਵਾਲੇ ਖਾਲਿਸਤਾਨੀ ਸੁਪਨਿਆਂ ਦਾ ਸਮਕਾਲੀ ਹਾਸਲ ਹੋ ਜਾਣਗੇ? ਇਸ ਬਾਰੇ ਚਰਚਾ ਦਾ ਆਗਾਜ਼ ਪਹਿਲਾਂ 20 ਜੂਨ ਨੂੰ ਸ. ਪ੍ਰੀਤਮ ਸਿੰਘ ਕੁਮੇਦਾਨ ਨੇ 'ਖਾਲਿਸਤਾਨ ਬਾਰੇ ਕੁਝ ਸਵਾਲ' ਅਤੇ ਹੁਣ ਹਰਚਰਨ ਸਿੰਘ ਪਰਹਾਰ ਨੇ 'ਪੰਜਾਬ ਟਾਈਮਜ਼' ਦੇ ਹੀ 18 ਜੁਲਾਈ ਵਾਲੇ ਅੰਕ ਰਾਹੀਂ ਸਵਾਲ ਪੈਦਾ ਕਰ ਕੇ ਕਰ ਦਿੱਤਾ ਹੈ।

ਸਿੱਖ ਅਕਾਦਮਿਕਤਾ ਨਾਲ ਚੱਲਦਿਆਂ ਮੈਨੂੰ ਇਹ ਲੱਗਦਾ ਰਿਹਾ ਹੈ ਕਿ ਸਿੱਖ ਵਿਦਵਾਨਾਂ ਵਿਚਾਲੇ ਚਰਚਾ ਦਾ ਸਭਿਆਚਾਰ ਅਤੇ ਸਲੀਕਾ ਉਸ ਤਰ੍ਹਾਂ ਪੈਦਾ ਨਹੀਂ ਹੋ ਸਕਿਆ, ਜਿਸ ਤਰ੍ਹਾਂ ਸਿੱਖ ਸਿਧਾਂਤਕੀ ਦੀ ਰੌਸ਼ਨੀ ਵਿਚ ਹੋਣਾ ਚਾਹੀਦਾ ਸੀ/ਹੈ। ਪ੍ਰਭਸ਼ਰਨ ਨੇ ਠੀਕ ਬੁੱਝਿਆ ਹੈ ਕਿ ਸੰਵਾਦ ਵਾਸਤੇ ਲੋੜੀਂਦੀਆਂ ਧਿਰਾਂ ਵਿਚਾਲੇ 'ਇਕ ਪੱਧਰ ਦੀ ਨੈਤਿਕਤਾ ਸਦਾ ਕਾਇਮ ਰਹਿਣੀ ਚਾਹੀਦੀ ਹੈ।' ਵਿਰੋਧ ਨੂੰ ਦੁਸ਼ਮਣੀ ਵਾਂਗ ਲਵਾਂਗੇ ਤਾਂ ਨੈਤਿਕਤਾ ਦੀ ਸਿਰਫ ਸਿਆਸਤ ਹੀ ਕਰ ਸਕਾਂਗੇ। ਇਸ ਮੁੱਦੇ ਨਾਲ ਜੁੜੇ ਹੋਏ ਦਾਨਿਸ਼ਵਰਾਂ ਦੀ ਗਿਣਤੀ ਬਹੁਤੀ ਕਦੇ ਵੀ ਨਹੀਂ ਸੀ ਅਤੇ ਇਸ ਨਿਗੂਣੀ ਗਿਣਤੀ ਵਿਚ ਪ੍ਰਾਪਤ ਧੜਿਆਂ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਚਰਚਾ ਨਾਲ ਲੋੜੀਂਦੇ ਬਿਰਤਾਂਤ ਦੀ ਉਸਾਰੀ ਵਲ ਵਧਣ ਦੀ ਥਾਂ ਆਪਸੀ ਵਿਰੋਧ ਦੁਆਰਾ ਬੇਲੋੜੀਆਂ ਸਥਾਪਤੀਆਂ ਹੀ ਹੁੰਦੀਆਂ ਰਹੀਆਂ ਹਨ। ਇਸ ਪਾਸੇ ਕਿਸੇ ਨੇ ਸੋਚਿਆ ਹੀ ਨਹੀਂ ਕਿ ਢਾਹੋਵਾੜਿਆਂ ਨਾਲ ਕੁਝ ਵੀ ਉਸਾਰਿਆ ਨਹੀਂ ਜਾ ਸਕਦਾ। ਜਿਨ੍ਹਾਂ ਨੂੰ ਲੱਗਦਾ ਹੈ ਕਿ ਢਾਹ ਕੇ ਹੀ ਕੁਝ ਉਸਾਰਿਆ ਜਾ ਸਕਦਾ, ਉਨ੍ਹਾਂ ਨੂੰ ਹੀ ਮੈਂ ਸਿਆਸਤ ਕਹਿੰਦਾ ਆ ਰਿਹਾ ਹਾਂ। ਅਜਿਹੀ ਸਿਆਸਤ ਦੀਆਂ ਸਿਧਾਂਤਕੀਆਂ ਵੀ ਹਨ, ਪਰ ਸਿੱਖ ਸਿਧਾਂਤਕੀ ਨੂੰ ਉਨ੍ਹਾਂ ਵਿਚ ਨਹੀਂ ਗਿਣਿਆ ਜਾ ਸਕਦਾ। ਇਸੇ ਵਿਚੋਂ ਅਕਾਦਮਿਕਤਾ ਦੀ ਉਹ ਸਿਆਸਤ ਵੀ ਪੈਦਾ ਹੁੰਦੀ ਰਹੀ ਹੈ। ਸਿੱਖ ਧਰਮ ਦੇ ਵਿਦਿਆਰਥੀ ਦੇ ਤੌਰ 'ਤੇ ਮੈਨੂੰ ਇਹੀ ਸਮਝ ਆਇਆ ਹੈ ਕਿ ਸਿੱਖ ਸਿਧਾਂਤਕੀ ਨਾਲ ਸੱਜੇ ਅਤੇ ਖੱਬੇ ਉਲਾਰ ਦੀਆਂ ਸਿਧਾਂਤਕੀਆਂ ਦਾ ਵਿਚਕਾਰਲਾ ਰਾਹ ਸਥਾਪਤ ਕੀਤਾ ਗਿਆ ਸੀ। ਇਸੇ ਨੂੰ ਨੇਮ ਤੇ ਪ੍ਰੇਮ, ਭਗਤੀ ਤੇ ਸ਼ਕਤੀ ਅਤੇ ਮੀਰੀ ਤੇ ਪੀਰੀ ਰਾਹੀਂ ਸਮਝਿਆ ਜਾ ਸਕਦਾ ਹੈ। ਸਿਆਸਤ ਵਲ ਸੇਧਤ ਸਿੱਖ ਦਾਨਿਸ਼ਵਰ ਸੱਜੇ ਅਤੇ ਖੱਬੇ ਉਲਾਰ ਵਲ ਜਿਵੇਂ ਜਿਵੇਂ ਵਧਦੇ ਰਹੇ ਹਨ, ਉਵੇਂ ਉਵੇਂ ਸਿੱਖੀ ਤੋਂ ਦੂਰ ਵੀ ਹੁੰਦੇ ਰਹੇ ਹਨ।

ਮਿਸਾਲ ਵਜੋਂ ਸਿੱਖਾਂ ਦੀਆਂ ਦੁਸ਼ਵਾਰੀਆਂ ਦਾ ਕਾਰਨ ਹਿੰਦੂ ਨੂੰ ਸਮਝ ਲੈਣ ਦੀ ਸਿਆਸਤ ਨਾਲ ਜਿਹੋ ਜਿਹੇ ਨਤੀਜੇ ਨਿਕਲੇ ਹਨ, ਉਹੋ ਜਿਹੇ ਨਤੀਜੇ ਹੀ ਕਾਮਰੇਡਾਂ ਤੋਂ ਸਿੱਖ ਹੋਇਆਂ ਦਾਨਿਸ਼ਵਰਾਂ ਦੇ ਵਿਰੋਧ ਨਾਲ ਨਿਕਲਣੇ ਹਨ। ਸਿੱਖ ਹੋਣ ਦੀ ਇਜਾਰੇਦਾਰੀ ਦੀ ਆਗਿਆ ਕਿਸੇ ਨੂੰ ਵੀ ਨਹੀਂ ਸੀ/ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਦੇ ਹਵਾਲੇ ਨਾਲ ਇਹ ਸਥਾਪਤ ਕਰ ਦਿੱਤਾ ਸੀ ਕਿ ਸਿੱਖ ਹੋਣ ਦਾ ਰਾਹ ਕਿਸੇ ਦਾ ਵੀ ਨਹੀਂ ਰੋਕਿਆ ਜਾ ਸਕਦਾ? ਸਰਬੱਤ ਦੇ ਭਲੇ ਦੀ ਇਸ ਸਦੀਵੀ ਸਿਧਾਂਤਕੀ ਨੂੰ ਸਰਬੱਤ ਦੇ ਭਲੇ ਦੀ ਵਕਤੀ ਸਿਆਸਤ ਨਹੀਂ ਹੋਣ ਦੇਣਾ ਚਾਹੀਦਾ। ਇਸ ਪ੍ਰਸੰਗ ਵਿਚ ਖਾਲਿਸਤਾਨ ਦੇ ਮੁੱਦੇ ਨੂੰ ਧਰਮ ਅਤੇ ਸਿਆਸਤ ਦੇ ਸਿੱਖ ਪ੍ਰਸੰਗ ਰਾਹੀਂ ਹੀ ਸਮਝਿਆ ਤੇ ਸਮਝਾਇਆ ਜਾਣਾ ਚਾਹੀਦਾ ਹੈ। ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਵਾਲਾਂ ਵਾਂਗ ਜਵਾਬ ਦੋ-ਟੁੱਕ ਬਹੁਤੀ ਵਾਰ ਨਹੀਂ ਹੋ ਸਕਦੇ। ਸਵਾਲ, ਸਿਰਲੇਖ ਜਿਹਾ ਹੁੰਦਾ ਹੈ ਅਤੇ ਜਵਾਬ, ਸਿਰਲੇਖ ਦੇ ਪ੍ਰਸੰਗਕ ਵਿਸਥਾਰ ਜਿਹਾ।

ਇਸ ਪਿਛੋਕੜ ਵਿਚ ਮੇਰੇ ਸਾਹਮਣੇ ਹਰਚਰਨ ਸਿੰਘ ਪਰਹਾਰ ਦਾ ਲੇਖ 'ਸਿੱਖ ਵਿਦਵਾਨ ਭੰਬਲਭੂਸੇ ਦਾ ਸ਼ਿਕਾਰ ਜਾਂ ਬੇਈਮਾਨ' ਹੈ। ਮੈਂ ਕਿਸੇ ਸਿੱਖ ਵਿਦਵਾਨ ਨੂੰ ਨਾ ਹੀ ਭੰਬਲਭੂਸੇ ਦਾ ਸ਼ਿਕਾਰ ਮੰਨਦਾ ਹਾਂ ਅਤੇ ਨਾ ਹੀ ਬੇਈਮਾਨ ਮੰਨਦਾ ਹਾਂ। ਕਾਰਨ ਇਹ ਹੈ ਕਿ ਜਿਹੜਾ ਕੀੜਿਆਂ ਵਾਲੇ ਭੌਣ 'ਤੇ ਖਲੋਣ ਦੀ ਮਜਬੂਰੀ ਹੰਢਾ ਰਿਹਾ ਹੈ, ਉਸ ਨੂੰ 'ਹੋਊ ਪਰੇ' ਕਹਿ ਕੇ ਪਾਸਾ ਵੱਟਣ ਦੀ ਥਾਂ, ਉਸ ਨੂੰ ਸਮਝਣ ਦੀ ਕੋਸ਼ਿਸ਼ ਤਾਂ ਕਰਨੀ ਹੀ ਚਾਹੀਦੀ ਹੈ। ਅਜਿਹਾ ਪ੍ਰਭਸ਼ਰਨ ਦੀ ਭਾਸ਼ਾ ਵਿਚ ਪੰਜਾਬੀਆਂ ਦੀਆਂ ਜ਼ਮੀਨੀ ਹਕੀਕਤਾਂ ਦੇ ਬੌਧਿਕ ਸਫਰ ਨੂੰ ਧਿਆਨ ਵਿਚ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਮੇਰੀ ਸਿੱਖ ਸਕਰਮਕਤਾ ਬੇਸ਼ੱਕ ਪ੍ਰਭਸ਼ਰਨ ਅਤੇ ਪਰਹਾਰ ਵਾਂਗ ਨਹੀਂ ਸੋਚ ਸਕੀ, ਪਰ ਇਨ੍ਹਾਂ ਦੋਹਾਂ ਵਲੋਂ ਉਠਾਏ ਸਵਾਲਾਂ ਦੇ ਸਨਮੁਖ ਹੋਣ ਦੀ ਕੋਸ਼ਿਸ਼ ਤਾਂ ਕਰਦੇ ਹੀ ਰਹਿਣਾ ਚਾਹੀਦਾ ਹੈ। ਇਹ ਸਵਾਲ ਹਰ ਸੁਹਿਰਦ ਪੰਜਾਬੀ ਚੇਤਨਾ ਦੇ ਇਰਦ-ਗਿਰਦ ਖਿਲਰੇ ਹੋਏ ਸਵਾਲ ਹੀ ਤਾਂ ਹਨ। ਪੰਜਾਬੀ ਚੇਤਨਾ ਨੇ ਹਰ ਕਿਸਮ ਦੀ ਨਵੀਨਤਾ ਦਾ ਹੁੰਗਾਰਾ ਭਰਿਆ ਹੈ। ਜਨਾਹ ਨੂੰ ਕਾਇਦੇ-ਆਜ਼ਮ ਪੰਜਾਬੀਆਂ ਨੇ ਬਣਾਇਆ, ਸਵਾਮੀ ਦਯਾ ਨੰਦ ਨੂੰ ਹੁੰਗਾਰਾ ਪੰਜਾਬ ਵਿਚੋਂ ਮਿਲਿਆ ਅਤੇ ਪੰਜਾਬੀਆਂ ਦਾ ਕਾਰਲ ਮਾਰਕਸ ਦੀ ਸਮਾਜਵਾਦੀ ਵਿਚਾਰਧਾਰਾ ਨੂੰ ਦਹਾਕਿਆਂ ਤੱਕ ਭਰਵਾਂ ਹੁੰਗਾਰਾ



*ਪ੍ਰੀਤਮ ਸਿੰਘ ਕੁਮੇਦਾਨ*

ਵੀ ਜੱਗ ਜਾਹਰ ਹੈ, ਜਿਸ ਵਿਚੋਂ ਕੋਈ ਸਾਰਥਕ ਸਿੱਟਾ ਕਦੀ ਵੀ ਕੱਢਿਆ ਨਾ ਜਾ ਸਕਿਆ। ਭਾਵ ਖੁਦ ਆਪਣੇ ਵਿਰਸੇ ਨੂੰ ਆਧਾਰ ਬਣਾ ਕੇ ਸੋਚ ਕੇ ਕਰਨ ਦੀ ਥਾਂ, ਕਰ ਕੇ ਸੋਚਣ ਦਾ ਪੰਜਾਬੀ ਸੁਭਾ ਪੰਜਾਬ ਦੇ ਸਭਿਆਚਾਰ ਦਾ ਹਿੱਸਾ ਰਿਹਾ ਹੈ। ਇਸ ਵਿਚ ਸਿੱਖ ਧਰਮ, ਸਿੱਖ ਅਧਿਆਤਮ ਅਤੇ ਸਿੱਖ ਸਭਿਆਚਾਰ ਦੀ ਭੂਮਿਕਾ ਦੇ ਨਤੀਜਿਆਂ ਨੂੰ ਪ੍ਰੋ. ਪੂਰਨ ਸਿੰਘ ਨੇ "ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ" ਕਿਹਾ ਹੋਇਆ ਹੈ। ਇਸ ਦੀ ਸਿਆਸਤ ਕਰਨ ਵਾਲਿਆਂ ਕਰਕੇ ਧਰਮਨੁਮਾ ਸਿਆਸਤਦਾਨਾਂ ਅਤੇ ਸਿਆਸਤਨੁਮਾ ਧਰਮੀਆਂ ਦੀਆਂ ਨਵੀਆਂ ਕੋਟੀਆਂ ਪੈਦਾ ਹੋ ਗਈਆਂ ਹਨ। ਇਨ੍ਹਾਂ ਕਰ ਕੇ ਪੈਦਾ ਹੋ ਗਏ ਸਵਾਲਾਂ ਦੇ ਉਤਰ ਇਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਹੀ ਦੇਣੇ ਚਾਹੀਦੇ ਹਨ। ਚਰਚਾ ਕਰਦਿਆਂ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਿਸੇ ਵੀ ਸਮਕਾਲ ਦੀ ਮਾਨਸਿਕਤਾ ਨੂੰ ਨਾਲ ਲਏ ਬਿਨਾ ਕੋਈ ਵੀ ਬਦਲਾਓ ਨਹੀਂ ਕੀਤਾ ਜਾ ਸਕਦਾ। ਬਦਲਾਓ ਦੀਆਂ ਸੰਭਾਵਨਾਵਾਂ ਬਾਰੇ ਸੋਚੇ ਬਿਨਾ ਬਦਲਾਓ ਦੀ ਸਿਆਸਤ ਹੋ ਰਹੀ ਹੋਵੇ ਤਾਂ ਮਾਨਸਿਕ ਘੜਮੱਸ ਦੇ ਜਨਤਕ ਪਾਸਾਰ ਪੈਦਾ ਹੋ ਜਾਂਦੇ ਹਨ। ਮਾਨਸਿਕ ਘੜਮੱਸ ਵਿਚੋਂ ਪੋਜ਼ੈਸਿਡ ਮਾਨਸਿਕਤਾ ਪੈਦਾ ਕਰਨੀ ਸੌਖੀ ਹੁੰਦੀ ਹੈ। ਖਾਲਿਸਤਾਨੀ ਦਾਨਿਸ਼ਵਰਾਂ ਦਾ ਇਹੋ ਹਾਸਲ ਮੇਰੇ ਸਾਹਮਣੇ ਹੈ। ਪਰਹਾਰ ਦੇ ਸਵਾਲ ਵੀ ਇਸੇ ਸਥਿਤੀ ਨਾਲ ਜੁੜੇ ਹੋਏ ਹਨ। ਇਸ ਪਰਥਾਏ ਮੈਂ ਕਰਮਜੀਤ ਸਿੰਘ ਦੇ ਪ੍ਰਚੰਡ ਜਜ਼ਬਿਆਂ ਦੇ ਹਵਾਲੇ ਨਾਲ ਚਰਚਾ ਛੇੜਨ ਦੀ ਕੋਸ਼ਿਸ਼ ਕੀਤੀ ਸੀ। ਕਾਰਨ ਇਹ ਵੀ ਸੀ ਕਿ ਕਰਮਜੀਤ ਨਾਲ ਛੋਟੇ ਭਾਈਆਂ ਵਾਲਾ ਮੁਹੱਬਤੀ ਰਿਸ਼ਤਾ ਰਿਹਾ ਹੋਣ ਦੇ ਬਾਵਜੂਦ ਉਸ ਦੀ ਖਾਲਿਸਤਾਨੀ ਸੁਪਨਸਾਜ਼ੀ ਕਦੀ ਵੀ ਮੇਰੀ ਸਮਝ ਵਿਚ ਨਹੀਂ ਆਈ। ਇਸ ਕਿਸਮ ਦੀ ਸੁਪਨਸਾਜ਼ੀ ਦੇ ਸਿੱਧੇ ਜਾਂ ਅਸਿੱਧੇ ਨਤੀਜੇ ਵਜੋਂ ਚੱਲੀ ਹਿੰਸਕ ਲਹਿਰ ਨਾਲ ਨੁਕਸਾਨ ਜੋ ਹੋਇਆ, ਉਹ ਮੇਰੇ ਸਾਹਮਣੇ ਹੈ ਅਤੇ ਮੇਰੇ ਮਨ ਅੰਦਰ ਲਗਾਤਾਰ ਇਹ ਸੰਸਾ ਬਣਿਆ ਰਿਹਾ ਹੈ ਕਿ ਕਰਮਜੀਤ ਸਿੰਘ ਤੇ ਅਜਮੇਰ ਸਿੰਘ ਜਿਹੇ ਵਿਦਵਾਨ ਪਹਿਲਾਂ ਹੀ ਮਰਨਾਊ ਪਏ ਪੰਜਾਬ ਦੀ ਧਰਤੀ 'ਤੇ ਉਸੇ ਤਰ੍ਹਾਂ ਦਾ ਚੰਦ ਨਾ ਚੜ੍ਹਾ ਦੇਣ, ਜਿਸ ਦੇ ਮਨਹੂਸ ਸਾਏ 'ਚੋਂ ਉਹ ਪਹਿਲਾਂ ਹੀ ਬਹੁੜੀ ਬਹੁੜੀ ਕਰ ਕੇ ਬੜੀ ਮੁਸ਼ਕਿਲ ਨਾਲ ਬਾਹਰ ਆਇਆ ਹੈ।

ਅਸਲ ਵਿਚ ਪੰਜਾਬ ਦੀ ਵੰਡ ਦਰ ਵੰਡ ਪਿਛੋਂ ਬਣੇ ਪੰਜਾਬੀ ਸੂਬੇ ਵਿਚ ਸਿੱਖ ਰਾਜਨੀਤੀ ਨੇ ਸਿੱਖ ਅਕਾਦਮਿਕਤਾ ਦਾ ਰਾਹ ਲਗਾਤਾਰ ਬੇਸ਼ੱਕ ਰੋਕਿਆ ਹੈ। ਇਹ ਪਰਹਾਰ ਦਾ ਸਵਾਲ ਵੀ ਹੈ। ਪਰਹਾਰ ਨੂੰ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਕਿਸੇ ਵੀ ਸਮਕਾਲ ਨਾਲ ਜੁੜੇ ਹੋਏ ਨਤੀਜੇ ਇਸ ਆਧਾਰ 'ਤੇ ਸਮਝੇ ਜਾ ਸਕਦੇ ਹਨ ਕਿ ਪ੍ਰਚਲਿਤ ਵਰਤਾਰੇ ਦੇ ਕੇਂਦਰ ਵਿਚ ਕੀ ਹੋਣਾ ਚਾਹੀਦਾ ਹੈ ਅਤੇ ਹਾਸ਼ੀਏ 'ਤੇ ਕੀ ਹੋਣਾ ਚਾਹੀਦਾ ਹੈ? ਪੰਜਾਬੀਆਂ ਦੇ ਵਰਤਾਰੇ ਦੇ ਕੇਂਦਰ ਵਿਚੋਂ ਸਿਆਸਤ ਨੇ ਧਰਮ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ ਅਤੇ ਨਤੀਜਨ ਧਰਮ ਦੀ ਸਿਆਸਤ ਪ੍ਰਧਾਨ ਹੋ ਗਈ। ਇਹ ਵਰਤਾਰਾ ਮਾਸਟਰ ਤਾਰਾ ਸਿੰਘ ਤੋਂ ਤੁਰੰਤ ਬਾਅਦ ਸ਼ੁਰੂ ਹੋ ਗਿਆ ਸੀ ਅਤੇ ਇਸ ਨਾਲ ਪੈਦਾ ਹੋਈਆਂ ਅਕਾਦਮਿਕ ਕਬਰਾਂ ਦਾ ਮਜ਼ੌਰ ਬਾਦਲਕਿਆਂ ਦੀ ਸਿਆਸਤ ਤੇ ਖਾਲਿਸਤਾਨੀ ਸਿਆਸਤ ਹੋ ਗਈ ਹੈ।

ਇਸ ਨੂੰ ਸਮਝਣ ਵਾਸਤੇ ਕਹਾਣੀ ਸੁਣੋ। ਇਕ ਮਾਈ ਦੇ ਘਰ ਚੋਰ ਗਏ ਤਾਂ ਮਾਈ ਨੇ ਰੌਲਾ ਪਾ ਦਿੱਤਾ। ਚੋਰਾਂ ਨੇ ਮਾਈ ਦਾ ਮੰਜਾ ਚੁੱਕਿਆ ਅਤੇ ਗਲੀ ਵਿਚ ਆ ਗਏ। ਮਾਈ ਕਹਿੰਦੀ ਰਹੀ, ਚੋਰ ਵੇ ਬੱਚਾ ਚੋਰ। ਅੱਗਿਓਂ ਚੋਰ ਕਹਿੰਦੇ ਰਹੇ, ਮਾਈ ਸੱਚ ਕਹਿੰਦੀ ਹੈ। ਇਸ ਤਰ੍ਹਾਂ ਦੋਹਾਂ ਸਿਆਸੀ ਧਿਰਾਂ ਨੂੰ ਸਮਝਿਆ ਜਾ ਸਕਦਾ ਹੈ। ਖਾਲਿਸਤਾਨੀ ਦਾਨਿਸ਼ਵਰ ਕਹਿੰਦੇ ਰਹੇ ਕਿ ਹਿੰਦੂ, ਸਿੱਖ ਦਾ ਦੁਸ਼ਮਣ ਹੈ। ਬਾਦਲ ਸਾਹਿਬ ਇਸ ਨੂੰ ਸੱਚ ਵਾਂਗ ਸੁਣਦੇ ਤੇ ਵਰਤਦੇ ਰਹੇ ਅਤੇ ਰਾਜ ਕਰਦੇ ਰਹੇ। ਇਕ ਹੋਰ ਸੱਚ ਸਾਹਮਣੇ ਆ ਰਿਹਾ ਹੈ। ਮਾਸਟਰ ਤਾਰਾ ਸਿੰਘ ਨੇ ਸਿੱਖ ਸਿਆਸਤ ਵਾਸਤੇ ਲੱਭੇ ਸ. ਹੁਕਮ ਸਿੰਘ, ਅਜੀਤ ਸਿੰਘ ਸਰਹੱਦੀ, ਪ੍ਰਤਾਪ ਸਿੰਘ ਕੈਰੋਂ, ਸ. ਕਪੂਰ ਸਿੰਘ ਅਤੇ ਹੋਰ ਵੀ। ਬਾਦਲ ਨੇ ਕੀ ਤੇ ਕਿਹੋ ਜਿਹੇ ਲੱਭੇ? ਜਿਸ ਨੂੰ ਨਹੀਂ ਪਤਾ, ਉਸ ਨੂੰ ਕਿਉਂ ਦੱਸਣਾ ਹੈ? ਅਜਿਹੀ ਹਾਲਤ ਵਿਚ ਪੰਜਾਬੀ ਦਾਨਿਸ਼ਵਰਾਂ ਦੀ ਭੂਮਿਕਾ ਸਿਆਸਤਦਾਨਾਂ ਦੇ ਹੱਕ ਵਿਚ ਬੇਸ਼ੱਕ ਭੁਗਤਦੀ ਰਹੀ ਹੈ। ਇਸ ਸਪੇਸ ਵਿਚ ਸਿਆਣਪ ਦੀ ਕੀਮਤ ਬਟੋਰੇ ਜਾਣ ਦੀ ਅਕਾਦਮਿਕ ਸਿਆਸਤ ਹੀ ਖਾਲਿਸਤਾਨ ਦੀ ਸਿਆਸਤ ਤੱਕ ਪਹੁੰਚ ਗਈ ਹੈ। ਇਸ ਨਾਲ ਧਾਰਮਿਕ ਕੱਟੜਤਾ ਅਤੇ ਧਾਰਮਿਕ ਡੇਰੇਦਾਰੀ ਦਾ ਬੋਲਬਾਲਾ ਹੁੰਦਾ ਗਿਆ ਹੈ ਅਤੇ ਕਿਸੇ ਵੀ ਰੰਗ ਦੀ ਸਿੱਖ ਦਾਨਿਸ਼ਵਰੀ ਕੰਧੀਂ ਕੌਲੀਂ ਵੱਜਦੀ ਰਹੀ ਹੈ। ਇਸ ਨਾਲ ਸਿੱਖੀ ਦਾ ਜੋ ਵੀ ਨੁਕਸਾਨ ਹੋਇਆ, ਉਸ ਲਈ ਪੰਜਾਬੀ ਚੇਤਨਾ ਕਿਸੇ ਨਾ ਕਿਸੇ ਮਾਤਰਾ ਵਿਚ ਬਰਾਬਰ ਜ਼ਿੰਮੇਵਾਰ ਹੈ। ਸਿੱਖੀ ਦਾ ਭਾਰੀ ਨੁਕਸਾਨ ਜੋ ਪਰਹਾਰ ਨੂੰ ਨਜ਼ਰ ਆ ਰਿਹਾ ਹੈ, ਉਸੇ ਦਾ ਲਾਭ ਇਸ ਵੇਲੇ ਦੀ ਸਿੱਖ ਸਿਆਸਤ ਲੈ ਰਹੀ ਹੈ। ਜਿਸ ਸਿੱਖ ਲੀਡਰਸ਼ਿਪ ਨੂੰ ਪਰਹਾਰ ਵਲੋਂ ਸਿੱਧੜ ਕਿਹਾ ਜਾ ਰਿਹਾ ਹੈ, ਉਸੇ ਦਾ ਪ੍ਰਤੀਨਿਧ ਬਾਦਲਕੇ ਹਨ। ਇਹ ਸਿੱਧੜ ਨਹੀਂ, ਮੀਸਣੀ ਸਿਆਸਤ ਹੈ ਅਤੇ ਇਹ ਕਰਨ ਵਾਲੇ ਤੋਂ ਬਿਨਾ ਕਿਸੇ ਹੋਰ ਦੇ ਹੱਕ ਵਿਚ ਨਹੀਂ ਭੁਗਤ ਸਕਦੀ। ਇਸ ਪ੍ਰਸੰਗ ਵਿਚ ਜਿਨ੍ਹਾਂ ਨਾਂਵਾਂ ਦਾ ਜ਼ਿਕਰ ਪਰਹਾਰ ਨੇ ਕੀਤਾ ਹੈ, ਇਹ ਸਾਰੇ ਸ. ਕਪੂਰ ਸਿੰਘ ਦੇ ਸ਼ਬਦਾਂ ਵਿਚ ਅਕਾਲੀਆਂ ਨੂੰ ਗੱਡੇ ਤੋਂ ਲਾਹ ਕੇ ਜਹਾਜ 'ਤੇ ਚੜ੍ਹਾਉਣ ਦੀ ਸਿਆਸਤ ਦੇ ਹੀ ਕੰਮ ਆਏ ਹਨ। ਵੈਸੇ ਇਨ੍ਹਾਂ ਸਾਰਿਆਂ ਬਾਰੇ ਚਰਚਾ ਹੋਵੇ ਤਾਂ ਇਸ ਫੈਸਲੇ ਵਲ ਵਧਿਆ ਜਾ ਸਕਦਾ ਹੈ ਕਿ ਸਿਆਸਤ ਅਤੇ ਦਾਨਿਸ਼ਵਰੀ ਵਿਚੋਂ ਵਰਤਿਆ ਜਾਣ ਵਾਲਾ ਸਿੱਧੜ ਹੈ ਕਿ ਵਰਤਣ ਵਾਲਾ?

ਵੈਸੇ ਤਾਂ ਸਵਾਲ ਕਰਨ ਵਾਲੇ ਨੂੰ ਕੀਤੇ ਗਏ ਸਵਾਲਾਂ ਦਾ ਵੱਧ ਪਤਾ ਹੁੰਦਾ ਹੈ; ਫਿਰ ਵੀ ਪਰਹਾਰ ਦਾ ਪਹਿਲਾ ਸਵਾਲ ਕਿ ਖਾਲਿਸਤਾਨੀ ਦਾਨਸ਼ਵਰੀ ਵਿਚ ਬਾਹਰੋਂ ਪਰਵੇਸ਼ ਕਰਨ ਵਾਲਿਆਂ ਦੇ ਮਕਸਦ ਬਾਰੇ ਏਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਵੀ ਸਮਕਾਲ ਦੀਆਂ ਸੰਭਾਨਾਵਾਂ ਮੁਤਾਬਿਕ ਹੀ ਘੁਸਪੈਠ ਹੋ ਸਕਦੀ ਹੈ। ਅਜਮੇਰ ਸਿੰਘ ਇਸ ਪੱਖੋਂ ਨਾ ਪਹਿਲਾ ਹੈ ਅਤੇ ਨਾ ਆਖਰੀ। ਇਸ ਤਰ੍ਹਾਂ ਹੋਏ 'ਸਭ ਸਿੱਖਾਂ ਅਤੇ ਸਿੱਖੀ ਦੇ ਭਾਰੀ ਨੁਕਸਾਨ' ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਕਿਸੇ ਵੀ ਕਾਰਨ ਕੌਮੀ ਮੁੱਖਧਾਰਾ ਜੇ ਹਾਸ਼ੀਏ 'ਤੇ ਚਲੀ ਜਾਵੇ ਤਾਂ ਸਿੱਖਾਂ ਅਤੇ ਸਿੱਖੀ ਨੂੰ ਲੋੜ ਮੁਤਾਬਿਕ ਵਰਤਣ ਵਾਲੀ ਸਿਆਸਤ ਹੀ ਵਰਤਾਰੇ ਦੇ ਕੇਂਦਰ ਵਿਚ ਆ ਜਾਣ ਕਰ ਕੇ ਮੁੱਖਧਾਰਾ ਹੋ ਜਾਵੇਗੀ। ਜਵਾਬ ਦੇਣ ਲਈ ਸੰਵਾਦ ਵਿਚ ਕਿਉਂ ਨਾ ਪੈਣ ਨਾਲ ਪੈਦਾ ਹੋਣ ਵਾਲੀ ਸਾਜਿਸ਼ੀ ਚੁੱਪ ਬਾਰੇ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਅਜਿਹਾ ਸਿਆਸੀ ਮਜ਼ੌਰੀਕਰਨ ਕਰ ਕੇ ਵਾਪਰਦਾ ਹੈ। ਸਿਧਾਂਤ ਅਤੇ ਵਿਅਕਤੀ ਨਾਲ ਜੁੜੇ ਹੋਏ ਸਵਾਲ ਦੇ ਜਵਾਬ ਵਿਚ ਕਿਹਾ ਜਾ ਸਕਦਾ ਹੈ ਕਿ ਸਿਧਾਂਤਕ ਇਜਾਰੇਦਾਰੀ ਦੀ ਸਿਆਸਤ ਨਾਲ ਪੈਦਾ ਹੋਣ ਵਾਲੇ ਵਿਅਕਤੀ ਸਹੂਲਤ ਮੁਤਾਬਿਕ ਅਪਹਰਨ ਕਰਨ ਦੇ ਕਲਾਕਾਰ ਹੋ ਜਾਂਦੇ ਹਨ ਅਤੇ ਉਸ ਦੇ ਅੰਧ-ਭਗਤ ਉਸ ਦੇ ਪੈਰੋਂ ਹੋਣ ਵਾਲੇ ਨੁਕਸਾਨ ਨੂੰ ਸਾਹਮਣੇ ਨਹੀਂ ਆਉਣ ਦਿੰਦੇ। ਮੈਂ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਵਰਤਮਾਨ ਵਿਚ ਸਿਆਸਤ ਨੂੰ ਸਿੱਖ ਕੌਮ ਦੀ ਹੋਣੀ ਵਜੋਂ ਨਹੀਂ ਲਿਆ ਜਾ ਸਕਦਾ, ਕਿਉਂਕਿ ਸਿੱਖਾਂ ਦੀ ਘਟਗਿਣਤੀ, ਬਹੁਗਿਣਤੀ ਦੀ ਗਲੋਬਲ ਸਿਆਸਤ ਵਿਚ ਉਸ ਤਰ੍ਹਾਂ ਆਪਣਾ ਥਾਂ ਨਹੀਂ ਬਣਾ ਸਕਦੀ, ਜਿਸ ਤਰ੍ਹਾਂ ਇਸ ਵੇਲੇ ਕਰੋਨਾ ਕਾਲ ਤੱਕ ਬਣ ਚੁਕਾ ਹੈ।

ਮਿਸਾਲ ਵਜੋਂ ਵੈਨਕੂਵਰ ਵਿਚ ਇਕ ਗੁਰਸਿੱਖ ਅੱਖਾਂ ਦੇ ਡਾਕਟਰ ਕੋਲ ਗਿਆ। ਉਸ ਦੀ ਪੱਗ ਟੈਸਟ ਦਾ ਰਾਹ ਰੋਕ ਰਹੀ ਸੀ। ਗੁਰਸਿੱਖ ਨੇ ਪਗੜੀ ਉਤਾਰ ਕੇ ਟੈਸਟ ਕਰਵਾ ਲਏ। ਪੈਸੇ ਦੇਣ ਲੱਗਿਆਂ ਡਾਕਟਰ ਨੇ ਇਸ ਕਰ ਕੇ ਨਾ ਲਏ ਕਿ ਉਸ ਕਰ ਕੇ ਗੁਰਸਿੱਖ ਨੂੰ ਪਗੜੀ ਉਤਾਰਨੀ ਪਈ ਹੈ। ਲੰਗਰ ਦੀ ਸੇਵਾ ਨਾਲ ਵੀ ਪਗੜੀ ਨੂੰ ਮਾਨਤਾ ਮਿਲੀ ਹੈ। ਬਾਣੀ ਦੀ ਰੌਸ਼ਨੀ ਵਿਚ ਸਿਆਸਤ ਵਲ ਪਿੱਠ ਕਰਨ ਦੀ ਲੋੜ ਨਹੀਂ ਹੈ, ਪਰ ਸਿਆਸਤ ਨੂੰ ਧਰਮ ਦੇ ਬਦਲ ਵਾਂਗ ਅਹਿਮੀਅਤ ਦੇਣ ਦੀ ਵੀ ਲੋੜ ਨਹੀਂ ਹੈ। ਕਿਸ ਨੂੰ ਨਹੀਂ ਪਤਾ ਕਿ ਵੋਟਾਂ ਦੀ ਸਿਆਸਤ ਨਾਲ ਸਰਬੱਤ ਦੇ ਭਲੇ ਦੀ ਦਾਅਵੇਦਾਰੀ ਨਹੀਂ ਕੀਤੀ ਜਾ ਸਕਦੀ। ਹਵਾਲੇ ਵਿਚਲੀ ਸਿੱਖ ਸਿਆਸਤ ਨਾਲ ਜੋ ਕੁਝ ਸਾਹਮਣੇ ਆ ਰਿਹਾ ਹੈ, ਉਸ ਨਾਲ ਤਾਂ ਦੁਨੀਆਂ ਭਰ ਵਿਚ ਹੋ ਰਹੀਆਂ ਪਗੜੀਧਾਰੀ ਪ੍ਰਾਪਤੀਆਂ ਵੀ ਨਹੀਂ ਨਿਭ ਸਕਦੀਆਂ।

ਪਰਹਾਰ ਅਤੇ ਪ੍ਰਭਸ਼ਰਨ ਭਰਾਵਾਂ ਦੇ ਹਵਾਲੇ ਨਾਲ ਇਹ ਕਹਿ ਕੇ ਸਮਾਪਤ ਕਰਨਾ ਚਾਹੁੰਦਾ ਹਾਂ ਕਿ ਜੋ ਸਿਧਾਂਤਕ ਪਹਿਲ-ਤਾਜ਼ਗੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਿੱਖਾਂ ਨੂੰ ਖਾਸ ਕਰ ਕੇ ਅਤੇ ਪੰਜਾਬੀਆਂ ਨੂੰ ਆਮ ਕਰ ਕੇ ਵਿਰਾਸਤ ਵਾਂਗ ਮਿਲ ਗਈ ਹੈ, ਇਸ ਨੂੰ ਗਲੋਬਲ ਵਿਰਾਸਤ ਵਿਚ ਤਬਦੀਲ ਕੀਤੇ ਜਾਣ ਦੀ ਲੋੜ ਹੈ। ਅਜਿਹਾ ਕਿਸੇ ਕਿਸਮ ਦੀ ਸਿਆਸਤ ਦੇ ਆਸਰੇ ਨਹੀਂ ਕੀਤਾ ਜਾ ਸਕਦਾ। ਇਹ ਸੱਚਾਈ ਜਿੰਨਾ ਛੇਤੀ ਪੱਲੇ ਬੰਨ੍ਹ ਲਈ ਜਾਵੇ, ਉਸੇ ਮਾਤਰਾ ਵਿਚ ਸਰਬੱਤ ਦੇ ਭਲੇ ਦੀਆਂ ਸੰਭਾਵਨਾ ਪੈਦਾ ਹੋ ਸਕਣ ਦਾ ਰਾਹ ਪੱਧਰਾ ਹੋ ਸਕਦਾ ਹੈ।

> *ਸਿਧਾਂਤਕ ਪਹਿਲ-ਤਾਜ਼ਗੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਿੱਖਾਂ ਨੂੰ ਖਾਸ ਕਰ ਕੇ ਅਤੇ ਪੰਜਾਬੀਆਂ ਨੂੰ ਆਮ ਕਰ ਕੇ ਵਿਰਾਸਤ ਵਾਂਗ ਮਿਲ ਗਈ ਹੈ, ਇਸ ਨੂੰ ਗਲੋਬਲ ਵਿਰਾਸਤ ਵਿਚ ਤਬਦੀਲ ਕੀਤੇ ਜਾਣ ਦੀ ਲੋੜ ਹੈ। ਅਜਿਹਾ ਕਿਸੇ ਕਿਸਮ ਦੀ ਸਿਆਸਤ ਦੇ ਆਸਰੇ ਨਹੀਂ ਕੀਤਾ ਜਾ ਸਕਦਾ। ਇਹ ਸੱਚਾਈ ਜਿੰਨਾ ਛੇਤੀ ਪੱਲੇ ਬੰਨ੍ਹ ਲਈ ਜਾਵੇ, ਉਸੇ ਮਾਤਰਾ ਵਿਚ ਸਰਬੱਤ ਦੇ ਭਲੇ ਦੀਆਂ ਸੰਭਾਵਨਾ ਪੈਦਾ ਹੋ ਸਕਣ ਦਾ ਰਾਹ ਪੱਧਰਾ ਹੋ ਸਕਦਾ ਹੈ।*

# ਪ੍ਰਭਸ਼ਰਨ ਭਰਾਵਾਂ ਦੀ ਰੌਂਗ ਐਂਟਰੀ ਦੇ ਪ੍ਰਤੀਕਰਮ ਦਾ ਪ੍ਰਤੀਕਰਮ

***'ਪੰਜਾਬ ਟਾਈਮਜ਼' ਦੇ ਪਿਛਲੇਰੇ ਅੰਕ (11 ਜੁਲਾਈ) ਵਿਚ ਹਜ਼ਾਰਾ ਸਿੰਘ ਮਿਸੀਸਾਗਾ ਦਾ ਲੇਖ 'ਪ੍ਰਭਸ਼ਰਨ ਭਰਾਵਾਂ ਦੀ ਰੌਂਗ ਐਂਟਰੀ: ਸੰਤਾਂ ਦੇ ਅਸਲ ਵਾਰਸ ਹੋਣ ਦਾ ਦਾਅਵਾ' ਛਾਪਿਆ ਸੀ। ਇਸ ਲੇਖ ਬਾਰੇ ਪ੍ਰਭਸ਼ਰਨਦੀਪ ਸਿੰਘ ਦੀ ਟਿੱਪਣੀ ਪਿਛਲੇ ਅੰਕ (18 ਜੁਲਾਈ) ਵਿਚ ਛਾਪੀ ਗਈ ਸੀ। ਇਸੇ ਸਿਲਸਿਲੇ ਵਿਚ ਹੁਣ ਹਜ਼ਾਰਾ ਸਿੰਘ ਮਿਸੀਸਾਗਾ ਨੇ ਉਸ ਪ੍ਰਤੀਕਰਮ ਬਾਰੇ ਆਪਣਾ ਪ੍ਰਤੀਕਰਮ ਭੇਜਿਆ ਹੈ। ਸਾਡਾ ਯਤਨ ਹੈ ਕਿ ਇਸ ਬਹਿਸ ਵਿਚ ਕਿਸੇ ਦੇ ਨਿੱਜ ਦੀ ਥਾਂ ਸਿੱਖ ਮਸਲਿਆਂ ਬਾਰੇ ਵਿਚਾਰਾਂ ਕੀਤੀਆਂ ਜਾਣ ਤਾਂ ਜੋ ਚਾਨਣ ਦੀ ਕੋਈ ਲੀਕ ਲੱਭ ਸਕੇ। -ਸੰਪਾਦਕ***

**ਹਜ਼ਾਰਾ ਸਿੰਘ ਮਿਸੀਸਾਗਾ**
ਫੋਨ: 905-795-3428

'ਪੰਜਾਬ ਟਾਈਮਜ਼' ਦੇ ਪਿਛਲੇ ਅੰਕ (18 ਜੁਲਾਈ) ਵਿਚ ਪ੍ਰਭਸ਼ਰਨਦੀਪ ਸਿੰਘ ਦੀ ਲਿਖਤ 'ਬੌਧਿਕ ਸਫਰ ਤੇ ਜ਼ਮੀਨੀ ਹਕੀਕਤਾਂ: ਇੱਕ ਦੂਜੇ ਦੇ ਪੂਰਕ ਜਾਂ ਵਿਰੋਧੀ' ਪੜ੍ਹੀ, ਜੋ ਉਨ੍ਹਾਂ ਮੇਰੀ ਲਿਖਤ 'ਪ੍ਰਭਸ਼ਰਨ ਭਰਾਵਾਂ ਦੀ ਰੌਂਗ ਐਂਟਰੀ' ਦੇ ਪ੍ਰਤੀਕਰਮ ਵਜੋਂ ਲਿਖੀ ਹੈ। ਮੇਰੀ ਲਿਖਤ ਦਾ ਤੱਤਸਾਰ ਸਿਰਫ ਇੰਨਾ ਹੀ ਸੀ ਕਿ ਜੇ ਇਹ ਵਿਦਵਾਨ ਭਰਾ ਆਪਣੀਆਂ ਤਾਜ਼ਗੀ ਭਰਪੂਰ ਨਰੋਈਆਂ ਅਤੇ ਠੋਸ ਲਿਖਤਾਂ ਨਾਲ ਸਿੱਖ ਬੌਧਿਕ ਮੰਚ 'ਤੇ ਐਂਟਰੀ ਕਰਦੇ ਤਾਂ ਚੰਗਾ ਹੋਣਾ ਸੀ; ਕਿਉਂਕਿ ਇਹ ਮੰਚ ਕਰੀਬ ਵਿਹਲਾ ਹੀ ਪਿਆ ਹੈ, ਇਸ ਲਈ ਪੰਥ ਤਾਂ ਵਿਦਵਾਨਾਂ ਦਾ ਸੁਆਗਤ ਕਰਨ ਲਈ ਉਡੀਕ ਰਿਹਾ ਹੈ, ਪਰ ਪਿਛਲੇ ਸਮੇਂ ਵਿਚ ਚਲਦੇ ਰਹੇ ਵਿਵਾਦਾਂ ਦੇ ਘੜਮੱਸ ਤੋਂ ਪੰਥ ਦੇ ਆਮ ਮੈਂਬਰ ਪ੍ਰੇਸ਼ਾਨ ਹਨ। ਵਿਦਵਾਨਾਂ ਵਲੋਂ ਇੱਕ ਦੂਜੇ ਖਿਲਾਫ ਵਿੱਢੇ ਮੋਰਚਿਆਂ ਵਿਚੋਂ ਕੁਝ ਠੋਸ ਪ੍ਰਾਪਤੀ ਨਾ ਹੋਣ ਕਾਰਨ ਨਿਰਾਸ਼ ਵੀ ਹਨ। ਇਸ ਲਈ ਸਿੱਖ ਪੰਥ ਦੇ ਆਮ ਮੈਂਬਰਾਂ ਦੀ ਲੋਚਾ ਹੈ ਕਿ ਵਿਦਵਾਨ ਲੋਕ ਦੂਜਿਆਂ ਨੂੰ ਛੁਟਿਆਉਣ ਲਈ ਦੋਸ਼ਾਂ ਅਤੇ ਊਜਾਂ ਦੀ ਹਨੇਰੀ ਝੁਲਾਉਣ ਦੀ ਥਾਂ ਕੋਈ ਨਿੱਗਰ ਵਿਚਾਰ ਲੈ ਕੇ ਆਉਣ।

ਵਿਦਵਾਨ ਲੋਕਾਂ ਨੇ ਕੀ ਕਰਨਾ ਹੈ ਅਤੇ ਕਿਵੇਂ ਕਰਨਾ ਹੈ, ਇਹ ਤਾਂ ਲੋਕਾਂ ਦੇ ਵੱਸ ਨਹੀਂ, ਪਰ ਉਨ੍ਹਾਂ ਦੀ ਲੋਚਾ ਜ਼ਰੂਰ ਹੈ ਕਿ ਵਿਦਵਾਨ ਲੋਕ ਇੱਕ ਦੂਜੇ ਖਿਲਾਫ ਚਿੱਕੜ-ਉਛਾਲੀ ਤੋਂ ਗੁਰੇਜ਼ ਕਰਨ ਤਾਂ ਜੋ ਬੌਧਿਕ ਕਾਰਜਾਂ ਵਿਚ ਲੱਗਣ ਵਾਲੀ ਸ਼ਕਤੀ ਅਤੇ ਸਮਾਂ ਵਿਅਰਥ ਨਾ ਜਾਏ। ਮੈਨੂੰ ਇਸ ਭਾਵਨਾ ਵਿਚ ਕੋਈ ਬੁਰਾਈ ਨਜ਼ਰ ਨਹੀਂ ਆਉਂਦੀ ਅਤੇ ਮੇਰੀ ਭਾਵਨਾ ਵੀ ਇਹੋ ਹੀ ਹੈ। ਪ੍ਰਭਸ਼ਰਨ ਭਰਾਵਾਂ ਦੇ ਕੇਸ ਵਿਚ ਵੀ ਮੈਨੂੰ ਦੋਸ਼ਾਂ, ਊਜਾਂ ਅਤੇ ਮੋੜਵੇਂ ਦੋਸ਼ਾਂ ਦੀ ਹਨੇਰੀ ਪਹਿਲਾਂ ਵਾਂਗ ਹੀ ਝੁੱਲਦੀ ਮਹਿਸੂਸ ਹੋਈ। ਇਹ ਮੇਰੀ ਲੋਚਾ ਦੇ ਉਲਟ ਹੋਣ ਕਾਰਨ ਮੈਨੂੰ ਲੱਗਾ, ਜਿਵੇਂ ਪੰਥਕ ਮੰਚ 'ਤੇ ਪ੍ਰਭਸ਼ਰਨ ਭਰਾਵਾਂ ਦੀ ਐਂਟਰੀ ਹੀ ਰੌਂਗ ਹੋ ਗਈ ਹੋਏ। ਇਹ ਵਿਦਵਾਨ ਭਰਾ ਪੰਥ ਦੇ ਬੌਧਿਕ ਮੰਚ 'ਤੇ ਸਥਾਪਿਤ ਹੋਣਾ ਚਾਹੁੰਦੇ ਹਨ ਜਾਂ ਨਹੀਂ, ਇਸ ਬਾਰੇ ਮੈਨੂੰ ਕੋਈ ਇਲਮ ਨਹੀਂ ਅਤੇ ਨਾ ਹੀ ਮੇਰਾ ਇਨ੍ਹਾਂ ਨਾਲ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਹਿਤਾਂ ਦਾ ਟਕਰਾਓ ਹੈ। ਮੇਰਾ ਨਾ ਤਾਂ ਕੋਈ ਨਿੱਜੀ ਵਿਰੋਧ ਹੈ ਅਤੇ ਨਾ ਮੈਂ ਕਿਸੇ ਵਿਦਵਾਨ ਨੂੰ ਮਸ਼ਵਰਾ ਦੇਣ ਦੀ ਹੈਸੀਅਤ ਵਿਚ ਹਾਂ। ਹੋਰਨਾਂ ਵਾਂਗ ਜਨਤਕ ਮੰਚ ਦਾ ਦਰਸ਼ਕ ਹੋਣ ਨਾਤੇ ਟਿੱਪਣੀ ਕਰਨ, ਆਪਣੀ ਰਾਇ ਰੱਖਣ ਜਾਂ ਕੋਈ ਸਵਾਲ ਕਰਨ ਦਾ ਹੱਕ ਜ਼ਰੂਰ ਰੱਖਦਾ ਹਾਂ।

ਸਿੱਖ ਪੰਥ ਦੇ ਵਿਹੜੇ ਵਿਚ ਲੱਗੀ ਬੌਧਿਕ ਔੜ ਤੋਂ ਉਦਾਸ ਹੋਇਆ ਪੰਥ ਕਾਮਨਾ ਕਰਦਾ ਸੀ (ਹੈ) ਕਿ ਕੋਈ ਵਿਦਵਾਨ ਵਿਦਵਤਾ ਭਰਪੂਰ ਬਿਰਤਾਂਤ ਦੀਆਂ ਠੰਢੀਆਂ ਕਣੀਆਂ ਨਾਲ ਚਿਰਾਂ ਤੋਂ ਪੈਦਾ ਹੋਈ ਵਿਵਾਦਾਂ ਅਤੇ ਭੰਬਲਭੂਸਿਆਂ ਦੀ ਤਪਸ਼ ਨੂੰ ਠੰਢਿਆਂ ਕਰੇ। ਦੋਸ਼ਾਂ, ਊਜਾਂ ਤੋਂ ਨਿਰਲੇਪ ਕੋਈ ਐਸਾ ਖਰਾ ਵਿਚਾਰ ਆਏ, ਜਿਸ ਦੀ ਖੁਸ਼ਬੂ ਪੰਥਕ ਵਿਹੜੇ ਨੂੰ ਮਹਿਕਾ ਕੇ ਬਾਕੀ ਸੰਸਾਰ ਵਿਚ ਵੀ ਫੈਲ ਜਾਏ। ਕਈ ਹਨੇਰੇ ਪੱਖ ਰੌਸ਼ਨ ਹੋ ਜਾਣ। ਸੋਚ ਦੇ ਬੰਜਰ ਖੇਤਾਂ ਵਿਚ ਵੀ ਰੌਣਕ ਆ ਜਾਵੇ। ਲੋਕ ਆਪ ਮੁਹਾਰੇ ਕਹਿ ਉਠਣ, "ਬਾਰਾਂ ਬਰਸ ਦੀ ਔੜ ਸੀ ਮੀਂਹ ਵੁੱਠਾ, ਲੱਗਾ ਰੰਗ ਫਿਰ ਖੁਸ਼ਕ ਬਗੀਚਿਆਂ ਨੂੰ।" ਪਰ ਪ੍ਰਭਸ਼ਰਨ ਭਰਾਵਾਂ ਦੀ ਆਮਦ ਜਿਸ ਤਰ੍ਹਾਂ ਦੋਸ਼ਾਂ, ਊਜਾਂ, ਨਿੱਜੀ ਹਮਲਿਆਂ ਅਤੇ ਜਵਾਬੀ ਇਲਜ਼ਾਮਾਂ ਦੀ ਗਰਦ ਨਾਲ ਹੋਈ ਹੈ, ਉਸ ਨੇ ਅਸਲ ਵਿਚਾਰ ਨੂੰ ਸਾਹਮਣੇ ਨਹੀਂ ਆਉਣ ਦਿੱਤਾ। ਨਿੱਜੀ ਤੌਰ 'ਤੇ ਮੈਂ ਮਹਿਸੂਸ ਕਰਦਾਂ ਹਾਂ ਕਿ ਇਹ ਚੰਗੀ ਸ਼ੁਰੂਆਤ ਨਹੀਂ ਪਰ ਪ੍ਰਭਸ਼ਰਨਦੀਪ ਸਿੰਘ ਹੁਰੀਂ ਦੂਜਿਆਂ ਨੂੰ ਛੁਟਿਆਉਣ ਲਈ ਜਿਵੇਂ ਪ੍ਰਤੀਕਰਮ ਕਰਦੇ ਹਨ, ਜਾਂ ਜਿਵੇਂ ਸੰਬੋਧਿਤ ਹੁੰਦੇ ਹਨ, ਉਸ ਤੋਂ ਕੋਈ ਠੰਢਕ ਵਰਤਦੀ ਨਹੀਂ ਜਾਪਦੀ, ਸਗੋਂ 'ਵਾਰਿਸ ਸ਼ਾਹ ਜਾਂ ਅੰਦਰੋਂ ਗਰਮ ਹੋਇਆ, ਲਾਟਾਂ ਕੱਢੀਆਂ ਤਾਓ ਤੰਦੂਰ ਦੇ ਜੀ' ਅਨੁਸਾਰ ਦੋਸ਼ਾਂ, ਇਲਜ਼ਾਮਾਂ ਦੀਆਂ ਹੋਰ ਲਾਟਾਂ ਹੀ ਨਿਕਲਣਗੀਆਂ। ਉਂਜ ਜੇ ਐਸਾ ਨਾ ਹੋਏ ਤਾਂ ਚੰਗਾ ਹੋਵੇਗਾ।

ਹੁਣ ਮੈਂ ਕੁਝ ਗੱਲਾਂ ਪ੍ਰਭਸ਼ਰਨਦੀਪ ਸਿੰਘ ਹੁਰਾਂ ਨਾਲ ਉਨ੍ਹਾਂ ਦੇ ਲਿਖੇ ਪ੍ਰਤੀਕਰਮ ਵਿਚਲੇ ਨੁਕਤਿਆਂ ਬਾਰੇ ਕਰਨਾ ਚਾਹਾਂਗਾ। ਪ੍ਰਭਸ਼ਰਨਦੀਪ ਸਿੰਘ ਜੀ, ਤੁਸੀਂ ਮਿਆਰੀ ਅਕਾਦਮਿਕ ਬਹਿਸ ਦੀ ਗੱਲ ਕਰਦੇ ਹੋ, ਇਸ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ। ਅਕਾਦਮਿਕ ਹਲਕਿਆਂ ਵਿਚ ਆਮ ਲੋਕਾਂ ਦਾ ਕੋਈ ਦਖਲ ਨਹੀਂ ਹੈ। ਜਦ ਤੁਸੀਂ ਕਿਸੇ ਬਹਿਸ ਨੂੰ ਜਨਤਕ ਮੰਚ 'ਤੇ ਲੈ ਆਓਗੇ ਤਾਂ ਆਮ ਲੋਕਾਂ 'ਤੇ ਅਕਾਦਮਿਕ ਮਿਆਰ ਦੀਆਂ ਸਖਤ ਸ਼ਰਤਾਂ ਨਹੀਂ ਲਾਈਆਂ ਜਾ ਸਕਦੀਆਂ। ਤੁਸੀਂ ਗੱਲ ਅਖਬਾਰੀ ਮੰਚ 'ਤੇ ਕਰਦੇ ਹੋਏ ਆਪਣੀ ਗੱਲ ਨੂੰ ਨਜ਼ਰੀਆ ਕਹਿ ਲੈਣ ਦੀ ਖੁਲ੍ਹ ਲੈ ਲੈਂਦੇ ਹੋ, ਪਰ ਦੂਜਿਆਂ ਦੀ ਗੱਲ ਨੂੰ ਅਕਾਦਮਿਕ ਛਾਣਨੀ ਲਾ ਕੇ ਪ੍ਰਦੂਸ਼ਣ ਗਰਦਾਨ ਦਿੰਦੇ ਹੋ। ਤੁਸੀਂ ਵਿਦਵਾਨ ਲੋਕ ਵੱਡੀਆਂ, ਡੂੰਘੀਆਂ ਗੱਲਾਂ ਕਰਦੇ ਹੋ। ਲੋਕ ਸੁਣਦੇ ਹਨ, ਪੜ੍ਹਦੇ ਹਨ ਅਤੇ ਆਪਣੇ ਵਲੋਂ ਜੋ ਉਨ੍ਹਾਂ ਦੇ ਸਮਝ ਆਇਆ, ਕਹਿਣ ਦੇ ਵੀ ਹੱਕਦਾਰ ਹਨ। ਗੁਰਬਾਣੀ ਦਾ ਵੀ ਫਰਮਾਨ ਹੈ, 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥' ਪਰ ਤੁਹਾਨੂੰ ਤੁਹਾਡੇ ਤੋਂ ਵੱਖਰਾ ਵਿਚਾਰ ਸਾਜ਼ਿਸ਼ੀ ਸਿਧਾਂਤ ਜਾਪਦਾ ਹੈ। ਜੇ ਤੁਸੀਂ ਆਪਣਾ ਨਜ਼ਰੀਆ ਰੱਖ ਸਕਦੇ ਹੋ ਤਾਂ ਅਖਬਾਰੀ ਮੰਚ 'ਤੇ ਮੇਰਾ ਨਜ਼ਰੀਆ ਨਮੋਸ਼ੀ ਖੱਟਣ ਦਾ ਬੰਦੋਬਸਤ ਕਿਉਂ? ਇਹ ਬੌਧਿਕ ਧੌਂਸ ਹੈ। ਅਖਬਾਰੀ ਮੰਚ 'ਤੇ ਕਿਸੇ ਵਿਚਾਰ ਨੂੰ ਅਕਾਦਮਿਕ ਨਾ ਹੋਣ ਦਾ ਮਿਹਣਾ ਮਾਰਨਾ ਯੋਗ ਨਹੀਂ। ਜੇ ਗੈਰ-ਅਕਾਦਮਿਕ ਬਹਿਸ ਠੀਕ ਨਹੀਂ ਸਮਝਦੇ ਤਾਂ ਅਕਾਦਮਿਕ ਹਲਕਿਆਂ ਤੱਕ ਸੀਮਿਤ ਰਹੋ। ਯਾਦ ਰਹੇ, ਇਹ ਵੀ ਅਖਬਾਰੀ ਲਿਖਤ ਹੈ ਨਾ ਕਿ ਕੋਈ ਅਕਾਦਮਿਕ ਬੌਧਿਕ ਕਾਰਜ।

ਤੁਸੀਂ ਖਾਲਿਸਤਾਨ ਦੀ ਸੂਖਮ ਸਿਧਾਂਤਕਾਰੀ ਪੇਸ਼ ਕਰੋ, ਸਾਨੂੰ ਕੋਈ ਇਤਰਾਜ਼ ਨਹੀਂ। ਤੁਸੀਂ ਖਾਲਿਸਤਾਨ ਦਾ ਸੁਪਨਾ ਜਗਦਾ ਰੱਖੋ, ਕੋਈ ਇਤਰਾਜ਼ ਨਹੀਂ; ਪਰ ਜਦ ਤੁਸੀਂ ਜਨਤਕ ਮੰਚ 'ਤੇ ਖਾਲਿਸਤਾਨ ਦੇ ਨਾਂ 'ਤੇ ਵਾਪਰੀਆਂ ਘਟਨਾਵਾਂ ਦੀ ਕਹਾਣੀ ਛੇੜੋਗੇ ਤਾਂ ਕਈ ਅਸਹਿਜ ਟਿੱਪਣੀਆਂ ਵੀ ਹੋਣਗੀਆਂ ਅਤੇ ਸਵਾਲ ਵੀ। ਜਵਾਬ ਦੇਣਾ ਜਾਂ ਨਾ ਦੇਣਾ ਤੁਹਾਡਾ ਆਪਣਾ ਫੈਸਲਾ ਹੈ। ਜਨਤਕ ਮੰਚ 'ਤੇ ਆ ਕੇ ਆਪ ਆਖਦੇ ਹੋ ਕਿ ਕਿਸੇ ਸਾਜ਼ਿਸ਼ ਅਧੀਨ 26 ਜਨਵਰੀ 1986 ਨੂੰ ਖਾਲਿਸਤਾਨ ਦਾ ਐਲਾਨ ਰੁਕਵਾ ਦਿੱਤਾ ਗਿਆ ਅਤੇ ਡਾ. ਸੋਹਨ ਸਿੰਘ ਨੇ ਬੜੀ ਮਿਹਨਤ ਨਾਲ 29 ਅਪਰੈਲ ਨੂੰ ਕਰਵਾਇਆ। ਇਸ ਐਲਾਨ ਬਾਰੇ ਡਾ. ਸੰਗਤ ਸਿੰਘ ਦਾ ਕਹਿਣਾ ਹੈ ਕਿ ਇਹ ਐਲਾਨ ਕੀਤਾ ਨਹੀਂ ਸੀ, ਸਰਕਾਰੀ ਮਿਲੀਭੁਗਤ ਨਾਲ ਕਰਵਾਇਆ ਗਿਆ ਸੀ। ਡਾ. ਜਗਜੀਤ ਸਿੰਘ ਚੌਹਾਨ, ਡਾ. ਸੋਹਨ ਸਿੰਘ ਦੀ ਪੰਥਕ ਕਮੇਟੀ ਨੂੰ ਸਾਰੀ ਉਮਰ ਸਰਕਾਰ ਵਲੋਂ ਖੜ੍ਹੀ ਕਮੇਟੀ ਕਹਿੰਦਾ ਰਿਹਾ। ਆਮ ਸਿੱਖ ਤੁਹਾਡੇ ਵਰਗੇ ਸਿਧਾਂਤਕਾਰਾਂ ਨੂੰ ਸਵਾਲ ਕਰ ਸਕਦਾ ਹੈ ਕਿ ਇਹ ਸਭ ਕੀ ਘਾਲਾ-ਮਾਲਾ ਸੀ? ਜੇ ਡਾ. ਸੋਹਨ ਸਿੰਘ ਨੇ ਮਿਹਨਤ ਨਾਲ ਐਲਾਨ ਕਰਵਾ ਹੀ ਲਿਆ ਸੀ ਅਤੇ ਬੰਦੂਕ ਦਾ ਡਰਾਵਾ ਦੇ ਕੇ ਚੋਣਾਂ ਦਾ ਬਾਈਕਾਟ ਵੀ ਕਰਵਾ ਲਿਆ ਸੀ ਤਾਂ ਫਿਰ ਭਾਰਤੀ ਸੰਵਿਧਾਨ ਅਧੀਨ ਸ਼੍ਰੋਮਣੀ ਕਮੇਟੀ ਦੀ ਚੋਣ ਕਿਉਂ ਲੜੀ? ਆਮ ਸਿੱਖਾਂ ਦੇ ਤਾਂ ਖਾਲਿਸਤਾਨੀ ਘਟਨਾਵਾਂ ਬਾਰੇ ਐਸੇ ਕਈ ਸਵਾਲ ਹੋਣਗੇ। ਕੀ ਤੁਸੀਂ ਸਭ ਨੂੰ ਗੈਰ ਅਕਾਦਮਿਕ ਕਹਿ ਕੇ ਰੱਦ ਕਰ ਦਿਓਗੇ? ਜਾਂ ਬੌਧਿਕ ਧੌਂਸ ਜ਼ਰੀਏ ਇਨ੍ਹਾਂ ਨੂੰ ਨਮੋਸ਼ੀ ਦਾ ਸਾਮਾਨ ਸਿੱਧ ਕਰ ਦਿਓਗੇ ਤਾਂ ਜੋ ਆਮ ਬੰਦਾ ਤੁਹਾਡੀ ਵਿਦਵਤਾ ਤੋਂ ਦਹਿਲ ਕੇ ਚੁੱਪ ਰਹਿਣ ਵਿਚ ਹੀ ਭਲਾਈ ਸਮਝੇ?

ਤੁਸੀਂ ਖਾਲਿਸਤਾਨੀ ਲਹਿਰ ਨੂੰ ਸਿੱਖਾਂ ਅੰਦਰਲੇ ਦਰਦ ਦਾ ਸ਼ਿੱਦਤ ਭਰਿਆ ਪ੍ਰਗਟਾਵਾ ਅਤੇ ਇਸ ਨੂੰ ਸਿੱਖਾਂ ਦੇ ਆਤਮਿਕ ਸਫਰ ਦੀ ਪੁਨਰ ਸੁਰਜੀਤੀ ਕਹਿ ਕੇ ਲਹਿਰ ਨੂੰ ਵਡਿਆ ਸਕਦੇ ਹੋ, ਪਰ ਜਨਤਕ ਮੰਚ ਦੇ ਦਰਸ਼ਕ, ਲਹਿਰ ਵਲੋਂ ਬੁਨਿਆਦੀ ਸਿੱਖ ਕਦਰਾਂ-ਕੀਮਤਾਂ ਦੇ ਘਾਣ ਦੀਆਂ ਘਟਨਾਵਾਂ ਸਬੰਧੀ ਵੀ ਕੁਝ ਕਹਿ ਜਾਂ ਪੁੱਛ ਸਕਦੇ ਹਨ। ਸੱਚ ਇਹ ਵੀ ਹੈ ਕਿ ਸਿੱਖ ਬੰਦ ਖਲਾਸੀ ਦੀ ਮੋਹਰ-ਛਾਪ ਹੇਠ ਚਲਦੀ ਲਹਿਰ ਦੌਰਾਨ ਇੱਕ ਸਮਾਂ ਐਸਾ ਵੀ ਆ ਗਿਆ ਸੀ, ਜਦ ਹਾਲਾਤ 'ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ' ਜਿਹੇ ਬਣ ਗਏ ਸਨ। ਖਾਲਿਸਤਾਨ ਦਾ ਰੋਮਾਂਚਿਕ ਪੱਖ ਪੇਸ਼ ਕਰਨ ਵਾਲੇ ਵਿਦਵਾਨ ਅਤੇ ਨਾਹਰੇ ਲਾਉਣ ਵਾਲੇ ਵਪਾਰੀਆਂ ਦੀ ਵੀ ਘਾਟ ਨਹੀਂ ਰਹੀ। ਇਨ੍ਹਾਂ ਜੋ ਕੀਤਾ, ਉਹ ਇਹ ਸੀ, 'ਵਾਰਿਸਾ ਕਿਨ੍ਹਾਂ ਫੁਲੇਲੀਆਂ ਪੀੜੀਆਂ ਈ, ਇਤਰ ਕੱਢ ਕੇ ਫੋਗ ਨੂੰ ਸੁੱਟ ਗਏ ਜੀ।' ਬਿਨਾ ਕਿਸੇ ਤਿਆਰੀ ਦੇ ਵਿੱਢੀ ਖਾਲਿਸਤਾਨ ਦੀ ਮੁਹਿੰਮ ਵਿਚ ਫਸੇ ਬਹੁਤ ਲੋਕਾਂ ਦੀ ਹਾਲਤ 'ਵਾਰਿਸ ਸ਼ਾਹ ਕੁਸੰਭੇ ਦੇ ਫੋਕ ਵਾਂਗੂ, ਸਾਡਾ ਓੜਕਾਂ ਰਸਾ ਨਿਚੋੜਿਆ ਈ' ਜਿਹੀ ਵੀ ਹੋ ਗਈ ਸੀ। ਸੋ, ਜਨਤਕ ਮੰਚ 'ਤੇ ਸਿੱਖ ਚਿੰਤਕ ਅਜਮੇਰ ਸਿੰਘ, ਕਰਮਜੀਤ ਸਿੰਘ ਜਾਂ ਤੁਹਾਡੇ ਵਰਗੇ ਖਾਲਿਸਤਾਨ ਦੇ ਸਿਧਾਂਤਕਾਰਾਂ ਨੂੰ ਅਜਿਹੇ ਹਾਲਾਤ ਨਾਲ ਜੁੜੇ ਸਵਾਲਾਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ, ਜਿਨ੍ਹਾਂ ਨੂੰ ਗੈਰ-ਅਕਾਦਮਿਕ ਕਹਿ ਕੇ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਅਜਮੇਰ ਸਿੰਘ ਦੀਆਂ ਟੋਰਾਂਟੋ ਦੀਆਂ ਫੇਰੀਆਂ ਦੌਰਾਨ ਮੈਂ ਉਸ ਕੋਲੋਂ ਵੀ ਇਸੇ ਤਰ੍ਹਾਂ ਦੇ ਸਵਾਲ ਪੁੱਛਣ ਦੀ ਗੁਸਤਾਖੀ ਕੀਤੀ ਸੀ, ਪਰ ਪੈਰਾਂ ਦਾ ਡਾਢਾ ਛੋਹਲਾ ਹੋਣ ਕਰ ਕੇ ਉਹ ਬਿਨਾ ਕੋਈ ਤਸੱਲੀਬਖਸ਼ ਜਵਾਬ ਦਿਤਿਆਂ ਹੀ ਪੱਲਾ ਛੁਡਾ ਗਿਆ ਸੀ।

ਪ੍ਰਭਸ਼ਰਨਦੀਪ ਸਿੰਘ ਜੀ, ਮੈਨੂੰ ਤੁਹਾਡੇ ਨਾਗਾਂ ਨਾਲ ਉਲਝਣ ਬਾਰੇ ਬਹੁਤਾ ਨਹੀਂ ਪਤਾ, ਪਰ ਜ਼ਹਿਰ ਦਾ ਅਸਰ ਤੁਹਾਡੇ ਦੱਸਣ ਤੋਂ ਪਹਿਲਾਂ ਹੀ ਪ੍ਰਗਟ ਹੋਇਆ ਜਾਪਣ ਲੱਗ ਪਿਆ ਸੀ। ਤੁਹਾਡੀ ਮਜਬੂਰੀ ਜਾਂ ਚਾਅ ਦਾ ਮੈਨੂੰ ਗਿਆਨ ਨਹੀਂ, ਪਰ ਮੇਰੀ ਮਨੋਕਾਮਨਾ ਇਹ ਹੈ ਕਿ ਐਸਾ ਨਾ ਹੁੰਦਾ ਅਤੇ ਭਵਿੱਖ ਵਿਚ ਵੀ ਐਸਾ ਨਾ ਹੋਵੇ। ਮੇਰੇ ਵਾਸਤੇ ਹੈਰਾਨੀ ਦੀ ਗੱਲ ਇਹ ਹੈ ਕਿ ਸਭਿਆਚਾਰਕ ਪ੍ਰਦੂਸ਼ਣ ਬਾਰੇ ਜਾਣਦਿਆਂ ਵੀ ਡਾ. ਢਿੱਲੋਂ, ਅਜਮੇਰ ਸਿੰਘ, ਦਲਬੀਰ ਸਿੰਘ ਆਦਿ ਬਾਰੇ ਦੂਸ਼ਣਬਾਜ਼ੀ ਦਾ ਪ੍ਰਦੂਸ਼ਣ ਕਿਉਂ ਫੈਲਾਇਆ? ਤੁਸੀਂ ਉਨ੍ਹਾਂ ਨਾਲ ਸਿਧਾਂਤਕ ਬਹਿਸ ਛੇੜੀ ਰੱਖਦੇ, ਸਿਧਾਂਤਕ ਸਵਾਲ ਪੁੱਛੀ ਜਾਂਦੇ। ਡਾ. ਢਿੱਲੋਂ ਬਾਰੇ ਇਹ ਕਹਿਣਾ ਕਿ ਨਾ ਉਸ ਨੂੰ ਅੰਗਰੇਜ਼ੀ ਆਉਂਦੀ ਹੈ, ਨਾ ਪੰਜਾਬੀ, ਇਹ ਕਿਹੜੇ ਸਿਧਾਂਤਕ ਮਸਲੇ ਦੀ ਲੋੜ ਸੀ? ਕੀ ਡਾ. ਢਿੱਲੋਂ ਦੇ ਦੋਸ਼ਾਂ ਤੇ ਸਵਾਲਾਂ ਨੂੰ ਛੁਟਿਆਉਣ ਲਈ ਇਹ ਕਹਿ ਦੇਣਾ ਕਾਫੀ ਹੈ ਕਿ ਗੁਰਦਰਸ਼ਨ ਸਿੰਘ ਢਿੱਲੋਂ ਜਿਹੇ ਬੰਦੇ ਵਲੋਂ ਤੁਹਾਡੇ ਬਾਰੇ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ? ਕੀ ਤੁਸੀਂ ਸਮਝਦੇ ਹੋ ਕਿ ਸਿੱਖ ਡਾ. ਢਿੱਲੋਂ ਦੀਆਂ ਕਹੀਆਂ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ? ਆਮ ਸਿੱਖਾਂ ਦੀ ਲੋਚਾ ਹੈ ਕਿ ਐਸੇ ਵਿਵਾਦ ਵਾਲੇ ਹਾਲਾਤ ਪੈਦਾ ਹੀ ਨਾ ਹੋਣ ਤੇ ਜੇ ਕੋਈ ਗੱਲ ਹੋ ਗਈ ਹੈ ਤਾਂ ਧੁੰਦ ਸਾਫ ਹੋ ਜਾਣੀ ਚਾਹੀਦੀ ਹੈ।

ਵਿਦੇਸ਼ਾਂ ਵਿਚ ਸਿੱਖ ਕਈ ਵਾਰ ਠੱਗੇ ਗਏ ਮਹਿਸੂਸ ਕਰ ਚੁਕੇ ਹਨ। ਪਹਿਲਾਂ ਵੱਖ-ਵੱਖ ਅਦਾਰਿਆਂ ਵਿਚ ਸਿੱਖੀ ਬਾਰੇ ਖੋਜ ਕਾਰਜਾਂ ਲਈ ਧਨ ਇਕੱਠਾ ਕਰ ਕੇ ਦਿੱਤਾ ਅਤੇ ਫਿਰ ਉਹੋ ਚੇਅਰਾਂ ਬੰਦ ਕਰਵਾਉਣ ਲਈ ਮੁਜਾਹਰੇ ਕੀਤੇ। ਕੀਤੇ ਗਏ ਖੋਜ ਕਾਰਜਾਂ ਨੂੰ ਰੱਦ ਕਰਵਾਉਣ ਲਈ ਬਰਾਬਰ ਦੀਆਂ ਕਾਨਫਰੰਸਾਂ ਕਰਵਾਉਣ ਲਈ ਸਿੱਖ ਵਿਦਵਾਨ ਬੁਲਾਏ। ਯਾਦ ਰਹੇ, ਡਾ. ਢਿੱਲੋਂ ਵੀ ਇਨ੍ਹਾਂ ਸੱਦੇ ਜਾਂਦੇ ਰਹੇ ਵਿਦਵਾਨਾਂ ਵਿਚ ਸ਼ਾਮਿਲ ਸੀ। ਸੋ, ਸਿੱਖਾਂ ਨੂੰ ਥੋੜ੍ਹੇ ਸਮੇਂ ਦੌਰਾਨ ਹੀ ਹੱਥੀਂ ਲਾਏ ਬੂਟੇ ਵੱਢਣ ਜਿਹੇ ਔਖੇ ਕੰਮਾਂ ਦਾ ਸਾਹਮਣਾ ਕਰਨਾ ਪਿਆ ਹੈ। ਹੁਣ ਗੰਭੀਰ ਗੱਲ ਇਹ ਹੈ ਕਿ ਡਾ. ਢਿੱਲੋਂ ਬਨਾਮ ਪ੍ਰਭਸ਼ਰਨ ਭਰਾ ਛਿੜੀ ਬੇਸੁਆਦੀ ਗੱਲਬਾਤ ਵੀ ਇਸੇ ਦਿਸ਼ਾ ਵੱਲ ਤੁਰਨ ਦੇ ਸੰਕੇਤ ਦੇ ਰਹੀ ਹੈ। ਮੇਰੀ ਮਨੋਕਾਮਨਾ ਇਹ ਹੈ ਕਿ ਐਸਾ ਨਾ ਹੋਏ।

ਮੇਰਾ ਮਨੋਰਥ ਕੋਈ ਸਾਜ਼ਿਸ਼ੀ ਸਿਧਾਂਤ ਪੇਸ਼ ਕਰਨਾ ਨਹੀਂ। ਪ੍ਰਭਸ਼ਰਨਦੀਪ ਸਿੰਘ ਜੀ, ਤੁਸੀਂ ਵੀ ਮਹਿਸੂਸ ਕਰਦੇ ਹੋ ਕਿ 1984 ਬਾਰੇ ਸਹੀ ਵਿਆਖਿਆ ਅਜੇ ਤੱਕ ਪੇਸ਼ ਨਹੀਂ ਹੋਈ। ਦਿੱਤੇ ਗਏ ਜਵਾਬ ਪੂਰੀ ਤਰ੍ਹਾਂ ਤਸੱਲੀਬਖਸ਼ ਨਹੀਂ। ਇਸੇ ਹੀ ਤਰ੍ਹਾਂ ਮੇਰਾ ਇਹ ਕਹਿਣਾ ਕਿ ਸਿੱਖ 6 ਜੂਨ 1984 ਨੂੰ ਸ਼ਾਮ ਦੇ ਪੰਜ ਵਜੇ ਤੱਕ ਖਾਲਿਸਤਾਨ ਦਾ ਯੁੱਧ ਹਾਰ ਗਏ ਸਨ, ਵੀ 1984 ਦੇ ਇੱਕ ਪੱਖ ਦੀ ਸੰਖੇਪ ਵਿਆਖਿਆ ਹੈ, ਨਾ ਕਿ ਕੋਈ ਸਾਜ਼ਿਸ਼। ਤੱਥਾਂ ਦੀ ਰੌਸ਼ਨੀ ਵਿਚ ਦੇਖਿਆ ਜਾਏ ਤਾਂ ਖਾਲਸਾ ਰਾਜ ਦਾ ਸੂਰਜ ਸਭਰਾਵਾਂ ਦੀ ਜੰਗ ਹਾਰਨ ਸਮੇਂ ਹੀ ਅਸਤ ਹੋ ਗਿਆ ਸੀ, ਜਿਸ ਦੀ ਬਹਾਲੀ ਲਈ ਚਿੱਲਿਆਂ ਵਾਲੀ ਅਤੇ ਗੁਜਰਾਤ ਦੀਆਂ ਲੜਾਈਆਂ ਹੋਈਆਂ। 1848-1849 ਵਿਚ ਹੋਈਆਂ ਇਨ੍ਹਾਂ ਲੜਾਈਆਂ ਤੋਂ ਬਾਅਦ ਜੂਨ 1984 ਵਿਚ ਸਿੱਖਾਂ ਦੀ ਜੋ ਹਥਿਆਰਬੰਦ ਜੰਗ ਹੋਈ, ਉਹ ਵੀ ਆਪਣੇ ਵੱਖਰੇ ਰਾਜ ਲਈ ਸੀ, ਜੋ ਹਾਲਾਤ ਸਾਜ਼ਗਰ ਨਾ ਹੋਣ ਕਾਰਨ ਸਿੱਖ ਹਾਰ ਗਏ। 1984 ਵਿਚ ਅੰਤਰ-ਵਿਰੋਧਾਂ ਦੇ ਬਾਵਜੂਦ ਸਮੁੱਚੀ ਸਿੱਖ ਸ਼ਕਤੀ ਇੱਕ ਬਿੰਦੂ 'ਤੇ ਇਕੱਠੀ ਹੋ ਗਈ ਸੀ, ਜਿਸ ਵਾਸਤੇ 1984 ਇੱਕ ਤਰ੍ਹਾਂ ਬਿਗ ਬੈਂਗ ਸਾਬਿਤ ਹੋਇਆ ਅਤੇ ਇਹ ਸ਼ਕਤੀ ਬਿਖਰ ਗਈ। ਇਹ ਬਿਖਰਾਓ ਅੱਜ ਤੱਕ ਜਾਰੀ ਹੈ।

ਤੁਹਾਡੇ ਵਲੋਂ ਖਾਲਿਸਤਾਨ ਦਾ ਸੁਪਨਾ ਆਬਾਦ ਰੱਖਣ ਬਾਰੇ ਕਿਸੇ ਨੂੰ ਕੋਈ ਇਤਰਾਜ਼ ਨਹੀਂ, ਪਰ ਖਿਆਲ ਰਹੇ, ਹੁਣ ਤੱਕ ਨਾਹਰਾ ਆਬਾਦ ਰੱਖਣ ਵਾਲਿਆਂ ਬਾਰੇ ਲੋਕਾਂ ਦੀ ਰਾਇ ਚੰਗੀ ਨਹੀਂ। ਸ. ਗੁਰਤੇਜ ਸਿੰਘ ਦੇ ਸ਼ਬਦਾਂ ਅਨੁਸਾਰ ਇਹ ਨਾਹਰੇ ਲਾਉਣ ਵਾਲੇ ਅਜੇ ਤੱਕ ਖਾਲਿਸਤਾਨ ਨੂੰ ਸ਼ਬਦਾਂ ਦੀਆਂ ਝਾੜੀਆਂ ਵਿਚੋਂ ਬਾਹਰ ਨਹੀਂ ਕੱਢ ਸਕੇ ਅਤੇ ਖਾਲਿਸਤਾਨੀ ਢੁੱਡਾਂ ਨਾਲ ਪੰਥਕ ਏਕਤਾ ਨੂੰ ਖਦੇੜ ਕੇ ਪੰਥ ਵਿਰੋਧੀਆਂ ਲਈ ਸੱਤਾ ਪੱਕੀ ਕਰਨ ਦਾ ਇੰਤਜ਼ਾਮ ਕਰਦੇ ਆ ਰਹੇ ਹਨ। ਅਖੀਰ ਵਿਚ ਡਾ. ਹਰਪਾਲ ਸਿੰਘ ਪੰਨੂ ਦੀ ਗੱਲ ਯਾਦ ਆਈ। ਉਨ੍ਹਾਂ ਲਿਖਿਆ ਸੀ ਕਿ ਸਿਰਦਾਰ ਕਪੂਰ ਸਿੰਘ ਵੀ ਵਿਦਵਾਨ ਸਨ, ਪਰ ਉਸ ਵਿਦਵਤਾ ਦਾ ਕੀ ਲਾਭ, ਜੋ ਨਾ ਉਨ੍ਹਾਂ ਦੇ ਆਪਣੇ ਕੰਮ ਆਈ, ਨਾ ਕੌਮ ਦੇ! ਹੁਣ ਇਹੋ ਵਰਤਾਰਾ ਸ. ਗੁਰਤੇਜ ਸਿੰਘ ਨਾਲ ਵਾਪਰ ਰਿਹਾ ਹੈ। ਸੋ, ਭਾਈ ਤੁਸੀਂ ਵੀ ਵਿਦਵਾਨ ਹੋ, ਮੇਰੀ ਕਾਮਨਾ ਹੈ ਕਿ ਤੁਹਾਡੀ ਮਿਹਨਤ ਅਤੇ ਵਿਦਵਤਾ ਦਾ ਸਭ ਨੂੰ ਲਾਭ ਹੋਵੇ।

# ਬੌਧਿਕ ਸਫਰ ਅਤੇ ਜ਼ਮੀਨੀ ਹਕੀਕਤਾਂ

**ਕਮਲਜੀਤ ਸਿੰਘ ਫਰੀਮਾਂਟ**

'ਪੰਜਾਬ ਟਾਈਮਜ਼' ਦੇ 18 ਜੁਲਾਈ 2020 ਦੇ ਅੰਕ ਵਿਚ ਖਾਲਿਸਤਾਨ ਦੇ ਮੁੱਦੇ ਬਾਰੇ ਸ. ਪ੍ਰਭਸ਼ਰਨਦੀਪ ਸਿੰਘ ਦੇ ਵਿਚਾਰ ਇਕ ਵਾਰ ਫਿਰ ਪੜ੍ਹਨ ਨੂੰ ਮਿਲੇ। ਆਪਣੇ ਲੇਖ ਵਿਚ ਉਨ੍ਹਾਂ ਕਬੂਲ ਕੀਤਾ ਹੈ ਕਿ 'ਗੁਰਬਾਣੀ ਦੀਆਂ ਅਜੋਕੀਆਂ ਵਿਆਖਿਆਵਾਂ ਆਧੁਨਿਕਵਾਦ ਅਤੇ ਮਾਰਕਸਵਾਦ ਵਰਗੇ ਪੱਛਮੀ ਫਲਸਫਿਆਂ ਤੋਂ ਪ੍ਰਭਾਵਿਤ ਹਨ।' ਉਨ੍ਹਾਂ ਦੇ ਇਸ ਇਕੋ ਵਾਕ ਨੇ ਅੱਜ ਤੱਕ ਹੋਏ ਸਿੱਖ ਵਿਦਵਾਨਾਂ ਵਲੋਂ ਗੁਰਬਾਣੀ ਅਤੇ ਗੁਰਬਾਣੀ ਦੇ ਫਲਸਫੇ ਦੀ ਵਿਆਖਿਆਵਾਂ ਉਤੇ ਕਾਲਾ ਰੰਗ ਸੁੱਟ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾਲ ਹੀ ਉਨ੍ਹਾਂ ਮੁਤਾਬਿਕ '19ਵੀਂ, 20ਵੀਂ ਸਦੀ ਦੇ ਪੱਛਮੀ ਫਲਸਫੇ ਦੇ ਵਿਧੀਵਤ ਅਧਿਐਨ' ਸਦਕਾ ਹੀ, ਭਾਰਤੀ ਪਰੰਪਰਾ ਨੂੰ ਬਾਰੀਕੀ ਨਾਲ ਸਮਝਿਆ ਜਾ ਸਕਦਾ ਹੈ। ਸਵਾਲ ਹੈ ਕਿ ਭਾਰਤੀ ਪਰੰਪਰਾ ਵਿਚ ਤਾਂ ਮੁਸਲਮਾਨ ਅਤੇ ਸਿੱਖ ਵੀ ਸ਼ਾਮਲ ਹਨ; ਜਿਵੇਂ ਮਹਾਰਾਜਾ ਰਣਜੀਤ ਸਿੰਘ ਤੇ ਔਰੰਗਜ਼ੇਬ, ਪਾਕਿਸਤਾਨ ਤੇ ਬੰਗਲਾਦੇਸ਼ ਵੀ।

ਪ੍ਰਭਸ਼ਰਨਦੀਪ ਸਿੰਘ ਨੇ ਇਹ ਵੀ ਮੰਨਿਆ ਹੈ ਕਿ 'ਸਿੱਖ ਗੁਰਬਾਣੀ ਦੀ ਓਟ ਦੋ ਪੱਧਰਾਂ 'ਤੇ ਲੈਂਦਾ ਹੈ: ਇਕ ਤਾਂ ਗੁਰਬਾਣੀ ਦੇ ਪਾਠ ਅਤੇ ਕੀਰਤਨ ਰਸ...,ਦੂਜਾ, ਗੁਰਬਾਣੀ ਤੋਂ ਸਿਆਸੀ ਅਤੇ ਸਮਾਜਕ ਪ੍ਰਸੰਗ ਵਿਚ ਸਿਧਾਂਤਕ ਸੇਧ ਹਾਸਲ ਕਰਨ ਦਾ ਮਕਸਦ।'

ਪ੍ਰਭਸ਼ਰਨਦੀਪ ਸਿੰਘ ਨੇ ਗੁਰਬਾਣੀ ਦੀ ਅਜੋਕੀ ਵਿਆਖਿਆ ਨੂੰ ਇਹ ਕਹਿ ਕੇ ਨਕਾਰਿਆ ਹੈ ਕਿ ਇਹ ਵਿਆਖਿਆਵਾਂ ਮਾਰਕਸਵਾਦ ਜਾਂ ਪੱਛਮੀ ਫਲਸਫਿਆਂ ਤੋਂ ਪ੍ਰਭਾਵਿਤ ਹਨ। ਇਥੇ ਉਨ੍ਹਾਂ ਗੁਰਬਾਣੀ ਦੀ ਸਹੀ ਵਿਆਖਿਆ ਕਰਨ ਦਾ ਇਨਾਮੀ ਹਾਰ ਆਪਣੇ ਗਲ ਵਿਚ ਪਾ ਲਿਆ ਹੈ, ਪਰ ਇਹ ਹਾਰ ਅੱਧਾ ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਉਨ੍ਹਾਂ ਨੇ ਗੁਰਬਾਣੀ ਵਿਚ ਪਾਠ ਅਤੇ ਕੀਰਤਨ ਵਾਲੇ ਭਾਗ 'ਤੇ ਉਨ੍ਹਾਂ ਵਲੋਂ ਕੀਤੀ ਗਈ ਸਾਹਿਤ ਅਤੇ ਫਲਸਫਿਆਂ ਦੀ 'ਬੌਧਿਕ' ਵਿਦਿਆ ਦੀ ਰੋਸ਼ਨੀ ਉਨ੍ਹਾਂ ਨੇ ਨਹੀਂ ਪਾਈ।

ਅਜੋਕੀ ਵਿਆਖਿਆ ਨੂੰ ਰੱਦ ਕਰ ਕੇ ਉਨ੍ਹਾਂ ਭਾਈ ਵੀਰ ਸਿੰਘ, ਸਾਹਿਬ ਸਿੰਘ ਜਿਹੇ ਅਨੇਕਾਂ ਸਿੱਖ ਵਿਦਵਾਨਾਂ ਦੀ ਹੇਠੀ ਕੀਤੀ ਹੈ, ਜਿਨ੍ਹਾਂ ਨੇ ਗੁਰਬਾਣੀ ਦੇ ਧਰਾਤਲ 'ਤੇ ਰਹਿ ਕੇ ਇਸ ਦੀ ਮਾਂ ਭੋਂ 'ਚ ਵਿਚਰ ਕੇ ਇਸ ਨੂੰ ਸਮਝਿਆ ਸੀ, ਨਾ ਕਿ ਜਰਮਨੀ ਜਾਂ ਇੰਗਲੈਂਡ ਤੋਂ ਇਸ ਦਾ ਮੂਲ ਸਮਝਾਇਆ ਸੀ, ਜੋ ਕਰੋੜਾਂ ਸਿੱਖ ਸੰਗਤਾਂ ਨੇ ਕਬੂਲ ਕੀਤਾ ਤੇ ਆਪਣੇ ਜੀਵਨ ਪੰਧ ਨੂੰ ਸੁਖਾਵਾਂ ਬਣਾਇਆ।

ਜਿਥੇ ਪ੍ਰਭਸ਼ਰਨਦੀਪ ਸਿੰਘ ਨੇ ਇਨ੍ਹਾਂ ਸਤਿਕਾਰਤ ਵਿਆਖਿਆਕਾਰਾਂ ਦਾ ਅਪਮਾਨ ਕੀਤਾ ਹੈ, ਉਥੇ ਸਿੱਖ ਸੰਗਤ ਜਿਨ੍ਹਾਂ ਨੇ ਇਨ੍ਹਾਂ ਵਿਦਵਾਨਾਂ ਦੀ ਵਿਆਖਿਆ ਨੂੰ ਮੰਨਿਆ ਹੈ, ਉਨ੍ਹਾਂ ਦਾ ਅਪਮਾਨ ਵੀ ਕੀਤਾ ਹੈ। ਇਹੋ ਜਿਹੀ ਟਿੱਪਣੀ ਕਰਮਜੀਤ ਸਿੰਘ ਦੇ ਲੇਖਾਂ ਵਿਚ ਵੀ ਮਿਲਦੀ ਹੈ, ਜਿਥੇ ਉਨ੍ਹਾਂ ਨੇ ਸਿੱਖ ਸੰਗਤ ਨੂੰ 'ਲਾਈਲੱਗ', 'ਗੁਮਰਾਹ' ਕਹਿ ਕੇ ਲਤਾੜਿਆ ਹੈ। ਇਨ੍ਹਾਂ 'ਵਿਦਵਾਨਾਂ' ਦੀ ਬੌਧਿਕ ਸਮਰਥਾ ਦਾ ਅੰਦਾਜ਼ਾ ਪਾਠਕ ਲਾ ਸਕਦੇ ਹਨ।

ਪ੍ਰਭਸ਼ਰਨਦੀਪ ਸਿੰਘ ਦੇ ਲੇਖ ਦਾ ਇਕ ਹੋਰ ਫਿਕਰਾ ਗਹੁ ਲੋਚਦਾ ਹੈ, "ਸਰਕਾਰਾਂ ਜਨਤਕ ਰਾਇ ਆਪਣੇ ਹੱਕ ਵਿਚ ਰੱਖਣ ਲਈ ਲੋਕ-ਮਨ ਨੂੰ ਸਾਮ, ਦਾਮ, ਦੰਡ ਅਤੇ ਭੇਦ ਵਰਗੇ ਅਨੇਕ ਹੀਲਿਆਂ ਨਾਲ ਕਾਬੂ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ।" ਕੀ ਇਹੋ ਕੋਸ਼ਿਸ਼ ਖਾਲਿਸਤਾਨੀ ਵੀਰਾਂ ਨੇ ਨਹੀਂ ਕੀਤੀ? ਕੀ ਉਨ੍ਹਾਂ ਨੇ ਸਹਿਮ, ਭੇਦਭਾਵ, ਦੰਡ ਤੇ ਸੋਨੇ ਰੰਗੇ ਭਵਿੱਖ ਦੇ ਸੁਪਨੇ ਦਾਮ ਵਜੋਂ ਨਹੀਂ ਵਰਤਾਏ?

ਗੋਲੀ ਦਾ ਸਹਿਮ, ਨਾਂ ਵਾਦੀ ਸਿੱਖ, ਜਾਤਪਾਤ ਦਾ ਭੇਦ-ਭਾਵ, ਸੰਵਾਦ ਵਿਚੋਂ ਭੱਜ ਕੇ ਜ਼ੋਰ-ਜਬਰ ਦਾ ਪਹਿਰਾ ਆਦਿ ਉਹ ਸਾਰੇ ਗੁਣ ਸਨ, ਜਿਸ ਕਾਰਨ ਖਾਲਿਸਤਾਨ ਦੇ ਰਾਹ ਵਿਚ ਆਮ ਲੋਕਾਂ ਦੀ ਰਾਇ ਅੜਿੱਕਾ ਬਣ ਗਈ।

ਪ੍ਰਭਸ਼ਰਨਦੀਪ ਸਿੰਘ ਦੀ 'ਬੌਧਿਕ' ਪੱਧਰ ਦਾ ਮਿਆਰ ਵੀ ਉਨ੍ਹਾਂ ਵਲੋਂ ਕਿਸੇ ਵਿਅਕਤੀ ਨੂੰ 'ਫਲਾਂ ਸਿੰਘ ਵਰਗੇ' ਕਹਿਣ ਨਾਲ ਕਾਫੀ ਉਘੜ ਕੇ ਸਾਹਮਣੇ ਆਉਂਦਾ ਹੈ, ਜਿਥੇ ਉਹ ਸ਼ਾਇਸਤਗੀ ਅਤੇ ਇਨਸਾਨੀਅਤ ਦੇ ਰੁਤਬੇ ਤੋਂ ਹੇਠ ਵੱਲ ਤੁਰੇ ਜਾਂਦੇ ਨਜ਼ਰ ਆਉਂਦੇ ਹਨ। ਉਨ੍ਹਾਂ ਦੀ ਸੋਚ ਦਾ ਇਕ ਹੋਰ ਪਹਿਲੂ ਇਹ ਹੈ ਕਿ 'ਇਤਿਹਾਸਕ ਫੈਸਲਿਆਂ ਵਿਚ ਆਮ ਲੋਕਾਂ ਦੀ ਰਾਇ ਘੱਟ ਮਾਇਨਾ ਰੱਖਦੀ ਹੈ।'

ਇਹ ਸੂਝਵਾਨ ਅਤੇ 'ਬੌਧਿਕ' ਸੱਜਣ ਆਮ ਲੋਕਾਂ ਦੀ ਰਾਇ ਦਾ ਮਖੌਲ ਉਡਾ ਕੇ ਆਪਣੀ ਸੋਚ ਦਾ ਸਹੀ ਤਰਜਮਾ ਕਰਨ ਵਿਚ ਕਾਮਯਾਬ ਹੋ ਗਏ ਹਨ। ਜਿਸ ਕੌਮ, ਦੇਸ਼ ਜਾਂ ਖਿੱਤੇ ਦੇ ਲੋਕਾਂ ਨੂੰ ਅਜਿਹੇ 'ਬੌਧਿਕ' ਫਲਸਫੇ ਦੇ ਗਿਆਤਾ ਮਿਲ ਜਾਣ, ਉਨ੍ਹਾਂ ਨੂੰ ਹੋਰ ਕਿਸੇ ਦੁਸ਼ਮਣ ਦੀ ਲੋੜ ਹੋ ਸਕਦੀ ਹੈ?

ਜੇ ਪ੍ਰਭਸ਼ਰਨਦੀਪ ਸਿੰਘ ਨੂੰ ਆਪਣੀ ਸੋਚ ਅਤੇ ਗੁਰਬਾਣੀ ਦੀ ਵਿਆਖਿਆ 'ਤੇ ਸੱਚੀ-ਮੁੱਚੀ ਭਰੋਸਾ ਹੈ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿਚ ਰਹਿ ਕੇ ਆਪਣੀ ਸੋਚ ਦਾ ਪ੍ਰਚਾਰ ਕਰਨ ਅਤੇ ਦੇਖ ਲੈਣ, ਕਿੰਨੇ ਕੁ ਸਿੱਖ ਉਨ੍ਹਾਂ ਨੂੰ ਵੋਟ ਪਾਉਂਦੇ ਹਨ! ਬੰਦ ਕਮਰਿਆਂ ਵਿਚ ਬੈਠ ਕੇ ਫਲਸਫੇ ਝਾੜਨ ਅਤੇ ਨੌਜਵਾਨਾਂ ਨੂੰ ਗੁਮਰਾਹ ਕਰਨ ਵਿਚ ਕਿਸੇ ਦਾ ਕੋਈ ਭਲਾ ਨਹੀਂ ਹੈ।

ਇਹ ਕਹਿਣਾ ਵੀ ਬਣਦਾ ਹੈ ਕਿ ਹਰਜੀਤ ਦਿਓਲ ਅਤੇ ਅਮਰਜੀਤ ਸਿਘ ਮੁਲਤਾਨੀ ਦੇ ਉਠਾਏ ਸਵਾਲਾਂ ਦਾ ਕੋਈ ਜਵਾਬ ਨਾ ਦੇ ਕੇ ਅਤੇ ਉਪਰ ਦਿੱਤੇ ਆਪਾ-ਵਿਰੋਧੀ ਵਿਚਾਰ ਰੱਖ ਕੇ ਉਹ ਆਪਣੇ ਜਾਲ ਵਿਚ ਖੁਦ ਹੀ ਫਸ ਗਏ ਹਨ।

ਪ੍ਰਤੀਕਰਮ

# ਸਿੱਖ ਲੀਡਰਾਂ ਦੀ ਗੈਰ-ਦਿਆਨਤਦਾਰੀ

'ਪੰਜਾਬ ਟਾਈਮਜ਼' ਦੇ 18 ਜੁਲਾਈ ਦੇ ਅੰਕ ਵਿਚ ਪ੍ਰਭਸ਼ਰਨਬੀਰ ਸਿੰਘ ਵੱਲੋਂ ਦੋਹਾਂ ਭਰਾਵਾਂ ਦੇ ਮੌਜੂਦਾ ਦੌਰ ਬਾਰੇ ਨਜ਼ਰੀਏ ਅਤੇ ਲੇਖਣੀਆਂ ਨੂੰ ਸਪਸ਼ਟ ਕਰਦਾ ਇਕ ਲੇਖ ਛਪਿਆ ਹੈ। ਇਸ ਲੇਖ ਵਿਚ ਉਨ੍ਹਾਂ ਦੱਸਿਆ ਹੈ ਕਿ ਉਨ੍ਹਾਂ ਦੋਵਾਂ ਭਰਾਵਾਂ ਦਾ ਕਿਸੇ ਵੀ ਲੇਖਕ ਨਾਲ ਕੋਈ ਮੁਕਾਬਲਾ ਹੀ ਨਹੀਂ ਹੈ, ਕਿਉਂਕਿ ਉਨ੍ਹਾਂ ਦੀਆਂ ਲਿਖਤਾਂ ਦਾ ਪੱਧਰ ਬਹੁਤ ਉਚਾ ਪਾਏ ਦੀ ਬੌਧਿਕਤਾ ਨਾਲ ਭਰਿਆ ਹੁੰਦਾ ਹੈ। ਉਹ ਦੋਵੇਂ ਭਰਾ ਇਸ ਦੌਰ ਦੇ ਪ੍ਰਸਿੱਧ ਯੂਰਪੀ ਫਿਲਾਸਫਰਾਂ ਦਾ ਅਧਿਐਨ ਕਰ ਰਹੇ ਹਨ, ਸੋ ਇਸ ਕਰਕੇ ਉਨ੍ਹਾਂ ਵੱਲੋਂ ਸਿੱਖ ਸੰਘਰਸ਼ ਬਾਰੇ ਲਿਖੀਆਂ ਕਿਤਾਬਾਂ ਇਸ ਦੌਰ ਦੇ ਸੰਘਰਸ਼ਾਂ ਦੇ ਇਨਸਾਈਕਲੋਪੀਡੀਆ ਦੇ ਤੁੱਲ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਹੋਣਗੀਆਂ। ਅਜਿਹਾ ਮੈਨੂੰ ਜਾਪਦਾ ਹੈ ਕਿ ਉਹ ਕਿਸੇ ਹੋਰ ਦੀ ਲਿਖਤ ਨੂੰ ਖਾਸ ਤਵੱਜੋ ਹੀ ਨਹੀਂ ਦਿੰਦੇ, ਸ਼ਾਇਦ ਇਸੇ ਕਰਕੇ ਉਹ ਸਮਕਾਲੀਆਂ ਨੂੰ ਮਹੱਤਵ ਨਹੀਂ ਦੇਣਾ ਚਾਹੁੰਦੇ ਅਤੇ ਇਸੇ ਕਰਕੇ ਅਜਮੇਰ ਸਿੰਘ, ਦਲਬੀਰ ਸਿੰਘ, ਹਜ਼ਾਰਾ ਸਿੰਘ ਮਿਸੀਸਾਗਾ ਆਦਿ ਨੂੰ ਕੁਝ ਨਾ ਕੁਝ ਨੁਕਸ ਤਹਿਤ ਖਾਰਜ ਕਰਦੇ ਹਨ। (ਪਰ ਕਰਮਜੀਤ ਸਿੰਘ ਦੀਆਂ ਲਿਖਤਾਂ ਵਿਚ ਪ੍ਰਭਸ਼ਰਨਦੀਪ ਸਿੰਘ ਨੂੰ ਸਭ ਠੀਕ ਲੱਗਾ ਹੈ ਸ਼ਾਇਦ)। ਜਿਵੇਂ ਉਨ੍ਹਾਂ ਨੇ ਲਿਖਿਆ ਹੈ, "ਪਹਿਲਾਂ ਅਸੀਂ ਸਿੱਖਾਂ ਦੀ ਆਜ਼ਾਦੀ ਨਾਲ ਸਰੋਕਾਰ ਰੱਖਣ ਵਾਲੇ ਵਿਦਿਆਰਥੀ ਕਾਰਕੁਨਾਂ ਵਜੋਂ ਆਪਣਾ ਜੀਵਨ ਸ਼ੁਰੂ ਕੀਤਾ, ਦੂਜਾ ਉਹ ਸਾਹਿਤ ਤੇ ਫਲਸਫੇ ਦੇ ਵਿਦਿਆਰਥੀ ਹਨ।" ਉਨ੍ਹਾਂ ਨੂੰ ਪੱਕਾ ਯਕੀਨ ਹੈ ਕਿ ਸਮਾਂ ਪੈਣ 'ਤੇ ਉਨ੍ਹਾਂ ਦੇ ਵਿਚਾਰਾਂ ਦੀਆਂ ਬਾਤਾਂ ਪਾਉਂਦੀਆਂ ਕਿਤਾਬਾਂ ਪ੍ਰਭਸ਼ਰਨ-ਭਰਾਵਾਂ ਨੂੰ ਮੀਲ ਪੱਥਰ ਜਿਹਾ ਮੁਕਾਮ ਪ੍ਰਦਾਨ ਕਰਨਗੀਆਂ ਅਤੇ ਉਨ੍ਹਾਂ ਦੇ ਸਮਕਾਲੀਆਂ ਦੀਆਂ ਲਿਖਤਾਂ ਕੁਝ ਸਮਾਂ ਬਾਅਦ ਹੀ ਧੁੰਦਲਾ ਜਾਣਗੀਆਂ, ਜਦੋਂ ਕਿ ਕਿਤਾਬਾਂ ਲਾਇਬ੍ਰੇਰੀਆਂ ਵਿਚ ਸਦੀਆਂ ਬੱਧੀ ਜੀਵਤ ਰਹਿੰਦੀਆਂ ਹਨ।

ਹਰਚਰਨ ਸਿੰਘ ਪਰਹਾਰ ਦਾ ਵਿਸਥਾਰਤ ਲੇਖ ਇਸ ਅਖੌਤੀ ਸਿੱਖ ਆਜ਼ਾਦੀ ਦੇ ਸੰਘਰਸ਼ ਦਾ ਮੁੱਢ ਬੰਨਣ ਵਾਲੇ ਤੇ ਫਿਰ ਉਸ ਨਾਲ ਸਮੇਂ-ਸਮੇਂ ਜੁੜਦੇ ਰਹੇ ਸਿੱਖ ਲੀਡਰਾਂ ਦੀਆਂ ਕਾਰਗੁਜ਼ਾਰੀਆਂ 'ਤੇ ਵਿਸਤ੍ਰਿਤ ਤਬਸਰਾ ਹੈ। ਉਨ੍ਹਾਂ ਨੇ ਲੀਡਰਾਂ ਦੀਆਂ ਕਾਰਗੁਜ਼ਾਰੀਆਂ ਦਾ ਵੀ ਆਪਣੀ ਸੋਚ ਮੁਤਾਬਕ ਲੇਖਾ-ਜੋਖਾ ਕੀਤਾ ਹੈ। ਅੱਜ ਪੰਜਾਬ ਵਿਚ ਪਸਰੇ ਹੋਏ ਹਾਲਾਤ 'ਤੇ ਪੰਜਾਬੀਆਂ ਦੀ ਧਾਰਮਿਕ, ਆਰਥਕ, ਸਮਾਜਕ ਅਤੇ ਰਾਜਨੀਤਕ ਦੁਰਦਸ਼ਾ ਲਈ ਹਰ ਉਹ ਸਿੱਖ ਲੀਡਰ ਜ਼ਿੰਮੇਵਾਰ ਹੈ, ਜਿਨ੍ਹਾਂ ਦਾ ਇਸ ਲਹਿਰ ਨਾਲ ਕਿਸੇ ਪੱਖੋਂ ਵੀ ਸੰਪਰਕ ਰਿਹਾ ਹੈ। ਕਿਸੇ ਵੀ ਲੀਡਰ ਨੇ ਸਿੱਖਾਂ ਦੀ ਰਾਜਨੀਤਕ ਹਸਤੀ ਦੀ ਗੱਲ ਨਹੀਂ ਕੀਤੀ, ਇਸ ਦੀ ਸਥਾਪਤੀ ਦੀ ਗੱਲ ਨਹੀਂ ਕੀਤੀ, ਸਗੋਂ ਆਪਣੇ ਰਾਜਨੀਤਕ ਜਾਂ ਆਰਥਕ ਲਾਭਾਂ ਲਈ ਹਮੇਸ਼ਾ ਸਿੱਖ ਕੌਮ ਦੀ ਹਸਤੀ ਨੂੰ ਹੀ ਦਾਅ 'ਤੇ ਲਾਇਆ ਹੈ। ਆਪਣਾ ਢਿੱਡ ਭਰ ਕੇ ਸਿੱਖਾਂ ਨੂੰ ਲਾਵਾਰਿਸ ਛੱਡ ਕੇ ਪਾਸੇ ਹੋ ਗਏ ਲੀਡਰਾਂ ਨੇ ਇਕ ਅਜਿਹੀ ਪਿਰਤ ਪਾ ਦਿੱਤੀ, ਜਿਸ ਦਾ ਖਮਿਆਜ਼ਾ ਅੱਜ ਕਦੇ "ਗੁਰਾਂ ਦੇ ਨਾਂ 'ਤੇ ਵੱਸਦੇ" ਪੰਜਾਬ ਵਾਸੀ ਰੋਂਦੇ, ਕੁਰਲਾਂਦੇ ਤੇ ਬੇਸਹਾਰਾ ਅਵਸਥਾ ਵਿਚ ਨਾ ਖਤਮ ਹੋਣ ਵਾਲਾ ਸੰਤਾਪ ਭੋਗ ਰਹੇ ਹਨ।

ਹੋਣਾ ਤਾਂ ਇੰਜ ਚਾਹੀਦਾ ਸੀ ਕਿ ਵੱਖਰੀ ਸਟੇਟ ਦੀ ਮੰਗ ਕਰਨ ਤੋਂ ਪਹਿਲਾਂ ਪੰਜਾਬ ਸਟੇਟ ਨੂੰ ਚੰਗੀ ਤਰ੍ਹਾਂ ਨਾਲ ਚੁਸਤ ਤੇ ਦਰੁੱਸਤ ਕੀਤਾ ਜਾਂਦਾ। ਜਿਥੇ ਰਹਿਣ ਵਾਲੇ ਪੰਜਾਬੀ ਨੰਬਰ ਵਨ ਸਟੇਟ ਦਾ ਵਾਸੀ ਹੋਣ ਦਾ ਗੌਰਵ ਕਰਦੇ ਤੇ ਪੰਜਾਬੀ ਆਪਣੀ ਆਰਥਕ ਤੇ ਸਮਾਜਕ ਖੁਸ਼ਹਾਲੀ ਕਰਕੇ ਸਾਰੇ ਭਾਰਤ ਦੀਆਂ ਹੋਰਨਾਂ ਸਟੇਟਾਂ ਦੇ ਨਿਵਾਸੀਆਂ ਲਈ ਈਰਖਾ ਦਾ ਸਬੱਬ ਬਣਦੇ, ਪਰ ਹੋਇਆ ਬਿਲਕੁਲ ਇਸ ਦੇ ਉਲਟ। ਆਜ਼ਾਦੀ ਮਿਲਣ ਤੋਂ ਫੌਰਨ ਬਾਅਦ ਦਾ ਸਮਾਂ ਅਜਿਹਾ ਸੀ ਕਿ ਸਿੱਖ ਅਤੇ ਪੰਜਾਬ ਦਿਨ ਦੁੱਗਣੀ, ਰਾਤ ਚੌਗੁਣੀ ਤਰੱਕੀ ਵਾਲੇ ਰਸਤੇ ਚੱਲਦਾ ਤਾਜ਼ਾ ਹੋਂਦ ਵਿਚ ਆਏ ਭਾਰਤ ਦੀ ਆਰਥਕਤਾ 'ਤੇ ਅਜਿਹਾ ਭਾਰੂ ਹੁੰਦਾ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਸਿੱਖਾਂ ਦੇ ਹਿਤਾਂ ਦੇ ਵਿਰੁੱਧ ਜਾਣ ਦਾ ਸਹਿਜ ਕੀਤੇ ਹੀਆ ਨਾ ਕਰ ਸਕਦੀਆਂ!

ਮੌਜੂਦਾ ਦੌਰ ਵਿਚ ਇਹ ਪਰਖਿਆ ਹੋਇਆ ਫਾਰਮੂਲਾ ਹੈ ਕਿ ਤੁਸੀਂ ਭਾਵੇਂ ਗਿਣਤੀ ਵਿਚ ਘੱਟ ਹੀ ਹੋਵੋ, ਪਰ ਉਸ ਦੇਸ਼ ਦੀ ਆਰਥਕਤਾ 'ਤੇ ਤੁਹਾਡੀ ਸਰਮਾਏਦਾਰੀ ਭਾਰੂ ਹੋਵੇ। ਭਾਵੇਂ ਕੋਈ ਵੀ ਰਾਜਨੀਤਕ ਪਾਰਟੀ ਹੋਏ, ਤੁਹਾਡੀ

*ਹੋਣਾ ਤਾਂ ਇੰਜ ਚਾਹੀਦਾ ਸੀ ਕਿ ਵੱਖਰੀ ਸਟੇਟ ਦੀ ਮੰਗ ਕਰਨ ਤੋਂ ਪਹਿਲਾਂ ਪੰਜਾਬ ਸਟੇਟ ਨੂੰ ਚੰਗੀ ਤਰ੍ਹਾਂ ਨਾਲ ਚੁਸਤ ਤੇ ਦਰੁੱਸਤ ਕੀਤਾ ਜਾਂਦਾ। ਜਿਥੇ ਰਹਿਣ ਵਾਲੇ ਪੰਜਾਬੀ ਨੰਬਰ ਵਨ ਸਟੇਟ ਦਾ ਵਾਸੀ ਹੋਣ ਦਾ ਗੌਰਵ ਕਰਦੇ ਤੇ ਪੰਜਾਬੀ ਆਪਣੀ ਆਰਥਕ ਤੇ ਸਮਾਜਕ ਖੁਸ਼ਹਾਲੀ ਕਰਕੇ ਸਾਰੇ ਭਾਰਤ ਦੀਆਂ ਹੋਰਨਾਂ ਸਟੇਟਾਂ ਦੇ ਨਿਵਾਸੀਆਂ ਲਈ ਈਰਖਾ ਦਾ ਸਬੱਬ ਬਣਦੇ, ਪਰ ਹੋਇਆ ਬਿਲਕੁਲ ਇਸ ਦੇ ਉਲਟ।*

ਸਰਮਾਏਦਾਰੀ ਦੇ ਦਬਾਉ ਹੇਠ ਹੋਵੇ, ਕਿਉਂਕਿ ਰਾਜਨੀਤਕ ਪਾਰਟੀਆਂ ਸਰਮਾਏਦਾਰਾਂ ਦੇ ਚੰਦਿਆਂ 'ਤੇ ਚਲਦੀਆਂ ਹਨ। ਇਸ ਦੀ ਜਿਉਂਦੀ ਜਾਗਦੀ ਮਿਸਾਲ, ਅਸੀਂ ਅਮਰੀਕਾ, ਯੂਰਪ ਤੇ ਹੋਰਨਾਂ ਦੇਸ਼ਾਂ ਵਿਚ ਯਹੂਦੀਆਂ ਦੀ ਆਰਥਕ ਤਾਕਤਾਂ ਦੇ ਪ੍ਰਭਾਵ ਨੂੰ ਵਾਪਰਦਾ ਦੇਖਦੇ ਹਾਂ। ਇਹ ਆਮ ਯਹੂਦੀਆਂ ਦੀ ਆਪਸੀ ਭਰਾਤਰੀਵਾਦ ਅਤੇ ਉਨ੍ਹਾਂ ਦੀ ਰਾਜਨੀਤਕ ਤੇ ਧਾਰਮਿਕ ਲੀਡਰਸ਼ਿਪ ਵਿਚ ਸੁਭਾਇਮਾਨ ਨੈਤਿਕਤਾ ਦਾ ਨਤੀਜਾ ਹੈ ਕਿ ਯਹੂਦੀ 'ਰਾਵਣ ਦੀ ਸੋਨੇ ਦੀ ਲੰਕਾ', ਜੋ ਇਕ ਕਲਪਨਾ ਮਾਤਰ ਹੈ, ਤੋਂ ਵੀ ਬੇਸ਼ਕੀਮਤੀ ਦੇਸ਼ ਇਜ਼ਰਾਈਲ ਦੇ ਮਾਲਕ ਹਨ, ਜਿਨ੍ਹਾਂ ਨੂੰ ਦੁਨੀਆਂ ਦੀ ਵੱਡੀ ਤਾਕਤ ਅਮਰੀਕਾ ਹੱਥੀਂ ਛਾਂ ਕਰਨ ਨੂੰ ਮਜਬੂਰ ਹੈ।

ਅੱਸੀਵੇਂ ਦਹਾਕੇ ਤੱਕ ਤਾਂ ਪੰਜਾਬ ਭਾਰਤ ਦੇ ਕਰੀਬ ਵਧੇਰੇ ਸਰਕਾਰੀ ਪੈਮਾਨਿਆਂ ਅਨੁਸਾਰ ਨੰਬਰ ਇੱਕ ਹੀ ਸੀ। ਦੂਜੇ ਪਾਸੇ ਜਿਸ ਤੇਜ਼ੀ ਨਾਲ ਗੁਰਦੁਆਰਿਆਂ ਦਾ ਧਨ ਵਰਤ ਕੇ ਅਕਾਲੀਆਂ ਨੇ ਰਾਜਨੀਤੀ ਦੀ ਭਰਾ ਮਾਰੂ ਤੇ ਬਰਾਦਰੀਵਾਦ ਦੀ ਖੇਡ ਖੇਡਣੀ ਸ਼ੁਰੂ ਕੀਤੀ। ਗੁਰੂ ਘਰ ਦੇ ਧਨ ਨੇ ਅਕਾਲੀਆਂ ਦੀ ਅਜਿਹੀ ਬੁੱਧੀ ਭ੍ਰਿਸ਼ਟ ਕੀਤੀ ਕਿ ਉਨ੍ਹਾਂ ਨੇ ਪਹਿਲਾਂ ਨਿੱਜੀ ਰਾਜਨੀਤਕ ਲਾਭ ਲਈ ਵੱਡੇ ਪੰਜਾਬ ਸਟੇਟ ਤੋਂ ਪੰਜਾਬੀ ਸੂਬੀ ਬਣਾ ਲਈ, ਫਿਰ ਗੁਰਦੁਆਰਾ ਪ੍ਰਬੰਧਨ 'ਤੇ ਪਾਰਟੀ ਦਾ ਕਬਜ਼ਾ ਅਤੇ ਅਖੀਰ ਵਿਚ ਇਕ ਪਰਿਵਾਰ ਦਾ ਅਜਿਹਾ ਦਬਦਬਾ ਸਥਾਪਿਤ ਕੀਤਾ, ਜਿਨ੍ਹਾਂ ਨੇ ਸ਼ਾਨਾਂ ਤੇ ਮਾਨਾਂ ਮੱਤੀਆਂ ਸਿੱਖ ਰਵਾਇਤਾਂ ਨੂੰ ਘੱਟੇ ਵਿਚ ਰੋਲ ਕੇ ਰੱਖ ਦਿੱਤਾ। ਅੱਜ ਪੰਜਾਬ ਇੰਨਾ ਪਛੜ ਗਿਆ ਹੈ ਕਿ ਅਕਾਲੀਆਂ ਵਲੋਂ ਥਾਲੀ ਵਿਚ ਪਰੋਸ ਕੇ ਦਿੱਤੇ ਸੂਬੇ ਹਿਮਾਚਲ ਤੇ ਹਰਿਆਣਾ ਕਈ ਸਰਕਾਰੀ ਪੈਮਾਨਿਆਂ ਵਿਚ ਪੰਜਾਬ ਤੋਂ ਅੱਗੇ ਜਾ ਨਿਕਲੇ ਹਨ।

ਹਰਚਰਨ ਸਿੰਘ ਪਰਹਾਰ ਨੇ ਆਪਣੇ ਲੇਖ ਦੇ ਅੰਤ ਵਿਚ ਪੰਜਾਬ ਅਤੇ ਪੰਜਾਬੀਆਂ ਦੀ ਮੌਜੂਦਾ ਸਥਿਤੀ 'ਤੇ ਹਾਅ ਦਾ ਨਾਅਰਾ ਮਾਰਿਆ ਹੈ। ਪਹਿਲਾਂ ਅਕਾਲੀਆਂ ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪ੍ਰਬੰਧਕੀ ਕੋਤਾਹੀਆਂ ਕਾਰਨ ਦਰਬਾਰ ਸਾਹਿਬ ਅੰਦਰ ਲਾਕਾਨੂੰਨੀ ਵਾਲੀ ਸਥਿਤੀ ਬਣਨੀ ਤੇ ਫਿਰ ਅਕਾਲੀ ਲੀਡਰਸ਼ਿਪ ਦਾ ਧਰਾਸ਼ਾਈ ਹੋ ਜਾਣਾ? ਫਿਰ ਸਿੱਖਾਂ ਅਤੇ ਪੰਜਾਬ 'ਤੇ ਅੰਤਹੀਣ ਦਰਦਨਾਕ ਘਟਨਾਵਾਂ ਦਾ ਦੌਰ ਸ਼ੁਰੂ ਹੋਣਾ, ਜਿਸ ਦੇ ਨਤੀਜੇ ਵਜੋਂ ਪੈਦਾ ਹੋਏ ਸੰਤਾਪ ਦੀਆਂ ਲਾਚਾਰੀਆਂ ਤੇ ਦੁਸ਼ਵਾਰੀਆਂ ਸਿੱਖ ਅਤੇ ਉਨ੍ਹਾਂ ਦੇ ਸਮਾਨੰਤਰ ਪੰਜਾਬ ਰਾਜ ਵੀ ਭੋਗ ਰਿਹਾ ਹੈ। ਡਾਢੇ ਅਫਸੋਸ ਦੀ ਗੱਲ ਹੈ ਕਿ ਅਕਾਲੀਆਂ ਦੀ ਪਾਰਟੀ ਨੇ ਸਿੱਖਾਂ ਦੇ ਸੰਤਾਪ ਦਾ ਭਰਪੂਰ ਰਾਜਨੀਤਕ ਲਾਹਾ ਲਿਆ, ਦੂਜੇ ਪਾਸੇ ਅਕਾਲੀ ਦਲ 'ਤੇ ਕਾਬਜ਼ ਪਰਿਵਾਰ ਨੇ ਅਟੁੱਟ ਆਰਥਕ ਲਾਭ ਲਿਆ ਹੈ। ਸਿੱਖ ਝਿੱਗੜ ਹੁੰਦੇ ਰਹੇ ਅਤੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਚਲਾ ਰਹੇ ਪਰਿਵਾਰ ਦੀ ਸੰਪਤੀ ਕੌੜੀ ਵੇਲ ਵਾਂਗ ਵਧੀ।

ਪੰਜਾਬ ਅਤੇ ਸਿੱਖਾਂ 'ਤੇ ਆਏ ਮਾੜੇ ਸਮੇਂ ਵਿਚ ਵਿਦੇਸ਼ੀ ਸਿੱਖਾਂ ਨੇ ਵੀ ਆਪਣੀ ਆਰਥਕ ਸ਼ਕਤੀ ਅਨੁਸਾਰ ਮਦਦ ਕੀਤੀ। ਮਿਲੀਅਨਾਂ ਦੇ ਹਿਸਾਬ ਨਾਲ ਡਾਲਰ ਦਾਨ ਕੀਤੇ, ਪਰ ਇਸ ਪਾਸੇ ਕਿਸੇ ਵੀ ਸਿੱਖ ਨੇ ਧਿਆਨ ਨਹੀਂ ਦਿੱਤਾ ਕਿ ਉਨ੍ਹਾਂ ਵਲੋਂ ਦਿੱਤਾ ਦਾਨ ਸਹੀ ਥਾਂ ਪੁੱਜਾ ਵੀ ਹੈ ਜਾਂ ਨਹੀਂ? ਵਿਦੇਸ਼ੀ ਸਿੱਖਾਂ ਦੇ ਇਕ ਵਰਗ ਨੇ 'ਜੇਨੋਸਾਈਡ' ਸ਼ਬਦ ਦੀ ਕਾਢ ਕੱਢੀ ਅਤੇ ਉਸ 'ਤੇ ਸਵਾਰੀ ਕਰਕੇ ਨੇਤਾਵਾਂ ਦਾ ਇਕ ਵਰਗ ਜ਼ਰੂਰ ਸਥਾਪਤ ਹੋ ਗਿਆ। ਇਹ ਲੀਡਰ ਜਾਂ ਇਨ੍ਹਾਂ ਦੇ ਸਮੂਹ ਪੰਜਾਬ ਜਾਂ ਪੰਜਾਬੀਆਂ ਦੀ ਆਰਥਕ ਮਦਦ ਤਾਂ ਨਹੀਂ ਕਰਦੇ, ਪਰ ਕਿਸੇ ਨਾ ਕਿਸੇ ਢੰਗ ਨਾਲ ਪੰਜਾਬ ਦੇ ਕੁਝ ਲਾਚਾਰ ਸਿੱਖਾਂ ਨੂੰ ਕੁਝ ਲਾਲਚ ਵਿਖਾ ਕੇ ਭਾਰਤੀ ਹਕੂਮਤ ਦੇ ਜ਼ੁਲਮਾਂ ਦਾ ਸ਼ਿਕਾਰ ਜ਼ਰੂਰ ਬਣਵਾ ਦਿੰਦੇ ਹਨ।

ਸਿੱਖ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਲਿਖਤ ਕਿਤਾਬ 'ਇਕ ਦੇਸ ਦਾ ਜਨਮ', ਜੋ ਯਹੂਦੀ ਕੌਮ ਵਲੋਂ ਆਪਣੇ ਦੇਸ਼ ਇਜ਼ਰਾਇਲ ਲਈ ਕੀਤੇ ਸੰਘਰਸ਼ ਦੀ ਦਾਸਤਾਨ ਹੈ। (ਇਹ ਕਿਤਾਬ 'ਪੰਜਾਬ ਟਾਈਮਜ਼' ਵਿਚ ਕਈ ਕਿਸ਼ਤਾਂ ਵਿਚ ਛਪ ਚੁਕੀ ਹੈ) ਇਸ ਵਿਚ ਕਈ ਵਾਰ ਜ਼ਿਕਰ ਹੈ ਕਿ ਇਜ਼ਰਾਇਲ ਦੇ ਮੁਢਲੇ ਸੰਸਥਾਪਕਾਂ ਨੂੰ ਜਦੋਂ ਵੀ ਪੈਸਿਆਂ ਦੀ ਲੋੜ ਪੈਂਦੀ ਸੀ ਤਾਂ ਅਮਰੀਕਾ ਤੇ ਯੂਰਪ ਵਿਚਲੇ ਯਹੂਦੀ ਬਿਲੀਅਨਾਂ ਦੇ ਹਿਸਾਬ ਨਾਲ ਡਾਲਰ ਆਪਣੇ ਲੀਡਰਾਂ ਦੀ ਝੋਲੀ ਵਿਚ ਪਾਉਂਦੇ ਸਨ। ਅੱਜ ਦਾ ਇਜ਼ਰਾਇਲ ਇਨ੍ਹਾਂ ਲੀਡਰਾਂ ਦੀ ਇਮਾਨਦਾਰੀ ਤੇ ਦਿਆਨਤਦਾਰੀ ਦਾ ਪ੍ਰਮਾਣ ਹੈ? ਪਰ ਸਾਡੇ ਲੀਡਰਾਂ ਦੀ ਇਮਾਨਦਾਰੀ ਤੇ ਦਿਆਨਤਦਾਰੀ ਬਾਰੇ ਕੋਈ ਢੁਕਵਾਂ ਸ਼ਬਦ ਨਹੀਂ ਮਿਲ ਰਿਹਾ!

# ਫਿਰੰਗੀ ਵਿਰੁੱਧ ਪਹਿਲੀ ਬਗਾਵਤ

ਅੰਗਰੇਜ਼ ਦਾ ਭਾਰਤ 'ਚ ਆਉਣ ਸਿੱਧਾ ਨਹੀਂ ਹੋਇਆ ਸੀ। ਕਾਲੋਨੀਆਂ ਬਣਾਉਣ ਦੀ ਦੌੜ 'ਚ ਕਈ ਯੂਰਪੀ ਮੁਲਕ ਇੱਕ ਦੂਜੇ ਤੋਂ ਅੱਗੇ ਲੰਘਣਾ ਚਾਹੁੰਦੇ ਸਨ। ਵਲੈਤ ਦੀ ਇਥੇ ਈਸਟ ਇੰਡੀਆ ਕੰਪਨੀ ਆਈ ਤੇ ਸਭ ਤੋਂ ਤਾਕਤਵਰ ਹੋ ਗਈ। ਈਸਟ ਇੰਡੀਆ ਕੰਪਨੀ ਨੇ ਜਦੋਂ ਭਾਰਤ 'ਚ ਪੈਰ ਲਾ ਲਾਏ ਤਾਂ ਅੰਗਰੇਜ਼ ਸਰਕਾਰ ਨੇ ਕੰਪਨੀ ਨੂੰ ਆਪਣੇ ਰਾਜ ਭਾਗ 'ਚ ਰਲਾ ਲਿਆ। ਹੌਲੀ ਹੌਲੀ ਅੰਗਰੇਜ਼, ਸਾਰੇ ਭਾਰਤ 'ਤੇ ਕਬਜ਼ੇ ਦੀ ਦੌੜ 'ਚ ਦੂਜਿਆਂ ਤੋਂ ਅਗੇ ਨਿਕਲ ਗਿਆ। ਦਾਬੇ-ਕਬਜ਼ੇ ਦੀ ਸਹਿਮਤੀ ਤਾਂ ਕਿਸੇ ਕੀ ਦੇਣੀ ਹੁੰਦੀ ਹੈ। ਦਾਬੇ ਵਾਲੇ ਵਰਤਾਅ ਦਾ ਵਿਰੋਧ ਵੀ ਨਾਲ ਹੀ ਸ਼ੁਰੂ ਹੋ ਜਾਣਾ ਹੁੰਦਾ ਹੈ। ਭਾਰਤ 'ਚ ਵੀ

**ਸੁਖਦੇਵ ਸਿੱਧੂ**

ਅੰਗਰੇਜ਼ ਦਾ ਵਿਰੋਧ ਹੋਣਾ ਸੁਭਾਵਿਕ ਸੀ। ਭਾਰਤ ਦੀਆਂ ਨਿੱਕੀਆਂ ਵੱਡੀਆਂ ਦੇਸੀ ਰਿਆਸਤਾਂ ਆਪਸ ਵਿਚ ਵੀ ਸਿੰਙ ਫਸਾਈ ਰੱਖਦੀਆਂ ਸਨ। ਇਕ ਦੂਜੇ ਦੇ ਇਲਾਕਿਆਂ 'ਤੇ ਅੱਖ ਰੱਖਦੇ; ਕਦੇ ਖੋਹ ਖਿਚ ਵੀ ਕਰ ਲੈਂਦੇ; ਵਿਚ ਵਿਚ ਆਪਸ 'ਚ ਸੁਲਾਹ ਵੀ ਹੋ ਜਾਂਦੀ। ਪਰ ਹਮੇਸ਼ਾ ਆਂਢ-ਗੁਆਂਢ ਦਾ ਹਲਕਾ ਆਪਣੇ ਕਬਜ਼ੇ 'ਚ ਕਰਨ ਦੀ ਤਾਂਘ ਰੱਖਦੇ। ਗੋਰਿਆਂ ਲਈ ਆਪਸੀ ਫੁੱਟ ਦੀ ਇਹ ਸਥਿਤੀ ਚੰਗੀ ਸੀ। ਐਸੇ ਵੰਡੇ ਹੋਏ ਸਮਾਜ ਦੇ ਹਾਕਮਾਂ 'ਤੇ ਕਾਬੂ ਪਾਉਣਾ ਸੌਖਾ ਹੋ ਗਿਆ।

ਅੰਗਰੇਜ਼ ਨੇ ਟੀਪੂ ਸੁਲਤਾਨ ਦੇ ਰਾਜ 'ਤੇ ਵੀ ਅੱਖ ਰੱਖ ਹੋਈ ਸੀ। ਟੀਪੂ ਸੁਲਤਾਨ ਨਾਲ ਪਹਿਲੀ ਲੜਾਈ ਵਿਚ ਫਿਰੰਗੀ ਨੂੰ ਬੜੀ ਮਾਰ ਪਈ ਸੀ। ਉਦੋਂ ਟੀਪੂ, ਇੱਕੋ ਵੇਲੇ, ਗੋਰਿਆਂ ਤੋਂ ਬਿਨਾ ਮਰਾਠਿਆਂ ਤੇ ਹੈਦਰਾਬਾਦ ਦੇ ਨਿਜ਼ਾਮ ਨਾਲ ਵੀ ਲੜ ਰਿਹਾ ਸੀ। ਤੀਹਰੀ ਲੜਾਈ 'ਚ ਵੀ ਟੀਪੂ ਨੂੰ ਕੋਈ ਨਹੀਂ ਸੀ ਹਰਾ ਸਕਿਆ, ਸਗੋਂ ਉਹ ਸਭ 'ਤੇ ਜੇਤੂ ਹੋ ਗਿਆ ਸੀ। ਹਾਰ ਖਾ ਕੇ ਵੀ ਅੰਗਰੇਜ਼ ਨੇ ਪਸਾਰੇ ਦੀ ਨੀਤੀ ਨਹੀਂ ਸੀ ਛੱਡੀ। ਮਈ 1805 ਨੂੰ ਕੁਝ ਸਿਪਾਹੀਆਂ ਨੇ ਨਵੀਂ ਵਰਦੀ ਦੇ ਖਿਲਾਫ ਬਗਾਵਤ ਕਰ ਦਿੱਤੀ। ਜਿਨ੍ਹਾਂ ਨੇ ਹੁਕਮ ਦੀ ਸਹਿਮਤੀ ਦੀ ਥਾਂ ਉਜ਼ਰ ਕੀਤਾ ਸੀ, ਉਨ੍ਹਾਂ ਨੂੰ ਮਦਰਾਸ ਦੇ ਸੇਂਟ ਜੋਰਜ ਕਿਲੇ 'ਚ ਲੈ ਜਾਇਆ ਗਿਆ ਤੇ ਹੁਕਮ ਅਦੂਲੀ ਦੀ ਸਜ਼ਾ ਦੇ ਦਿੱਤੀ। ਉਨ੍ਹਾਂ 'ਚੋਂ ਦੋਹ (ਇਕ ਹਿੰਦੂ ਤੇ ਇਕ ਮੁਸਲਮਾਨ) ਨੂੰ ਤਾਂ ਸ਼ਰੇਆਮ ਨੱਬੇ-ਨੱਬੇ ਕੋੜੇ ਮਾਰੇ ਗਏ ਤੇ ਉਸੇ ਵੇਲੇ ਨੌਕਰੀ ਤੋਂ ਕੱਢ ਦਿੱਤਾ ਗਿਆ। ਬਾਕੀ ਦੇ ਉਨੀਆਂ ਨੂੰ ਪੰਜਾਹ-ਪੰਜਾਹ ਕੋੜੇ ਮਾਰੇ ਗਏ; ਇਨ੍ਹਾਂ ਨੂੰ ਰਹਿਮ ਦੀ ਅਪੀਲ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ। ਇਸ ਨੀਤੀ ਦਾ ਅਸਰ ਅੰਗਰੇਜ਼ ਦੀ ਆਸ ਦੇ ਉਲਟ ਹੋ ਗਿਆ। ਹਿੰਦੂ-ਮੁਸਲਮਾਨ ਸਿਪਾਹੀਆਂ ਦੇ ਮਨਾਂ ਚ ਰਿੱਝਦੀ ਗੁੱਸੇ ਦੀ ਭਾਵਨਾ ਨੂੰ ਹੋਰ ਹਵਾ ਮਿਲੀ ਗਈ। ਟੀਪੂ ਸੁਲਤਾਨ ਦੇ ਪਰਿਵਾਰ ਨੇ ਇਸ ਮੌਕੇ ਨੂੰ ਅੰਗਰੇਜ਼ਾਂ ਦੇ ਖਿਲਾਫ ਵਰਤਿਆ।

ਜਨਰਲ ਸਰ ਜੌਹਨ ਕਰੈਡਿੱਕ, ਮਦਰਾਸ ਆਰਮੀ ਦਾ ਕਮਾਂਡਰ ਇਨ ਚੀਫ ਸੀ। ਉਹਨੇ ਲਾਰਡ ਹਾਓਡਨ ਨਾਲ ਰਲ ਕੇ 14 ਨਵੰਬਰ 1805 ਨੂੰ ਫੌਜ 'ਚ ਤਬਦੀਲੀ ਲਿਆਉਣ ਲਈ ਇਕਤਰਫੇ ਹੁਕਮ ਜਾਰੀ ਕਰ ਦਿੱਤੇ ਸਨ। ਫੌਜ ਨੂੰ ਪਹਿਲਾਂ ਹੁਕਮ ਇਹ ਹੋਇਆ ਕਿ ਕੋਈ ਵੀ ਸਿਪਾਹੀ ਦਾੜੀ-ਮੁੱਛ ਨਹੀਂ ਰੱਖੇਗਾ ਤੇ ਹਿੰਦੂ ਸਿਪਾਹੀ ਤਿਲਕ ਵਗੈਰਾ ਨਹੀਂ ਲਾ ਸਕਣਗੇ। ਹਿੰਦੂ ਤਿਲਕ ਨਹੀਂ ਲਾਉਣਗੇ ਤੇ ਆਪਣੀ ਜਾਤ ਵੀ ਨਹੀਂ ਲਿਖਣਗੇ। ਕੋਈ ਨੱਤੀਆਂ ਨਹੀਂ ਪਾਏਗਾ। ਇਨ੍ਹਾਂ ਦਾ ਮਕਸਦ ਫੌਜ ਦੀ ਦਿੱਖ ਨੂੰ ਯੂਰਪੀਨ ਫੌਜਾਂ ਵਰਗੀ ਚੁਸਤ-ਫੁਰਤ ਕਰਨਾ ਸੀ। ਅਗਲੀ ਤਬਦੀਲੀ ਪੱਗ ਨਾ ਪਹਿਨਣ ਦੀ ਸੀ ਤੇ ਉਸ ਦੀ ਥਾਂ 'ਤੇ ਜਿਹੜਾ ਟੋਪ ਪਹਿਨਣਾ ਸੀ, ਉਸ ਨੂੰ ਚਮੜੇ ਦੀ ਸਜਾਵਟੀ ਕਲਗੀ ਵੀ ਲੱਗੀ ਹੋਈ ਸੀ। ਫੌਜੀ ਇਸ ਨੂੰ 'ਫਿਰੰਗੀ ਪਗੜੀ' ਕਹਿੰਦੇ ਸਨ। ਹਿੰਦੂਆਂ 'ਚ ਤਾਂ ਚਮੜਾ ਓਦਾਂ ਹੀ ਅਪਵਿਤਰ ਹੈ। ਧਾਰਮਿਕ ਤੇ ਆਸਥਾ ਵਾਲੇ ਭਾਰਤੀਆਂ ਲਈ ਇਹ ਮਾਮੂਲੀ ਗੱਲ ਨਹੀਂ ਸੀ। ਭਾਰਤੀ ਸਿਪਾਹੀਆਂ ਦੇ ਮਨ 'ਚ ਇਹ ਗੱਲ ਆ ਗਈ ਕਿ ਬਹਾਨਾ ਫੌਜ ਦੀ ਵਰਦੀ ਦਾ ਹੈ, ਪਰ ਅਸਲ 'ਚ ਅੰਗਰੇਜ਼ ਧਰਮ ਬਦਲ ਕੇ ਇਨ੍ਹਾਂ ਨੂੰ ਇਸਾਈ ਬਣਾਉਣ ਦੀ ਤਿਆਰੀ ਕਰ ਰਿਹਾ ਸੀ। ਜ਼ਿੱਦੀ ਸਰ ਜੌਹਨ ਕਰੈਡਿੱਕ ਭਾਰਤੀਆਂ ਦੀ ਧਾਰਮਿਕ ਭਾਵਨਾ ਨੂੰ ਭੋਰਾ ਵੀ ਮਹੱਤਤਾ ਦੇਣ ਨੂੰ ਤਿਆਰ ਨਾ ਹੋਇਆ। ਆਪਣੇ ਇਕੋ ਹੁਕਮ ਨਾਲ ਉਹਨੇ ਮੁਸਲਿਮ ਤੇ ਹਿੰਦੂ ਸਿਪਾਹੀ ਨਾਰਾਜ਼ ਕਰ ਲਏ ਸਨ।

ਟੀਪੂ ਨੂੰ ਮਾਰਨ ਤੇ ਉਸ ਦੀ ਫੌਜ ਨੂੰ ਹਰਾਉਣ ਪਿਛੋਂ ਅੰਗਰੇਜ਼ਾਂ ਨੇ ਟੀਪੂ ਸੁਲਤਾਨ 'ਤੇ 1799 'ਚ ਜਿੱਤ ਪ੍ਰਾਪਤ ਕਰ ਲਈ ਸੀ। ਉਸ ਦੇ ਸਾਰੇ ਧੀਆਂ-ਪੁੱਤਾਂ ਨੂੰ ਮੈਸੂਰ ਤੋਂ ਸਵਾ ਦੋ ਸੌ ਮੀਲ ਦੂਰ, ਵੈਲੂਰ ਕਿਲੇ ਦੇ ਵੱਖ ਵੱਖ ਮਹੱਲਾਂ



ਟੀਪੂ ਸੁਲਤਾਨ

'ਚ ਰੱਖਿਆ ਹੋਇਆ ਸੀ। ਨੌਂ ਜੁਲਾਈ ਨੂੰ ਟੀਪੂ ਸੁਲਤਾਨ ਦੀ ਧੀ ਦੀ ਸ਼ਾਦੀ ਰੱਖੀ ਹੋਈ ਸੀ। ਬਾਗੀ ਸਿਪਾਹੀਆਂ ਨੇ ਪੂਰੀ ਤਿਆਰੀ ਕਰ ਲਈ ਸੀ। ਵਿਆਹ 'ਚ ਹਿੱਸਾ ਲੈਣ ਦੇ ਬਹਾਨੇ ਬਾਗੀ ਕਿਲੇ ਅੰਦਰ ਦਾਖਲ ਹੋ ਗਏ ਸਨ। ਬਾਗੀਆਂ ਨੇ 10 ਜੁਲਾਈ 1806 ਨੂੰ ਤੜਕੇ ਦੋ ਵਜੇ, ਵੈਲੂਰ (ਤਾਮਿਲਨਾਡੂ) ਦੇ ਕਿਲੇ 'ਚ ਅੰਗਰੇਜ਼ ਅਫਸਰਾਂ ਤੇ ਸਿਪਾਹੀਆਂ 'ਤੇ ਹਮਲਾ ਕਰ ਦਿੱਤਾ। ਇਸ ਦੀ ਕਿਸੇ ਨੂੰ ਵੀ ਸੂਹ ਨਹੀਂ ਸੀ। ਗੋਰੇ ਫੌਜੀ ਤੇ ਅਫਸਰ ਅਵੇਸਲੇ ਸਨ; ਇਸ ਤਰ੍ਹਾਂ ਦੀ ਬਗਾਵਤ ਤਾਂ ਉਨ੍ਹਾਂ ਦੇ ਚਿੱਤ-ਚੇਤੇ 'ਚ ਵੀ ਨਹੀਂ ਸੀ। ਕਿਲੇ 'ਚ ਟੀਪੂ ਦੀ ਧੀ ਦੀ ਸ਼ਾਦੀ ਹੋਣ ਕਰਕੇ, ਮਹੱਲਾਂ 'ਚ ਗਹਿਮਾ ਗਹਿਮੀ ਸੀ। ਅੰਗਰੇਜ਼ ਨੂੰ ਇਸ ਬਗਾਵਤ ਦੀ ਆਸ ਨਹੀਂ ਸੀ। ਸੁਤੇ ਸਿੱਧ ਹਮਲੇ ਕਾਰਨ ਅੰਗਰੇਜ਼ ਦਾ ਕਾਫੀ ਨੁਕਸਾਨ ਹੋਇਆ ਸੀ। ਇਸ ਬਗਾਵਤ ਨੂੰ ਬਗਾਵਤ ਉਕਸਾਉਣ ਵਿਚ ਟੀਪੂ ਸੁਲਤਾਨ ਦੇ ਪੁੱਤਰ ਦਾ ਹੱਥ ਵੀ ਸੀ।

ਬਾਗੀਆਂ ਨੇ ਆਪਣੀ ਬ੍ਰਿਗੇਡ ਅਤੇ 69ਵੀਂ ਰੈਜੀਮੈਂਟ ਦੇ ਵੀ 200 ਬੰਦੇ ਮਾਰ ਦਿੱਤੇ; ਇਨ੍ਹਾਂ ਵਿਚ ਹਸਪਤਾਲ 'ਚ ਇਲਾਜ ਕਰਾਉਣ ਆਏ ਗੋਰੇ ਵੀ ਸਨ। ਬਾਗੀਆਂ ਨੇ ਹਮਲਾ ਸੁੱਤਿਆਂ 'ਤੇ ਕੀਤਾ ਸੀ, ਇਸ ਲਈ ਬਹੁਤ ਤਬਾਹੀ ਮਚਾਉਣ 'ਚ ਕਾਮਯਾਬ ਹੋ ਗਏ। ਦਿਨ ਚੜ੍ਹਨ ਤੋਂ ਪਹਿਲਾਂ ਹੀ ਬਾਗੀ ਸਿਪਾਹੀਆਂ ਨੇ ਕਿਲੇ 'ਤੇ ਕਬਜ਼ਾ ਕਰ ਲਿਆ ਸੀ। ਕਿਲੇ ਤੋਂ ਅੰਗਰੇਜ਼ ਦਾ ਝੰਡਾ ਉਤਾਰ ਦਿੱਤਾ ਸੀ; ਉਸ ਦੀ ਥਾਂ ਮੈਸੂਰ ਸਲਤਨਤ ਦਾ ਝੰਡਾ ਲਹਿਰਾ ਦਿੱਤਾ ਅਤੇ ਟੀਪੂ ਦੇ ਪੁੱਤਰ ਫਤਿਹ ਹੈਦਰ ਬਹਾਦਰ ਨੂੰ ਮੁੜ ਕੇ ਰਾਜਾ ਹੋਣ ਦਾ ਐਲਾਨ ਕਰ ਦਿੱਤਾ ਸੀ। ਵੱਡਾ ਨੁਕਸਾਨ ਹੋ ਜਾਣ ਦੇ ਬਾਵਜੂਦ ਕੋਈ ਅੰਗਰੇਜ਼ ਬਚ ਕੇ ਲਾਗਲੀ ਫੌਜੀ ਛਾਉਣੀ (ਆਰਕੋਟ) 'ਚ ਖਬਰ ਦੇਣ ਵਿਚ ਕਾਮਯਾਬ ਹੋ ਗਿਆ ਸੀ। ਇਸ ਕਿਲੇ ਦਾ ਇੰਚਾਰਜ ਕਰਨਲ ਸੇਂਟ ਜੌਹਨ ਫੈਨਕੋਰਟ ਦਾ ਟੱਬਰ ਬਚ ਗਿਆ ਸੀ, ਪਰ ਉਹ ਆਪ ਇਸ ਹਮਲੇ 'ਚ ਮਾਰਿਆ ਗਿਆ ਸੀ। ਇਸ ਵਾਕਿਆ ਨਾਲ ਫਿਰੰਗੀ ਪੂਰੀ ਤਰ੍ਹਾਂ ਹਿੱਲ ਗਿਆ ਸੀ।

ਸਰ ਰੋਲੋ (ਰੌਬਰਟ) ਗਲੈਪਿਸੀ ਦਾ ਪਹਿਲਾਂ ਹੀ 10 ਜੁਲਾਈ ਨੂੰ ਵੈਲੂਰ ਨੂੰ ਆਉਣ ਦਾ ਪ੍ਰੋਗਰਾਮ ਸੀ, ਪਰ ਬਗਾਵਤ ਦਾ ਸੁਣ ਕੇ ਗੁੱਸੇ 'ਚ ਆਰਕੋਟ ਤੋਂ ਪੈਦਲ ਤੇ ਘੋੜ ਸਵਾਰ ਫੌਜਾਂ ਲੈ ਕੇ ਬਗਾਵਤ ਨੂੰ ਕੁਚਲਣ ਲਈ ਚੜ੍ਹ ਆਇਆ। ਉਸ ਨੇ ਬਗਾਵਤ 'ਤੇ ਦੋ ਕੁ ਵਜੇ ਕਾਬੂ ਪਾ ਲਿਆ ਸੀ। ਬਾਗੀਆਂ 'ਚੋਂ ਸੌ ਨੂੰ ਬਿਨਾ ਕਿਸੇ ਮੁਕੱਦਮਾ ਚਲਾਏ ਕੰਧ ਨਾਲ ਖੜੇ ਕਰਕੇ, ਉਸੇ ਵੇਲੇ ਹੀ ਗੋਲੀਆਂ ਮਾਰ ਦਿੱਤੀਆਂ ਸਨ। ਬਾਅਦ 'ਚ ਇਸ ਨੂੰ ਅੰਗਰੇਜ਼ ਅਫਸਰ ਨੇ ਵੀ ਵਹਿਸ਼ੀ ਕਾਰਨਾਮਾ ਮੰਨਿਆ। ਸਾਢੇ ਤਿੰਨ ਸੌ ਭਾਰਤੀ ਸਿਪਾਹੀ ਮੁੱਠਭੇੜ 'ਚ ਮਾਰੇ ਗਏ ਸਨ ਤੇ ਏਨੇ ਕੁ ਹੀ ਜ਼ਖਮੀ ਹੋ ਗਏ। ਮਰਨ ਵਾਲਿਆਂ ਦੀ ਗਿਣਤੀ ਅੱਠ ਸੌ ਹੋਣ ਦਾ ਵੀ ਦਾਅਵਾ ਕੀਤਾ ਜਾਂਦਾ ਹੈ; ਅੰਗਰੇਜ਼ ਅਫਸਰਾਂ ਤੇ ਸਿਪਾਹੀਆਂ ਦੀ ਗਿਣਤੀ ਦਾ ਸਬੂਤ ਉਨ੍ਹਾਂ ਦੀਆਂ ਕਬਰਾਂ ਤੋਂ ਮਿਲਦਾ ਹੈ। ਮੁਸਲਮਾਨ ਸਿਪਾਹੀਆਂ ਦਾ ਵੀ ਮਿਲ ਸਕਦਾ ਹੈ, ਪਰ ਹਿੰਦੂ ਸਿਪਾਹੀਆਂ ਦੀਆਂ ਲਾਸ਼ਾਂ ਅਗਨ ਭੇਟ ਕਰ ਦਿੱਤੀਆਂ ਸਨ। ਭਾਗ ਲੈਣ ਵਾਲੇ ਛੇ ਬਾਗੀਆਂ ਨੂੰ ਤੋਪਾਂ ਮੋਹਰੇ ਬੰਨ ਕੇ ਉਡਾ ਦਿੱਤਾ ਸੀ; ਪੰਜ ਨੂੰ ਫਾਂਸੀ ਦੇ ਦਿੱਤੀ ਸੀ ਤੇ ਕੁਝ ਕਾਲੇ ਪਾਣੀ ਵੀ ਭੇਜ ਦਿੱਤੇ ਸਨ। ਨਤੀਜੇ ਵਜੋਂ ਅੰਗਰੇਜ਼ ਨੇ ਕਿਲੇ ਦੀਆਂ ਤਿੰਨੇ ਰੈਜੀਮੈਂਟਾਂ ਭੰਗ ਕਰ ਦਿੱਤੀਆਂ ਸਨ। ਮਦਰਾਸ ਦੇ ਗਵਰਨਰ ਵਿਲੀਅਮ ਬੈਨਟੋਂਕ ਦੀ ਭਾਰਤ 'ਚ ਨੌਕਰੀ ਚਲੇ ਗਈ ਸੀ। ਉਸ ਨੂੰ ਲੰਡਨ ਵਾਪਿਸ ਬੁਲਾ ਲਿਆ ਸੀ।

ਇੱਕੋ ਦਿਨ ਚੱਲੀ ਇਸ ਬਗਾਵਤ ਦੀਆਂ ਕਈ ਮਹੱਤਤਾਵਾਂ ਹਨ: ਫਿਰੰਗੀ ਨੇ ਨਵੀਂ ਵਰਦੀ ਦੇ ਆਰਡਰ ਵਾਪਿਸ ਲੈ ਲਏ ਸਨ। ਅੰਗਰੇਜ਼ ਖਬਰਦਾਰ ਹੋ ਗਿਆ ਸੀ। ਅੰਗਰੇਜ਼ ਦੇ ਮਨ 'ਚ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਦਾ ਖਿਆਲ ਹੋਣ ਲੱਗ ਪਿਆ ਸੀ। ਅੱਗੇ ਤੋਂ ਫੌਜੀਆਂ ਨੂੰ ਕੋੜੇ ਮਾਰਨ ਦੀ ਮਨਾਹੀ ਕਰ ਦਿੱਤੀ ਸੀ। ਹੋਰ ਬਗਾਵਤ ਦੇ ਡਰੋਂ, ਟੀਪੂ ਸੁਲਤਾਨ ਦੇ ਸਾਰੇ ਪਰਿਵਾਰ ਨੂੰ ਏਥੋਂ ਦੂਰ, ਕਲਕੱਤੇ ਭੇਜ ਦਿੱਤਾ ਸੀ। ਨਵਾਂ ਡਰੈਸ ਕੋਡ ਥੋਪਣ ਦੇ ਜ਼ਿੰਮੇਵਾਰ ਅਫਸਰਾਂ ਨੂੰ ਵਾਪਿਸ ਲੰਡਨ ਬੁਲਾ ਲਿਆ ਸੀ। ਇਸ ਹਿਸਾਬ ਨਾਲ ਅੰਗਰੇਜ਼ ਖਿਲਾਫ ਇਸ ਬਗਾਵਤ ਨੂੰ ਕਾਮਯਾਬ ਮੰਨਿਆ ਜਾ ਸਕਦਾ ਹੈ। ਸਿੱਧੇ ਜਾਂ ਅਸਿੱਧੇ ਤੌਰ 'ਤੇ ਇਸ ਦਾ ਅਸਰ 1857 ਵਾਲੀ ਬਗਾਵਤ 'ਤੇ ਵੀ ਪਿਆ ਸੀ। ਕੁਝ ਇਤਿਹਾਸਕਾਰ ਇਸ ਨੂੰ ਅਗਲੀ ਬਗਾਵਤ ਦੀ ਮਸ਼ਕ ਹੀ ਮੰਨਦੇ ਹਨ। ਕੁਝ ਅੰਗਰੇਜ਼ ਲਿਖਾਰੀ ਇਸ ਨੂੰ ਫਿਰੰਗੀ ਵਰਦੀ ਦੇ ਵਿਰੁੱਧ ਗੁੱਸੇ ਦਾ ਪ੍ਰਗਟਾਓ ਕਹਿੰਦੇ ਹਨ ਤੇ ਕੁਝ ਟੀਪੂ ਸੁਲਤਾਨ ਦੀ ਔਲਾਦ ਵਲੋਂ ਮੁੜ ਤਖਤ ਸਾਂਭਣ ਦੀ ਕਾਰਵਾਈ ਕਹਿ ਕੇ ਛੋਟਾ ਕਰਦੇ ਹਨ। ਜਵਾਹਰ ਲਾਲ ਨਹਿਰੂ ਨੇ ਇਸ ਨੂੰ ਹੀ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਕਿਹਾ ਹੈ। ਕਾਰਲ ਮਾਰਕਸ ਨੇ ਵੀ ਇਸ ਨੂੰ ਭਾਰਤ ਦੀ ਪਹਿਲੀ ਬਗਾਵਤ ਕਿਹਾ ਹੈ। ਭਾਰਤ 'ਚ ਅੰਗਰੇਜ਼ ਹਕੂਮਤ ਦੀਆਂ ਜੜ੍ਹਾਂ ਪੁੱਟਣ ਲਈ ਪਹਿਲੀ ਜਥੇਬੰਦਕ ਕਾਰਵਾਈ ਇਹੋ ਸੀ।

ਗੁਰਬਾਣੀ ਵਿਆਖਿਆ

# ਅੰਤੁ ਨ ਸਿਫਤੀ ਕਹਣਿ ਨ ਅੰਤੁ

ਜਿਸ ਸੰਸਾਰ ਵਿਚ ਜਨਮ ਲੈ ਕੇ ਅਸੀਂ ਅੱਖਾਂ ਖੋਲ੍ਹਦੇ ਹਾਂ, ਉਹ ਕਿੱਡਾ ਕੁ ਵੱਡਾ ਹੈ, ਭਾਵ ਕਿੱਥੋਂ ਸ਼ੁਰੂ ਹੁੰਦਾ ਹੈ ਤੇ ਕਿੱਥੇ ਖਤਮ ਹੁੰਦਾ ਹੈ? ਇਹ ਇਕ ਵਾਜਬ ਸਵਾਲ ਹੈ, ਜੋ ਹਰ ਕੋਈ ਕਦੇ ਨਾ ਕਦੇ ਪੁੱਛਦਾ ਜਰੂਰ ਹੈ। ਇਸ ਨੂੰ ਇਸ ਲਈ ਨਹੀਂ ਪੁੱਛਿਆ ਜਾਂਦਾ ਕਿ ਪੁੱਛਣ ਵਾਲਾ ਇਸ ਵਿਚ ਦੌੜਨਾ-ਭੱਜਣਾ ਚਾਹੁੰਦਾ ਹੈ ਤੇ ਡਰਦਾ ਹੈ ਕਿ ਕਿਤੇ ਭੱਜਦਿਆਂ ਇਹ ਮੁੱਕ ਹੀ ਨਾ ਜਾਵੇ। ਉਹ ਇਸ ਦਾ ਮੁਕਾਬਲਾ ਆਪਣੇ ਨਾਲ ਕਰਨ ਲਈ ਵੀ ਨਹੀਂ ਪੁੱਛਦਾ, ਕਿਉਂਕਿ ਉਸ ਨੂੰ ਆਪਣੀ ਤੁੱਛ ਹੋਂਦ ਦਾ ਪਤਾ ਹੁੰਦਾ ਹੈ। ਉਸ ਨੂੰ ਇਹ ਪ੍ਰਸ਼ਨ ਕਿਸੇ ਨੇ ਪੁੱਛਿਆ ਵੀ ਨਹੀਂ ਹੁੰਦਾ ਤਾਂ ਜੋ ਉਸ ਨੇ ਇਸ ਦਾ ਉਤਰ ਪੁੱਛ ਕੇ ਉਸ ਨੂੰ ਦੱਸਣਾ ਹੋਵੇ। ਫਿਰ ਮਨੁੱਖ ਇਸ ਤਰ੍ਹਾਂ ਦਾ ਸਵਾਲ ਕਿਉਂ ਕਰਦਾ ਹੈ?

ਇਸ ਦਾ ਸੰਖੇਪ ਉਤਰ ਹੈ ਕਿ ਆਪਣੇ ਆਲੇ-ਦੁਆਲੇ ਪ੍ਰਤੀ ਜਾਣਕਾਰੀ ਹਾਸਲ ਕਰਨਾ ਮਨੁੱਖ ਦਾ ਕੁਦਰਤੀ ਗੁਣ ਹੈ। ਇਸ ਰਾਹੀਂ ਉਹ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਆਪਣੀ ਹੋਂਦ ਬਣਾਈ ਰੱਖਣਾ ਚਾਹੁੰਦਾ ਹੈ। ਹੀਗਲ ਅਨੁਸਾਰ ਉਹ ਕਾਲ ਆਤਮਾ (Geist) ਦਾ ਨੁਮਾਇੰਦਾ ਹੈ, ਜੋ ਉਸ ਰਾਹੀਂ ਆਪਣੇ ਆਪ ਬਾਰੇ ਸਭ ਕੁਝ ਜਾਣਨਾ ਚਾਹੁੰਦੀ ਹੈ। ਇਸ ਲਈ ਇਹ ਪ੍ਰਸ਼ਨ ਵੀ ਉਸ ਰਾਹੀਂ ਪ੍ਰਗਟ ਹੋਈ ਕਾਲ-ਆਤਮਾ ਹੀ ਪੁੱਛਦੀ ਹੈ। ਫ੍ਰੈਡ੍ਰਿਕ ਏਂਗਲਸ ਅਨੁਸਾਰ ਮਨੁੱਖ ਚੇਤਨਾ ਪ੍ਰਧਾਨ ਪ੍ਰਾਣੀ ਹੈ, ਜੋ ਕੁਦਰਤ ਵਿਚੋਂ ਉਠ ਕੇ ਕੁਦਰਤ ਵਿਰੁਧ ਹੀ ਸੰਘਰਸ਼ ਕਰਦਾ ਹੈ। ਇਸ ਸੰਘਰਸ਼ ਵਿਚ ਉਸ ਨੂੰ ਕੁਦਰਤ ਦਾ ਗਿਆਨ ਹੋਣਾ ਹੀ ਚਾਹੀਦਾ ਹੈ। ਉਸ ਦਾ ਮਨੁੱਖ-ਪ੍ਰਕ੍ਰਿਤੀ ਦਵੰਧਵਾਦ (Man-Nature Dilectics) ਦਾ ਸਿਧਾਂਤ ਦੱਸਦਾ ਹੈ ਕਿ ਦੋਹਾਂ ਦਾ ਅੰਤਰ-ਕਾਰਜ (Interaction) ਦੋਹਾਂ ਦੇ ਵਿਕਾਸ ਲਈ ਜਰੂਰੀ ਹੈ। ਮਨੁੱਖ ਦਰਿਆਵਾਂ 'ਤੇ ਬੰਧ ਲਾ ਕੇ ਹੜ੍ਹ ਰੋਕਦਾ ਹੈ ਤੇ ਨਹਿਰਾਂ ਕੱਢਦਾ ਹੈ ਤਾਂ ਧਰਤੀ ਸ਼ਹਿਰਾਂ, ਬਸਤੀਆਂ ਤੇ ਬਾਗ ਬਗੀਚਿਆਂ ਨਾਲ ਭਰਪੂਰ ਹੋ ਜਾਂਦੀ ਹੈ। ਕੁਦਰਤ ਮਨੁੱਖ ਦੀ ਕੋਈ ਸਕੀ-ਸਬੰਧੀ ਨਹੀਂ, ਜੋ ਉਸ 'ਤੇ ਉਪਕਾਰ ਕਰੇ। ਇਸ ਲਈ ਉਸ ਨੂੰ ਆਪਣੇ ਵਿਕਾਸ ਲਈ ਇਸ ਵਿਰੁਧ ਜੱਦੋ-ਜਹਿਦ ਕਰਨਾ ਹੀ ਪੈਂਦਾ ਹੈ। ਇਹ ਸਿਧਾਂਤ ਸੱਚਾਈ ਦੇ ਵਧੇਰੇ ਨੇੜੇ ਜਾਪਦਾ ਹੈ।

ਪ੍ਰਕ੍ਰਿਤੀ ਵਿਚ ਯੋਗ ਤੱਤਾਂ ਤੇ ਹਾਲਾਤ ਦੇ ਲੋੜੀਂਦੇ ਸੰਜੋਗਾਂ ਨੇ ਜਦੋਂ ਜੀਵ ਨੂੰ ਜੀਵ-ਪ੍ਰਣਾਲੀ ਵਿਚ ਪਾ ਕੇ ਸੰਸਾਰ ਪਟਲ 'ਤੇ ਛੱਡਿਆ, ਉਸੇ ਵੇਲੇ ਤੋਂ ਉਹ ਆਪਣੇ ਦੁਆਲੇ ਦੀ ਪਛਾਣ ਲਈ ਸੰਘਰਸ਼ ਕਰ ਰਿਹਾ ਹੈ। ਇਸ ਪਟਲ ਉਤੇ ਵੱਖ ਵੱਖ ਹੋਰ ਪਦਾਰਥ ਵੀ ਪਏ ਹੋਏ ਸਨ। ਕੁਝ ਪਦਾਰਥ ਉਸ ਦੀ ਖੁਰਾਕ ਤੇ ਕੁਝ ਉਸ ਦਾ ਰਹਿਣ ਅਸਥਾਨ ਬਣ ਸਕਦੇ ਸਨ। ਇਸੇ ਸਥਾਨ 'ਤੇ ਉਸ ਜਿਹੇ ਕੁਝ ਦੂਜੇ ਜੀਵ ਵੀ ਸਨ, ਜੋ ਉਸ ਵਾਂਗ ਹੀ ਆਪਾ ਪਾਲਣ ਲਈ ਫਿਰ ਰਹੇ ਸਨ। ਇਨ੍ਹਾਂ ਵਿਚ ਕੁਝ ਉਸ ਜਿਹੇ ਹੀ ਉਸ ਦੇ ਸਾਥੀ ਸਨ ਤੇ ਕੁਝ ਉਸ ਨੂੰ ਆਪਣੀ ਖੁਰਾਕ ਵੀ ਬਣਾ ਸਕਦੇ ਸਨ। ਅਜਿਹੀ ਹਾਲਤ ਵਿਚ ਪਹਿਲਾਂ ਪਹਿਲ ਉਸ ਨੇ ਆਪਣੇ ਸਰੀਰ ਦੀਆਂ ਪਛਾਣਕਾਰੀ ਸੰਭਾਵਨਾਵਾਂ ਨੂੰ ਇਕੱਤ੍ਰਿਤ ਕਰ ਕੇ ਗਿਆਨ ਇੰਦਰੀਆਂ ਨੂੰ ਸਿਰਜੀਆ।

ਇਹ ਗਿਆਨ ਇੰਦਰੀਆਂ ਉਸ ਨੂੰ ਕੁਦਰਤ ਜਾਂ ਕੁਦਰਤ ਦੇ ਕਿਸੇ ਮਾਲਕ ਨੇ ਨਹੀਂ ਸਨ ਦਿੱਤੀਆਂ, ਸਗੋਂ ਇਹ ਸੰਘਰਸ਼ ਦੀਆਂ ਰਗੜਾਂ ਵਿਚੋਂ ਉਤਪੰਨ ਹੋਈਆਂ ਸਨ। ਜੋ ਕੁਦਰਤ ਉਸ ਦੇ ਬਾਹਰ ਸੀ, ਉਹੀ ਉਸ ਦੇ ਅੰਦਰ ਵੀ ਸੀ। ਇਸ ਲਈ ਆਪਣੀ ਖੁਰਾਕ ਤੇ ਸ਼ਤਰੂਆਂ ਸਬੰਧੀ ਜਿਸ ਤਰ੍ਹਾਂ ਦੀ ਜਾਣਕਾਰੀ ਲਈ ਉਸ ਨੂੰ ਬਾਹਰ ਜੱਦੋ-ਜਹਿਦ ਕਰਨਾ ਪੈਂਦਾ ਸੀ, ਉਵੇਂ ਦੀਆਂ ਹੀ ਗਿਆਨ ਇੰਦਰੀਆਂ ਉਸ ਦੇ ਅੰਦਰੋਂ ਪੈਦਾ ਹੋ ਗਈਆਂ। ਚੁਫੇਰੇ ਘੁੰਮਣ ਵਾਲੀ ਗਰਦਨ ਉਤੇ ਸਿਰ ਨਿਕਲ ਆਇਆ ਅਤੇ ਸਿਰ 'ਤੇ ਅੱਖਾਂ, ਕੰਨ, ਨੱਕ, ਮੂੰਹ ਲੱਗ ਗਏ। ਚੁਫੇਰੇ ਦੀ ਚਮੜੀ ਵੀ ਕੁਝ ਸੰਕੇਤ ਪਕੜਨ ਪੱਖੋਂ ਸਕਾਰਾਤਮਕ ਬਣ ਗਈ। ਜਿੱਥੇ ਧਰਤੀ ਨਾਲ ਰਗੜ ਖਾਂਦੀ ਸੀ, ਉਥੇ ਹੱਥ ਤੇ ਪੈਰ ਬਣ ਗਏ। ਇਹ ਸਭ ਇਕ ਦਿਨ ਵਿਚ ਨਹੀਂ ਹੋਇਆ, ਸਗੋਂ ਲੱਖਾਂ ਸਾਲਾਂ ਦੇ ਲੰਮੇ ਵਿਕਾਸ ਦੌਰਾਨ ਵਾਪਰਿਆ। ਇਨ੍ਹਾਂ ਦੇ ਪ੍ਰਯੋਗ ਨਾਲ ਉਹ ਆਪਣਾ ਸਰੀਰੀ ਉਦ੍ਹਾਰ ਤੇ ਬਚਾਉ ਕਰਨ ਲੱਗਾ। ਇਸ ਤਰ੍ਹਾਂ ਦੁਆਲੇ ਦੇ ਤਲਖ (Hostile) ਤੇ ਤਬਾਹਕੁਨ (Destructive) ਵਾਤਾਵਰਣ ਨਾਲ ਲਗਾਤਾਰ ਨਿਰਬਾਹ (Adjust) ਕਰਦਿਆਂ ਡਰਨਾ, ਲੜਨਾ, ਸ਼ੱਕ ਕਰਨਾ ਤੇ ਸਵਾਲ ਪੁੱਛਣਾ ਉਸ ਦੇ ਸੁਭਾਅ ਦੇ ਅੰਗ ਬਣ ਗਏ।

ਪਰ ਇਹ ਗਿਆਨ ਇੰਦਰੀਆਂ ਮਨੁੱਖ ਨੂੰ ਦੇਖਣ ਪਰਖਣ ਵਾਲੇ ਯਥਾਰਥ (Empirical Reality) ਬਾਰੇ ਕੰਮ ਚਲਾਊ ਗਿਆਨ ਹੀ ਦਿੰਦੀਆਂ ਹਨ। ਇਹ ਉਸ ਨੂੰ ਦੂਰ-ਦੁਰਾਡੀਆਂ, ਅਦਿਖ, ਭਾਵਆਤਮਕ ਤੇ ਗੁੱਝੀਆਂ ਚੀਜ਼ਾਂ ਦੀ ਜਾਣਕਾਰੀ ਦੇਣ ਵਿਚ ਅਸਫਲ ਹਨ। ਅਰਥਾਤ ਮਨੁੱਖ ਰੋਸ਼ਨੀ ਤੇ ਤਪਸ਼ ਨੂੰ ਦੇਖ ਕੇ ਧੁਪ ਨੂੰ ਤਾਂ ਜਾਣਦਾ ਹੈ, ਪਰ ਇਸ ਵਿਚ ਛੁਪੀਆਂ ਪਰਾ-ਜਾਮਣੀ (Ultra-Violet) ਕਿਰਨਾਂ, ਜੋ ਭਾਦੋਂ ਦੀ ਰੁੱਤੇ ਕਿਸਾਨ ਨੂੰ ਸਾਧ ਬਣਨ ਤੇ ਮਜ਼ਬੂਰ ਕਰ ਦਿੰਦੀਆਂ ਸਨ, ਦੀ ਪਛਾਣ ਨਹੀਂ ਕਰ ਸਕਦਾ। ਇਸੇ ਲਈ ਉਸ ਨੇ ਇਨ੍ਹਾਂ ਕਿਰਨਾਂ ਤੋਂ ਬਚਣ ਲਈ ਕਦੇ ਕੋਈ ਛਤਰੀ ਨਹੀਂ ਬਣਾਈ।

ਕੁਦਰਤ ਨੇ ਉਸ ਦੀਆਂ ਅੱਖਾਂ ਅੱਗੇ ਟੈਲੀਸਕੋਪ ਤੇ ਮਾਈਕਰੋਸਕੋਪ ਜਿਹੇ ਜੰਤਰ ਨਹੀਂ ਲਾਏ ਤੇ ਕੰਨਾਂ ਵਿਚ ਵਾਇਰਲੈਸ ਸਿਗਨਲ ਡਿਕੋਡਰ ਵੀ ਨਹੀਂ ਲਾਏ ਤਾਂ ਜੋ ਉਸ ਕੋਲ ਕੋਈ ਗੁੱਝੀ ਜਾਣਕਾਰੀ ਆ ਸਕੇ। ਉਸ ਕੋਲ ਹਵਾਈ ਖੰਭ ਵੀ ਨਹੀਂ ਹਨ ਤਾਂ ਜੋ ਉਹ ਇੱਧਰ ਉਧਰ ਜਾ ਕੇ ਕੋਈ ਜਾਣਕਾਰੀ ਇਕੱਤ੍ਰਿਤ ਕਰ ਸਕੇ। ਪ੍ਰਿਥਵੀ ਗੁਰੂਤਾ ਵਿਚ ਜਕੜਿਆ, ਸੀਮਤ ਗਿਆਨ-ਇੰਦਰੀਆਂ ਦਾ ਮਾਰਿਆ ਤੇ ਆਪਣੇ ਨਿਰਬਾਹ ਲਈ ਕੁਦਰਤੀ ਸਾਧਨਾਂ ਨਾਲ ਨੂੜਿਆ ਉਹ ਗਿਆਨ ਦੀਆਂ ਲੰਮੀਆਂ ਪੁਲਾਂਘਾਂ ਨਹੀਂ ਭਰ ਸਕਦਾ। ਉਸ ਦਾ ਵਾਹ ਛੋਟੀਆਂ, ਕੰਮ ਆਉਣ ਵਾਲੀਆਂ ਤੇ ਯਥਾਰਥਕ ਗੱਲਾਂ ਨਾਲ ਪੈਂਦਾ ਹੈ, ਜੋ ਸੈਂਕੜਿਆਂ, ਹੱਦ ਹਜ਼ਾਰਾਂ ਦੀ ਗਿਣਤੀ ਵਿਚ ਹੁੰਦੀਆਂ ਹਨ। ਇਸ ਲਈ ਉਸ ਦੇ ਹਿਸਾਬ (Mathematics) ਦਾ ਕੱਦ ਉਸ ਦੇ ਆਮਦਨ ਖਰਚ ਦੇ ਆਕਾਰ ਦਾ ਹੀ ਹੁੰਦਾ ਹੈ। ਇਸੇ ਹਿਸਾਬ ਉਸ ਦੇ ਵਹੀ ਖਾਤਿਆਂ ਦੇ ਲੇਖੇ ਹੁੰਦੇ ਹਨ ਤੇ ਇਸੇ ਵਿਸਥਾਰ ਦੇ ਕੈਲਕੂਲੇਟਰ 'ਤੇ ਆਉਣ ਵਾਲੇ ਅੰਕ। ਅੱਜ ਤੋਂ ਸੌ ਸਾਲ ਪਹਿਲਾਂ ਤਾਂ ਗਿਣਤੀ ਵੀ ਦਰਜਨਾਂ ਜਾਂ ਕੌੜੀਆਂ (ਵੀਹਾਂ) ਦੇ ਹਿਸਾਬ ਹੁੰਦੀ ਸੀ। ਅਜਿਹੀਆਂ ਸਥਿਤੀਆਂ ਵਿਚ ਕੋਈ ਬ੍ਰਹਿਮੰਡ ਦੇ ਆਕਾਰ ਨੂੰ ਜਾਣਨਾ ਵੀ ਚਾਹੁੰਦਾ ਤਾਂ ਕਿਵੇਂ ਜਾਣ ਸਕਦਾ?

ਇਸੇ ਲਈ ਗੁਰੂ ਸਾਹਿਬ ਨੇ ਪਿਛਲੀ ਪਉੜੀ ਵਿਚ ਫੁਰਮਾਇਆ ਸੀ ਕਿ ਮਨੁੱਖ ਨੇ ਏਡੀ ਵੱਡੀ ਜਾਂ ਅਜਿਹੀ ਸੁਰਤ (Awareness) ਨਹੀਂ ਪਾਈ ਕਿ ਉਹ ਕੁਦਰਤ ਦਾ ਹਿਸਾਬ ਕਿਤਾਬ ਲਾ ਸਕੇ ਤੇ ਇਸ ਦੀਆਂ ਸਭ ਰਮਜ਼ਾਂ ਨੂੰ ਸਮਝ ਸਕੇ। ਕੁਦਰਤ ਵਿਚ ਓਹਲੇ ਹਨ, ਦੂਰੀਆਂ ਹਨ ਤੇ ਗਤੀਆਂ ਹਨ ਤੇ ਗਤੀਆਂ ਦੀਆਂ ਘੁੰਮਣਘੇਰੀਆਂ ਹਨ। ਇਨ੍ਹਾਂ ਨੇ ਇਸ ਦੀ ਸਹੀ ਜਾਣਕਾਰੀ ਤੇ ਪਰਦਾ ਪਾਇਆ ਹੋਇਆ ਹੈ। ਕਈ ਸਿਆਣੇ ਇਸ ਨੂੰ ਮਾਯਾ ਕਹਿ ਕੇ ਜਾਣਨ ਦਾ ਯਤਨ ਹੀ ਰੱਦ ਕਰ ਦਿੰਦੇ ਹਨ। ਕਈਆਂ ਅਨੁਸਾਰ ਇਹ ਸਥਿਰ ਭਾਵ ਚਿਰ-ਸਥਾਈ ਨਹੀਂ ਹੈ ਇਸ ਲਈ ਇਸ ਨੂੰ ਨਾ ਜਾਣਿਆ ਜਾ ਸਕਦਾ ਹੈ ਤੇ ਨਾ ਜਾਣਨ ਦਾ ਫਾਇਦਾ ਹੈ।

ਉਨ੍ਹਾਂ ਅਨੁਸਾਰ ਸਥਿਰ ਸੱਚ ਇਸ ਦੇ ਪਿੱਛੇ ਲੁਕਿਆ ਹੋਇਆ ਹੈ, ਇਸ ਲਈ ਉਸੇ ਨੂੰ ਖੋਜਿਆ ਜਾਣਾ ਚਾਹੀਦਾ ਹੈ; ਕਿਉਂਕਿ ਸਥਿਰ ਸੱਚ ਨਜ਼ਰ ਨਹੀਂ ਆਉਂਦਾ, ਇਸ ਲਈ ਉਹ ਉਸ ਦੇ ਕਈ ਨਾਮ ਰੱਖ ਦਿੰਦੇ ਹਨ। ਕਈ ਉਸ ਨੂੰ ਆਤਮਾ (Spirit) ਅਤੇ ਕਈ ਪਰਮਾਤਮਾ (God) ਕਹਿੰਦੇ ਹਨ। ਅਦਿਖ ਹੋਣ ਕਾਰਨ ਉਹ ਉਸ ਦੀ ਦਿੱਖ ਦੀ ਕਲਪਨਾ ਵੀ ਨਹੀਂ ਕਰ ਸਕਦੇ।

ਬਹੁਤੇ ਸਮਝਦੇ ਹਨ ਕਿ ਅਧਿਆਤਮਕ ਸਵਾਮੀ (Spiritual Lord) ਮਨੁੱਖੀ ਸ਼ਕਲ ਦਾ ਹੈ, ਪਰ ਪ੍ਰਛਾਈ ਵਾਂਗ ਅਦਿੱਖ ਹੈ। ਇਸ ਲਈ ਉਹ ਉਸ ਨੂੰ ਪਰਗਟ ਹੋਣ ਅਤੇ ਮਿਹਰ ਕਰਨ ਲਈ ਅਰਦਾਸ ਅਰਜੋਈਆਂ ਕਰਦੇ ਹਨ। ਅਦਿੱਖ ਚੀਜ਼ਾਂ ਨੂੰ ਇਹ ਲੋਕ ਹੁਣ ਤੀਕ ਸਪਿਰਿਟ (Spirit) ਕਹਿੰਦੇ ਆ ਰਹੇ ਹਨ ਤੇ ਉਨ੍ਹਾਂ ਨਾਲ ਸਬੰਧ ਬਣਾਉਣ ਦੀ ਵਿਧੀ ਨੂੰ ਅਧਿਆਤਮਵਾਦ (Spiritualism) ਦੱਸਦੇ ਹਨ। ਉਸ ਦੀ ਭਾਲ ਲਈ ਪੂਜਾ-ਪਾਠ ਵਾਲੀ ਅਧਿਆਤਮਕ ਸੋਚ ਨੂੰ ਉਹ ਅੱਜ ਦੇ ਵਿਗਿਆਨਕ ਯੁਗ ਵਿਚ ਵੀ ਸਹੀ ਸਮਝਦੇ ਹਨ। ਬਹੁਤਾ ਅਸਚਰਜ ਇਹ ਹੈ ਕਿ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਵੀ ਇਸੇ ਸੋਚ ਦੇ ਧਾਰਨੀ ਹਨ। ਭਾਵੇਂ ਗੁਰੂ ਸਾਹਿਬ ਨੇ ਸਾਫ ਕਿਹਾ ਹੈ ਕਿ ਮਾਇਆ ਪਿਛਲਾ ਪਰਮ-ਸੱਤ ਮਨੁੱਖ ਦੀ ਮੌਜੂਦਾ ਸੱਤਹੀ ਸੁਰਤ (Superficial awareness) ਨਾਲ ਨਹੀਂ ਜਾਣਿਆ ਜਾ ਸਕਦਾ, ਭਾਵ ਇਸ ਕਾਰਜ ਲਈ ਵਿਸ਼ੇਸ਼ ਵਿਗਿਆਨਕ ਵਿਧੀ ਅਪਨਾਉਣੀ ਪਵੇਗੀ, ਫਿਰ ਵੀ ਉਹ ਅਧਿਆਤਮਵਾਦ ਨੂੰ ਹੀ ਅੱਗੇ ਰੱਖਦੇ ਹਨ। ਗੁਰੂ ਸਾਹਿਬ ਤੋਂ ਕਰੀਬ ਤਿੰਨ ਸਦੀਆਂ ਬਾਅਦ ਕਾਰਲ ਮਾਰਕਸ ਨੇ ਵੀ ਉਨ੍ਹਾਂ ਦੇ ਕਹੇ ਬਚਨਾਂ ਨੂੰ ਇਹ ਕਹਿ ਕੇ ਸਵੀਕਾਰਿਆ ਕਿ ਜੇ ਬਾਹਰੀ ਮਾਯਾ ਤੇ ਇਸ ਦਾ ਅੰਦਰੂਨੀ ਸੱਚ ਇਕੋ ਜਿਹੇ ਹੁੰਦੇ ਤਾਂ ਵਿਗਿਆਨ ਦੀ ਕੋਈ ਲੋੜ ਹੀ ਨਾ ਹੁੰਦੀ (If the external appearances and internal essence of things coincided, all science would be superfluous). ਪਰ ਉਨ੍ਹਾਂ ਦੇ ਆਪਣੇ ਸਿੱਖ ਇਸ ਤੋਂ ਮੁਨਕਰ ਹਨ।


ਬਿੱਗ-ਬੈਂਗ ਵਿਸਫੋਟ

ਮਨੁੱਖ ਤੇ ਕੁਦਰਤ ਵਿਚਾਲੇ ਇੰਨੇ ਉਹਲੇ ਹਨ ਕਿ ਹੱਦ ਹਿਸਾਬ ਨਹੀਂ। ਆਪਣੀ ਹਥੇਲੀ ਹੇਠ ਚਲਦੇ ਖੂਨ ਪ੍ਰਵਾਹ ਵਿਚ ਕਰੋੜਾਂ ਸੈਲ, ਮਾਲੀਕਿਊਲਜ਼, ਐਟਮ, ਇਲੈਕਟ੍ਰਾਨ, ਪ੍ਰੋਟਾਨ, ਨਿਊਟ੍ਰਾਨ ਤੇ ਕੁਆਰਕਸ ਜਿਹੇ ਪਦਾਰਥੀ ਕਣ ਪਏ ਹਨ, ਪਰ ਦਿਖਾਈ ਨਹੀਂ ਦਿੰਦੇ। ਦੇਣ ਵੀ ਕਿਵੇਂ? ਇਨ੍ਹਾਂ ਦੀ ਅੱਖ ਤੋਂ ਭਾਸਦੀ (Virtual) ਦੂਰੀ ਪੰਜਾਹ ਬਿਲੀਅਨ ਪ੍ਰਕਾਸ਼ ਵਰ੍ਹਿਆਂ ਤੋਂ ਵੀ ਵੱਧ ਹੈ। ਹੋਰ ਤਾਂ ਹੋਰ, ਸਭ ਦੇਖਦੇ ਹਨ ਕਿ ਚੰਦਰਮਾ ਅਸਮਾਨ ਵਿਚ ਪੂਰਬ ਵਾਲੇ ਪਾਸਿਓਂ ਚੜ੍ਹਦਾ ਤੇ ਸੂਰਜ ਵਾਂਗ ਪੱਛਮ ਵਿਚ ਛੁਪਦਾ ਹੈ, ਪਰ ਉਹ ਨਹੀਂ ਜਾਣਦੇ ਕਿ ਅਸਲ ਵਿਚ ਉਹ ਧਰਤੀ ਦੁਆਲੇ ਪੱਛਮ ਤੋਂ ਪੂਰਬ ਦਿਸ਼ਾ ਵਲ ਘੁੰਮਦਾ ਹੈ।

ਸਾਰੇ ਗਿਆਨੀ ਜਾਣਦੇ ਹਨ ਕਿ ਪਲੂਟੋ ਕੋਲ ਗ੍ਰਹਿ ਦਾ ਦਰਜਾ ਨਹੀਂ ਰਿਹਾ, ਪਰ ਕੋਈ ਨਹੀਂ ਦੱਸੇਗਾ ਕਿ ਕਿਉਂ ਨਹੀਂ ਰਿਹਾ। ਸਾਰੇ ਗਿਆਨੀ ਇਹ ਵੀ ਜਾਣਦੇ ਹਨ ਕਿ ਨਾਸਾ ਨੇ ਬ੍ਰਹਿਸਪਤੀ ਗ੍ਰਹਿ ਦੇ ਚੰਦਰਮਾ ਖੋਜ-ਯਾਨ ਭੇਜਿਆ, ਪਰ ਇਕ ਗਿਆਨੀ ਵੀ ਇਹ ਨਹੀਂ ਦੱਸਦਾ ਕਿ ਇਹ ਜਾਂ ਅਜਿਹਾ ਹੋਰ ਕੋਈ ਖੋਜ-ਯਾਨ ਸਿੱਧਾ ਬ੍ਰਹਿਸਪਤੀ 'ਤੇ ਕਿਉਂ ਨਹੀਂ ਭੇਜਿਆ। ਬ੍ਰਹਿਮੰਡ ਦੀਆਂ ਦੂਰੀਆਂ ਤੇ ਗਤੀਆਂ ਕਾਰਨ ਭੁਲੇਖੇ ਇੰਨੇ ਹਨ ਕਿ ਸਦੀਆਂ ਤੀਕ ਪੰਡਤਾਂ ਦੇ ਦਿਮਾਗ ਚਕਰਾਏ ਰਹੇ। ਧਰਤੀ ਦੀ ਆਪਣੀ ਧੁਰੀ ਦੁਆਲੇ ਗਤੀ, ਇਸ ਦੀ ਸੂਰਜ ਦੁਆਲੇ ਗਰਦਿਸ਼, ਸੂਰਜ ਮੰਡਲ ਦੀ ਗਲੈਕਸੀ ਵਿਚ ਗਤੀ, ਗਲੈਕਸੀ ਦੀ ਬ੍ਰਹਿਮੰਡ ਵਿਚ ਗਤੀ ਤੇ ਬ੍ਰਹਿਮੰਡ ਦੀ ਇਸ ਦੇ ਬਾਹਰੀ ਖਗੋਲ ਵਲ ਪ੍ਰਸਾਰ ਦੀ ਗਤੀ। ਗਤੀਆਂ ਵੀ ਹਜਾਰਾਂ, ਲੱਖਾਂ ਮੀਲ ਪ੍ਰਤੀ ਸਕਿੰਟ ਦੀਆਂ ਕਿ ਪਲਾਂ ਵਿਚ ਸਥਿਤੀ ਬਦਲ ਜਾਵੇ! ਅਜਿਹੀ ਹਾਲਤ ਵਿਚ ਮਨੁੱਖੀ ਸੁਰਤ ਕੀ ਕਰੇ! ਸਿਰਫ ਵਿਗਿਆਨ ਹੀ ਇਸ ਨੂੰ ਉਚਾ ਚੁੱਕ ਸਕਦਾ ਹੈ।

ਪਰ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਦੇ ਵਿਗਿਆਨ ਵਿਰੋਧੀ ਪ੍ਰਚਾਰ ਕਾਰਨ ਸਿੱਖਾਂ ਵਿਚ ਇਹ ਸੁਰਤ ਹੋਰ ਵੀ ਪੱਛੜ ਰਹੀ ਹੈ। ਗੁਰੂ ਸਾਹਿਬ ਕੁਦਰਤ ਦੇ ਬੇਅੰਤ ਪਸਾਰੇ ਦਾ ਜ਼ਿਕਰ ਕਰ ਕੇ ਮਨੁੱਖੀ ਚੇਤੰਨਤਾ ਨੂੰ ਇਸ ਦੇ ਹਾਣ ਦੀ ਹੋਣ ਲਈ ਵੰਗਾਰਦੇ ਹਨ, ਪਰ ਇਹ ਵਿਦਵਾਨ ਉਨ੍ਹਾਂ ਨੂੰ ਇਹ ਦੱਸਦੇ ਹਨ ਕਿ ਮਨੁੱਖੀ ਸੁਰਤ ਇੱਡੀ ਹੋ ਹੀ ਨਹੀਂ ਸਕਦੀ ਕਿ ਉਹ ਵਾਹਿਗੁਰੂ ਨੂੰ ਪਾ ਸਕੇ। ਇਸ ਲਈ ਹਰੀ ਦਾ ਨਾਮ ਜਪ ਕੇ ਅਰਦਾਸ ਅਰਜੋਈ ਕਰਦੇ ਰਹੋ, ਪਰਮਾਤਮਾ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਯਤਨ ਕਰਦੇ ਰਹੋ। ਇਸ ਨਾਲ ਅਜੋਕੀ ਸਿੱਖੀ ਦਾ ਰਸਤਾ ਖੋਜ ਪੜਤਾਲ ਰਾਹੀਂ ਸੱਚ ਦਾ ਪਤਾ ਲਾਉਣ ਤੋਂ ਉਲਟ ਪਾਸੇ ਵਲ ਚੱਲ ਪਿਆ ਹੈ। ਇਹ ਰੁਝਾਨ ਨਾ ਸਿਰਫ ਹੁਣ ਤੀਕ ਦੇ ਮਨੁੱਖੀ ਇਤਿਹਾਸ ਨੂੰ ਝੁਠਲਾਉਣ ਵਾਲਾ ਹੈ, ਸਗੋਂ ਗੁਰੂ ਨਾਨਕ ਦੇ ਆਸ਼ੇ ਦੇ ਉਲਟ ਵੀ ਹੈ। ਇਤਿਹਾਸ ਗਵਾਹ ਹੈ ਕਿ ਸੁਰਤ ਮਨੁੱਖ ਦੇ ਯਥਾਰਥ ਨਾਲ ਜੱਦੋ-ਜਹਿਦ ਵਿਚੋਂ ਪੈਦਾ ਹੁੰਦੀ ਹੈ। ਇਸ ਜੱਦੋ-ਜਹਿਦ ਵਿਚ ਜਾਣ ਤੋਂ ਰੋਕਣ ਨਾਲ ਮਨੁੱਖ ਦਾ ਚੜ੍ਹਦੀ ਕਲਾ ਵਾਲਾ ਨਿਸ਼ਾਨਾ ਚੁਕ ਜਾਂਦਾ ਹੈ। ਸੁਰਤ ਪੈਦਾ ਕਰਨ ਵਾਲੇ ਕਾਰਜਾਂ ਨਾਲੋਂ ਟੁੱਟ ਕੇ ਉਹ ਆਲਸ, ਪ੍ਰਾਧੀਨਤਾ, ਅੰਧਵਿਸ਼ਵਾਸ ਤੇ ਪ੍ਰਜੀਵੀ ਪ੍ਰਵਿਰਤੀਆਂ ਦਾ ਸ਼ਿਕਾਰ ਬਣ ਜਾਂਦਾ ਹੈ। ਗੁਰੂ ਸਾਹਿਬ ਨੇ ਉਸ ਲਈ ਅਜਿਹਾ ਜੀਵਨ ਨਹੀਂ ਸੀ ਚਿਤਵਿਆ।

ਅਜੋਕੇ ਵਿਦਵਾਨਾਂ ਦੀ ਇਸ ਸੋਚ ਦਾ ਅਸਰ ਜਪੁਜੀ ਦੀ 24ਵੀਂ ਪਉੜੀ ਦੀ ਵਿਆਖਿਆ ਤੋਂ ਭਲੀਭਾਂਤ ਭਾਂਪਿਆ ਜਾ ਸਕਦਾ ਹੈ। ਇਸ ਪਉੜੀ ਦੀਆਂ ਸਮੂਹ ਤੁਕਾਂ ਤੇ ਉਨ੍ਹਾਂ ਦੀਆਂ ਵਿਆਖਿਆਵਾਂ ਹੇਠ ਦਰਜ ਹਨ,

ਅੰਤੁ ਨ ਸਿਫਤੀ ਕਹਣਿ ਨ ਅੰਤੁ॥
ਅੰਤੁ ਨ ਕਰਣੈ ਦੇਣਿ ਨ ਅੰਤੁ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ॥
ਅੰਤੁ ਨ ਜਾਪੈ ਕਿਆ ਮਨਿ ਮੰਤੁ॥
ਅੰਤੁ ਨ ਜਾਪੈ ਕੀਤਾ ਆਕਾਰੁ॥
ਅੰਤੁ ਨ ਜਾਪੈ ਪਾਰਾਵਾਰੁ॥
ਅੰਤ ਕਾਰਣਿ ਕੇਤੇ ਬਿਲਲਾਹਿ॥
ਤਾ ਕੇ ਅੰਤ ਨ ਪਾਏ ਜਾਹਿ॥
ਏਹੁ ਅੰਤੁ ਨ ਜਾਣੈ ਕੋਇ॥
ਬਹੁਤਾ ਕਹੀਐ ਬਹੁਤਾ ਹੋਇ॥
ਵਡਾ ਸਾਹਿਬੁ ਊਚਾ ਥਾਉ॥
ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥
ਨਾਨਕ ਨਦਰੀ ਕਰਮੀ ਦਾਤਿ॥੨੪॥

ਇਸ ਦੇ ਅਰਥ ਹਨ ਕਿ ਸ੍ਰਿਸ਼ਟੀ ਦੇ ਮੁਲੰਕਣ ਕਰਨ ਵਾਲਿਆਂ ਦੀ ਗਿਣਤੀ ਦਾ ਨਾ ਕੋਈ ਅੰਤ ਹੈ ਤੇ ਨਾ ਹੀ ਉਨ੍ਹਾਂ ਦੇ ਲਾਏ ਅਨੁਮਾਨਾਂ ਦੀ ਕੋਈ ਗਿਣਤੀ। ਨਾ ਇਸ ਦੀ ਵਿਭਿੰਨਤਾ ਦੀ ਕੋਈ ਸੀਮਾ ਹੈ ਤੇ ਨਾ ਹੀ ਇਸ ਵਿਚ ਉਪਲਭਦ ਵਰਤਣਸ਼ੀਲ ਪਦਾਰਥਾਂ ਦੀ ਕਮੀ। ਇਹ ਰਚਨਾ ਨਾ ਵੇਖਦਿਆਂ ਮੁੱਕਦੀ ਹੈ ਤੇ ਨਾ ਹੀ ਸੁਣ ਕੇ ਇਸ ਦੀ ਸ਼ਲਾਘਾ ਦੀਆਂ ਗੱਲਾਂ ਖਤਮ ਹੁੰਦੀਆਂ ਹਨ। ਇਸ ਗੱਲ ਦਾ ਵੀ ਪਤਾ ਨਹੀਂ ਕਿ ਇਸ ਦੀ ਅਗਲੀ ਰੂਪ ਰੇਖਾ ਕੀ ਹੋਵੇਗੀ। ਜਿੰਨਾ ਆਕਾਰ ਇਸ ਦਾ ਦਿਸਦਾ ਹੈ, ਉਸੇ ਦਾ ਕੋਈ ਅਨੁਮਾਨ ਨਹੀਂ ਲਾਇਆ ਜਾ ਸਕਦਾ। ਜੋ ਇਸ ਦੇ ਪਸਾਰੇ ਤੋਂ ਪਰ੍ਹੇ ਹੈ, ਭਾਵ ਬਾਹਰਵਾਰ ਹੈ, ਉਸ ਦਾ ਅੰਤ ਤਾਂ ਕਿਸੇ ਨੂੰ ਪਤਾ ਹੀ ਕੀ ਹੋ ਸਕਦਾ ਹੈ! ਹੱਦ ਬੰਨਿਆਂ ਦਾ ਪਤਾ ਨਾ ਹੋਣ ਕਰਕੇ ਕਿੰਨੇ ਲੋਕ ਤਿਲਮਿਲਾ ਰਹੇ ਹਨ। ਅਜਿਹੇ ਜਿਗਿਆਸੂਆਂ ਦੀ ਗਿਣਤੀ ਦਾ ਵੀ ਹਿਸਾਬ ਨਹੀਂ ਲਾਇਆ ਜਾ ਸਕਦਾ। ਕਿਸੇ ਤਰ੍ਹਾਂ ਵੀ ਕਿਸੇ ਨੂੰ ਬ੍ਰਹਿਮੰਡ ਦੇ ਪਸਾਰੇ ਦਾ ਪਤਾ ਨਹੀਂ ਲੱਗਾ। ਜਿੰਨਾ ਵੱਡਾ ਇਸ ਨੂੰ ਕਹੋ, ਇਹ ਉਸ ਤੋਂ ਵੀ ਵੱਡਾ ਪ੍ਰਤੀਤ ਹੋਣ ਲਗਦਾ ਹੈ। ਇਹ ਇਵੇਂ ਹੀ ਹੈ ਜਿਵੇਂ ਇਕ ਤਾਂ ਕੋਈ ਹੁਕਮਰਾਨ ਬਹੁਤ ਵੱਡਾ ਹੋਵੇ ਤੇ ਫਿਰ ਉਹ ਬੜੀ ਉਚੀ ਥਾਂ ਤੇ ਬਿਰਾਜਮਾਨ ਹੋਵੇ। ਇੰਨੀ ਉਚਾਈ ਤੋਂ ਵੀ ਹੋਰ ਵੱਡੀ ਉਸ ਦੇ ਨਾਮ ਦੀ ਮਹਿਮਾ ਭਾਵ ਬੋਲਬਾਲਾ ਹੋਵੇ। ਅਜਿਹੇ ਸਾਹਿਬ ਨੂੰ ਤਾਂ ਓਹੀ ਜਾਣ ਸਕਦਾ ਹੈ, ਜੋ ਉਸ ਜਿੰਨਾ ਉਚਾ ਭਾਵ ਵੱਡਾ ਹੋਵੇ। ਇਸ ਲਈ ਇੱਡੇ ਵੱਡੇ ਆਕਾਰ ਦੀ ਪ੍ਰਕ੍ਰਿਤੀ ਆਪ ਹੀ ਜਾਣਦੀ ਹੈ ਕਿ ਇਹ ਕਿੱਡੀ ਕੁ ਵੱਡੀ ਹੈ। ਹੇ ਨਾਨਕ! ਇਸ ਬ੍ਰਹਿਮੰਡ ਦੇ ਭੇਤਾਂ ਦੀ ਝਲਕ ਜਾਂ ਸਮਝ ਕਰਮ ਅਰਥਾਤ ਢੁਕਵੇਂ ਕਾਰਜ ਕਰਨ ਵਾਲਿਆਂ ਨੂੰ ਹੀ ਨਜ਼ਰ ਪੈ ਸਕਦੀ ਹੈ।

ਗੁਰੂ ਨਾਨਕ ਦੀ ਇਸ ਸਿੱਧੀ ਤੇ ਸਪਸ਼ਟ ਪਉੜੀ ਦੇ ਪ੍ਰੋ. ਸਾਹਿਬ ਸਿੰਘ ਦੇ ਉਲਥੇ ਦਾ ਸਾਰ ਇਸ ਤਰ੍ਹਾਂ ਹੈ। ਅਕਾਲ ਪੁਰਖ ਦੀ ਰਚਨਾ, ਗੁਣਾਂ ਤੇ ਦਾਤਾਂ ਦਾ ਕੋਈ ਹੱਦ-ਬੰਨਾ ਨਹੀਂ ਹੈ। ਇਹ ਗਿਣਨ, ਸੁਣਨ ਤੇ ਵੇਖਣ ਨਾਲ ਭੀ ਨਹੀਂ ਜਾਣੇ ਜਾ ਸਕਦੇ। ਉਸ ਦੇ ਮਨ ਵਿਚ ਕਿਹੜੀ ਸਲਾਹ ਹੈ, ਇਸ ਗੱਲ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ। ਉਸ ਦੇ ਬਣਾਏ ਜਗਤ ਦਾ ਉਰਲਾ ਤੇ ਪਾਰਲਾ ਬੰਨਾ ਲੱਭਣ ਲਈ ਬੜੇ ਲੋਕ ਤਰਲੇ ਲੈ ਰਹੇ ਹਨ, ਪਰ ਕੋਈ ਇਸ ਨੂੰ ਭਾਲ ਨਹੀਂ ਸਕਿਆ। ਜਿਉਂ ਜਿਉਂ ਉਸ ਨੂੰ ਵੱਡਾ ਆਖੀਏ, ਤਿਉਂ ਤਿਉਂ ਉਹ ਹੋਰ ਵੱਡਾ ਹੋ ਜਾਂਦਾ ਹੈ। ਅਕਾਲ ਪੁਰਖ ਵੱਡਾ ਹੈ, ਉਸ ਦਾ ਟਿਕਾਣਾ ਉਚਾ ਹੈ ਤੇ ਉਸ ਦਾ ਨਾਮਣਾ ਭੀ ਉਚਾ ਹੈ। ਜੇ ਕੋਈ ਹੋਰ ਉਸ ਜਿੱਡਾ ਵੱਡਾ ਹੋਵੇ, ਉਹ ਹੀ ਉਸ ਦੇ ਵੱਡੇ-ਪਣ ਨੂੰ ਜਾਣ ਸਕਦਾ ਹੈ। ਅਰਥਾਤ ਉਹ ਆਪ ਹੀ ਜਾਣਦਾ ਹੈ ਕਿ ਉਹ ਕਿੰਨਾ ਵੱਡਾ ਹੈ। ਹੇ ਨਾਨਕ! ਹਰੇਕ ਦਾਤ ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲ ਪੁਰਖ ਦੀ ਬਖਸ਼ਿਸ਼ ਨਾਲ ਮਿਲਦੀ ਹੈ। ਭਾਵ ਉਸ ਮਹਾਨ ਗੁਣਾਂ ਤੇ ਬਖਸ਼ਿਸ਼ਾਂ ਵਾਲੇ ਪ੍ਰਭੂ ਦਾ ਗੁਣਗਾਣ ਕਰੋ।

ਇਸ ਵਿਆਖਿਆਕਾਰ ਨੇ ਗੁਰੂ ਸਾਹਿਬ ਦੇ ਬਖਾਨੇ ਸਾਰੇ ਵਿਸ਼ੇਸ਼ਣ ਤੇ ਕਿਰਿਆ ਵਿਸ਼ੇਸ਼ਣ ਅਕਾਲ ਪੁਰਖ ਜਾਂ ਪ੍ਰਭੂ 'ਤੇ ਲਾਏ ਹਨ। ਵੱਡਾ ਵੀ ਉਹ ਹੈ, ਅਪਾਰ ਵੀ ਉਹ ਹੈ, ਉਚਾ ਵੀ ਉਹ ਹੈ, ਨਾਮਣਾ ਵੀ ਉਸੇ ਦਾ ਹੈ, ਦਾਤਾਂ ਵੀ ਉਸੇ ਦੀ ਬਖਸ਼ਿਸ਼ ਨਾਲ ਮਿਲਦੀਆਂ ਹਨ ਤੇ ਸਭ ਕੁਝ ਜਾਣਦਾ ਵੀ ਉਹੀ ਹੈ। ਦਾਤਾਂ ਦੀ ਅੱਧੀ ਅਧੂਰੀ ਗੱਲ ਕਰ ਕੇ ਉਸ ਨੇ ਭੋਲੇ ਭਾਲੇ ਸ਼ਰਧਾਲੂਆਂ ਨੂੰ ਭਰਮਾਉਣ ਦੀ ਕੋਸ਼ਿਸ ਕੀਤੀ ਹੈ। ਉਚਾ, ਅਪਾਰ ਤੇ ਅਸੀਮਤ ਕਹਿਣ ਨਾਲ ਤਾਂ ਕਈ ਸ਼ਰਧਾਲੂ ਵਿਹਰ ਸਕਦੇ ਹਨ ਕਿ ਕੋਈ ਵੱਡਾ ਹੋਵੇਗਾ ਆਪਣੇ ਘਰ ਹੋਵੇਗਾ, ਅਸੀਂ ਕੀ ਲੈਣਾ ਹੈ! ਪਰ ਹੁਣ ਉਹ ਡਰਨਗੇ ਕਿ ਨਾ ਪੂਜਾਂਗੇ ਤਾਂ ਦਾਤਾਂ ਕਿੱਥੋਂ ਲਿਆਵਾਂਗੇ? ਇਹ ਟੀਕਾਕਾਰ ਇਹ ਬਿਲਕੁਲ ਨਹੀਂ ਦੱਸਦਾ ਕਿ ਜਿਨ੍ਹਾਂ ਦਾਤਾਂ ਦੀ ਸ਼ਰਧਾਲੂਆਂ ਨੂੰ ਲੋੜ ਹੈ, ਉਹ ਤਾਂ ਕਰਮ ਭਾਵ ਕੰਮ ਦੇ ਅਨੁਪਾਤ ਵਿਚ ਮਿਲਦੀਆਂ ਹਨ, ਮੁਫਤ ਜਾਂ ਬਖਸ਼ਿਸ਼ ਨਾਲ ਨਹੀਂ। ਜੇ ਕੋਈ ਗਿਆਨੀ ਉਲਟ ਦਾਅਵਾ ਕਰੇ ਤਾਂ ਉਹ ਬਿਨਾ ਪਾਇਆਂ ਬੋਰੀ ਵਿਚੋਂ ਕਣਕ ਤੇ ਤੌੜੀ ਵਿਚੋਂ ਦੁੱਧ ਕੱਢ ਕੇ ਦਿਖਾਵੇ!

ਗੁਰੂ ਸਾਹਿਬ ਦੀ ਪਹੁੰਚ ਇਹ ਹੈ ਕਿ ਉਨ੍ਹਾਂ ਨੇ ਕੁਦਰਤ ਦੀ ਵਿਸ਼ਾਲਤਾ ਦਰਸਾ ਕੇ ਹੱਥ 'ਤੇ ਹੱਥ ਧਰਨ ਨੂੰ ਨਹੀਂ ਕਿਹਾ ਤੇ ਨਾ ਹੀ ਪੂਜਾ ਪਾਠ ਕਰ ਕੇ ਇਸ ਨੂੰ ਪਸੀਜਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਇਸ ਦੇ ਬੇਅੰਤ ਪਸਾਰੇ ਬਾਰੇ ਅਸਚਰਜ ਦਰਸਾ ਕੇ ਇਸ ਨੂੰ ਯੋਗ ਭਾਵ ਵਿਧੀਵਤ ਢੰਗ ਨਾਲ ਜਾਣਨ ਲਈ ਝੰਜੋੜਿਆ ਹੈ। ਇਸ ਯਥਾਰਥਕ ਸੇਧ ਸਦਕਾ ਹੀ ਮਨੁੱਖ ਕੁਦਰਤ ਬਾਰੇ ਅੱਜ ਪਹਿਲਾਂ ਨਾਲੋਂ ਵੱਧ ਜਾਣ ਸਕਿਆ ਹੈ।

ਇਸ ਸਦਕਾ ਅੱਜ ਪਤਾ ਹੈ ਕਿ ਇਹ ਬ੍ਰਹਿਮੰਡ 13.8 ਬਿਲੀਅਨ ਸਾਲ ਪਹਿਲਾਂ ਬਿੱਗ-ਬੈਂਗ ਵਿਸਫੋਟ (Bib-Bang Explosion) ਰਾਹੀਂ ਹੋਂਦ ਵਿਚ ਆਇਆ। ਉਦੋਂ ਦਾ ਹੀ ਇਹ ਵਧਦੀ ਰਫਤਾਰ ਨਾਲ ਫੈਲਦਾ ਚਲਿਆ ਜਾ ਰਿਹਾ ਹੈ। ਇਸ ਦਾ ਵਿਆਸ 93 ਬਿਲੀਅਨ ਪ੍ਰਕਾਸ਼ ਵਰ੍ਹੇ ਤੇ ਘੇਰਾ 300 ਬਿਲੀਅਨ ਪ੍ਰਕਾਸ਼ ਵਰ੍ਹੇ ਹੈ। ਇਸ ਵਿਚ 2 ਟ੍ਰਿਲੀਅਨ ਗਲੈਕਸੀਆਂ ਹਨ, ਜਿਨ੍ਹਾਂ ਵਿਚੋਂ ਹਰ ਇਕ ਵਿਚ ਔਸਤਨ 300 ਬਿਲੀਅਨ ਸਿਤਾਰੇ ਹਨ, ਜੋ ਇਨ੍ਹਾਂ ਦੇ ਮੱਧ ਕੇਂਦਰ ਦੁਆਲੇ ਚੱਕਰ ਕੱਟਦੇ ਰਹਿੰਦੇ ਹਨ। ਮਿਲਕੀ ਵੇਅ (Milky Way) ਗਲੈਕਸੀ ਵਿਚ 400 ਬਿਲੀਅਨ ਸਿਤਾਰੇ ਹਨ। ਇਹ ਗਲੈਕਸੀਆਂ ਰੋਸ਼ਨੀ ਦੀ ਰਫਤਾਰ ਭਾਵ 186,000 ਮੀਲ ਪ੍ਰਤੀ ਸਕਿੰਟ ਦੇ ਹਿਸਾਬ ਪਰ੍ਹਾਂ ਹਟਦੀਆਂ ਜਾ ਰਹੀਆਂ ਹਨ, ਭਾਵ ਇਕ ਪਾਸੇ ਦੀਆਂ ਗਲੈਕਸੀਆਂ ਦੂਜੇ ਪਾਸੇ ਦੀਆਂ ਤੋਂ 3,72,000 ਮੀਲ ਦੀ ਰਫਤਾਰ ਨਾਲ ਦੂਰ ਜਾ ਰਹੀਆਂ ਹਨ। ਇਸ ਹਿਸਾਬ ਸਭ ਤੋਂ ਦੂਰਲਾ ਸਿਤਾਰਾ ਧਰਤੀ ਤੋਂ ਕਰੀਬ 14 ਬਿਲੀਅਨ ਪ੍ਰਕਾਸ਼ ਵਰ੍ਹੇ ਦੂਰ ਹੈ। ਜਿਸ ਪਰਾ-ਪੁਲਾੜ ਵਿਚ ਸ੍ਰਿਸ਼ਟੀ ਫੈਲ ਰਹੀ ਹੈ, ਉਸ ਦੀ ਕੋਈ ਹੱਦ ਨਹੀਂ ਹੈ, ਪਰ ਉਹ ਖਾਲੀ ਵੀ ਨਹੀਂ ਹੈ। ਉਸ ਵਿਚ ਤਰ੍ਹਾਂ ਤਰ੍ਹਾਂ ਦੇ ਊਰਜਾ-ਕਣਾਂ, ਕੁਆਂਟਮ ਖੇਤਰਾਂ (Quantum Fields) ਤੇ ਕਾਲੀ ਊਰਜਾ ਦੀਆਂ ਤਰੰਗਾਂ (Black Energy

(ਬਾਕੀ ਅਗਲੇ ਸਫੇ 'ਤੇ)

ਪ੍ਰਤੀਕਰਮ

# ਤੀਰਥੁ ਤਪੁ ਦਇਆ ਦਤੁ ਦਾਨੁ

ਮਾਣਯੋਗ ਸੰਪਾਦਕ ਜੀ,

ਪੰਜਾਬ ਟਾਈਮਜ਼ ਦੇ 4 ਜੁਲਾਈ 2020 ਦੇ ਅੰਕ ਵਿਚ ਜਪੁ ਜੀ ਬਾਣੀ ਵਿਚੋਂ 'ਤੀਰਥੁ ਤਪੁ ਦਇਆ ਦਤੁ ਦਾਨੁ' ਸਿਰਲੇਖ ਨਾਲ ਛਪੇ ਲੇਖ ਵਿਚ ਲੇਖਕ ਨੇ ਪੰਥ ਪ੍ਰਸਿਧ ਸਿੱਖ ਵਿਦਵਾਨ ਪ੍ਰੋ. ਸਾਹਿਬ ਸਿੰਘ ਦੀ ਸ਼ਖਸੀਅਤ ਉਤੇ, ਉਸ ਵਲੋਂ ਸੰਬੰਧਤ ਪਉੜੀ ਦੇ ਕੀਤੇ ਅਰਥਾਂ ਨੂੰ ਨਕਾਰਦਿਆਂ ਕਈ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਪ੍ਰੋ. ਸਾਹਿਬ ਸਿੰਘ ਕੋਈ ਛੋਟੀ-ਮੋਟੀ ਸ਼ਖਸੀਅਤ ਨਹੀਂ, ਸਾਰਾ ਸਿੱਖ ਜਗਤ ਉਨ੍ਹਾਂ ਦੀ ਸਿੱਖ ਜਗਤ ਨੂੰ, ਵਡਮੁੱਲੀਆਂ ਧਾਰਮਿਕ ਪੁਸਤਕਾਂ ਅਤੇ ਗੁਰੂ ਗ੍ਰੰਥ ਸਾਹਿਬ ਦਰਪਣ ਰਾਹੀਂ ਦਿੱਤੀ ਦੇਣ ਨੂੰ ਕਦੇ ਵੀ ਭੁਲਾ ਨਹੀਂ ਸਕਦਾ। ਦੁਨੀਆਂ ਭਰ ਦੀ ਹਰ ਸਿੱਖ ਲਾਇਬ੍ਰੇਰੀ ਵਿਚ ਗੁਰਬਾਣੀ ਵਿਆਕਰਣ ਆਧਾਰਤ ਉਨ੍ਹਾਂ ਦਾ ਕੀਤਾ ਸਾਰੀ ਗੁਰਬਾਣੀ ਦਾ ਟੀਕਾ (ਦਸ ਜਿਲਦਾਂ ਵਿਚ) ਮੌਜੂਦ ਹੈ ਅਤੇ ਬੜੇ ਪਿਆਰ ਤੇ ਸਤਿਕਾਰ ਨਾਲ ਉਸ ਵਿਚੋਂ ਗੁਰਬਾਣੀ ਦੇ ਅਰਥ ਪੜ੍ਹੇ ਤੇ ਸੰਥਿਆ ਰਾਹੀਂ ਪੜ੍ਹਾਏ ਜਾ ਰਹੇ ਹਨ।

ਪ੍ਰੋ. ਕਸ਼ਮੀਰਾ ਸਿੰਘ

ਪ੍ਰੋ. ਸਾਹਿਬ ਸਿੰਘ ਦੀ ਸ਼ਖਸੀਅਤ ਬਾਰੇ ਲੇਖਕ ਨੇ ਲਿਖਿਆ ਹੈ, "ਇਸ ਵਿਦਵਾਨ ਉਤੇ ਕੋਈ ਟਿੱਪਣੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਇਸ ਦੀਆਂ ਜੜ੍ਹਾਂ ਹੀ ਜ਼ਮੀਨ 'ਤੇ ਨਹੀਂ ਹਨ।...ਸਾਰੀ ਪਉੜੀ ਵਿਚ ਗੁਰੂ ਸਾਹਿਬ ਨੇ ਪ੍ਰਭੂ ਭਗਤੀ ਦਾ ਜ਼ਿਕਰ ਨਹੀਂ ਕੀਤਾ, ਪਰ ਇਹ ਵਿਦਵਾਨ ਇਸ ਨੂੰ ਇਸ ਦਾ ਕੇਂਦਰੀ ਮੁੱਦਾ ਬਣਾਈ ਬੈਠਾ ਹੈ। ਪ੍ਰਭੂ ਭਗਤੀ ਵਿਚ ਲੀਨ ਹੋਣ ਦੀ ਇਹ ਤੀਰਥ ਇਸ਼ਨਾਨ ਨਾਲ ਤੁਲਨਾ ਕਰਦਾ ਹੈ। ਇਸ ਲਈ ਇਹ ਤੀਰਥ ਇਸ਼ਨਾਨਾਂ ਦੀ ਕਦਰ ਕਰਦਾ ਹੈ, ਦਾਨ ਦਾ ਫਲ ਮੰਨਦਾ ਹੈ ਅਤੇ ਬ੍ਰਹਮਾ ਦੀ ਹੋਂਦ ਵਿਚ ਯਕੀਨ ਬੰਨ੍ਹਾਉਂਦਾ ਹੈ। ਇਹ ਵਿਦਵਾਨ ਟੀਕਾ ਕਰਨ ਲੱਗਿਆਂ ਉਥੇ ਵੀ ਪਰਮਾਤਮਾ ਲਿਖ ਦਿੰਦਾ ਹੈ, ਜਿੱਥੇ ਗੁਰੂ ਸਾਹਿਬ ਨੇ ਕੁਝ ਵੀ ਨਾ ਲਿਖਿਆ ਹੋਵੇ।"

ਲੇਖਕ ਨੇ ਪ੍ਰੋ. ਸਾਹਿਬ ਸਿੰਘ ਦੀ ਸ਼ਖਸੀਅਤ ਅਤੇ ਉਸ ਦੇ ਕੀਤੇ ਅਰਥਾਂ 'ਤੇ ਕੀਤੀਆਂ ਟਿੱਪਣੀਆਂ ਵਿਚ ਕੋਈ ਸੱਚਾਈ ਨਹੀਂ ਹੈ। ਲੇਖਕ ਨੂੰ ਜਪੁ ਜੀ ਬਾਣੀ ਵਿਚ ਕਿਤੇ ਰੱਬ ਦਾ ਜ਼ਿਕਰ ਨਜ਼ਰ ਨਹੀਂ ਆਉਂਦਾ, ਜਦੋਂ ਕਿ ਹੁਣ ਤੱਕ ਦੇ ਸਾਰੇ ਸਿੱਖ ਵਿਦਵਾਨ ਜਪੁ ਜੀ ਵਿਚ ਰੱਬ ਦਾ ਜ਼ਿਕਰ ਕਰਦੇ ਹਨ। ਗੁਰਬਾਣੀ ਜਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਰੱਬ ਦੇ ਸੰਕਲਪ ਨੂੰ ਬਾਹਰ ਨਹੀਂ ਕੱਢਿਆ ਜਾ ਸਕਦਾ। ਪ੍ਰੋ. ਸਾਹਿਬ ਸਿੰਘ ਨੇ ਸਬੰਧਤ ਪਉੜੀ ਵਿਚ ਜੋ ਰੱਬ ਦਾ ਜ਼ਿਕਰ ਕੀਤਾ ਹੈ, ਉਹ ਪ੍ਰਸੰਗ ਤੋਂ ਬਾਹਰ ਨਹੀਂ ਹੈ। ਲੇਖਕ ਨੇ ਲਿਖਿਆ ਹੈ ਕਿ ਪ੍ਰੋ. ਸਾਹਿਬ ਸਿੰਘ ਪ੍ਰਭੂ ਭਗਤੀ ਵਿਚ ਲੀਨ ਹੋਣ ਦੀ ਤੀਰਥ ਇਸ਼ਨਾਨ ਨਾਲ ਤੁਲਨਾ ਕਰਦਾ ਹੈ। ਲੇਖਕ ਦੇ ਸਮਝਣ ਵਿਚ ਹੀ ਅੰਤਰ ਹੈ। ਸਾਹਿਬ ਸਿੰਘ ਨੇ ਜੋ ਲਿਖਿਆ ਹੈ, ਉਸ ਦਾ ਅਰਥ ਹੈ-ਜਿਸ ਨੇ ਗੁਰਬਾਣੀ ਦੇ ਰੱਬੀ ਗਿਆਨ ਨਾਲ ਮਨ ਪਵਿੱਤਰ ਕਰ ਲਿਆ ਹੈ, ਉਸ ਨੂੰ ਕਿਸੇ ਹੋਰ ਬਾਹਰੀ ਤੀਰਥ ਉਤੇ ਜਾ ਕੇ ਇਸ਼ਨਾਨ ਕਰਨ ਦੀ ਲੋੜ ਨਹੀਂ ਹੈ। ਗੁਰਬਾਣੀ ਦੇ ਰੱਬੀ ਗੁਣਾਂ ਨਾਲ ਮਨ ਨੂੰ ਪਵਿੱਤਰ ਕਰਨਾ ਹੀ ਅੰਦਰਲੇ ਤੀਰਥ ਉਤੇ ਇਸ਼ਨਾਨ ਕਰਨਾ ਹੈ, ਨਾ ਕਿ ਬਾਹਰੀ ਤੀਰਥਾਂ ਉਤੇ। ਪ੍ਰੋ. ਸਾਹਿਬ ਸਿੰਘ ਨੇ ਇੱਥੇ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਨ ਦੀ ਪ੍ਰੋੜਤਾ ਨਹੀਂ ਕੀਤੀ ਜਿਵੇਂ ਕਿ ਲੇਖਕ ਕੇ ਮਿੱਥ ਲਿਆ ਹੈ। ਜਿਸ ਅੰਦਰਲੇ ਤੀਰਥ ਦੀ ਗੱਲ ਗੁਰੂ ਸਾਹਿਬ ਨੇ ਕੀਤੀ ਹੈ ਅਤੇ ਪ੍ਰੋ. ਸਾਹਿਬ ਸਿੰਘ ਨੇ ਉਸ ਦਾ ਜ਼ਿਕਰ ਕੀਤਾ ਹੈ, ਉਸ ਤੀਰਥ ਦਾ ਜ਼ਿਕਰ ਗੁਰਬਾਣੀ ਵਿਚ ਹੋਰ ਥਾਂਵਾਂ ਉਤੇ ਵੀ ਕੀਤਾ ਗਿਆ ਹੈ, ਜਿਵੇਂ,

(ੳ) ਤਿਲੰਗ ਬਾਣੀ ਭਗਤਾ ਕੀ ਕਬੀਰ ਜੀ॥
ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ॥
ਕਰਿ ਫਕਰੁ ਦਾਇਮ ਲਾਇ
ਚਸਮੇ ਜਹ ਤਹਾ ਮਉਜੂਦੁ॥ (ਪੰਨਾ 727)

(ਅ) ਵਡਹੰਸੁ ਮਹਲਾ 3॥
ਹੰਉਮੈ ਮਾਇਆ ਮੈਲੁ ਹੈ
ਮਾਇਆ ਮੈਲੁ ਭਰੀਜੈ ਰਾਮ॥
ਗੁਰਮਤੀ ਮਨੁ ਨਿਰਮਲਾ ਰਸਨਾ
ਹਰਿ ਰਸੁ ਪੀਜੈ ਰਾਮ॥
ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ
ਸਾਚ ਸਬਦਿ ਬੀਚਾਰੀ॥
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ
ਸਬਦੇ ਕਾਢਿ ਪੀਐ ਪਨਿਹਾਰੀ॥ (ਪੰਨਾ 570)

ਲੇਖਕ ਨੇ ਲਿਖਿਆ ਹੈ ਕਿ ਅਰਥਾਂ ਵਿਚ ਪ੍ਰੋ. ਸਾਹਿਬ ਸਿੰਘ ਦਾਨ ਦਾ ਫਲ ਮੰਨਦਾ ਹੈ, ਪਰ ਲੇਖਕ ਦਾ ਇਹ ਨਿਰਣਾ ਸਹੀ ਨਹੀਂ ਹੈ। ਪ੍ਰੋ. ਸਾਹਿਬ ਸਿੰਘ ਨੇ 'ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥' ਦੇ ਅਰਥ ਕਰਦਿਆਂ ਕਿਤੇ ਵੀ ਦਾਨ ਦੇ ਫਲ ਦੀ ਪ੍ਰੋੜਤਾ ਨਹੀਂ ਕੀਤੀ, ਸਗੋਂ ਇਹ ਲਿਖਿਆ ਹੈ ਕਿ ਇਨ੍ਹਾਂ ਕੀਤੇ ਕਰਮਾਂ ਦੀ ਜੇ ਕਿਸੇ ਨੂੰ ਹਉਮੈ ਰੂਪੀ ਵਡਿਆਈ ਮਿਲਦੀ ਵੀ ਹੈ ਤਾਂ ਉਹ ਤੁੱਛ ਮਾਤਰ ਹੈ, ਜਿਸ ਦੀ ਕੋਈ ਅਹਿਮੀਅਤ ਨਹੀਂ।

ਲੇਖਕ ਨੇ ਲਿਖਿਆ ਹੈ ਕਿ ਪ੍ਰੋ. ਸਾਹਿਬ ਸਿੰਘ ਬ੍ਰਹਮਾ ਦੀ ਹੋਂਦ ਵਿਚ ਯਕੀਨ ਬੰਨ੍ਹਾਉਂਦਾ ਹੈ, ਪਰ ਲੇਖਕ ਦਾ ਇਹ ਨਿਰਣਾ ਸਹੀ ਨਹੀਂ ਹੈ। ਗੁਰਬਾਣੀ ਵਿਚ ਬਾਣੀਕਾਰਾਂ ਨੇ ਅਨੇਕਾਂ ਥਾਂਵਾਂ ਉਤੇ ਬ੍ਰਹਮਾ ਦਾ ਜ਼ਿਕਰ ਕੀਤਾ ਹੈ, ਜਿਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਬ੍ਰਹਮਾ ਦਾ ਅਰਥ ਬ੍ਰਹਮਾ ਹੀ ਹੋਵੇਗਾ, ਕੋਈ ਹੋਰ ਨਹੀਂ। ਗੁਰੂ ਨਾਨਕ ਸਾਹਿਬ ਨੇ ਓਅੰਕਾਰੁ ਨਾਂ ਦੀ ਬਾਣੀ ਵਿਚ ਬ੍ਰਹਮਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ,

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ॥
ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥ (ਪੰਨਾ 929)

ਜਪੁ ਜੀ ਬਾਣੀ ਵਿਚ ਬ੍ਰਹਮਾਉ ਦਾ ਅਰਥ ਬ੍ਰਹਮਾ ਹੀ ਹੈ, ਜੋ ਪ੍ਰੋ. ਸਾਹਿਬ ਸਿੰਘ ਨੇ ਕੀਤਾ ਹੈ, ਜਿਸ ਵਿਚ ਬ੍ਰਹਮਾ ਦੀ ਹੋਂਦ ਬੰਨ੍ਹਾਉਣ ਦੀ ਗੱਲ ਕਿੱਥੋਂ ਆ ਗਈ? ਇਸੇ ਤਰ੍ਹਾਂ ਸ਼ਿਵ, ਕ੍ਰਿਸ਼ਨ, ਵਿਸ਼ਨੂੰ, ਪਾਰਬਤੀ ਆਦਿਕ ਨਾਂਵਾਂ ਦਾ ਗੁਰਬਾਣੀ ਵਿਚ ਵਰਤਣਾ ਇਨ੍ਹਾਂ ਦੀ ਹੋਂਦ ਦ੍ਰਿੜ ਕਰਵਾਉਣਾ ਕਿਵੇਂ ਹੋ ਸਕਦਾ ਹੈ? ਅਰਥ ਕਰਨ ਲੱਗਿਆਂ ਇਨ੍ਹਾਂ ਦੇ ਨਾਂਵਾਂ ਤੋਂ ਕਿਵੇਂ ਮੁਨਕਰ ਹੋਇਆ ਜਾ ਸਕਦਾ ਹੈ।

ਲੇਖਕ ਨੇ ਲਿਖਿਆ ਹੈ ਕਿ ਪ੍ਰੋ. ਸਾਹਿਬ ਸਿੰਘ ਉਥੇ ਵੀ ਪਰਮਾਤਮਾ ਲਿਖ ਦਿੰਦਾ ਹੈ, ਜਿੱਥੇ ਗੁਰੂ ਸਾਹਿਬ ਨੇ ਨਹੀਂ ਵੀ ਲਿਖਿਆ ਹੁੰਦਾ। ਇਹ ਤਾਂ ਲੇਖਕ ਦੀ ਹੀ ਸੋਚ ਹੈ ਕਿ ਗੁਰਬਾਣੀ ਵਿਚ ਪਰਮਾਤਮਾ ਦਾ ਕੋਈ ਜ਼ਿਕਰ ਨਹੀਂ, ਜਿਵੇਂ ਉਨ੍ਹਾਂ ਨੂੰ ਜਪੁ ਬਾਣੀ ਵਿਚ ਕਿਤੇ ਵੀ ਪਰਮਾਤਮਾ ਦਾ ਜ਼ਿਕਰ ਨਹੀਂ ਲੱਭਦਾ। ਪ੍ਰੋ. ਸਾਹਿਬ ਸਿੰਘ ਨੂੰ ਗੁਰਬਾਣੀ ਵਿਚੋਂ ਪਰਮਾਤਮਾ ਬਾਰੇ ਲਿਖਿਆ ਬਹੁਤ ਕੁਝ ਮਿਲਿਆ ਹੈ ਅਤੇ ਉਸ ਦਾ ਜ਼ਿਕਰ ਉਨ੍ਹਾਂ ਨੇ ਢੁਕਵੀਆਂ ਥਾਂਵਾਂ ਉਤੇ ਕੀਤਾ ਹੈ। ਜਪੁ ਜੀ ਸਮੇਤ ਸਾਰੀ ਬਾਣੀ ਵਿਚੋਂ ਪਰਮਾਤਮਾ ਨੂੰ ਲਾਂਭੇ ਰੱਖ ਕੇ ਅਰਥ ਸਾਰਥਕ ਨਹੀਂ ਹੋ ਸਕਦੇ।

ਜੇ ਕਿਤੇ ਬੰਦਗੀ ਜਾਂ ਭਗਤੀ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ ਤਾਂ ਉਥੇ ਇਹ ਸਪੱਸ਼ਟ ਹੈ ਕਿ ਬੰਦਗੀ/ਭਗਤੀ ਪਰਮਾਤਮਾ ਦੀ ਹੀ ਕਰਨੀ ਹੈ, ਕਿਸੇ ਪੱਥਰ ਦੀ ਮੂਰਤੀ ਦੀ ਨਹੀਂ। ਪੱਥਰ ਪੂਜਾ ਸਿੱਖੀ ਵਿਚਾਰਧਾਰਾ ਨਹੀਂ ਹੈ। ਦੇਖੋ ਕੁਝ ਪ੍ਰਮਾਣ, ਜੋ ਪਰਮਾਤਮਾ ਸ਼ਬਦ ਦੀ ਵਰਤੋਂ ਤੋਂ ਬਿਨਾ ਹੀ ਪਰਮਾਤਮਾ ਦੇ ਜ਼ਿਕਰ ਤੋਂ ਖਾਲੀ ਨਹੀਂ, ਭਾਵੇਂ ਲੇਖਕ ਨੂੰ ਇੱਥੇ ਵੀ ਪਰਮਾਤਮਾਂ ਦਾ ਜ਼ਿਕਰ ਨਾ ਲੱਭਦਾ ਹੋਵੇ,

(ੳ) ਕੁਦਰਤਿ ਕੀਮ ਨ ਜਾਣੀਐ
ਵਡਾ ਵੇਪਰਵਾਹੁ॥
ਕਰਿ ਬੰਦੇ ਤੂ ਬੰਦਗੀ
ਜਿਚਰੁ ਘਟ ਮਹਿ ਸਾਹੁ॥ (ਪੰਨਾ 724)

(ਅ) ਬੰਦੇ ਬੰਦਗੀ ਇਕਤੀਆਰ॥
(ਪੰਨਾ 338)

(ੲ) ਬੰਦਉ ਹੋਇ ਬੰਦਗੀ ਗਹੈ॥
(ਪੰਨਾ 341)

(ਸ) ਸੇਖ ਫਰੀਦੈ ਖੈਰੁ ਦੀਜੈ ਬੰਦਗੀ॥
(ਪੰਨਾ 488)

(ਹ) ਤੇਰੀ ਭਗਤਿ ਨ ਛੋਡਉ
ਭਾਵੈ ਲੋਗੁ ਹਸੈ॥
ਚਰਨ ਕਮਲ ਮੇਰੇ ਹੀਅਰੇ ਬਸੈਂ॥1॥ ਰਹਾਉ॥

ਲੇਖਕ ਨੇ ਲਿਖਿਆ ਹੈ ਕਿ ਪ੍ਰੋ. ਸਾਹਿਬ ਸਿੰਘ ਤੀਰਥ ਇਸ਼ਨਾਨਾਂ ਦੀ ਕਦਰ ਕਰਦਾ ਹੈ, ਪਰ ਇਹ ਨਿਰਣਾ ਸਹੀ ਨਹੀਂ ਹੈ। ਜਿਸ ਵਿਅਕਤੀ ਨੇ ਸਾਰੀ ਗੁਰਬਾਣੀ ਦਾ ਟੀਕਾ ਲਿਖਣ ਲਈ ਗੁਰਬਾਣੀ ਵਿਆਕਰਣ ਦੀ ਖੋਜ ਸਮੇਤ 19 ਸਾਲ ਖਰਚ ਕੀਤੇ, ਕੀ ਉਸ ਨੂੰ ਤੀਰਥ ਇਸ਼ਨਾਨ ਦੀ ਅਸਲੀਅਤ ਦਾ ਵੀ ਪਤਾ ਨਹੀਂ ਲੱਗਾ ਕਿ ਇਹ ਸਿੱਖੀ ਵਿਚਾਰਧਾਰਾ ਵਿਚ ਪ੍ਰਵਾਨ ਹੈ ਜਾਂ ਨਹੀਂ? ਲੇਖਕ ਨੇ ਬਹੁਤ ਹੀ ਕਾਹਲ ਵਿਚ ਇਹ ਨਿਰਣਾ ਲਿਆ ਹੈ ਕਿ ਪ੍ਰੋ. ਸਾਹਬ ਸਿੰਘ ਤੀਰਥ ਇਸ਼ਨਾਨਾਂ ਦੀ ਕਦਰ ਕਰਦਾ ਹੈ। ਕੁਝ ਪੰਕਤੀਆਂ ਅਤੇ ਉਨ੍ਹਾਂ ਦੇ ਅਰਥ ਜਿਵੇਂ ਪ੍ਰੋ. ਸਾਹਿਬ ਸਿੰਘ ਨੇ 'ਗੁਰੂ ਗ੍ਰੰਥ ਸਾਹਿਬ ਦਰਪਣ' ਵਿਚ ਕੀਤੇ, ਇੱਥੇ ਪੇਸ਼ ਹਨ, ਜਿਸ ਤੋਂ ਲੇਖਕ ਦਾ ਕੀਤਾ ਨਿਰਣਾ ਗਲਤ ਸਾਬਤ ਹੁੰਦਾ ਹੈ,

1. ਗੰਗਾ ਜਉ ਗੋਦਾਵਰਿ ਜਾਈਐ
ਕੁੰਭਿ ਜਉ ਕੇਦਾਰ ਨੑਾਈਐ
ਗੋਮਤੀ ਸਹਸ ਗਊ ਦਾਨੁ ਕੀਜੈ॥
ਕੋਟਿ ਜਉ ਤੀਰਥ ਕਰੈ
ਤਨੁ ਜਉ ਹਿਵਾਲੇ ਗਾਰੈ
ਰਾਮ ਨਾਮ ਸਰਿ ਤਊ ਨ ਪੂਜੈ॥
(ਪੰਨਾ 973)

**ਅਰਥ:** (ਹੇ ਮੇਰੇ ਮਨ!) ਕੁੰਭ ਦੇ ਮੇਲੇ 'ਤੇ ਜੇ ਗੰਗਾ ਜਾਂ ਗੋਦਾਵਰੀ ਤੀਰਥ 'ਤੇ ਜਾਈਏ, ਕੇਦਾਰ ਤੀਰਥ 'ਤੇ ਇਸ਼ਨਾਨ ਕਰੀਏ ਜਾਂ ਗੋਮਤੀ ਨਦੀ ਦੇ ਕੰਢੇ ਹਜ਼ਾਰ ਗਊਆਂ ਦਾ ਦਾਨ ਕਰੀਏ; (ਹੇ ਮਨ!) ਜੇ ਕੋਈ ਕਰੋੜਾਂ ਵਾਰੀ ਤੀਰਥ ਯਾਤਰਾ ਕਰੇ, ਜਾਂ ਆਪਣਾ ਸਰੀਰ ਹਿਮਾਲਿਆ ਪਰਬਤ ਦੀ ਬਰਫ ਵਿਚ ਗਾਲ ਦੇਵੇ, ਤਾਂ ਭੀ ਇਹ ਸਾਰੇ ਕੰਮ ਪ੍ਰਭੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।

2. ਗੰਗਾ ਜਲੁ ਗੁਰ ਗੋਬਿੰਦ ਨਾਮ॥
ਜੋ ਸਿਮਰੈ ਤਿਸ ਕੀ ਗਤਿ ਹੋਵੈ
ਪੀਵਤ ਬਹੁੜਿ ਨ ਜੋਨਿ ਭ੍ਰਮਾਮ॥ ਰਹਾਉ॥
(ਪੰਨਾ 1137)

**ਅਰਥ:** ਹੇ ਭਾਈ! ਗੁਰ-ਗੋਬਿੰਦ ਦਾ ਨਾਮ (ਹੀ ਅਸਲ) ਗੰਗਾ-ਜਲ ਹੈ। ਜਿਹੜਾ ਮਨੁੱਖ (ਗੋਬਿੰਦ ਦਾ ਨਾਮ) ਸਿਮਰਦਾ ਹੈ, ਉਸ ਦੀ ਉਚੀ ਆਤਮਕ ਅਵਸਥਾ ਬਣ ਜਾਂਦੀ ਹੈ, ਜਿਹੜਾ (ਇਸ ਨਾਮ-ਜਲ ਗੰਗਾ-ਜਲ ਨੂੰ) ਪੀਂਦਾ ਹੈ, ਉਹ ਮੁੜ ਜੂਨਾਂ ਵਿਚ ਨਹੀਂ ਭਟਕਦਾ।

3. ਗੰਗਾ ਗਇਆ ਗੋਦਾਵਰੀ
ਸੰਸਾਰ ਕੇ ਕਾਮਾ॥
ਨਾਰਾਇਣੁ ਸੁਪ੍ਰਸੰਨ ਹੋਇ
ਤ ਸੇਵਕੁ ਨਾਮਾ॥3॥ (ਪੰਨਾ 1195)

**ਅਰਥ:** ਗੰਗਾ, ਗਇਆ, ਗੋਦਾਵਰੀ (ਆਦਿਕ ਤੀਰਥਾਂ 'ਤੇ ਜਾਣਾ-ਇਹ) ਦੁਨੀਆਂ ਨੂੰ ਹੀ ਪਤਿਆਉਣ ਵਾਲੇ ਕੰਮ ਹਨ; ਪਰ, ਹੇ ਨਾਮਦੇਵ! ਭਗਤ ਉਹੀ ਹੈ, ਜਿਸ ਉਤੇ ਪ੍ਰਭੂ ਆਪ ਤਰੁੱਠ ਪਏ (ਤੇ ਆਪਣੇ ਨਾਮ ਦੀ ਦਾਤ ਦਏ)।

# ਮੀਰੀ ਤੇ ਪੀਰੀ

ਫਾਰਸੀ ਭਾਸ਼ਾ ਦੇ ਦੋ ਸ਼ਬਦ-ਮੀਰੀ ਤੇ ਪੀਰੀ, ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਪਹਿਲਾਂ ਹੀ ਮੌਜੂਦ ਸਨ। ਮੀਰ ਵੀ ਆਗੂ ਹੁੰਦਾ ਹੈ ਤੇ ਪੀਰ ਵੀ। ਮੀਰ ਸਮਾਜਕ, ਆਰਥਕ ਜਾਂ ਵਿਹਾਰਕ ਆਗੂ ਹੁੰਦਾ ਹੈ। ਪੀਰ ਧਾਰਮਿਕ ਜਾਂ ਅਧਿਆਤਮਕ ਆਗੂ ਨੂੰ ਕਹਿੰਦੇ ਹਨ। ਮੀਰੀ ਤੇ ਪੀਰੀ ਉਨ੍ਹਾਂ ਦੇ ਕਰਤੱਵ ਦੇ ਨਾਮ ਹਨ।

ਗੁਰੂ ਨਾਨਕ ਦੇਵ ਜੀ ਵੇਲੇ ਨਾ ਮੀਰਾਂ ਦੀ ਕਮੀ ਸੀ, ਨਾ ਪੀਰਾਂ ਦੀ। ਪੀਰਾਂ ਦੀ ਗਿਣਤੀ ਤਾਂ ਮੀਰਾਂ ਨਾਲੋਂ ਕਿਤੇ ਵੱਧ ਸੀ; ਪਰ ਸਭ ਨਾਮ ਦੇ ਹੀ ਮੀਰ ਜਾਂ ਪੀਰ ਸਨ। ਦੋਨੋਂ ਸ਼੍ਰੇਣੀਆਂ ਆਪਣੇ ਕਰਤੱਵ ਭੁਲ ਚੁੱਕੀਆਂ ਸਨ। ਇਹ ਸੁਭਾਵਕ ਸੀ,



ਹਰਸ਼ਿੰਦਰ ਸਿੰਘ ਸੰਧੂ*
ਫੋਨ: 253-335-5666

ਕਿਉਂਕਿ ਮੀਰ ਤੇ ਪੀਰ ਦੋ ਅਲੱਗ ਅਲੱਗ ਸ਼੍ਰੇਣੀਆਂ ਸਨ। ਮੀਰ ਤੇ ਪੀਰ ਇਕ ਬਲਵਾਨ ਸਮਾਜ ਦੀ ਨੀਂਹ ਹੁੰਦੇ ਹਨ। ਜੇ ਹੁਕਮਰਾਨ ਦੇ ਮਨ ਵਿਚ ਸਤ, ਦਇਆ, ਧਰਮ, ਹਲੀਮੀ ਨਹੀਂ ਹੈ ਤਾਂ ਉਹ ਪਰਜਾ ਦਾ ਮਾਨ ਹਾਸਲ ਨਹੀਂ ਕਰ ਸਕਦਾ; ਪਰ ਇਹ ਧਰਮ ਦੇ ਅੰਗ ਹਨ। ਜੇ ਪੀਰ ਦੇ ਹੱਥ ਵਿਚ ਤਾਕਤ ਨਹੀਂ ਤਾਂ ਬਾਦਸ਼ਾਹ ਦੇ ਅਨਿਆਂ ਵਿਰੁੱਧ ਲੜ ਨਹੀਂ ਸਕੇਗਾ। ਸੋ ਤੰਦਰੁਸਤ ਸਮਾਜ ਵਿਚ ਮੀਰੀ ਤੇ ਪੀਰੀ ਦਾ ਇਕੋ ਹੀ ਦਰਜਾ ਹੋਣਾ ਜਰੂਰੀ ਹੈ। ਇਸ ਦਾ ਸੰਤੁਲਨ ਵਿਗੜਨ ਨਾਲ ਸਮਾਜ ਬਾਈਪੋਲਰ ਹੋ ਜਾਂਦਾ ਹੈ।

ਗੁਰੂ ਨਾਨਕ ਨੇ ਆਪਣੇ ਕਾਲ ਵਿਚ ਮੀਰਾਂ 'ਤੇ ਝਾਤ ਪਾਈ। ਉਨ੍ਹਾਂ ਨੂੰ 'ਰਾਜੇ ਕਸਾਈ' ਲੱਗੇ। ਤਦ ਸਿਕੰਦਰ ਖਾਂ ਲੋਧੀ ਨੇ ਮੰਦਿਰ ਤੇ ਦੇਹੁਰੇ ਢਾਹੇ। ਉਹਨੇ ਦੌਲਤ ਖਾਨ ਨੂੰ ਪੰਜਾਬ ਵਿਚ ਸੁਲਤਾਨਪੁਰ ਦਾ ਨਵਾਬ ਬਣਾ ਕੇ ਭੇਜਿਆ। ਦੌਲਤ ਖਾਨ ਨੇ ਆਲਮ ਖਾਂ ਲੋਧੀ ਨਾਲ ਰਲ ਕੇ ਬਾਬਰ ਨੂੰ ਹਿੰਦੁਸਤਾਨ 'ਤੇ ਹਮਲਾ ਕਰਨ ਲਈ ਉਕਸਾਇਆ। ਇਸ ਹਮਲੇ ਵਿਚ ਆਮ ਜਨਤਾ ਦਾ ਧਨ ਮਾਲ ਲੁੱਟਿਆ ਗਿਆ, ਬਹੂ-ਬੇਟੀਆਂ ਦੀ ਆਬਰੂ ਨਾਲ ਖੇਡਿਆ ਗਿਆ। ਇਸ ਭਿਆਨਕ ਦ੍ਰਿਸ਼ ਨੂੰ ਗੁਰੂ ਜੀ ਨੇ ਬਾਬਰਵਾਣੀ ਵਿਚ ਚਿਤਰਿਆ।

ਗੁਰੂ ਸਾਹਿਬ ਨੇ ਪੀਰਾਂ ਵਲ ਨਿਗਾਹ ਕੀਤੀ, ਤੇ ਉਨ੍ਹਾਂ ਦੇ 'ਰੋਟੀਆਂ ਕਾਰਣ ਪੂਰਹਿ ਤਾਲ' ਵਾਲਾ ਆਦਰਸ਼ਹੀਣ, ਚਰਿਤਰਹੀਣ ਜੀਵਨ ਨੋਟ ਕੀਤਾ। ਬਾਬਰਵਾਣੀ ਮੀਰੀ ਤੇ ਪੀਰੀ-ਦੋਹਾਂ ਦੀ ਕਮਜ਼ੋਰ ਵਿਵਸਥਾ ਦਾ ਸਿੱਟਾ ਸੀ।

ਕਾਜ਼ੀ, ਧਾਰਮਿਕ ਆਗੂ ਵੀ ਸੀ ਤੇ ਰਾਜਨੀਤਕ ਵੀ। ਉਹਦੇ ਤੋਂ ਮੀਰੀ ਤੇ ਪੀਰੀ-ਦੋਹਾਂ ਗੁਣਾਂ ਦੀ ਆਸ ਰੱਖੀ ਜਾਣੀ ਚਾਹੀਦੀ ਸੀ, ਪਰ ਉਨ੍ਹਾਂ ਸੱਚ ਦਾ ਪੱਲਾ ਛੱਡ, ਰਿਸ਼ਵਤ ਦਾ ਪੱਲਾ ਫੜ ਲਿਆ ਸੀ।

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥ (ਪੰਨਾ 662)

ਸੋ ਸੰਖੇਪ ਸ਼ਬਦਾਂ ਵਿਚ ਇਹ ਆਖਣਾ ਗਲਤ ਨਹੀਂ ਹੋਵੇਗਾ ਕਿ ਮੀਰ ਨੇ ਸ਼ਸ਼ਤਰ ਦੀ ਤੇ ਪੀਰ ਨੇ ਸ਼ਾਸ਼ਤਰ ਦੀ ਵਰਤੋਂ ਨਾਲ ਆਮ ਲੋਕਾਂ ਦਾ ਕਤਲੇਆਮ ਕੀਤਾ। ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਅਰਜਨ ਦੇਵ ਤਕ, ਪੰਜ ਜਾਮਿਆ ਨੇ ਆਪਣੀ ਕਲਮ ਤੇ ਸ਼ਾਂਤਮਈ ਸੰਘਰਸ਼ ਰਾਹੀਂ ਲੋਕਾਂ ਨੂੰ ਸਮਝਾਇਆ ਕਿ ਪੀਰ ਵਿਚ ਮੀਰ ਦੇ ਅਤੇ ਮੀਰ ਵਿਚ ਪੀਰ ਦੇ ਗੁਣ ਨਾ ਹੋਣ ਕਰਕੇ, ਸੱਚ ਤੇ ਇਨਸਾਫ ਸੰਭਵ ਨਹੀਂ।

ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ, ਰਾਜ ਤੇ ਯੋਗ, ਸੰਤ ਤੇ ਸਿਪਾਹੀ ਦੇ ਸੰਕਲਪ ਨੂੰ ਸਿਧਾਂਤਕ ਤੌਰ 'ਤੇ ਪ੍ਰਵਾਨ ਕੀਤਾ। ਇਸ ਸਿਧਾਂਤ ਨੂੰ ਪਰਗਟ ਕਰਨ ਲਈ ਉਨ੍ਹਾਂ ਦੋ ਕਿਰਪਾਨਾਂ ਪਹਿਨੀਆਂ-ਇਕ ਮੀਰੀ ਦੀ ਤੇ ਇਕ ਪੀਰੀ ਦੀ, ਇਕ ਭਗਤੀ ਦੀ ਤੇ ਇਕ ਸ਼ਕਤੀ ਦੀ। ਇਸ ਕਾਰਜ ਦੀ ਰਸਮੀ ਕਾਰਵਾਈ ਉਨ੍ਹਾਂ ਨੇ ਬਾਬਾ ਬੁੱਢਾ ਜੀ ਤੋਂ ਕਰਵਾਈ।

ਭਾਈ ਸੰਤੋਖ ਸਿੰਘ ਨੇ 'ਗੁਰ ਪ੍ਰਤਾਪ ਸੂਰਜ ਪ੍ਰਕਾਸ਼' ਵਿਚ ਲਿਖਿਆ ਹੈ,

ਧਰੇ ਤੇਜ ਸਤਿਗੁਰੁ ਬਚ ਕਹੇ।
ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੈ ਮੀਰਨਿ ਕੀ ਮੀਰੀ।
ਦੂਸਰ ਤੇ ਪੀਰਨਿ ਕੀ ਪੀਰੀ।
ਮੀਰੀ ਪੀਰੀ ਦੋਨੋਂ ਧਰੈ।
ਬਚਹਿ ਸ਼ਰਨਿ ਨਤੁ ਜੁਗ ਪਰਹਰੈਂ।

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੁਰੂ ਸਾਹਿਬ ਨੇ ਜਿੱਥੇ ਮੀਰੀ ਲਈ ਤਲਵਾਰ ਪਹਿਨੀ, ਉਥੇ ਪੀਰੀ ਲਈ ਵੀ ਤਲਵਾਰ ਹੀ ਪਹਿਨੀ; ਮਾਲਾ ਨਹੀਂ ਪਹਿਨੀ। ਸਮਰੱਥ ਰਾਮਦਾਸ ਨਾਮ ਦੇ ਇਕ ਵਿਅਕਤੀ ਨੇ ਸਵਾਲ ਕੀਤਾ, ਗੁਰੂ ਨਾਨਕ ਪੀੜ੍ਹੀ ਨਾਲ ਇਨ੍ਹਾਂ ਸ਼ਾਸਤਰਾਂ ਦਾ ਕੀ ਵਾਸਤਾ? ਉਸ ਨੂੰ ਜਵਾਬ ਦਿਤਾ,

ਬਾਤਨ ਫਕੀਰੀ, ਜ਼ਾਹਿਰ ਅਮੀਰੀ।
ਸ਼ਸਤਰ ਗਰੀਬ ਦੀ ਰੱਖਿਆ।
ਜਰਵਾਣੇ ਦੀ ਭੱਖਿਆ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਚੰਗੇ ਘੋੜੇ ਤੇ ਚੰਗੇ ਸ਼ਸਤਰ, ਭੇਟ ਕਰਨ ਲਈ ਕਿਹਾ। ਇਹ ਇਕ ਰਿਹਰਸਲ ਸੀ, ਭਵਿੱਖ ਵਿਚ ਆਣ ਵਾਲੇ ਉਸ ਦਿਨ ਲਈ, ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ 'ਸੀਸ ਭੇਟਣ' ਦੀ ਮੰਗ ਕਰਨੀ ਸੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਬਣਵਾਇਆ। ਹਰਿਮੰਦਰ ਸਾਹਿਬ ਰੂਹਾਨੀ ਸ਼ਕਤੀ ਦਾ ਅਤੇ ਅਕਾਲ ਤਖਤ ਸੰਸਾਰਕ ਸ਼ਕਤੀ ਦਾ ਪ੍ਰਤੀਕ ਬਣਾਇਆ। ਇਸ ਸੰਕਲਪ ਨੂੰ ਧਾਰਨ ਕਰਨ ਨਾਲ ਸਿੱਖਾਂ ਨੇ ਕਿਥੇ ਕਿਥੇ ਆਪਣੇ ਰਾਜ ਦੇ ਝੰਡੇ ਝੁਲਾਏ ਤੇ ਧਰਮ ਅਸਥਾਨ ਵਸਾਏ, ਇਸ ਬਾਰੇ ਸਾਰੀ ਦੁਨੀਆਂ ਜਾਣਦੀ ਹੈ।

ਅੱਜ ਇਹ ਮੀਰੀ ਤੇ ਪੀਰੀ ਦਾ ਸਿਧਾਂਤ ਰਾਜਨੀਤੀ ਦੀ ਡੂੰਘੀ ਖਾਈ ਵਿਚ ਜਾ ਡੁੱਬਿਆ ਹੈ, ਜੋ ਆਉਣ ਵਾਲੇ ਸਮੇਂ ਵਿਚ ਸਿੱਖਾਂ ਦੀ ਗੁਲਾਮੀ ਦਾ ਸੂਚਕ ਹੈ। ਇਸ ਨੂੰ ਵਾਪਸ ਲੀਹ 'ਤੇ ਲਿਆਉਣ ਲਈ ਸਿਰਫ ਇਕ ਤਰੀਕਾ ਹੈ ਕਿ ਵਿਦਵਾਨ ਲੇਖਕ ਤੇ ਪ੍ਰਚਾਰਕ ਇਕ ਪਲੇਟਫਾਰਮ 'ਤੇ ਇਕੱਠੇ ਹੋਣ। ਮੀਡੀਆ ਉਨ੍ਹਾਂ ਦੀ ਬਾਂਹ ਪਕੜੇ, ਬਿਨਾ ਕਿਸੇ ਲਾਲਚ ਜਾਂ ਸਵਾਰਥ ਤੋਂ। ਗੁਰੂ ਸਾਹਿਬ ਨੇ ਕਦੇ ਕੋਈ ਐਸਾ ਸਿਧਾਂਤ ਨਹੀਂ ਬਣਾਇਆ, ਜਿਸ ਨੂੰ ਅਮਲੀ ਜਾਮਾ ਪਹਿਨਾਉਣਾ ਅਸੰਭਵ ਹੋਵੇ।

*ਗੁਰਦੁਆਰਾ ਸੱਚਾ ਮਾਰਗ ਸਾਹਿਬ ਆਬਰਨ, ਵਾਸ਼ਿੰਗਟਨ।

# ਅੰਤੁ ਨ ਸਿਫਤੀ ਕਹਣਿ ਨ ਅੰਤੁ

(ਪਿਛਲੇ ਸਫੇ ਦੀ ਬਾਕੀ)

Waves) ਦੀ ਉਪਸਥਿਤੀ ਹੈ। ਇਹੀ ਉਹ ਵਧਦਾ, ਫੁਲਦਾ ਤੇ ਫੈਲਦਾ ਕੁਦਰਤੀ ਬ੍ਰਹਿਮੰਡ ਹੈ, ਜਿਸ ਨੂੰ ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਨੂੰ ਜਿੰਨਾ ਵੱਡਾ ਆਖੋ, ਉਨਾ ਹੀ ਵੱਡਾ ਹੋ ਜਾਂਦਾ ਹੈ। ਆਖਦਿਆਂ ਆਖਦਿਆਂ ਹੀ ਇਸ ਦਾ ਵਿਆਸ 3,72,000 ਮੀਲ ਪ੍ਰਤੀ ਸਕਿੰਟ ਦੀ ਦਰ ਨਾਲ ਹੋਰ ਵਧ ਜਾਂਦਾ ਹੈ, ਜੋ ਧਰਤੀ ਦੇ ਵਿਆਸ ਨਾਲੋਂ 90 ਗੁਣਾ ਵੱਧ ਹੈ। ਪਰ ਅਧਿਆਤਮਕ ਭੁਲੇਖਾ ਖਾਣ ਵਾਲੇ ਅਜੋਕੇ ਸਿੱਖ ਵਿਦਵਾਨ ਇਸੇ ਨੂੰ ਪਰਮਾਤਮਾ ਕਹੀ ਜਾਂਦੇ ਹਨ, ਜਦੋਂ ਕਿ ਪਰਮਾਤਮਾ ਜਿਹੀ ਚੀਜ਼ ਦਾ ਜ਼ਿਕਰ ਨਾ ਜਪੁਜੀ ਵਿਚ ਹੈ ਤੇ ਨਾ ਇਹ ਪੂਰੇ ਬ੍ਰਹਿਮੰਡ ਵਿਚ ਕਿਤੇ ਮਿਲੀ ਹੈ।

ਇਹ ਠੰਡਾ ਗ੍ਰਹਿ, ਜਿਸ ਨੂੰ ਗੁਰੂ ਸਾਹਿਬ ਧਰਤੀ ਕਹਿੰਦੇ ਹਨ, ਸਿਰਫ ਸਾਢੇ ਚਾਰ ਬਿਲੀਅਨ ਸਾਲ ਪੁਰਾਣਾ ਹੈ। ਪਹਿਲੇ ਦੋ ਬਿਲੀਅਨ ਸਾਲ ਤਾਂ ਇਹ ਗਰਮ ਗੋਲਾ ਹੀ ਰਿਹਾ। ਪੇੜ ਪੌਦੇ 430 ਮਿਲੀਅਨ ਸਾਲ ਪਹਿਲਾਂ ਪੈਦਾ ਹੋਏ, ਰੇਂਗਦੇ ਜੀਵ ਸਿਰਫ 300 ਮਿਲੀਅਨ ਸਾਲ ਪਹਿਲਾਂ। ਦੁੱਧਧਾਰੀ ਜੀਵ ਤਾਂ ਸਿਰਫ 75 ਮਿਲੀਅਨ ਸਾਲ ਪਹਿਲਾਂ ਦੀ ਹੀ ਪੈਦਾਇਸ਼ ਹਨ। ਕਈ ਮਿਲੀਅਨ ਸਾਲਾਂ ਤੀਕ ਅਫਰੀਕਨ ਪ੍ਰਾਈਮੇਟਸ (Primates) ਦੀਆਂ ਜੂਨਾਂ ਹੰਢਾ ਕੇ ਪਹਿਲਾ ਆਦਮ ਕੇਵਲ ਸਵਾ ਲੱਖ ਸਾਲ ਪਹਿਲਾਂ ਹੀ ਧਰਤੀ 'ਤੇ ਪ੍ਰਗਟ ਹੋਇਆ ਹੈ। 25 ਹਜ਼ਾਰ ਸਾਲ ਪਹਿਲਾਂ ਸਾਬਤ ਸੂਰਤ ਜੂਨ ਪਾ ਕੇ ਮਨੁੱਖ ਨੇ ਸਿਰਫ ਦਸ ਹਜ਼ਾਰ ਪਹਿਲਾਂ ਹੀ ਸਭਿਅਤਾ ਵਿਚ ਪੈਰ ਰੱਖਿਆ ਹੈ। ਰੱਬ ਨੂੰ ਸਿਰਜ ਕੇ ਪੂਜਾ ਪਾਠ ਕਰਨ ਵਾਲਾ ਬਹੁਤਾ ਸਿਆਣਾ ਮਨੁੱਖ ਤਾਂ ਅਜੇ ਕੁਝ ਸਦੀਆਂ ਦੀ ਹੀ ਉਪਜ ਹੈ। ਕੋਈ ਦੱਸੇ ਕਿ ਇਨ੍ਹਾਂ ਕੁਝ ਸਦੀਆਂ ਤੋਂ ਪਹਿਲਾਂ ਸਰਬੱਤ ਦੇ ਭਲੇ ਦੀਆਂ ਅਰਜ ਅਰਜੋਈਆਂ ਤੋਂ ਬਿਨਾ ਇਹ ਸੰਸਾਰ ਕਿਵੇਂ ਚਲਦਾ ਆ ਰਿਹਾ ਸੀ?

ਹੈਰਾਨੀ ਦੀ ਗੱਲ ਇਹ ਕਿ ਇਹ ਜਾਣਕਾਰੀ ਗੁਰੂ ਸਾਹਿਬ ਦੀ ਸੁਝਾਈ ਗਣਿੱਤੀ ਭਾਵ ਵਿਗਿਆਨਕ ਪਹੁੰਚ ਨੂੰ ਅਪਨਾਉਣ ਨਾਲ ਸੰਭਵ ਹੋਈ ਹੈ। ਜੇ ਅੱਜ ਉਹ ਆਉਣ ਤਾਂ ਆਪਣੇ ਉਨ੍ਹਾਂ ਤਾਰਾ ਵਿਗਿਆਨੀ ਤੇ ਧਰਾ-ਵਿਗਿਆਨੀ ਸਿੱਖਾਂ ਦੀਆਂ ਪ੍ਰਾਪਤੀਆਂ 'ਤੇ ਬੜੇ ਖੁਸ਼ ਹੋਣ, ਜਿਨ੍ਹਾਂ ਨੇ ਆਪਣੀ ਖੋਜ ਨਾਲ ਇਨ੍ਹਾਂ ਨੂੰ ਸੰਭਵ ਕੀਤਾ ਹੈ। ਬ੍ਰਹਿਮੰਡ ਦੇ ਤੱਥਾਂ ਨੂੰ ਤਲਾਸ਼ਦਾ ਉਨ੍ਹਾਂ ਦਾ ਮਨ ਸਦੀਵੀ ਖੇੜੇ ਨਾਲ ਭਰ ਜਾਵੇ। ਫਿਰ ਉਹ ਇਸ ਪਉੜੀ ਨੂੰ ਕਿਸੇ ਹੋਰ ਢੰਗ ਨਾਲ ਲਿਖਣ ਜਾਂ ਇਸ ਦੀ ਥਾਂ ਸ੍ਰਿਸ਼ਟੀ ਦੇ ਉਨ੍ਹਾਂ ਧੁਰਲੇ ਪੱਖਾਂ ਦਾ ਜ਼ਿਕਰ ਕਰਨ, ਜੋ ਹਾਲ ਹੀ ਵਿਚ ਸਾਹਮਣੇ ਆਏ ਹਨ।

ਪਰ ਅਧਿਆਤਮਕ ਪਹੁੰਚ ਵਾਲੇ ਅਜੇ ਵੀ 15ਵੀਂ ਸਦੀ ਦੀ ਸੁਰਤ ਪਹਿਲੀ ਕਿਸੇ ਦੈਵੀ ਸ਼ਕਤੀ ਨੂੰ ਰਿਝਾਉਣ ਲੱਗੇ ਹੋਏ ਹਨ। ਜੇ ਉਹ ਗੁਰੂ ਸਾਹਿਬ ਦੀ ਸਿੱਖਿਆ 'ਤੇ ਜਰਾ ਵੀ ਅਮਲ ਕਰਦੇ ਤਾਂ ਉਪਰੋਕਤ ਵਿਚੋਂ ਬਹੁਤੀਆਂ ਮੱਲਾਂ ਉਨ੍ਹਾਂ ਦੇ ਆਪਣੇ ਸਿੱਖਾਂ ਨੇ ਮਾਰੀਆਂ ਹੋਣੀਆਂ ਸਨ।

# ਦੁਨੀਆਂ ਰੰਗ-ਬਰੰਗੀ, ਤੇਰਾ ਰੰਗ ਕਿਹੜਾ

ਰੰਗ ਮਨੁੱਖ ਦੇ ਅੰਗ-ਸੰਗ। ਰੰਗ ਹੀ ਜਿਉਣ ਦਾ ਚਾਅ। ਰੰਗ ਹੀ ਮਨੁੱਖ ਦੀ ਵੇਦਨਾ-ਸੰਵੇਦਨਾ ਦੀ ਸੁੱਚੀ ਗਵਾਹੀ। ਰੰਗ ਲਰਜ਼ਦੇ ਬੋਲਾਂ ਦੀ ਮਿੱਠੀ ਚਾਸ਼ਣੀ। ਰੰਗ ਸੋਹਣੇ ਵਿਚਾਰਾਂ ਦੀ ਉੱਚੀ ਪਰਵਾਜ਼। ਰੰਗ ਮਨੁੱਖ ਦੇ ਸੰਜੋਗ-ਵਿਯੋਗ ਦੀ ਮਿੱਠੀ ਚੀਸ ਦੀ ਧਰਵਾਸ। ਸਾਰੀ ਕਾਇਨਾਤ ਰੰਗਾਂ ਦੀ ਇਬਾਦਤ। ਸਾਡਾ ਜਿਉਣ-ਮਰਨ ਰੰਗਾਂ ਦੀ ਕਿਣ-ਮਿਣ ਕਿਣ-ਮਿਣ। ਰੰਗਾਂ ਦੀ ਪੀਂਘ ਸਾਡੀਆਂ ਅੱਖਾਂ ਦਾ ਸਕੂਨ। ਰੰਗ ਹੁਲਾਰਾ ਵੀ ਹਨ ਤੇ ਉਦਾਸੇ ਮਨ ਦੀ ਢਾਰਸ ਵੀ। ਕੁਦਰਤ ਦਾ ਹਰ ਕਿਣਕਾ ਰੰਗਾਂ ਦਾ ਝਲਕਾਰਾ। ਰੰਗ ਜੀਵਨ-ਜਾਚ ਵੀ ਹਨ ਤੇ ਭਵਿੱਖ ਦਾ ਸੁਨੇਹਾ ਵੀ।



**ਸੰਤੋਖ ਮਿਨਹਾਸ**
ਫੋਨ: 559-283-6376

ਖ਼ੂਬਸੂਰਤ ਸੋਚਣਾ ਤੇ ਸੁਖਦ ਪਲਾਂ ਦੀ ਸਿਰਜਣਾ ਕਰਨਾ ਰੰਗਾਂ ਦੀ ਇਲਾਹੀ ਬਰਕਤ। ਰੰਗ ਮਨੁੱਖ ਦੇ ਖੁਰਦੇ ਹੌਸਲੇ ਦਾ ਬਲ। ਰੰਗ ਬ੍ਰਹਿਮੰਡ ਦੀ ਖੂਬਸੂਰਤੀ ਦਾ ਸਾਕਾਰ ਸੁਪਨਾ। ਰੰਗ ਸਾਰੀ ਕੁਦਰਤੀ ਦਾਤ ਨੂੰ ਕਲਾਵੇ ਲੈਣ ਦਾ ਚਾਅ। ਰੰਗ ਧਰਤ ਦੀ ਅੰਬਰ ਨਾਲ ਸਾਂਝ ਦਾ ਮੁਹੱਬਤੀ ਸੁਨੇਹਾ। ਰੰਗ ਮਨੁੱਖ ਦੀਆਂ ਗਵਾਚੀਆਂ ਉਮੀਦਾਂ ਦੇ ਸਫੈਦ ਸਫੇ 'ਤੇ ਉਕਰੇ ਆਸ ਦੇ ਅੱਖਰ। ਰੰਗ ਸਾਡੇ ਚਾਅ-ਮਲ੍ਹਾਰ ਦੇ ਆਪ ਮੁਹਾਰੇ ਉਮੜੇ ਖਰੂਦੀ ਜੋਸ ਨੂੰ ਨੱਚਣ-ਟੱਪਣ ਦੇ ਆਹਰੇ ਲਾਉਣ ਦੀ ਭਾਵਨਾ। ਰੰਗ ਰੁੱਤਾਂ ਤਿਉਹਾਰਾਂ ਦੀ ਨਿਸ਼ਾਨਦੇਹੀ। ਇਹ ਰੰਗਾਂ ਦੀ ਹੀ ਦੌਲਤ ਹੈ ਕਿ ਸਾਡੇ ਸੁਹਣੇ ਪਿਆਰੇ ਮੁਹੱਬਤੀ ਚਿਹਰੇ ਰੰਗਾਂ ਦੀ ਤਸ਼ਬੀਹ ਨਾਲ ਹੋਰ ਨਿਖਰ ਆਉਂਦੇ ਹਨ।

ਅਸੀਂ ਕੁਦਰਤ ਦੇ ਸੁਭਾਅ ਦੇ ਮੌਸਮ ਨੂੰ ਵੀ ਰੰਗਾਂ ਦਾ ਨਾਂ ਦੇ ਦਿੱਤਾ ਹੈ। ਬਹਾਰ ਹੋਵੇ ਜਾਂ ਪੱਤਝੜ, ਰੰਗਾਂ ਦੀ ਆਪਣੀ ਮਹਿਮਾ। ਬਹਾਰ ਦੀ ਰੁੱਤੇ ਜਦੋਂ ਕੁਦਰਤ ਠੰਡ ਦੀ ਅਲਸਾਈ ਸੂਰਜ ਦੇ ਨਿੱਘ ਨਾਲ ਅੰਗੜਾਈ ਭਰਦੀ ਹੈ ਤਾਂ ਸਾਰੀ ਕਾਇਨਾਤ ਜਾਗ ਪੈਂਦੀ ਹੈ। ਪੌਦਿਆਂ, ਰੁੱਖਾਂ ਦੇ ਨੰਗੇ ਪਿੰਡੇ 'ਤੇ ਫੁੱਲ ਪੱਤੀਆਂ ਦੀ ਆਮਦ ਰੰਗਾਂ ਦੀ ਆਬਸ਼ਾਰ ਲੱਗਦੀ ਹੈ। ਚਾਰੇ ਪਾਸੇ ਰੰਗ-ਬਰੰਗੇ ਫੁੱਲਾਂ ਦੀ ਚਾਦਰ ਵਿਛ ਜਾਂਦੀ ਹੈ। ਮਨੁੱਖ ਵੀ ਵਿਸਵਾਦੀ ਰੰਗ ਵਿਚ ਰੰਗਿਆ ਜਾਂਦਾ ਹੈ। ਹਵਾ ਵੀ ਫੁੱਲਾਂ ਦੀ ਮਹਿਕ ਨਾਲ ਰੰਗੀ ਜਾਂਦੀ ਹੈ। ਕੁਦਰਤ ਦੇ ਪਾਸਾਰੇ ਵਿਚ ਇੱਕ ਨਸ਼ਾ ਘੁਲ ਜਾਂਦਾ ਹੈ। ਧਰਤੀ ਦਾ ਹਰ ਜੀਵ ਜੰਤੂ ਇੱਕ ਹੁਲਾਸੀ ਵੇਗ ਵਿਚ ਉਮੜ ਪੈਂਦਾ ਹੈ। ਰੰਗ ਮਨੁੱਖ ਦੀਆਂ ਖੁਸ਼ੀਆਂ ਖੇੜਿਆਂ ਦੀ ਰੌਣਕ। ਰੰਗ ਬੰਦੇ ਦੇ ਝੱਲ-ਵਵੱਲੇ ਹੋਣ ਦਾ ਚਾਅ।

ਰੰਗਾਂ ਦੀ ਹੋਂਦ ਹੀ ਮਨੁੱਖ ਦੇ ਜਿਉਣ ਦੀ ਸਵਕ੍ਰਿਤੀ ਹੈ। ਇਹ ਰੰਗ ਹੀ ਹਨ ਕਿ ਮਨੁੱਖ ਨਵੀਆਂ ਨਵੀਆਂ ਸ਼ਕਤੀਆਂ ਨੂੰ ਚੈਲਿੰਗ ਕਰ ਰਿਹਾ ਹੈ। ਰੰਗ ਹੀ ਹਨ ਕਿ ਮਨੁੱਖ ਨੇ ਰੰਗ ਦੇ ਆਧਾਰ ਤੇ ਸ੍ਰਿਸ਼ਟੀ ਦੀ ਰਚਨਾ ਨੂੰ ਤੂਲ ਬਣਾ ਕੇ ਆਪਣੇ ਆਪਣੇ ਹਿੱਤ ਦੇ ਦਾਅ ਦੇ ਪੱਤੇ ਸੁੱਟਣੇ ਸ਼ੁਰੂ ਕਰ ਦਿੱਤੇ ਹਨ। ਕਿਹੜੇ ਰੰਗ ਦੇ ਮਨੁੱਖ ਉੱਤਮ ਤੇ ਕਿਹੜੇ ਰੰਗ ਦੇ ਦੂਜੇ ਦਰਜੇ ਦੇ। ਕਿਸੇ ਸਮੇਂ ਹਿਟਲਰ ਨੇ ਜਰਮਨ ਦੀ ਗੋਰੀ ਨਸਲ ਨੂੰ ਰੰਗ ਦੇ ਆਧਾਰ ਤੇ ਸੰਸਾਰ ਦੀ ਸਭ ਤੋਂ ਉੱਤਮ ਨਸਲ ਕਿਹਾ ਸੀ। ਭੂਰੇ ਜਾਂ ਕਾਲੇ ਰੰਗ ਦੀ ਨਸਲ ਦੇ ਲੋਕਾਂ ਨੂੰ ਨਫਰਤ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਸੀ। ਇਹ ਵਿਤਕਰਾ ਸੰਸਾਰ ਪੱਧਰ 'ਤੇ ਬਹੁਤ ਸਾਰੇ ਦੇਸ਼ਾਂ ਵਿਚ ਅੱਜ ਵੀ ਜਾਰੀ ਹੈ। ਮਨੁੱਖੀ ਹੱਕਾਂ ਦਾ ਹੋਕਾ ਦੇਣ ਵਾਲੇ ਇੰਗਲੈਂਡ, ਕੈਨੇਡਾ, ਅਮਰੀਕਾ ਜਿਹੇ ਦੇਸ਼ਾਂ ਵਿਚ ਵੀ ਰੰਗ ਦੇ ਆਧਾਰ 'ਤੇ ਲੋਕਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ।

ਅਮਰੀਕਾ ਵਿਚ ਗੋਰੇ ਪੁਲਿਸ ਆਫੀਸਰ ਵਲੋਂ ਕਾਲੇ ਰੰਗ ਦੇ ਕਥਿਤ ਦੋਸ਼ੀ ਦੀ ਧੌਣ 'ਤੇ ਗੋਡਾ ਰੱਖ ਕੇ ਮਾਰ ਦੇਣ ਦੇ ਅੰਜਾਮ ਨੂੰ ਸਾਰੇ ਸੰਸਾਰ ਵਿਚ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਲੋਕ ਇਸ ਘਟਨਾ ਅਤੇ ਹੋਰ ਇਸ ਤਰ੍ਹਾਂ ਦੀਆਂ ਵਾਪਰੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਸੜਕਾਂ 'ਤੇ ਉਤਰ ਆਏ ਸਨ। 'ਬਲੈਕ ਮੈਟਰ ਲਾਇਵ' ਦਾ ਨਾਹਰਾ ਸਾਹਮਣੇ ਆਇਆ ਹੈ। ਅਮਰੀਕਾ ਵਿਚ ਵੀ ਰੰਗਾਂ ਦੀ ਸਿਆਸਤ ਉਭਰ ਰਹੀ ਹੈ। ਮਨੁੱਖ ਨੂੰ ਰੰਗਾਂ ਦੇ ਆਧਾਰ 'ਤੇ ਵੰਡਿਆ ਜਾ ਰਿਹਾ ਹੈ। ਰੰਗ ਹੀ ਮਨੁੱਖ ਦੇ ਚੰਗੇ-ਮਾੜੇ ਹੋਣ ਦੀ ਪਛਾਣ ਬਣ ਗਏ। ਕੰਮਾਂ ਕਾਰਾਂ 'ਤੇ ਵੀ ਲੋਕਾਂ ਨੂੰ ਰੰਗ ਦੇ ਆਧਾਰ 'ਤੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਸਕੂਲਾਂ ਵਿਚ ਵੀ ਬੱਚਿਆਂ ਨੂੰ ਬੁਲਿੰਗ ਦਾ ਤਸ਼ੱਦਦ ਸਹਿਣਾ ਪੈਂਦਾ ਹੈ। ਮੇਰਾ ਦੋਸਤ ਅਵਤਾਰ ਗੋਂਦਾਰਾ ਕਹਿਦਾ ਹੈ, "ਕਿਵੇਂ ਕਾਲੀ ਨਸਲ ਦੇ ਲੋਕਾਂ ਨਾਲ ਨਫਰਤ ਨੂੰ ਅੱਗੇ ਤੋਰਨ ਲਈ ਹਰ ਮਾੜੀ ਵਸਤੂ ਜਾਂ ਕੰਮ ਨੂੰ ਬਲੈਕ ਸ਼ਬਦ ਜੋੜ ਦਿੱਤਾ, ਜਿਵੇਂ ਬਲੈਕ ਮਨੀ ਜਾਂ ਮਾੜੇ ਧੰਧੇ ਕਰਨ ਵਾਲੇ ਨੂੰ ਬਲੈਕੀਆ।" ਜਦੋਂ ਕਿ ਹਰ ਰੰਗ ਕੁਦਰਤ ਜਾਂ ਇੱਕ ਖਾਸ ਖਿੱਤੇ ਦੇ ਵਾਤਾਵਰਣ ਪੌਣ ਪਾਣੀ ਤੇ ਮਨੁੱਖ ਦੇ ਜਿਉਣ



ਢੰਗ ਦੇ ਹਾਲਾਤਾਂ 'ਤੇ ਨਿਰਭਰ ਕਰਦਾ ਹੈ। ਜਦੋਂ ਕਿ ਰੰਗ ਦੀ ਚੋਣ 'ਚ ਮਨੁੱਖ ਦਾ ਕੋਈ ਰੋਲ ਨਹੀਂ ਹੈ।

ਹੁਣ ਮਨੁੱਖ ਨੇ ਰੰਗਾਂ ਨੂੰ ਵੀ ਧਰਮਾਂ ਦੇ ਆਧਾਰ 'ਤੇ ਵੰਡ ਲਿਆ ਹੈ। ਰੰਗ ਕਿਸੇ ਇੱਕ ਦੇ ਰਾਂਖਵੇ ਨਹੀਂ ਹੁੰਦੇ। ਰੰਗ ਕੁਦਰਤ ਦੀ ਅਦੁੱਤੀ ਦਾਤ ਹੈ, ਜੋ ਧਰਤੀ ਤੇ ਅੰਬਰ ਨੂੰ ਬਖਸ਼ੇ ਹਨ। ਧਰਤੀ ਅਤੇ ਅੰਬਰ ਦਾ ਪਾਸਾਰਾ ਰੰਗਾਂ ਦੀ ਨਿਆਈ ਹੈ। ਰੰਗ ਕਬਜ਼ੇ ਦੀ ਜਾਇਦਾਦ ਨਹੀਂ, ਨਾ ਹੀ ਰੰਗ ਕਿਸੇ ਦੀ ਧੌਂਸ; ਪਰ ਤਖਤ ਦੀ ਬਦਨੀਤੀ ਹੈ ਕਿ ਉਸ ਨੇ ਮਨੁੱਖ ਨੂੰ ਧਰਮ ਦੇ ਆਧਾਰ ਰੰਗ ਵੀ ਵੰਡੇ ਦਿੱਤੇ ਹਨ। ਰੰਗਾਂ ਦੀ ਆਪਣੀ ਕੋਈ ਸਿਆਸਤ ਨਹੀਂ ਹੁੰਦੀ, ਪਰ ਮਨੁੱਖ ਆਪਣੇ ਨਿੱਜੀ ਹਿੱਤ ਲਈ ਰੰਗਾਂ ਦਾ ਵਾਪਾਰ ਕਰਦਾ ਹੈ।

ਵੱਖ ਵੱਖ ਦੇਸ਼ਾਂ ਨੇ ਆਪਣੇ ਰਾਸ਼ਟਰ ਦੇ ਝੰਡੇ ਨੂੰ ਆਪਣੇ ਦੇਸ਼ ਦੀ ਸਭਿਅਤਾ ਨੂੰ ਮੁੱਖ ਰੱਖ ਕੇ ਰੰਗਾਂ ਦੇ ਆਧਾਰ ਦਿੱਤੇ ਹਨ। ਸਾਡੇ ਦੇਸ਼ ਯਾਨਿ ਭਾਰਤ ਨੇ ਵੀ ਆਪਣੇ ਰਾਸ਼ਟਰੀ ਝੰਡੇ ਨੂੰ ਤਿੰਨ ਰੰਗਾਂ ਵਿਚ ਵੰਡਿਆ ਹੈ-ਕੇਸਰੀ, ਸਫੈਦ ਤੇ ਹਰਾ। ਕੇਸਰੀ ਕੁਰਬਾਨੀ ਦਾ ਪ੍ਰਤੀਕ, ਸਫੈਦ ਸ਼ਾਂਤੀ ਦਾ ਸੁਨੇਹਾ ਅਤੇ ਹਰਾ ਹਰਿਆਲੀ ਤੋਂ ਲਿਆ ਗਿਆ ਹੈ, ਜੋ ਖੁਸ਼ਹਾਲੀ ਦਾ ਰਾਹ ਦਸੇਰਾ ਹੈ; ਪਰ ਹੁਣ ਰਾਸ਼ਟਰਵਾਦ ਦੇ ਨਾਂ 'ਤੇ ਕੇਸਰੀ ਨੂੰ ਭਗਵਾਂ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਭਗਵਾਂ ਰੰਗ ਨੂੰ ਹੁਣ ਇੱਕ ਖਾਸ ਧਰਮ ਦੇ ਲੋਕਾਂ ਨੇ ਗੱਜ-ਵੱਜ ਕੇ ਕਹਿਣਾ ਸ਼ੁਰੂ ਕਰ ਦਿੱਤਾ ਹੈ, "ਇਹ ਰੰਗ ਸਾਡਾ ਹੈ। ਇਹੀ ਰੰਗ ਉੱਤਮ ਹੈ।"

ਹਰਾ ਰੰਗ ਇੱਕ ਖਾਸ ਧਰਮ ਦਾ ਹੈ। ਇਹ ਰੰਗ ਭਗਵੇਂ ਨੂੰ ਪਸੰਦ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਹਰੇ ਰੰਗ ਤੋਂ ਭਗਵੇਂ ਰੰਗ ਨੂੰ ਖਤਰਾ ਹੈ। ਅਸੀਂ ਸਾਰੇ ਦੇਸ਼ ਨੂੰ ਭਗਵੇਂ ਰੰਗ ਵਿਚ ਰੰਗ ਦੇਣਾ ਹੈ। ਇੱਕ ਖਾਸ ਧਰਮ ਕੇਸਰੀ ਰੰਗ ਨੂੰ ਆਪਣੇ ਗੌਰਵ ਦਾ ਨਿਸ਼ਾਨ ਸਮਝਦਾ ਹੈ। ਹੁਣ ਹੌਲੀ ਹੌਲੀ ਕੇਸਰੀ ਨੂੰ ਭਗਵੇਂ ਦੀ ਪੁੱਠ ਦੇ ਕੇ ਭਗਵੇਂ ਵਿਚ ਰਲ-ਗੱਡ ਕਰਨ ਦੀਆਂ ਵਿਉਂਤਾਂ ਸ਼ੁਰੂ ਹੋ ਗਈਆਂ ਹਨ; ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਭਗਵਾਂ ਰੰਗ ਰਾਸ਼ਟਰਵਾਦੀ ਹੈ। ਹੁਣ ਰੰਗਾਂ ਦੇ ਆਧਾਰ 'ਤੇ ਮਨੁੱਖ ਦੀ ਪਛਾਣ ਹੋਣ ਲੱਗੀ ਹੈ। ਕੱਪੜੇ ਪਹਿਨਣ ਦੀ ਵਸਤੂ ਨਾ ਹੋ ਕੇ ਕੱਪੜਿਆਂ ਦੇ ਰੰਗ ਤੁਹਾਨੂੰ ਦੇਸ਼ ਧ੍ਰੋਹੀ ਜਾਂ ਰਾਸ਼ਟਰਵਾਦੀ ਬਣਾ ਸਕਦੇ ਹਨ।

ਪੱਗਾਂ ਦੀ ਸਿਆਸਤ ਵਿਚ ਪੱਗਾਂ ਦੇ ਖਾਸ ਰੰਗ ਸਿਆਸੀ ਪਾਰਟੀਆਂ ਦੀ ਪਛਾਣ ਬਣ ਗਏ ਹਨ, ਜਿਵੇਂ ਨੀਲਾ ਰੰਗ ਇੱਕ ਖਾਸ ਪਾਰਟੀ ਦੀ ਨਿਸ਼ਾਨਦੇਹੀ ਕਰਦਾ ਹੈ, ਸਫੈਦ ਰੰਗ ਇੱਕ ਹੋਰ ਪਾਰਟੀ ਦੀ ਪਛਾਣ ਹੈ। ਲਾਲ ਰੰਗ ਇੱਕ ਹੋਰ ਪਾਰਟੀ ਆਪਣਾ ਚਿੰਨ ਸਮਝਦੀ ਹੈ। ਵੋਟਾਂ ਦੇ ਸਮੇਂ ਇੱਕ ਨਾਹਰਾ ਇਨ੍ਹਾਂ ਪਾਰਟੀਆ ਦੇ ਸਤਾਏ ਕੁਝ ਲੋਕ ਬੋਲਦੇ ਸਨ, "ਚਿੱਟੇ ਚੋਰ, ਨੀਲੇ ਚੋਰ।" ਪਰ ਹੁਣ ਇਨ੍ਹਾਂ ਪਾਰਟੀਆਂ ਦੇ ਲੋਕ ਵੀ ਰੰਗ ਬਰੰਗੀਆਂ ਪੱਗਾਂ ਬੰਨ੍ਹਣ ਲੱਗ ਪਏ ਹਨ, ਕਿਉਂਕਿ ਲੋਕਾਂ ਨੇ ਚੋਰਾਂ ਦੇ ਸਿਆਸਤੀ ਰੰਗ ਦੀ ਪਛਾਣ ਕਰ ਲਈ ਸੀ।

ਸਿਆਸਤ ਦਾ ਆਪਣਾ ਰੰਗ ਹੰਦਾ ਹੈ। ਰੰਗਾਂ ਦੀ ਖੇਡ ਸਿਆਸਤ ਦੀ ਤਾਕਤ। ਤਖਤ ਲਈ ਰੰਗ ਤਾਸ਼ ਦੇ ਪੱਤੇ। ਹਰ ਪੁੱਠੀ ਪੈਂਦੀ ਬਾਜ਼ੀ ਨੂੰ ਵੀ ਰੰਗ ਦੇ ਪੱਤੇ ਨਾਲ ਕੱਟਣਾ। ਖਿਡਾਰੀ ਨੂੰ ਜਿੱਤ ਚਾਹੀਦੀ ਹੈ, ਇੱਕ ਰੰਗ ਭਾਵੇਂ ਜਿੰਨੇ ਮਰਜ਼ੀ ਰੰਗਾਂ ਨੂੰ ਮਾਰ ਮੁਕਾਵੇ। ਇਹ ਮਨੁੱਖ ਦੀ ਬਦਨਸੀਬੀ ਹੈ ਕਿ ਉਹ ਰੰਗਾਂ ਦੇ ਜਾਲ ਵਿਚ ਫਸਦਾ ਜਾ ਰਿਹਾ ਹੈ। ਇਹ ਸੁੱਖਾਵੇਂ ਦਿਸਦੇ ਰੰਗ ਮਨੁੱਖਤਾ ਦਾ ਘਾਣ ਕਰਦੇ ਦਿਖਾਈ ਦੇਣ ਲੱਗ ਪਏ ਹਨ। ਜਿਨ੍ਹਾਂ ਰੰਗਾਂ ਵਿਚ ਮਨੁੱਖ ਜਿਉਣਾ ਚਾਹੁੰਦਾ ਹੈ, ਉਹ ਸਾਰੇ ਰੰਗ ਉਸ ਤੋਂ ਖੋਹੇ ਜਾ ਰਹੇ ਹਨ। ਉਹ ਪੱਥਰ ਦੀ ਨਿਆਈ ਹੁੰਦਾ ਜਾ ਰਿਹਾ। ਇਸੇ ਲਈ ਮਾਰ-ਧਾੜ ਨਫਰਤ ਦਾ ਬੋਲ-ਬਾਲਾ ਵਧ ਰਿਹਾ ਹੈ, ਕਰੋਧ, ਹੰਕਾਰ ਮਨੁੱਖੀ ਮਨਾਂ ਵਿਚ ਵਸੇਬਾ ਕਰ ਗਏ ਹਨ। ਰੰਗ ਮੁਹੱਬਤ ਦਾ ਬੁਲਾਵਾ ਹੁੰਦੇ ਹਨ। ਰੰਗ ਬੰਦੇ ਨੂੰ ਪੱਥਰ ਤੋਂ ਫੁੱਲ ਬਣਾਉਂਦੇ ਹਨ। ਰੰਗਾਂ ਦੀ ਵੰਨ-ਸਵੰਨਤਾ ਮਨੁੱਖ ਦੇ ਸੁਭਾਅ ਨੂੰ ਉਜਾਗਰ ਕਰਦੀ ਹੈ। ਰੰਗ ਬੰਦੇ ਦਾ ਜਿਉਣ ਹੁੰਦੇ ਹਨ, ਇਸ ਲਈ ਉਸ ਦੇ ਵਿਅਕਤੀਤਵ ਵਿਚ ਰੰਗਾਂ ਦੀ ਆਪਣੀ ਆਭਾ ਹੁੰਦੀ ਹੈ। ਰੰਗਾਂ ਦੀ ਚੋਣ ਵੀ ਉਮਰ ਨਾਲ ਬਦਲਦੀ ਰਹਿਦੀ ਹੈ। ਹਰ ਉਮਰ ਦਾ ਆਪਣਾ ਰੰਗ ਹੁੰਦਾ ਹੈ। ਇਨ੍ਹਾਂ ਰੰਗਾਂ ਦੇ ਵੇਗ ਵਿਚ ਉਹ ਨੱਚਦਾ ਟੱਪਦਾ ਲੁੱਡੀਆਂ ਪਾਉਂਦਾ ਹੈ। ਛੈਂਝਾਂ ਪੈਂਦੀਆਂ ਹਨ, ਮੇਲੇ ਲੱਗਦੇ ਹਨ, ਤ੍ਰਿੰਜਣਾਂ ਦੀ ਹੇਕ ਬੇਲਿਆਂ ਵਿਚ ਗੂੰਜਦੀ ਹੈ, ਢੋਲ ਦੀ ਧਮਕ 'ਤੇ ਧਮਾਲ ਪੈਂਦੀ ਹੈ। ਇਹ ਰੰਗਾਂ ਦੀ ਰਹਿਮਤ ਦਾ ਪਰਾਗਾ ਹੈ, ਜੋ ਆਪ ਮੁਹਾਰੇ ਮਨੁੱਖ ਦੀ ਝੋਲੀ ਪੈਂਦਾ ਹੈ। ਇਹ ਰੰਗਾਂ ਦਾ ਸਾਥ ਮਨੁੱਖ ਦੀ ਤੋਰ ਹੈ, ਜੋ ਉਮਰ ਭਰ ਉਸ ਨਾਲ ਸਫਰ ਕਰਦੇ ਹਨ।

ਮੈਨੂੰ ਈਦੂ ਖਾਨ ਦੇ ਬੋਲ ਸੁਣਾਈ ਦਿੰਦੇ ਹਨ, "ਜ਼ਿੰਦਗੀ ਦੇ ਰੰਗ ਸੱਜਣਾਂ, ਅੱਜ ਹੋਰ ਤੇ ਕੱਲ ਨੂੰ ਹੋਰ, ਜ਼ਿੰਦਗੀ ਦੇ ਰੰਗ ਸੱਜਣਾਂ।"

# ਸੁਖਦੇਵ ਮਾਦਪੁਰੀ ਨੂੰ ਯਾਦ ਕਰਦਿਆਂ

ਉਂਜ ਤਾਂ ਮੈਂ ਕਈ ਵਾਰੀ ਚੈਨਲ 'ਪੰਜਾਬੀ' ਦੇਖਦਾ ਰਹਿੰਦਾ ਹਾਂ, ਪਰ ਜਦੋਂ ਉਸ ਦਿਨ ਮੈਂ ਇਹ ਚੈਨਲ ਲਾਇਆ ਤਾਂ ਸੁਖਦੇਵ ਮਾਦਪੁਰੀ ਨੂੰ ਸਕਰੀਨ 'ਤੇ ਦੇਖਿਆ, ਜੋ ਆਪਣੇ ਸਾਹਿਤਕ ਜੀਵਨ ਬਾਰੇ ਗੱਲਾਂ ਕਰ ਰਿਹਾ ਸੀ। ਪ੍ਰੋਗਰਾਮ ਦਾ ਇਹ ਆਖਰੀ ਪੜਾਅ ਹੀ ਜਾਪਦਾ ਸੀ, ਬੱਸ ਇਕ-ਦੋ ਮਿੰਟ ਦਾ ਪ੍ਰੋਗਰਾਮ ਹੀ ਸੁਣ ਸਕਿਆ, ਪਰ ਦਿਲ ਅੰਦਰ ਅਜੀਬ ਜਿਹੀ ਖੁਸ਼ਬੂ ਮਹਿਸੂਸ ਹੋਈ। ਮਾਦਪੁਰੀ ਨੂੰ ਕਾਫੀ ਦੇਰ ਬਾਅਦ ਦੇਖਿਆ ਅਤੇ ਸੁਣਿਆ ਸੀ-ਕਰੀਬ ਚਾਰ ਸਾਲਾਂ ਬਾਅਦ। ਚਾਰ

**ਕਰਮਜੀਤ ਕੰਗ**
ਬੇਕਰਜ਼ਫੀਲਡ (ਕੈਲੀਫੋਰਨੀਆ)

ਕੁ ਸਾਲ ਪਹਿਲਾਂ ਮੈਂ ਦੇਸ਼ ਗਿਆ ਸਾਂ ਅਤੇ ਉਦੋਂ ਮੈਂ ਖੰਨੇ ਉਸ ਦੇ ਘਰ ਉਹਨੂੰ ਮਿਲਣ ਗਿਆ ਸਾਂ। 1985-86 ਤੋਂ ਬਾਅਦ ਇਹ ਮਿਲਣੀ ਹੋਈ ਸੀ। ਇਕ-ਦੂਜੇ ਦੇ ਦਰਸ਼ਨ-ਦੀਦਾਰ ਕਰ ਕੇ ਸ਼ਾਇਦ ਅਸੀਂ ਦੋਵੇਂ ਹੀ ਅੰਤਾਂ ਦੇ ਖੁਸ਼ ਹੋਏ ਸਾਂ। ਬਹੁਤ ਦੇਰ ਬਾਅਦ ਜੋ ਮਿਲ ਰਹੇ ਸਾਂ, ਉਹ ਵੀ ਅਚਾਨਕ! ਉਦੋਂ ਇਕੱਠਿਆਂ ਬਿਤਾਏ ਦੋ-ਤਿੰਨ ਘੰਟਿਆਂ ਦੌਰਾਨ ਅਸੀਂ ਦੋਹਾਂ ਨੇ ਆਪੋ-ਆਪਣੇ ਦਿਲ ਦੀਆਂ ਤਹਿਆਂ ਫਰੋਲੀਆਂ ਸਨ।

ਟੀ. ਵੀ. 'ਤੇ ਸੁਖਦੇਵ ਮਾਦਪੁਰੀ ਨੂੰ ਦੇਖ ਕੇ ਵ੍ਹੱਟਸਐਪ 'ਤੇ ਮੈਸਿਜ ਕੀਤਾ ਕਿ ਤੁਹਾਨੂੰ ਟੀ. ਵੀ. 'ਤੇ ਦੇਖ ਕੇ ਬਹੁਤ ਖੁਸ਼ੀ ਹੋਈ, ਪਰ ਮੈਨੂੰ ਉਸ ਮੈਸਿਜ ਦਾ ਜਵਾਬ ਨਹੀਂ ਆਇਆ, ਅਜ ਤੱਕ ਵੀ ਨਹੀਂ। ਪਹਿਲਾਂ ਤਾਂ ਕਦੀ ਇਸ ਤਰ੍ਹਾਂ ਨਹੀਂ ਸੀ ਹੋਇਆ। ਅਕਸਰ ਜਵਾਬ ਮਿਲ ਜਾਂਦਾ ਸੀ। ਫਿਰ ਸੋਚਿਆ, ਮੈਸਿਜ ਦੇਖਿਆ ਨਹੀਂ ਹੋਣਾ ਜਾਂ ਰੁਝੇਵੇਂ ਹੋਣਗੇ। ਜਦੋਂ ਮੈਂ ਉਹਨੂੰ ਮਿਲਣ ਗਿਆ ਸੀ ਤਾਂ ਦੇਖਿਆ ਸੀ, ਕੰਪਿਊਟਰ ਦੁਆਲੇ ਕਿਤਾਬਾਂ ਦੇ ਢੇਰ ਲੱਗੇ ਪਏ ਹਨ। ਦੱਸਦਾ ਸੀ, ਵਿਹਲੇ ਦਿਨ ਸਗੋਂ ਜ਼ਿਆਦਾ ਰੁਝੇਵੇਂ ਹੋ ਜਾਂਦੇ ਹਨ।

ਕੁਝ ਕੁ ਦੇਰ ਬਾਅਦ ਵ੍ਹੱਟਸਐਪ 'ਤੇ ਅਧਿਆਪਕ ਚੇਤਨ ਮੰਚ ਦੇ ਦੀਪ ਦਿਲਬਰ ਦੀ ਪੋਸਟ ਸੀ ਕਿ ਸੁਖਦੇਵ ਮਾਦਪੁਰੀ ਨਹੀਂ ਰਹੇ। ਦਿਲ ਧੱਕ ਕਰ ਕੇ ਰਹਿ ਗਿਆ! ਬੀਤੇ ਦੀਆਂ ਝਾਕੀਆਂ ਅੱਖਾਂ ਅੱਗਿਓਂ ਗੁਜ਼ਰ ਗਈਆਂ, ਬੀਤੇ ਵੇਲਿਆਂ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਦਿਮਾਗ ਦੀ ਚਰਖੜੀ ਪਿੱਛੇ ਨੂੰ ਘੁੰਮਣ ਲੱਗੀ।...

ਗੱਲ ਸ਼ਾਇਦ 1961-62 ਦੀ ਹੋਵੇ। ਸੁਖਦੇਵ ਮਾਦਪੁਰੀ ਦਾ 4-5 ਦੋਸਤਾਂ ਦਾ ਗਰੁੱਪ ਹੁੰਦਾ ਸੀ, ਜਿਨ੍ਹਾਂ ਵਿਚ ਮਾਦਪੁਰੀ, ਓਮ ਪ੍ਰਕਾਸ਼ ਅਤਰੇ (ਮਾਣੂਕੇ), ਜੋ ਬਾਅਦ ਵਿਚ ਜਗਰਾਵਾਂ ਦਾ ਮਸ਼ਹੂਰ ਐਡਵੋਕੇਟ ਬਣਿਆ ਤੇ ਐਮ. ਐਲ. ਸੀ. ਵੀ ਰਿਹਾ, ਕਰਨੈਲ ਸਿੰਘ ਈਸੜੂ (ਗੋਆ ਦਾ ਸ਼ਹੀਦ), ਭੁਪਿੰਦਰ ਸਿੰਘ ਮਾਣੂਕੇ ਅਤੇ ਦੋ-ਤਿੰਨ ਹੋਰ। ਇਹ ਸਭ ਟੀਚਰ ਸਨ, ਸ਼ਾਇਦ ਕਰਨੈਲ ਸਿੰਘ ਨੂੰ ਛੱਡ ਕੇ, ਰਾਜੇ ਕੁਲੇਵਾਰ ਦੇ ਸਕੂਲ ਵਿਚ।

ਸਾਡੇ ਬਾਪੂ ਜੀ ਜਗਜੀਤ ਸਿੰਘ ਬਾਗੀ ਪਿੰਡ ਕੋਟਲਾ ਸ਼ਮਸਪੁਰ ਤੋਂ ਸਮਰਾਲੇ ਆ ਵਸੇ ਸਨ। ਮੈਂ ਪਰਿਵਾਰ ਦਾ ਵੱਡਾ ਬੱਚਾ ਸਾਂ। ਬਾਪੂ ਜੀ ਆਜ਼ਾਦੀ ਘੁਲਾਟੀਏ ਸਨ। ਗਦਰੀ ਬਾਬਿਆਂ ਦੇ ਸੱਦੇ 'ਤੇ ਫੌਜ ਦੇ ਅਫਸਰੀ ਰੈਂਕ ਵਾਲਿਆਂ ਬਗਾਵਤ ਕਰ ਦਿੱਤੀ ਸੀ। 1942-43 ਵਿਚ ਜਦੋਂ ਇਹ ਮਹਾਰਾਜਾ ਪਟਿਆਲਾ ਦੀ ਫੌਜ ਵਿਚ ਅੰਗਰੇਜ਼ਾਂ ਵਲੋਂ ਮਿਸਰ ਵਿਚ ਲੜਨ ਗਏ ਹੋਏ ਸਨ, ਹੁਣ ਸਮਰਾਲੇ ਵਿਚ ਸਮਾਜ ਸੇਵੀ ਦੇ ਤੌਰ 'ਤੇ ਵਿਚਰ ਰਹੇ ਸਨ। ਬਾਪੂ ਜੀ ਅਗਾਂਹਵਧੂ ਸਿਆਸਤ ਦੇ ਧਾਰਨੀ ਸਨ। ਆਪਣੇ ਵਿਚਾਰਾਂ ਨੂੰ ਲੈ ਕੇ ਉਹ ਪਿੰਡ ਪਿੰਡ ਜਾਂਦੇ ਰਹਿੰਦੇ। ਮਾਦਪੁਰ ਉਹ ਬਹੁਤ ਜਾਂਦੇ ਸਨ, ਕਿਉਂਕਿ ਉਥੇ ਇਨ੍ਹਾਂ ਦੇ ਵਿਚਾਰਾਂ ਦੇ ਕਾਫੀ ਸਾਥੀ ਸਨ। ਮੀਟਿੰਗਾਂ ਹੁੰਦੀਆਂ ਸਨ, ਡਰਾਮੇ-ਕਾਨਫਰੰਸਾਂ ਵੀ ਹੁੰਦੀਆਂ ਰਹਿੰਦੀਆਂ। ਉਦੋਂ ਹੀ ਬਾਪੂ ਜੀ ਦੇ ਵਿਚਾਰਾਂ ਕਰ ਕੇ ਸੁਖਦੇਵ ਮਾਦਪੁਰੀ ਸੰਪਰਕ ਵਿਚ ਆਇਆ। ਉਹ ਵੀ ਇਨ੍ਹਾਂ ਵਿਚਾਰਾਂ ਨੂੰ ਚੰਗਾ ਸਮਝਣ ਲੱਗ ਪਿਆ ਸੀ ਅਤੇ



*ਸੁਖਦੇਵ ਮਾਦਪੁਰੀ*

ਮਨੁੱਖਤਾ ਵਿਚ ਅਮੀਰੀ-ਗਰੀਬੀ ਦੇ ਪਾੜੇ ਨੂੰ ਸਮਝਣ ਲੱਗਾ ਸੀ।

ਮਾਦਪੁਰੀ-ਅੱਤਰੇ ਹੋਰਾਂ ਦਾ ਗਰੁੱਪ ਅਕਸਰ ਸਾਡੇ ਘਰ ਬਾਪੂ ਜੀ ਕੋਲ ਆ ਕੇ ਬੈਠਦਾ, ਕਿੰਨੀ-ਕਿੰਨੀ ਦੇਰ ਬਾਪੂ ਜੀ ਆਪਣੇ ਵਿਚਾਰ ਇਨ੍ਹਾਂ ਨੂੰ ਸਮਝਾਉਂਦੇ ਰਹਿੰਦੇ, ਇਹ ਸੁਣਦੇ ਰਹਿੰਦੇ। ਮੈਂ ਹਾਲੇ ਸਮਝ ਦਾ ਕੁਝ ਕੱਚਾ ਸਾਂ।

ਸਮਾਂ ਚਲਦਾ ਰਿਹਾ, ਸਮਝ ਪੱਕਦੀ ਰਹੀ। ਫਿਰ ਪੰਜਾਬ ਵਿਚ ਲਿਖਾਰੀ ਸਭਾਵਾਂ ਦੀ ਸ਼ੁਰੂਆਤ ਹੋ ਗਈ। ਕਿੰਨੀਆਂ ਹੀ ਸਭਾਵਾਂ ਬਣ ਗਈਆਂ। ਰਾਮਪੁਰ ਦੀ ਸਭਾ ਪਹਿਲਾਂ ਬਣੀ। ਰਾਮਪੁਰ ਪਿੰਡ ਨੇ ਸਾਹਿਤ ਨੂੰ ਵੱਡੇ-ਵੱਡੇ ਸਿਤਾਰੇ ਦਿੱਤੇ-ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਮੱਲ ਸਿੰਘ ਰਾਮਪੁਰੀ, ਸੁਖਮਿੰਦਰ ਰਾਮਪੁਰੀ ਤੇ ਹੋਰ ਅਨੇਕਾਂ ਹੀ। ਪਹਿਲਾਂ ਸਭ ਰਾਮਪੁਰ ਦੀ ਸਭਾ ਵਿਚ ਇਕੱਠੇ ਹੁੰਦੇ ਸਨ; ਕਦੇ ਰਾਮਪੁਰ, ਕਦੇ ਕਟਾਣਾ ਸਾਹਿਬ, ਕਦੇ ਨੀਲੋਂ ਦਾ ਪੁਲ।

ਫਿਰ ਸਮਰਾਲੇ ਲਿਖਾਰੀ ਸਭਾ ਬਣਾਉਣ ਦਾ ਵਿਚਾਰ ਪਨਪਿਆ। ਪਹਿਲਾਂ ਨਾਂ ਰੱਖਣ ਦੀ ਗੱਲ ਚੱਲੀ ਕਿ ਨਾਂ ਪੰਜਾਬੀ ਲਿਖਾਰੀ ਸਭਾ ਹੋਵੇ ਜਾਂ ਪੰਜਾਬੀ ਸਾਹਿਤ ਸਭਾ। ਸਾਹਿਤ ਸਭਾ 'ਤੇ ਸਹਿਮਤੀ ਹੋਈ ਕਿ ਸਾਹਿਤਕਾਰ ਤੇ ਸਾਹਿਤ ਪ੍ਰੇਮੀ, ਦੋਵੇਂ ਇਕੱਠੇ ਵਿਚਰਨ। ਫਿਰ ਗੱਲ ਚੱਲੀ ਸਭਾ ਦੇ ਆਸ਼ੇ ਦੀ, 'ਕਲਾ ਕਲਾ ਲਈ' ਜਾਂ 'ਕਲਾ ਜੀਵਨ ਲਈ।' 'ਕਲਾ ਜੀਵਨ ਲਈ' 'ਤੇ ਸਹਿਮਤੀ ਹੋਈ। ਉਦੋਂ ਮੀਟਿੰਗਾਂ ਸਮਰਾਲੇ ਗੈਸਟ ਹਾਊਸ ਵਿਚ ਹੁੰਦੀਆਂ ਸਨ। ਰੈਸਟ ਹਾਊਸ ਬਹੁਤ ਖੁੱਲ੍ਹਾ-ਡੁੱਲ੍ਹਾ ਫੁੱਲਾਂ-ਬੂਟਿਆਂ ਤੇ ਦਰਖਤਾਂ ਨਾਲ ਹਰਿਆ-ਭਰਿਆ ਹੁੰਦਾ ਸੀ। ਕਿਤੇ ਵੀ ਬੈਠ ਜਾਣਾ, ਗਰਮੀਆਂ ਨੂੰ ਛਾਂ ਵਿਚ, ਤੇ ਸਰਦੀਆਂ ਨੂੰ ਧੁੱਪ ਵਿਚ।

ਸਭਾ ਦੀ ਸਿਰਜਣਾ ਕਰਨ ਵਾਲੇ ਮੋਹਰੀਆਂ ਵਿਚ ਸੁਖਦੇਵ ਮਾਦਪੁਰੀ, ਅੱਤਰੇ, ਓਮ ਪ੍ਰਕਾਸ਼ ਮੋਦਗਿਲ, ਜਗਜੀਤ ਸਿੰਘ ਬਾਸੀ, ਕੁਲਵੰਤ ਨੀਲੋਂ ਤੇ ਕਈ ਹੋਰ ਸਨ ਅਤੇ ਰਾਮਪੁਰੀਆਂ ਦਾ ਸਹਿਯੋਗ ਸੀ। ਸਾਹਿਤਕਾਰ ਤੇ ਸਾਹਿਤ ਪ੍ਰੇਮੀ ਇਕ ਥਾਂ ਇਕੱਠੇ ਹੁੰਦੇ, ਵਿਚਾਰ-ਵਟਾਂਦਰੇ ਚੱਲਦੇ, ਹਾਸੇ-ਠੱਠੇ ਗੂੰਜਦੇ, ਰੌਣਕਾਂ ਲਗਦੀਆਂ।

ਸੁਖਦੇਵ ਮਾਦਪੁਰੀ ਨੇ ਸਾਹਿਤ ਦੀ ਝੋਲੀ ਵਿਚ ਵੱਡਾ ਹਿੱਸਾ ਪਾਇਆ-ਬੱਚਿਆਂ ਦਾ ਸਾਹਿਤ, ਲੋਕ ਬੋਲੀਆਂ, ਲੋਕ ਗੀਤ ਤੇ ਹੋਰ ਬਹੁਤ ਕੁਝ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਬੱਚਿਆਂ ਦਾ ਮੈਗਜ਼ੀਨ 'ਪੰਖੜੀਆਂ' ਦਾ ਸੰਪਾਦਨ ਕੀਤਾ। ਆਖਰ ਤਕ ਸਾਹਿਤ ਦੀ ਸੇਵਾ ਕਰਦਾ ਰਿਹਾ।

ਮੇਰੀ ਸ਼ਾਦੀ 1963 ਵਿਚ ਲੁਧਿਆਣੇ ਹੋਈ ਸੀ, ਮਿਲਦੇ-ਜੁਲਦੇ ਖਿਆਲਾਂ ਵਾਲੇ ਪਰਿਵਾਰ ਵਿਚ। ਸਾਡੇ ਵਿਚੋਲੇ ਮਦਨ ਲਾਲ ਦੀਦੀ, ਸ਼ੀਲਾ ਦੀਦੀ ਤੇ ਮਹਿੰਦਰ ਵਿਰਕ (ਬਾਅਦ ਵਿਚ ਮੁਹਿੰਦਰ ਸਾਂਬਰ) ਸਨ।

ਵਿਆਹ ਮਗਰੋਂ ਸ਼ਾਮ ਨੂੰ ਸਾਡੇ ਘਰ ਸਮਰਾਲੇ ਸਵਾਗਤ ਲਈ ਪਰਿਵਾਰ, ਸਕੇ-ਸਬੰਧੀ ਤੇ ਦੋਸਤ-ਮਿੱਤਰ ਇਕੱਠੇ ਸਨ। ਸ਼ੀਲਾ ਦੀਦੀ ਅਤੇ ਮਹਿੰਦਰ ਵਿਰਕ ਨੇ ਗੀਤ ਗਾਇਆ, 'ਨੀ ਅੱਜ ਕੋਈ ਆਇਆ ਸਾਡੇ ਵਿਹੜੇ।'

ਸੁਖਦੇਵ ਮਾਦਪੁਰੀ, ਅੱਤਰੇ, ਸੁਰਜੀਤ ਖੁਰਸ਼ੀਦੀ ਨੇ ਰਲ-ਮਿਲ ਕੇ ਸਾਨੂੰ ਤੋਹਫਾ ਦਿੱਤਾ, ਜੋ ਸਦਾ ਲਈ ਸਾਡੀ ਯਾਦ ਵਿਚ ਵਸ ਗਿਆ ਹੈ। ਇਹ ਚੰਗੀ ਤਰ੍ਹਾਂ ਪੈਕ ਕੀਤਾ ਹੋਇਆ ਸੀ ਤੇ ਉਪਰ ਲਿਖਿਆ ਸੀ: ਮਿੱਤਰਾਂ ਦੀ ਲੂਣ ਦੀ ਡਲੀ, ਮਿਸ਼ਰੀ ਕਰ ਕੇ ਜਾਣੀ! ਤੋਹਫਾ ਖੋਲ੍ਹਣ ਦੀ ਉਤਸੁਕਤਾ ਸੀ, ਵੱਡੀ ਸਾਰੀ ਪੈਕਿੰਗ ਸੀ। ਪੈਕ ਖੋਲ੍ਹਿਆ ਤਾਂ ਉਸ ਵਿਚ ਪੰਘੂੜਾ ਸੀ, ਬੱਚਿਆਂ ਨੂੰ ਹੁਲਾਰੇ ਦੇਣ ਵਾਲਾ। ਸਾਡੇ ਕਿੰਨੇ ਕੰਮ ਦੀ ਚੀਜ਼ ਸੀ ਇਹ, ਤੇ ਦੇਣ ਵਾਲਿਆਂ ਦੀ ਕਿੰਨੀ ਲੰਮੀ ਸੋਚ ਸੀ! ਧੰਨਵਾਦ ਮਾਦਪੁਰੀ! ਤੁਹਾਡਾ ਇਹ ਤੋਹਫਾ ਅਤੇ ਤੁਹਾਡੇ ਕੱਦ ਜਿਹੇ ਛੋਟੇ ਜਿਹੇ ਮੂੰਹ ਵਿਚੋਂ ਨਿਕਲਦੀਆਂ ਛੋਟੀਆਂ-ਛੋਟੀਆਂ ਮਿੱਠੀਆਂ-ਮਿੱਠੀਆਂ, ਤਾਜ਼ੇ ਫੁੱਲਾਂ ਦੀ ਖੁਸ਼ਬੋ ਖਿਲਾਰਦੀਆਂ ਗੱਲਾਂ ਸਾਡੇ ਦਿਲ 'ਚੋਂ ਆਖਰੀ ਪਲ ਤਕ ਨਹੀਂ ਵਿਸਰ ਸਕਦੀਆਂ।

ਜਿਵੇਂ ਧਾਰਨਾ ਹੈ ਕਿ ਜਿੱਥੇ ਵੀ ਤੂੰ ਹੈਂ, ਸਦਾ ਧਰੂ ਦੇ ਤਾਰੇ ਵਾਂਗ ਚਮਕਦਾ ਰਹਿ।

# ਬੇਰਾਂ ਵਾਲੀ ਭੂਆ

ਮੈਨੂੰ ਬੇਰਾਂ ਵਾਲੀ ਭੂਆ ਬੜੀ ਯਾਦ ਆਉਂਦੀ ਹੈ। ਉਨ੍ਹਾਂ ਦੇ ਬੇਰਾਂ ਦੇ ਬਾਗ ਸਨ। ਬਾਗਾਂ ਦਾ ਅਸਲੀ ਮਾਲਕ ਤਾਂ ਭਾਵੇਂ ਉਨ੍ਹਾਂ ਦਾ ਤਾਇਆ ਸੀ, ਪਰ ਕਿਉਂਕਿ ਉਹ ਹਰੇਕ ਸਾਲ ਜਦੋਂ ਬੇਰ ਪੱਕਦੇ ਤਾਂ ਪੱਲੇ ਭਰ ਭਰ ਪੱਕੇ ਮਿੱਠੇ ਬੇਰ ਸਾਡੇ ਘਰ ਕਈ ਵਾਰੀ ਜਰੂਰ ਦੇਣ ਆਉਂਦੇ ਤੇ ਅਸੀਂ ਸੁਆਦ ਨਾਲ ਖਾਂਦੇ। ਬੇਰ ਬਹੁਤ ਖਟ-ਮਿਠੇ ਤੇ ਸੁਆਦੀ ਹੁੰਦੇ ਸਨ। ਭੂਆ ਬਹੁਤ ਮਿਹਨਤੀ, ਸਿਰੜੀ ਤੇ ਖਾਸ ਅਸੂਲਾਂ ਦੀ ਧਾਰਨੀ ਸੀ। ਉਸ ਨੇ ਆਪਣਾ ਸਾਰਾ ਵਿਧਵਾ ਜੀਵਨ ਪਰਪੱਕ ਅਸੂਲਾਂ ਤੇ ਨੇਮਾਂ ਨਾਲ ਗੁਜਾਰਿਆ। ਉਹ ਤਿੰਨ ਭੈਣਾਂ ਸਨ। ਉਨ੍ਹਾਂ ਦੀ ਮਾਤਾ ਦੀ ਅੱਖਾਂ ਦੀ ਲੋਅ ਤਾਂ ਪਤਾ ਨਹੀਂ ਕਦੋਂ ਦੀ ਗਈ ਹੋਈ ਸੀ, ਪਰ ਉਹ ਸੀ ਬਹੁਤ ਗੜਕੇ ਤੇ ਰੋਅਬ ਵਾਲੀ। ਉਨ੍ਹਾਂ ਦਾ ਸਕਾ ਭਰਾ ਕੋਈ ਨਹੀਂ ਸੀ। ਉਨ੍ਹਾਂ ਸਮਿਆਂ 'ਚ ਜਿਹੜੇ ਪਰਿਵਾਰ 'ਚ ਮੁੰਡਾ ਨਾ ਹੋਵੇ ਤਾਂ ਨੇੜਲੇ ਸ਼ਰੀਕ ਉਨ੍ਹਾਂ ਦੀ ਜ਼ਮੀਨ ਦੇ ਕਾਨੂੰਨੀ



**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

ਹੱਕਦਾਰ ਸਮਝੇ ਜਾਂਦੇ ਸਨ। ਕਈ ਵਾਰੀ ਤਾਂ ਸ਼ਰੀਕ ਇੰਨਾ ਜ਼ਾਲਮ ਤੇ ਬੇਗਾਨਾ ਵਤੀਰਾ ਅਖਤਿਆਰ ਕਰ ਲੈਂਦੇ ਸਨ ਕਿ ਕੁੜੀਆਂ ਨੂੰ ਉਸ ਘਰ 'ਚ ਵੜਨ 'ਤੇ ਵੀ ਪਾਬੰਦੀ ਲੱਗ ਜਾਂਦੀ ਸੀ। ਭੂਆ ਦੀ ਦੂਜੀ ਵਿਧਵਾ ਭੈਣ ਵੀ ਬਹੁਤ ਚਿਰ ਆਪਣੀ ਮਾਂ ਕੋਲ ਬੇਰਾਂ ਵਾਲੀ ਭੂਆ ਦੇ ਨਾਲ ਹੀ ਰਹੀ। ਉਹ ਵੀ ਬਹੁਤ ਤਪ-ਤੇਜ ਤੇ ਰੋਅਬ ਵਾਲੀ ਸੀ।

ਸ਼ਰੀਕਾਂ ਦਾ ਉਨ੍ਹਾਂ ਦੀ ਜ਼ਮੀਨ ਹੜੱਪ ਕੇ ਉਨ੍ਹਾਂ ਨੂੰ ਘਰੋਂ ਕੱਢਣ ਦਾ ਹੀਆ ਤਾਂ ਭਾਵੇਂ ਨਾ ਪਿਆ, ਪਰ ਉਨ੍ਹਾਂ ਨੂੰ ਉਨ੍ਹਾਂ ਦੋਹਾਂ ਵਿਧਵਾ ਭੈਣਾਂ ਦਾ ਆਪਣੀ ਮਾਂ ਕੋਲ ਰਹਿਣਾ ਹਮੇਸ਼ਾ ਹੀ ਰੜਕਦਾ ਰਿਹਾ। ਭੂਆ ਦੀ ਮਾਂ ਦਾ ਦਬਕਾ ਤੇ ਗੜ੍ਹਕਾ ਆਪਣੇ ਘਰਦਿਆਂ 'ਤੇ ਤਾਂ ਕੀ, ਸਗੋਂ ਆਂਢ-ਗੁਆਂਢ ਵੀ ਦਬਦਬਾ ਸੀ। ਸਾਡੇ ਪਰਿਵਾਰ ਨਾਲ ਖਾਸ ਕਰਕੇ ਮੇਰੇ ਬੀਬੀ ਜੀ (ਮੇਰੇ ਮਾਤਾ ਜੀ) ਨਾਲ ਬੇਰਾਂ ਵਾਲੀ ਭੂਆ ਦੇ ਸਾਰੇ ਟੱਬਰ ਦਾ ਬਹੁਤ ਪਿਆਰ ਸੀ ਤੇ ਉਹ ਤੋੜ ਤੱਕ ਨਿਭਿਆ। ਭਾਵੇਂ ਮੇਰੀ ਆਪਣੀ ਭੂਆ ਤਾਂ ਕੋਈ ਨਹੀਂ ਸੀ, ਪਰ ਉਹ ਮੈਨੂੰ ਸਕੀਆਂ ਜਿਹਾ ਪਿਆਰ ਕਰਦੀ ਸੀ। ਮੇਰੀ ਸੁਰਤ ਤੋਂ ਪਹਿਲਾਂ ਹੀ ਉਨ੍ਹਾਂ ਦੇ ਪਿਤਾ ਤੇ ਪਤੀ ਦੀ ਮੌਤ ਹੋ ਗਈ ਸੀ। ਉਨ੍ਹਾਂ ਦੀ ਮਾਤਾ ਨੇ ਹੀ ਸ਼ਰੀਕਾਂ 'ਚ ਰੜਕ ਨਾਲ ਰਹਿ ਕੇ ਤਿੰਨਾਂ ਭੈਣਾਂ ਨੂੰ ਵਿਆਹਿਆ ਵਰਿਆ, ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ-ਬੇਰਾਂ ਵਾਲੀ ਭੂਆ ਤੇ ਉਸ ਦੀ ਵੱਡੀ ਭੈਣ ਵਿਆਹ ਪਿਛੋਂ ਛੇਤੀਂ ਹੀ ਵਿਧਵਾ ਹੋ ਗਈਆਂ।

ਪਿੰਡਾਂ 'ਚ ਪੰਡੇ (ਜੋਤਿਸ਼ੀ) ਆਮ ਗਸ਼ਤ ਕਰਨ ਆਇਆ ਕਰਦੇ ਸਨ, ਕੁਝ ਹਰਿਦਵਾਰ ਤੋਂ ਤੇ ਕੁਝ ਹੋਰ ਦੂਰੋਂ ਨੇੜਿਓਂ। ਇੱਕ ਵਾਰੀ ਇੱਕ ਪੰਡਾ ਬੇਰਾਂ ਵਾਲੀ ਭੂਆ ਦੇ ਘਰ ਆਇਆ। ਉਨ੍ਹਾਂ ਦਾ ਘਰ ਪਿੰਡ ਦੇ ਗੱਭੇ ਬਹੁਤ ਉਚੀ ਥਾਂ ਮਹਿਲ ਨੁਮਾ ਤਿੰਨ ਮੰਜ਼ਿਲਾ ਪੱਕਾ ਘਰ ਸੀ। ਉਸ ਦੀ ਉਚਾਈ ਇੰਨੀ ਸੀ ਕਿ ਪਿੰਡ ਦੇ ਚਾਰ ਚੁਫੇਰੇ ਚਾਰ-ਚਾਰ ਮੀਲ ਤੋਂ ਉਨ੍ਹਾਂ ਦੀ ਤੀਜੀ ਮੰਜ਼ਿਲ ਦਿਸਿਆ ਕਰਦੀ ਸੀ। ਸਾਂਝੀ ਡਿਉਢੀ ਦੇ ਬਾਹਰਲੇ ਦਰਵਾਜੇ 'ਤੇ ਬਹੁਤ ਮੀਨਾਕਾਰੀ ਕੀਤੀ ਹੋਈ ਸੀ। ਬਹੁਤ ਮੋਟੀ ਪੱਕੀ ਲੱਕੜ ਦੀ ਚੌਗਾਠ ਦੀਆਂ ਬਾਰਾਂ ਇੰਚ ਅਕਾਰ ਦੀਆਂ ਸਾਖਾਂ ਦਾ ਕੋਨਾ ਕੋਨਾ ਮੀਨਾਕਾਰੀ ਨਾਲ ਜੜਿਆ ਤੇ ਜਕੜਿਆ ਪਿਆ ਸੀ। ਚੌਗਾਠ ਦੇ ਉਪਰ ਗੱਭੇ ਗੁਰੂ ਨਾਨਕ ਦੇਵ ਜੀ ਦੀ ਲੱਕੜ 'ਚ ਹੀ ਤਰਾਸ਼ੀ ਹੋਈ ਬਹੁਤ ਸੁੰਦਰ ਤਸਵੀਰ ਸੀ। ਬਹੁਤ ਭਾਰੀ ਪੱਕੀ ਲੱਕੜ ਦੇ ਲੋਹੇ ਨਾਲ ਜੜੇ ਭਾਰੇ ਭਾਰੇ ਦਰਵਾਜੇ ਸਨ। ਇੱਕ ਵਾਰੀ ਇੱਕ ਪੰਜਾਬੀ ਫਿਲਮ ਦੀ ਸੂਟਿੰਗ ਲਈ ਉਨ੍ਹਾਂ ਦੇ ਘਰ ਦੀ ਉਪਰਲੀ ਮੰਜ਼ਿਲ ਨੂੰ ਪਿੰਡ ਦਾ ਕੋਈ ਦ੍ਰਿਸ਼ ਲੈਣ ਲਈ ਵੀ ਵਰਤਿਆ ਗਿਆ ਸੀ। ਮੈਨੂੰ ਮਾੜਾ ਜਿਹਾ ਯਾਦ ਹੈ ਕਿ ਅਸਾਂ ਨਿਆਣਿਆਂ ਬਾਹਰ ਖੇਡਦਿਆਂ ਦੇਖਿਆ ਕਿ ਇੱਕ ਕੈਮਰਾਮੈਨ, ਫਿਲਮੀ ਕੈਮਰੇ ਨੂੰ ਟਰਾਈ ਪੌਡ 'ਤੇ ਰੱਖ ਇੱਧਰ ਉਧਰ ਘੁਮਾ ਰਿਹਾ ਸੀ; ਸ਼ਾਇਦ ਉਹ ਉਥੋਂ ਪਿੰਡ ਦਾ ਕੋਈ ਖਾਸ ਦ੍ਰਿਸ਼ ਫਿਲਮ ਲਈ ਕੈਮਰਾ ਬੰਦ ਕਰ ਰਿਹਾ ਹੋਵੇ।

ਹਾਂ! ਪੰਡੇ ਨੇ ਬੇਰਾਂ ਵਾਲੀ ਭੂਆ ਦੀ ਵੱਡੀ ਭੈਣ ਦਾ ਹੱਥ ਦੇਖਿਆ; ਜੋਤਿਸ਼ੀ ਹੱਥ ਦੇਖ ਕੇ ਹੱਥ 'ਤੇ ਪਈਆਂ ਲਕੀਰਾਂ ਤੇ ਰੇਖਾਵਾਂ ਨੂੰ ਵੇਖ, ਗਿਣਤੀਆਂ ਮਿਣਤੀਆਂ ਲਾ ਆਪਣਾ ਵਿਚਾਰ ਦੱਸਦੇ ਹੁੰਦੇ ਸਨ। ਕਿਸਮਤ ਕਿਹੋ ਜਿਹੀ ਹੈ? ਆਉਣ ਵਾਲਾ ਸਮਾਂ ਕਿਹੋ ਜਿਹਾ ਹੋਏਗਾ? ਕਿੰਨੇ ਬੱਚੇ ਪੈਦਾ ਹੋਣਗੇ? ਕਿੰਨੇ ਪੈਸੇ ਕਦੋਂ ਮਿਲਣਗੇ ਇਤਿਆਦਿ। ਵੱਡੀ ਭੂਆ ਦਾ ਹੱਥ ਫੜ ਕੇ ਪੰਡਾ ਬੈਠਾ ਆਪਣੀਆਂ ਗਿਣਤੀਆਂ ਮਿਣਤੀਆਂ ਸੇਧ ਰਿਹਾ ਸੀ। ਆਲੇ ਦੁਆਲੇ ਸਾਰੇ ਘਰ ਦੀਆਂ ਬੁੜੀਆਂ ਦਾ ਝੁਰਮਟ ਲੱਗਾ ਹੋਇਆ ਤੇ ਆਂਢ-ਗੁਆਂਢ ਦੀਆਂ ਕੁੜੀਆਂ ਚਿੜੀਆਂ ਵੀ ਇਕੱਤਰ ਹੋ ਗਈਆਂ। ਭੂਆ ਦੀ ਮਾਤਾ ਨੂੰ ਅੱਖਾਂ ਦੀ ਲੋਅ ਨਾ ਹੋਣ ਕਾਰਨ ਤੁਰਨ ਤੇ ਟੋਹਣ ਵਾਸਤੇ ਸੋਟੀ ਦਾ ਸਹਾਰਾ ਲੈਣਾ ਪੈਂਦਾ ਸੀ, ਇਸ ਕਰਕੇ ਉਸ ਦੇ ਕੋਲ ਹਮੇਸ਼ਾ ਹੀ ਬਹੁਤ ਨਿੱਗਰ ਬਾਂਸ ਦੀ ਉਚੀ ਭਾਰੀ ਖੂੰਡੀ ਹੁੰਦੀ ਸੀ। ਮਹਿਲਾਂ ਜਿਹੀ ਹਵੇਲੀ ਵਰਗੇ ਘਰ ਦੇ ਚਾਰ ਚੁਫੇਰੇ ਛਤਾਈ, ਮੁਹਰੇ ਬਰਾਂਡੇ ਤੇ ਵਿਚਾਲੇ ਖੁੱਲ੍ਹਾ ਪੱਕਾ ਵਿਹੜਾ, ਜਿੱਥੇ ਪੰਡੇ ਦੁਆਲੇ ਬੁੜੀਆਂ ਦਾ ਹਜੂਮ ਇਕੱਠਾ ਹੋਇਆ ਹੋਇਆ ਸੀ। ਇਸ ਹਵੇਲੀ ਨੁਮਾ ਘਰ 'ਚ ਤਿੰਨ ਪਰਿਵਾਰਾਂ ਦਾ ਨਿਵਾਸ ਸੀ। ਦੋ ਬੇਰਾਂ ਵਾਲੀ ਭੂਆ ਦੇ ਤਾਇਆਂ ਦੇ ਟੱਬਰ ਤੇ ਇੱਕ ਤਿਹਾਈ ਹਿੱਸੇ 'ਚ ਭੂਆ ਹੋਰੀਂ ਆਪਣੀ ਸ਼ੇਰ ਮਾਂ ਨਾਲ ਰਹਿੰਦੀਆਂ ਸਨ। ਸਾਰੀਆਂ ਘਰ ਦੀਆਂ ਤੇ ਆਂਢ-ਗੁਆਂਢ ਦੀਆਂ ਬੁੜੀਆਂ ਦੇ ਝੁਰਮਟ 'ਚ ਬੈਠਾ ਪੰਡਾ ਵੱਡੀ ਭੂਆ ਦਾ ਹੱਥ ਦੇਖ ਆਪਣੀਆਂ ਕਿਆਸ ਅਰਾਈਆਂ ਲਾ ਕਹਿਣ ਲੱਗਾ ਕਿ ਬੀਬੀ ਤੇਰੇ ਤਿੰਨ ਮੁੰਡੇ ਹੋਣਗੇ। ਇਹ ਸੁਣਦੇ ਸਾਰ ਹੀ ਭੂਆ ਦੀ ਮਾਤਾ ਨੂੰ ਐਸਾ ਰੋਹ ਚੜ੍ਹਿਆ ਕਿ ਉਸ ਆਪਣੀ ਭਾਰੀ ਖੂੰਡੀ ਚੁੱਕ ਪੰਡੇ ਦੇ ਜੜਨ ਲਈ ਉਲਾਰੀ ਤੇ ਨਾਲੇ ਮੋਟੀ ਸਾਰੀ ਕੱਢੀ ਗਾਲ੍ਹ। ਪੰਡਾ ਝਟਾ ਝੱਟ ਆਪਣਾ ਚੂੰਡਰ ਪੋਲਾ ਹੋਣ ਤੋਂ ਡਰਦਾ ਆਪਣੀ ਡਫਲੀ ਚੁੱਕ, ਵੱਡੀ ਭੂਆ ਦਾ ਹੱਥ ਵਿੱਚੇ ਹੀ ਛੱਡ ਡਿਉਢੀ ਵਲ ਨੂੰ ਭੱਜ ਤੁਰਿਆ। ਅੱਗੇ ਅੱਗੇ ਪੰਡਾ ਤੇ ਮਗਰ ਮਗਰ ਭੂਆ ਦੀ ਮਾਂ ਪੰਡੇ ਦੇ ਖੂੰਡਾ ਜੜਨ ਲਈ ਹੋ ਤੁਰੀ। ਮਸਾਂ ਪੰਡਾ ਆਪਣੀ ਜਾਨ ਬਚਾ ਐਸਾ ਭੱਜਿਆ ਕਿ ਕਈ ਸਾਲ



ਮੁੜ ਪਿੰਡ ਨਹੀਂ ਵੜਿਆ। ਇਥੇ ਇਹ ਦੱਸ ਦੇਣਾ ਜਰੂਰੀ ਹੈ ਕਿ ਜਿਸ ਭੂਆ ਦਾ ਹੱਥ ਪੰਡਾ ਦੇਖ ਰਿਹਾ ਸੀ, ਉਸ ਨੂੰ ਵਿਧਵਾ ਹੋਈ ਨੂੰ ਦਸ ਸਾਲ ਤੋਂ ਉਪਰ ਸਮਾਂ ਹੋ ਗਿਆ ਸੀ; ਤੇ ਉਹ ਆਪਣੀ ਮਾਂ ਕੋਲ ਬੇਰਾਂ ਵਾਲੀ ਭੂਆ ਦੇ ਨਾਲ ਹੀ ਰਹਿੰਦੀ ਸੀ। ਇੱਜਤ ਆਬਰੂ ਨਾਲ ਆਪਣੀਆਂ ਦੋਹਾਂ ਜੁਆਨ ਵਿਧਵਾ ਧੀਆਂ ਨੂੰ ਆਪਣੇ ਖੰਭਾਂ ਦੀ ਬੁੱਕਲ 'ਚ ਲਈ ਬੈਠੀ ਮਾਂ ਨੂੰ ਇਹ ਗੱਲ ਕਿਸੇ ਪੱਖੋਂ ਵੀ ਨਹੀਂ ਸੀ ਭਾਉਂਦੀ ਕਿ ਉਸ ਦੇ ਤਿੰਨ ਮੁੰਡੇ ਕਿਵੇਂ ਹੋ ਸਕਦੇ ਹਨ? ਉਹ ਤਾਂ ਵਿਧਵਾ ਹੈ!

ਸਾਲਾਂ ਬੱਧੀ ਡਰਦਾ ਪੰਡਾ ਪਿੰਡ ਨਾ ਵੜਿਆ, ਤੇ ਜਦੋਂ ਕਈ ਸਾਲਾਂ ਪਿਛੋਂ ਪਿੰਡ ਆਇਆ ਤਾਂ ਪਤਾ ਲੱਗਾ ਕਿ ਸਬੱਬੀਂ ਉਸ ਬੇਰਾਂ ਵਾਲੀ ਭੂਆ ਦੀ ਵੱਡੀ ਭੈਣ ਦਾ ਸੰਜੋਗ ਉਘੜਿਆ, ਉਸ ਦਾ ਮੁੜ ਵਿਆਹ ਕਰ ਦਿੱਤਾ; ਉਸ ਦੇ ਸੱਚੀਂ ਤਿੰਨ ਮੁੰਡੇ ਹੀ ਹੋਏ। ਬੇਰਾਂ ਵਾਲੀ ਭੂਆ ਵੀ ਜਦੋਂ ਚੜ੍ਹਦੀ ਵਰੇਸੇ ਵਿਧਵਾ ਹੋਈ ਤਾਂ ਉਸ ਦੇ ਦੋ ਛੋਟੇ ਛੋਟੇ ਮੁੰਡੇ ਸਨ, ਜਿਨ੍ਹਾਂ ਸਾਰੀ ਉਮਰ ਆਪਣੇ ਨਾਨਕੀਂ ਹੀ ਬਿਤਾਈ। ਆਪਣੇ ਸ਼ਰੀਕ ਮਾਮਿਆਂ ਨਾਲ, ਕਈ ਵਾਰੀ ਕਈ ਤਰ੍ਹਾਂ ਦੇ ਅੜਿੱਕੇ ਫੜਿੱਕੇ ਹੋਣ ਦੇ ਬਾਵਜੂਦ ਸਮਾਂ ਕੱਢਿਆ।

ਸਾਡੇ ਪਰਿਵਾਰ ਨਾਲ ਬਣਿਆ ਸਨੇਹ ਪੰਜਵੀਂ ਪੀੜ੍ਹੀ ਤੱਕ ਵੀ ਤਰੋ ਤਾਜ਼ਾ ਨਿਭ ਰਿਹਾ ਹੈ। ਇਹ ਬੇਰਾਂ ਵਾਲੀ ਭੂਆ ਦੇ ਨੇਮਬੱਧ ਜੀਵਨ ਦਾ ਔਖੀ ਕੁਠਾਲੀ ਵਿਚ ਦੀ ਹੰਢ ਕੇ ਨਿਕਲਿਆ ਹੋਣ ਕਰਕੇ ਤੇ ਉਸ ਦੀ ਸੁਚੱਜੀ ਜੀਵਨ ਸੇਧ ਕਰਕੇ ਹੀ ਨਿਭਿਆ। ਆਪਣੇ ਤਾਇਆਂ ਦੇ ਬਰਾਬਰ ਆਪਣੇ ਹਿੱਸੇ ਦੀ ਜ਼ਮੀਨ ਨੂੰ ਆਪ ਵਾਹਿਆ, ਵੱਢਿਆ ਤੇ ਸ਼ਰੀਕਾਂ ਦੇ 'ਚ ਘਸ ਘਸ ਕੇ ਸਾਂਭਿਆ। ਕਿਸੇ ਦੇ ਹੱਕ 'ਤੇ ਨਿਗ੍ਹਾ ਨਹੀਂ ਰੱਖੀ ਤੇ ਆਪਣਾ ਹੱਕ ਛੱਡਿਆ ਨਹੀਂ। ਵਿਧਵਾ ਮਾਂ ਦਾ ਸ਼ੇਰਨੀਆਂ ਵਾਂਗ, ਵਿਧਵਾ ਭੈਣਾਂ ਨੇ ਸਾਥ ਦਿੱਤਾ-ਅਣਖ ਇੱਜਤ ਨਾਲ ਜੀਵਨ ਬਸਰ ਕੀਤਾ। ਇਹ ਕੁਝ ਮਿਸਾਲਾਂ ਹਨ, ਜਿਨ੍ਹਾਂ ਨੂੰ ਯਾਦ ਕਰਕੇ ਤੁਹਾਨੂੰ ਸੇਧ ਵੀ ਮਿਲਦੀ ਹੈ ਤੇ ਪੁਰਾਣੀਆਂ ਨਿਭਦੀਆਂ ਆ ਰਹੀਆਂ ਸਾਂਝਾਂ ਦੀਆਂ ਯਾਦਾਂ ਵੀ ਤਾਜ਼ਾ ਹੁੰਦੀਆਂ ਹਨ।

ਇੱਕ ਹੋਰ ਬਿਰਤਾਂਤ ਬੇਰਾਂ ਵਾਲੀ ਭੂਆ ਬਾਰੇ ਦੱਸਣਾ ਜਰੂਰੀ ਹੈ, ਜਿਸ ਬਿਨਾ ਇਹ ਸਾਰੀ ਕਹਾਣੀ ਅਧੂਰੀ ਰਹੇਗੀ। ਪੋਹ ਮਾਘ ਦਾ ਮਹੀਨਾ ਸੀ, ਡਾਢੀ ਸਰਦੀ ਸੀ ਤੇ ਪੱਛੋਂ ਦੀ ਠੰਡੀ ਹਵਾ ਦਾ ਠੱਕਾ ਵਗਦਾ ਸੀ। ਲੌਢੇ ਵੇਲੇ ਦਾ ਸਮਾਂ ਸੀ ਤਾਂ ਪਤਾ ਲੱਗਾ ਕਿ ਛਿੰਦਾ ਸੁਰਗਵਾਸ ਹੋ ਗਿਆ। ਭੂਆ ਆਪਣੀ ਵੱਡੀ ਭੈਣ ਦੇ ਗਈ ਹੋਈ ਸੀ। ਪਤਾ ਲਗਦੇ ਸਾਰ ਹੀ ਮੈਂ ਭਾਰੀ ਕੋਟੀ ਪਾ, ਖੇਸੀ ਦੀ ਬੁੱਕਲ ਮਾਰ ਸਾਈਕਲ 'ਤੇ ਭੂਆ ਨੂੰ ਲੈਣ ਤੁਰ ਪਿਆ। ਮੂਹਰਿਓਂ ਵਗਦੀ ਠੰਡੀ ਪੱਛੋਂ ਦੀ ਹਵਾ ਸਰੀਰ ਨੂੰ ਸੁੰਨ ਕਰ ਰਹੀ ਸੀ। ਵਾਹੋ ਦਾਹੀ ਸਾਈਕਲ ਚਲਾਉਂਦਾ ਸੂਰਜ ਛਿਪਦੇ ਨੂੰ ਵੱਡੀ ਭੂਆ ਦੇ ਘਰ ਪੁੱਜ ਗਿਆ ਤਾਂ ਪਤਾ ਲੱਗਾ ਕਿ ਭੂਆ ਤਾਂ ਅੱਗੇ ਖੂਹ 'ਤੇ ਗਈ ਹੋਈ ਹੈ। ਖੂਹ ਪਿੰਡ ਤੋਂ ਕੋਈ ਮੀਲ ਕੁ ਦੀ ਦੂਰੀ 'ਤੇ ਸੀ; ਉਨ੍ਹੀਂ ਪੈਰੀਂ ਬਿਨਾ ਕੁਝ ਖਾਧੇ-ਪੀਤੇ ਸਿੱਧਾ ਖੂਹ 'ਤੇ ਪੁੱਜਾ ਤਾਂ ਦੱਸਿਆ ਕਿ ਭੂਆ ਜੀ ਪਿੰਡ ਚੱਲਣਾ ਹੈ, ਛਿੰਦਾ ਬਿਮਾਰ ਹੋ ਗਿਆ। ਭੂਆ ਪੁੱਛੇ ਕਿ ਕੀ ਗੱਲ ਹੋਈ? ਮੇਰੇ ਮੂੰਹੋਂ ਉਤਰ ਕੋਈ ਨਿਕਲੇ ਨਾ, ਸਿਰਫ ਇਹੀ ਕਹਾਂ ਕਿ ਕੁਝ ਢਿੱਲਾ ਹੋ ਗਿਆ। ਭੂਆ ਨੇ ਆਪੇ ਹੀ ਲੱਖਣ ਲਾ ਕੇ ਕਿਹਾ ਕਿ ਕਿਤੇ ਸ਼ਰਾਬੀ ਹੋਇਆ ਡਿਗ ਪਿਆ ਹੋਣਾ; ਅੱਗੇ ਵੀ ਸ਼ਰਾਬ ਪੀ ਕੇ ਡਿਗਿਆ ਕਈ ਵਾਰੀ ਚੁੱਕ ਕੇ ਘਰ ਲਿਆਉਣਾ ਪੈਂਦਾ ਸੀ।

ਖੂਹ ਤੋਂ ਹੀ ਭੂਆ ਨੂੰ ਸਾਈਕਲ ਦੀ ਪਿਛਲੀ ਸੀਟ (ਕੈਰੀਅਰ) 'ਤੇ ਬਿਠਾ, ਘਰ ਆ ਝੋਲਾ ਚੁੱਕ ਸਿੱਧੇ ਪਿੰਡ ਨੂੰ ਮੋੜੇ ਲਾ ਲਏ। ਠੰਢ ਵੀ ਕਹੇ ਕਿ ਮੈਂ ਹੀ ਹਾਂ। ਮੁੜਦਿਆਂ ਸਾਈਕਲ ਚਲਾਉਣਾ ਹੋਰ ਵੀ ਔਖਾ ਸੀ, ਇੱਕ ਤਾਂ ਸਵਾਰੀ ਦੂਹਰੀ, ਦੂਜਾ ਘੁੱਪ ਹਨੇਰਾ। ਆਖਿਰ ਪੰਦਰਾਂ ਮੀਲ ਦੀ ਵਾਟ ਵੱਢ ਕੇ ਜਦੋਂ ਪਿੰਡ ਦੀ ਜੂਹ 'ਚ ਵੜੇ ਤਾਂ ਰਾਤ ਦੇ ਗਿਆਰਾਂ ਵੱਜ ਚੁੱਕੇ ਸਨ। ਪਿੰਡ ਵੜਦਿਆਂ ਹੀ ਬਾਹਰ ਵਾਰ ਸਿਵੇ ਸਨ। ਸਿਵਾ ਬਲਦਾ ਦੇਖ ਭੂਆ ਕਹਿੰਦੀ ਕੌਣ ਮਰ ਗਿਆ? ਮੈਂ ਦੱਬੀ ਅਵਾਜ਼ 'ਚ ਕਿਹਾ, "ਪਤਾ ਨ੍ਹੀਂ, ਭੂਆ ਜੀ।"

ਆਪਣੇ ਘਰ ਪਹੁੰਚ ਭੂਆ ਨੂੰ ਰੋਟੀ ਪਾਣੀ ਖੁਆ, ਆਪਣੇ ਬੀਜੀ ਨੂੰ ਨਾਲ ਲੈ ਭੂਆ ਦੇ ਘਰ ਨੂੰ ਜਾਂਦਿਆਂ ਮੇਰੇ ਬੀਬੀ ਜੀ ਨੇ ਜੇਰਾ ਕਰਕੇ ਦੱਸਿਆ ਕਿ ਆਪਣਾ ਛਿੰਦਾ ਪੂਰਾ ਹੋ ਗਿਆ ਅੱਜ; ਉਸ ਨੂੰ ਦਾਗ ਵੀ ਸ਼ਾਮ ਹੀ ਦੇ ਦਿੱਤਾ, ਮਤਾਂ ਕੋਈ ਮੂੰਹ ਮਾਰੇ ਕਿ ਕਿਵੇਂ ਮਰਿਆ ਤੇ ਪੁਲਿਸ ਲਾਸ਼ ਦੀ ਚੀਰ ਫਾੜ ਕਰਕੇ ਖੱਜਲ ਖੁਆਰ ਕਰੇ। ਮੇਰੇ ਬੀਬੀ ਜੀ ਦੀ ਇਹ ਗੱਲ ਸੁਣ ਕੇ ਭੂਆ ਨੇ ਲੰਬਾ ਹਉਕਾ ਲਿਆ ਤੇ ਬੋਲੀ, 'ਅੱਛਾ! ਉਸ ਦਾ ਭਾਣਾ।' ਕੋਈ ਹਾਈ ਕਲੱਪ ਨਹੀਂ ਕੀਤਾ, ਕੋਈ ਕੀਰਨੇ ਨਹੀਂ ਪਾਏ, ਸਬਰ ਦਾ ਘੁੱਟ ਭਰ ਸੰਤੋਖ ਕਰ ਲਿਆ। ਗੱਭਰੂ ਪੁੱਤ ਮਰ ਜਾਏ ਤੇ ਮਾਂ ਦਾ ਕਲੇਜਾ ਪੁੱਛਿਆ ਹੀ ਜਾਣੀਏ! ਇਸ ਭੂਆ ਨੇ ਸਾਰੀ ਜ਼ਿੰਦਗੀ ਇਮਤਿਹਾਨਾਂ 'ਚ ਹੀ ਕੱਢੀ ਤੇ ਛਿੰਦੇ ਦੀ ਮੌਤ ਨੂੰ ਵੀ ਇੱਕ ਹੋਰ ਕਠਿਨ ਪ੍ਰੀਖਿਆ ਸਮਝ, ਅੱਗੇ ਵਾਂਗ ਹੀ ਭਾਣੇ 'ਤੇ ਭਾਣਾ ਮੰਨਦੀ ਆਈ ਨੇ, ਇੱਕ ਹੋਰ ਮੰਨ ਲਿਆ। ਇਹੋ ਜਿਹੀ ਸੀ ਉਹ ਮੇਰੀ ਬੇਰਾਂ ਵਾਲੀ ਭੂਆ, ਜਿਸ ਨੇ ਸਾਰੀ ਜ਼ਿੰਦਗੀ ਹਰ ਉਸ ਮਿਹਨਤੀ, ਦ੍ਰਿੜ, ਪਰਪੱਕ ਇਰਾਦੇ ਵਾਲੇ ਤੇ ਆਪਣੇ ਅਸੂਲਾਂ ਦੇ ਧਾਰਨੀ ਇਨਸਾਨਾਂ ਵਾਂਗ ਗੱਭਰੂ ਪੁੱਤ ਦੀ ਮੌਤ ਨੂੰ ਵੀ ਖਿੜੇ ਮੱਥੇ ਸਵੀਕਾਰ ਕਰ ਲਿਆ।

# "ਤੇਰੇ ਜਾਣ ਮਗਰੋਂ..." ਅਲਵਿਦਾ ਬੈਂਸ ਸਾਹਿਬ!

## ਸ਼ਰਧਾਂਜਲੀ

ਉਸਤਾਦ ਗਜ਼ਲਗੋ/ਸ਼ਾਇਰ ਤੇ ਬਹੁਤ ਹੀ ਨਿੱਘੀ ਸ਼ਖਸੀਅਤ ਸਿਆਟਲ ਵਾਸੀ ਸ. ਹਰਭਜਨ ਸਿੰਘ ਬੈਂਸ ਸਦੀਵੀ ਵਿਛੋੜਾ ਦੇ ਗਏ ਹਨ। ਬਜੁਰਗ ਅਵਸਥਾ ਵਿਚ ਸਨ ਅਤੇ ਸਿਹਤ ਵੀ ਠੀਕ ਨਹੀਂ ਸੀ ਰਹਿੰਦੀ।

ਬਹੁਤ ਹੀ ਸੰਵੇਦਨਸ਼ੀਲ ਇਨਸਾਨ ਅਤੇ

**ਇੰਦਰਮੋਹਨ ਸਿੰਘ ਛਾਬੜਾ**

ਬਹੁਤ ਹੀ ਮਜ਼ਾਕੀਆ ਸੁਭਾਅ ਦੇ ਮਾਲਕ ਸਨ। ਸਾਡੇ ਪਿੰਡ ਪੜ੍ਹਾਉਂਦੇ ਵੀ ਰਹੇ ਅਤੇ 'ਚੜ੍ਹਦੀ ਕਲਾ' ਅਖਬਾਰ ਦੇ ਸੰਪਾਦਕ ਵੀ ਰਹੇ।

ਕੁਝ ਸਾਲ ਪਹਿਲਾਂ ਉਮਰ ਦੇ ਢਲਦੇ ਪਹਿਰ ਖੂੰਡੀ ਫੜ੍ਹ ਕੇ ਅਖਬਾਰ 'ਚੜ੍ਹਦੀ ਕਲਾ' ਦੇ ਦਫਤਰ ਪਧਾਰੇ ਤਾਂ ਮੈਂ ਸਹਿਜ ਸੁਭਾਅ ਆਖਿਆ, "ਅੰਕਲ ਜੀ, ਖੂੰਡੀ ਫੜ੍ਹ ਲਈ?"

ਕਹਿੰਦੇ, "ਬਹੁਤੇ ਬੰਦਿਆਂ ਦਾ ਜ਼ਿੰਦਗੀ 'ਚ ਦੋ ਵਾਰ ਵਿਆਹ ਹੁੰਦਾ, ਇੱਕ ਵਾਰ ਜਵਾਨੀ ਵੇਲੇ ਪਤਨੀ ਨਾਲ ਤੇ ਦੂਜਾ ਬੁਢਾਪੇ 'ਚ ਖੂੰਡੀ ਨਾਲ...।" ਤੇ ਨਾਲ ਹੀ ਆਪਣਾ ਹੀ ਲਿਖਿਆ ਇਕ ਸ਼ੇਅਰ ਅਰਜ਼ ਕੀਤਾ,

"ਏਡੇ ਪੁਖਤਾ ਕਦਮ ਜਰਾ ਦੇ (ਬੁਢਾਪੇ ਦੇ)
ਆਵੇ, ਤੋੜ ਨਿਭਾਵੇ,
ਬਚਪਨ ਵਾਂਗ ਨਾ ਹੋਵੇ ਗਾਇਬ
ਜੋਬਨ ਵਾਂਗ ਖਰੇ ਨਾ।"

ਮੈਂ ਪੁੱਛਿਆ, "ਸਮਾਂ ਕਿੱਦਾਂ ਲੰਘਦਾ ਫੇਰ



*ਹਰਭਜਨ ਸਿੰਘ ਬੈਂਸ*

ਹੁਣ?"

ਕਹਿੰਦੇ, "ਬੱਸ ਸੜਕ 'ਤੇ ਘਰ ਆ, ਕਾਰਾਂ ਦੇਖਦਾ ਰਹਿਨਾਂ, ਪਹਿਲਾਂ ਲਾਲ ਗਿਣਨ ਲੱਗ ਪੈਨਾਂ, 100 ਗਿਣਨ ਪਿਛੋਂ ਫੇਰ ਕਾਲੀਆਂ, ਫੇਰ ਨੀਲੀਆਂ, ਫੇਰ ਚਿੱਟੀਆਂ...। ਬੱਸ ਇੱਦਾਂ ਹੀ ਗਿਣਤੀਆਂ-ਮਿਣਤੀਆਂ 'ਚ ਦਿਹਾੜੀ ਲੰਘ ਜਾਂਦੀ ਆ।

ਉਨ੍ਹਾਂ ਦੀਆਂ ਲਿਖਤਾਂ ਇੱਕ ਤੋਂ ਵਧ ਕੇ ਇੱਕ ਸਨ, ਪਰ ਇਹ ਹੇਠਲੀ ਉਨ੍ਹਾਂ ਦੀ ਸ਼ਾਹਕਾਰ ਰਚਨਾ ਸੀ,

ਕਈ ਚੇਤ ਗੁਜ਼ਰੇ ਤੇ ਸਾਵਣ ਵੀ ਆਏ
ਇਹ ਦਿਲ ਨਹੀਂ ਖਲੋਇਆ ਤੇਰੇ ਜਾਣ ਮਗਰੋਂ।
ਤੂੰ ਆਵੇਂ ਤਾਂ ਨਹਿਰਾਂ, ਚੁਰਾਹਿਆਂ ਨੇ ਦੱਸਣੈ
ਕਿ ਕੀ ਕੀ ਹੈ ਹੋਇਆ ਤੇਰੇ ਜਾਣ ਮਗਰੋਂ।

ਇਹ ਗਲੀਆਂ ਨੇ ਰੋਈਆਂ,
ਇਹ ਕੰਧਾਂ ਵੀ ਰੋਈਆਂ,
ਤੇ ਥੜ੍ਹਿਆਂ ਦੀ ਰੌਣਕ ਨੂੰ ਡੱਸ ਗਈ ਉਦਾਸੀ,
ਇਹ ਦਿਲ ਜੋ ਰਿਹਾ ਏ ਸਦਾ ਗੁਣਗੁਣਾਉਂਦਾ
ਸੁਭਾ ਸ਼ਾਮ ਰੋਇਆ ਤੇਰੇ ਜਾਣ ਮਗਰੋਂ।

ਉਹ ਰੁੱਤਾਂ ਨਾ ਮੁੜੀਆਂ,
ਉਹ ਮੌਸਮ ਨਾ ਪਰਤੇ,
ਤੇ ਬਾਗਾਂ 'ਚ ਸੁਣਦੇ ਨੇ ਨਗਮੇ ਉਦਾਸੇ,
ਸੁਰਾਂ ਨੇ ਵੀ ਮੇਰੇ ਨਾ ਪੋਟੇ ਪਛਾਣੇ,
ਜਦੋਂ ਸਾਜ਼ ਛੋਹਿਆ ਤੇਰੇ ਜਾਣ ਮਗਰੋਂ।

ਤੇਰੀ ਪੈੜ ਸੁੰਘਦੇ ਨੇ ਗਦਰੇ ਤੇ ਸਾਵੇ,
ਤੇ ਸੁੱਕ'ਗੇ ਬਰੋਟੇ ਤੇਰੀ ਦੀਦ ਬਾਝੋਂ
ਹੈ ਨੱਚਦੀ ਚੁਫੇਰੇ ਸਦਾ ਮੌਤ ਅੱਜ ਕੱਲ੍ਹ,
ਹੈ ਜੀਵਨ ਖਲੋਇਆ ਤੇਰੇ ਜਾਣ ਮਗਰੋਂ।

ਇਹ ਅਮਨਾਂ ਦੇ ਰਾਖੇ, ਇਹ ਲੋਕਾਂ ਦੇ ਮੋਢੀ,
ਬੜਾ ਨਾਜ਼ ਕਰਦੇ ਨੇ ਦੇ ਦੇ ਤਸੀਹੇ,
ਹੈ ਚੁਣ ਚੁਣ ਕੇ ਮਾਰੀ ਬੇਦੋਸ਼ੀ ਜਵਾਨੀ,
ਤੇ ਕੰਜਕਾਂ ਨੂੰ ਕੋਹਿਆ ਤੇਰੇ ਜਾਣ ਮਗਰੋਂ।

ਹੈ ਮਾਤਾ ਵਿਚਾਰੀ ਤਾਂ
ਮੰਜੀ ਨੂੰ ਲੱਗ ਗਈ,
ਤੇ ਭੈਣਾਂ-ਭਰਾਵਾਂ ਨੇ ਲਏ ਨੇ ਹਉਕੇ,
ਮੈਂ ਬਾਪੂ ਵਿਚਾਰੇ ਦਾ ਕੀ ਹਾਲ ਆਖਾਂ,
ਨਾ ਜਿਉਂਦਾ ਨਾ ਮੋਇਆ
ਤੇਰੇ ਜਾਣ ਮਗਰੋਂ।

ਖੁਸ਼ ਈ ਏ ਤੇਰਾ ਲਾਲ ਤੇਰੇ ਹੀ ਵਾਂਗੂੰ
ਹੈ ਹੱਕ ਤੇ ਨਿਆਂ ਲਈ ਬੇਚੈਨ ਹੋਇਆ,
ਇਹ ਕੌਮੀ ਅਮਾਨਤ ਤੁਰੀ ਕੌਮ ਖਾਤਰ,
ਮੈਂ ਘਰ ਨਹੀਂ ਲਕੋਇਆ
ਤੇਰੇ ਜਾਣ ਮਗਰੋਂ।

ਉਨ੍ਹਾਂ ਦਾ ਹੱਥ ਹਮੇਸ਼ਾ ਅਸ਼ੀਰਵਾਦ ਦਿੰਦਾ ਰਿਹਾ। ਉਨ੍ਹਾਂ ਦੀ ਯਾਦ ਹਮੇਸ਼ਾ ਮਨ 'ਚ ਬਣੀ ਰਹੇਗੀ।

**ਅਲਵਿਦਾ ਬੈਂਸ ਸਾਹਿਬ!**

## ਹਰਭਜਨ ਸਿੰਘ ਬੈਂਸ ਦੀਆਂ ਯਾਦਾਂ

ਕਰੋਨਾ ਦੇ ਕਹਿਰ ਕਰਕੇ ਸਾਰਿਆਂ ਵਲੋਂ ਘਰ ਅੰਦਰ ਬੰਦ ਰਹਿਣ ਕਰ ਕੇ ਪੁਰਾਣੀਆਂ ਡਾਇਰੀਆਂ ਦੇ ਕਾਗਜ਼ਾਂ ਉਪਰ ਲਿਖੀਆਂ ਅਧੂਰੀਆਂ ਲਿਖਤਾਂ ਤੇ ਯਾਦ ਰੱਖਣਯੋਗ ਨੋਟਾਂ ਦਾ ਖਿਲਾਰਾ ਪਾਈ ਬੈਠਾ ਸਾਂ ਕਿ ਮੋਬਾਇਲ ਫੋਨ ਦੀ ਘੰਟੀ ਵੱਜੀ। ਸਟਾਕਟਨ ਸਾਹਿਤ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਬੜੀ ਮੱਧਮ ਜਿਹੀ ਅਵਾਜ਼ ਵਿਚ ਬੋਲੇ, "ਮੈਂ ਸੁਣਿਆ ਕਿ ਸਿਆਟਲ ਵਾਲੇ ਗਜ਼ਲਗੋ ਸ. ਹਰਭਜਨ ਸਿੰਘ ਚਲਾਣਾ ਕਰ ਗਏ ਹਨ। ਕੀ ਇਹ ਠੀਕ ਹੈ?" ਸੁਣ ਕੇ ਮੈਨੂੰ ਧੱਕਾ ਜਿਹਾ ਲੱਗਾ ਤੇ ਯਕੀਨ ਨਹੀਂ ਹੋ ਰਿਹਾ ਸੀ। ਮੈਂ ਕਿਹਾ, "ਮੈਨੂੰ ਪੰਜ ਮਿੰਟ ਦਿਓ, ਪਤਾ ਕਰਦਾ ਹਾਂ।"

ਮੈਂ ਫੋਨ ਬੰਦ ਕਰ ਕੇ ਵੱਟਸਐਪ 'ਤੇ ਵੇਖਿਆ ਤਾਂ ਉਥੇ ਸਾਹਿਤਕਾਰਾਂ ਵਲੋਂ ਇਸ ਦੁੱਖ ਭਰੀ ਖਬਰ ਉਤੇ ਹਮਦਰਦੀ ਦੇ ਸੁਨੇਹਿਆਂ ਦਾ ਤਾਂਤਾ ਲੱਗਾ ਹੋਇਆ ਸੀ। ਸ. ਹਰਭਜਨ ਸਿੰਘ ਅਮਰੀਕਾ ਤੋਂ ਇਲਾਵਾ ਕੈਨੇਡਾ, ਇੰਗਲੈਂਡ, ਪਾਕਿਸਤਾਨ, ਭਾਰਤ ਵਿਚ ਸਾਹਿਤ ਸੰਮੇਲਨਾਂ, ਕਾਨਫਰੰਸਾਂ ਵਿਚ ਪਹੁੰਚ ਕੇ ਸਾਹਿਤਕਾਰਾਂ ਨੂੰ ਮਿਲਦੇ ਰਹਿੰਦੇ ਸਨ ਤੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਤੋਂ ਜਾਣੂੰ ਕਰਵਾਉਂਦੇ ਰਹਿੰਦੇ ਸਨ। ਉਨ੍ਹਾਂ ਦੀਆਂ ਮਿੱਠੀਆਂ ਯਾਦਾਂ ਦੀ ਰੀਲ ਮਨ ਵਿਚ ਚੱਲ ਪਈ। ਫਿਰ ਮੈਂ ਸ. ਪੰਧੇਰ ਨੂੰ ਫੋਨ ਕਰ ਕੇ ਦੱਸਿਆ ਕਿ ਖਬਰ ਠੀਕ ਹੈ। ਕਿੰਨਾ ਹੀ ਚਿਰ ਅਸੀਂ ਉਨ੍ਹਾਂ ਦੀਆਂ ਗੱਲਾਂ ਕਰਦੇ ਰਹੇ।

*-ਹਰਬੰਸ ਸਿੰਘ ਜਗਿਆਸੂ*
*ਪ੍ਰਧਾਨ, ਪੰਜਾਬੀ ਸਾਹਿਤ ਸਭਾ*
*ਯੂਬਾ ਸਿਟੀ, ਕੈਲੀਫੋਰਨੀਆ।*

ਰਾਜਸਥਾਨੀ ਲੋਕ ਕਹਾਣੀਆਂ-4




ਵਿਜੇਦਾਨ ਦੇਥਾ
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

# ਕਾਣਾ ਬੀਂਡਾ

*ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਕਾਣਾ ਬੀਂਡਾ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ*

ਇੱਕ ਸੀ ਕਾਣਾ ਬੀਂਡਾ। ਪਿੰਡ ਦੇ ਮੁਹਤਬਰ ਬੰਦਿਆਂ ਵਿਚੋਂ ਇੱਕ। ਵੱਡੀ ਗਿਣਤੀ ਵਿਚ ਗਾਵਾਂ ਅਤੇ ਬਲਦਾਂ ਦਾ ਮਾਲਕ। ਕਈ ਗੱਡੇ। ਵੱਡੇ ਵਿਹੜੇ ਵਿਚ ਖੂਬ ਦੁੱਧ ਦੇਣੀਆਂ ਬੂਰੀਆਂ ਮੱਝਾਂ। ਦੁੱਧ ਨਾਲ ਭਰੇ ਲੇਵਿਆਂ ਨਾਲ ਮੱਝਾਂ ਗਾਵਾਂ ਰਿੰਗਦੀਆਂ ਰੰਭਦੀਆਂ ਰਹਿੰਦੀਆਂ। ਵੱਡੀ ਸਰਦਾਰੀ ਦੇ ਵੱਡੇ ਠਾਠ। ਸੁਭਾਅ ਵਧੀਆ, ਹਰ ਇਕ ਦੇ ਕੰਮ ਆਉਣ ਵਾਲਾ। ਗਵਾਂਢੀ ਪਿੰਡ ਦੇ ਲੋਕ ਕਰਜ਼ਾ ਲੈਣ ਆਉਂਦੇ, ਬਿਨ ਵਿਆਜ ਪੈਸੇ ਦੇ ਕੇ ਮਦਦ ਕਰਦਾ। ਕਾਣੇ ਬੀਂਡੇ ਦੇ ਘਰ ਜਿਹੜਾ ਵੀ ਸਵਾਲੀ ਆਇਆ, ਹੱਥਾਂ ਨਾਲ ਮਦਦ ਕੀਤੀ, ਮੂੰਹ ਤੋਂ ਇਨਕਾਰ ਕਰਨ ਜਾਣਦਾ ਹੀ ਨਹੀਂ ਸੀ। ਘਰ ਵਿਚ ਲੋੜੀਂਦੀ ਵਸਤੂ ਜੇ ਹੈ ਈ ਨਹੀਂ, ਫੇਰ ਤਾਂ ਕੀ ਕਰੇ; ਜੇ ਹੈ ਤਾਂ ਜਵਾਬ ਨਹੀਂ। ਉਸ ਦੀ ਇੱਜ਼ਤ ਅਤੇ ਪ੍ਰਸਿੱਧੀ ਦੂਰ-ਦੂਰ ਤੱਕ ਫੈਲੀ ਹੋਈ। ਮੁਕਾਬਲਾ ਨਹੀਂ। ਦੇਸ ਪਰਦੇਸ ਵਿਚ ਮਸ਼ਹੂਰ।

ਇੱਕ ਦਿਨ ਗੱਡੀ ਜੋੜ ਕੇ ਕਿਤੇ ਜਾ ਰਿਹਾ ਸੀ। ਬੈਠਾ-ਬੈਠਾ ਥੱਕ ਗਿਆ। ਸੋਚਿਆ ਪੈਦਲ ਤੁਰਾਂ। ਬਲਦਾਂ ਨੂੰ ਹੱਕਦਾ-ਹੱਕਦਾ ਪਿੱਛੇ-ਪਿੱਛੇ ਤੁਰਨ ਲੱਗਿਆ ਕਿ ਸੱਜੇ ਪਾਸੇ ਵਾਲੇ ਬਲਦ ਨੇ ਗੋਹਾ ਕਰ ਦਿੱਤਾ। ਕਾਣਾ ਬੀਂਡਾ ਫੋਸ ਹੇਠ ਦਬ ਗਿਆ, ਬਲਦ ਤੁਰਦੇ ਰਹੇ। ਸੰਜੋਗ ਦੀ ਗੱਲ, ਉਸ ਪਾਸਿਉਂ ਦੂਰ ਦੇਸ ਦਾ ਨਾਮੀ ਗਰਾਮੀ ਠੱਗ ਵੀ ਲੰਘ ਰਿਹਾ ਸੀ। ਸੁੰਨੀ ਬੈਲ ਗੱਡੀ ਦੇਖੀ, ਫਿਰ ਕੀ ਅੱਗਾ ਪਿੱਛਾ ਦੇਖਣਾ? ਉਸ ਨੇ ਬਲਦਾਂ ਦੇ ਰੱਸੇ ਫੜੇ, ਗੱਡੀ ਵਿਚ ਸਵਾਰ ਹੋਇਆ, ਭਜਾ ਕੇ ਗੱਡੀ ਹਵਾ ਨਾਲ ਰਲਾ ਦਿੱਤੀ। ਕਾਣੇ ਬੀਂਡੇ ਦੇ ਨਗੌਰੀ ਬਲਦਾਂ ਨੇ ਜਦੋਂ ਟਿਚਕਾਰ ਸੁਣੀ, ਉਹ ਤਾਂ ਉਡਣ ਲੱਗੇ।

ਜਿਸ ਫੋਸ ਹੇਠ ਕਾਣਾ ਬੀਂਡਾ ਦਬ ਗਿਆ ਸੀ, ਕਈ ਦਿਨ ਬਾਅਦ ਉਹ ਸੁੱਕ ਕੇ ਪਾਥੀ ਬਣ ਗਿਆ, ਲੱਕੜ ਵਰਗਾ ਸਖਤ। ਕੋਈ ਔਰਤ ਬਾਲਣ ਵਾਸਤੇ ਫਿਰ ਰਹੀ ਸੀ। ਉਸ ਨੇ ਇਕੱਠੀਆਂ ਕੀਤੀਆਂ ਲੱਕੜੀਆਂ ਵਿਚ ਇਹ ਪਾਥੀ ਵੀ ਚੁੱਕ ਕੇ ਰੱਖ ਲਈ। ਚੁੱਲ੍ਹੇ ਵਿਚ ਅੱਗ ਬਾਲੀ, ਪਾਥੀ ਤੋੜੀ ਤਾਂ ਵਿਚੋਂ ਬੀਂਡਾ ਫੁਰਰ ਕਰ ਕੇ ਉੱਡ ਗਿਆ। ਉਸ ਨੇ ਦਰਖਤ ਦੀ ਟਾਹਣੀ 'ਤੇ ਬੈਠ ਕੇ ਇਧਰ ਉਧਰ ਦੇਖਿਆ, ਬੈਲ ਅਤੇ ਗੱਡੀ ਕਿਧਰੇ ਨਾ ਦਿਸੀ। ਉਡਦਾ-ਉਡਦਾ ਉਸੇ ਥਾਂ ਗਿਆ ਜਿਥੇ ਫੋਸ ਹੇਠ ਦਬ ਗਿਆ ਸੀ। ਉਥੇ ਵੀ ਨਾ ਗੱਡੀ ਨਾ ਬਲਦ! ਵਾਪਸ ਪਿੰਡ ਆਇਆ। ਦੂਜੀ ਗੱਡੀ ਜੋੜੀ ਅਤੇ ਚੱਲ ਪਿਆ ਉਸੇ ਦਿਸ਼ਾ ਵੱਲ ਜਿਧਰ ਪਹਿਲੀ ਗੱਡੀ ਗਈ ਸੀ। ਥੋੜ੍ਹੀ ਦੂਰ ਗਿਆ ਸੀ ਕਿ ਰਸਤੇ ਵਿਚ ਨ੍ਹੇਰੀ ਮਿਲੀ। ਨ੍ਹੇਰੀ ਨੇ ਪੁੱਛਿਆ-ਕਾਣੇ ਬੀਂਡੇ, ਕਾਣੇ ਬੀਂਡੇ! ਇੰਨੀ ਕਾਹਲੀ-ਕਾਹਲੀ ਤੂੰ ਕਿਧਰ ਜਾ ਰਿਹੈਂ? ਬੀਂਡੇ ਨੇ ਜਵਾਬ ਦਿੱਤਾ:

ਲੱਭਣੇ ਬਲਦ ਦੇਸਾਂਤਰ ਪਾਰ।
ਲੈ ਗਿਆ ਦੋ ਲਿਆਵਾਂ ਚਾਰ॥

ਨ੍ਹੇਰੀ ਨੇ ਕਿਹਾ-ਕਾਣੇ ਬੀਂਡੇ, ਮੈਂ ਵੀ ਤੇਰੇ ਨਾਲ ਚੱਲਾਂ?

ਬੀਂਡੇ ਨੇ ਖੁਸ਼ ਹੁੰਦਿਆਂ ਕਿਹਾ-ਚੱਲ ਭੈਣ ਚੱਲ, ਇੱਕ ਨਾਲੋਂ ਤਾਂ ਦੋ ਹਮੇਸ਼ ਚੰਗੇ।

ਨ੍ਹੇਰੀ ਨੂੰ ਗੱਡੀ ਵਿਚ ਬਿਠਾ ਲਿਆ। ਥੋੜ੍ਹੀ ਦੂਰ ਗਿਆ ਸੀ, ਅੱਗੇ ਮੀਂਹ ਮਿਲ ਗਿਆ। ਉਸ ਨੇ ਪੁੱਛਿਆ-ਕਾਣੇ ਬੀਂਡੇ ਕਾਣੇ ਬੀਂਡੇ, ਏਨੀ ਜਲਦੀ ਸਵੇਰੇ-ਸਵੇਰੇ ਕਿੱਧਰ ਚੱਲਿਐਂ? ਬੀਂਡੇ ਨੇ ਜਵਾਬ ਦਿੱਤਾ:

ਲੱਭਣੇ ਬਲਦ ਦੇਸਾਂਤਰ ਪਾਰ।
ਲੈ ਗਿਆ ਦੋ ਲਿਆਵਾਂ ਚਾਰ॥

ਮੀਂਹ ਨੇ ਪੁੱਛਿਆ-ਕਾਣੇ ਬੀਂਡੇ, ਮੈਂ ਵੀ ਤੇਰੇ ਨਾਲ ਚੱਲ ਪਵਾਂ?

ਕਾਣਾ ਬੀਂਡਾ ਬਹੁਤ ਖੁਸ਼ ਹੋਇਆ, ਬੋਲਿਆ-ਚੱਲ ਮੇਰੇ ਭਾਈ, ਦੋ ਨਾਲੋਂ ਤਿੰਨ ਹਮੇਸ਼ ਚੰਗੇ।

ਉਸ ਨੇ ਮੀਂਹ ਵੀ ਗੱਡੀ ਵਿਚ ਬਿਠਾ ਲਿਆ। ਥੋੜ੍ਹੀ ਦੂਰ ਗਏ ਸਨ, ਅੱਗ ਨਾਲ ਮੁਲਾਕਾਤ ਹੋ ਗਈ।

ਅੱਗ ਨੇ ਕਿਹਾ-ਕਾਣੇ ਬੀਂਡੇ, ਕਾਣੇ ਬੀਂਡੇ ਸਵੇਰੇ ਸਵੇਰੇ ਕਿੱਧਰ? ਖੈਰ ਤਾਂ ਹੈ? ਏਨੀ ਤੇਜ਼ ਗੱਡੀ ਭਜਾਈ ਜਾਨੈਂ। ਬੀਂਡੇ ਨੇ ਜਵਾਬ ਦਿੱਤਾ:

ਲੱਭਣੇ ਬਲਦ ਦੇਸਾਂਤਰ ਪਾਰ।
ਲੈ ਗਿਆ ਦੋ ਲਿਆਵਾਂ ਚਾਰ॥

ਸੁਣ ਕੇ ਅੱਗ ਨੇ ਕਿਹਾ-ਕਾਣੇ ਬੀਂਡੇ, ਭਾਈ ਮੈਂ ਵੀ ਚੱਲਾਂ ਤੇਰੇ ਨਾਲ?

ਬੀਂਡਾ ਬਹੁਤ ਖੁਸ਼ ਹੋਇਆ, ਕਹਿੰਦਾ-ਹਾਂ ਭੈਣ ਤੂੰ ਕਿਉਂ ਪਿੱਛੇ ਰਹੇਂ? ਤਿੰਨ ਨਾਲੋਂ ਚਾਰ ਭਲੇ।

ਅੱਗ ਵੀ ਗੱਡੀ ਵਿਚ ਬੈਠ ਗਈ। ਚਲੋ-ਚਲ ਜਾ ਰਹੇ ਸਨ, ਰਸਤੇ ਵਿਚ ਪੱਥਰ ਗੀਟਿਆਂ ਦਾ ਢੇਰ ਪਿਆ ਸੀ। ਉਸ ਨੇ ਪੁੱਛਿਆ-ਕਾਣੇ ਬੀਂਡੇ, ਕਾਣੇ ਬੀਂਡੇ, ਕਿੱਧਰ ਨੂੰ ਚੜ੍ਹਾਈ ਕੀਤੀ ਅੱਜ? ਬੀਂਡੇ ਨੇ ਕਿਹਾ:


ਲੱਭਣੇ ਬਲਦ ਦੇਸਾਂਤਰ ਪਾਰ।
ਲੈ ਗਿਆ ਦੋ ਲਿਆਵਾਂ ਚਾਰ॥

ਪੱਥਰਾਂ ਦੇ ਢੇਰ ਨੇ ਕਿਹਾ-ਕਾਣੇ ਬੀਂਡੇ ਮੈਨੂੰ ਵੀ ਬਿਠਾ ਲੈ ਗੱਡੀ ਵਿਚ, ਮੈਂ ਵੀ ਚੱਲਦਾਂ!

ਬੀਂਡਾ ਏਨਾ ਭਲਾ ਸੀ ਕਿ ਨਾਂਹ ਕਰਨੀ ਜਾਣਦਾ ਹੀ ਨਹੀਂ ਸੀ। ਹਾਂ ਵਿਚ ਸਿਰ ਹਿਲਾ ਕੇ ਕਿਹਾ-ਚੱਲ ਮੇਰੇ ਭਾਈ, ਚਾਰਾਂ ਨਾਲੋਂ ਪੰਜ ਹੋਰ ਵੀ ਚੰਗੇ। ਪੰਜਾਂ ਵਿਚ ਤਾਂ ਪਰਮੇਸ਼ਰ ਵਸਦੈ।

ਪੱਥਰ ਵੀ ਗੱਡੀ ਵਿਚ ਚੜ੍ਹ ਗਏ। ਪੱਥਰਾਂ ਦੇ ਭਾਰ ਕਰ ਕੇ ਗੱਡੀ ਉਲਰਨ ਲੱਗੀ। ਕਾਣੇ ਬੀਂਡੇ ਨੇ ਕਿਹਾ-ਪੱਥਰ ਭਾਈਓ, ਥੋੜ੍ਹੇ ਥੋੜ੍ਹੇ ਅੱਗੇ ਸਰਕ ਆਉ, ਗੱਡੀ ਉਲਾਰ ਹੋਣ ਲੱਗੀ ਹੈ। ਪੱਥਰ ਹੌਲੀ-ਹੌਲੀ ਅੱਗੇ ਖਿਸਕ ਗਏ ਅਤੇ ਗੱਡੀ ਸਮਤੋਲ ਹੋ ਕੇ ਚੱਲਣ ਲੱਗੀ।

ਬੀਂਡੇ ਨੇ ਹੁਣ ਮੂੰਹ 'ਚੋਂ ਟਚਕਾਰੀ ਮਾਰੀ। ਰੱਸੇ ਹਿਲਾਏ, ਗੱਡੀ ਤੇਜ਼ ਚੱਲਣ ਲੱਗੀ। ਬਲਦਾਂ ਨੂੰ ਕਿਹਾ-ਚਲੋ ਮੇਰੇ ਭਾਈਓ, ਹਵਾ ਨੂੰ ਪਿੱਛੇ ਛੱਡ ਦਿਉ। ਬੀਂਡੇ ਦਾ ਇੰਨਾ ਕਹਿਣਾ ਸੀ ਕਿ ਬਲਦ ਤੇਜ਼ ਰਫ਼ਤਾਰ ਦੌੜਨ ਲੱਗੇ। ਸੱਜਾ ਕਹੇ, ਮੈਂ ਅੱਗੇ ਲੰਘਾਂ; ਖੱਬਾ ਕਹੇ ਮੈਂ ਅੱਗੇ ਜਾਵਾਂ। ਮੰਜ਼ਲ ਦਰ ਮੰਜ਼ਲ ਉਹ ਦੂਰੀਆਂ ਪਾਰ ਕਰਦਾ ਗਿਆ। ਦੇਖਦੇ-ਦੇਖਦੇ ਠੱਗਾਂ ਦੀ ਬਸਤੀ ਆ ਗਈ। ਖਾਸ ਠੱਗਾਂ ਦੇ ਦਰਵਾਜ਼ੇ ਅੱਗੇ ਬਲਦਾਂ ਨੂੰ ਪੁਚਕਾਰਿਆ-ਬੱਸ



ਭਾਈਓ ਬੱਸ। ਉਤਰ ਕੇ ਬਲਦਾਂ ਦੀਆਂ ਪਿੱਠਾਂ ਥਪਥਪਾਈਆਂ।

ਠੱਗਾਂ ਨੂੰ ਸੁਣਾ ਕੇ ਉਸ ਨੇ ਉਚੀ ਆਵਾਜ਼ ਵਿਚ ਕਿਹਾ-ਭਲੇ ਮਾਣਸੋ, ਇੱਕ ਘਰ ਤਾਂ ਡੈਣ ਵੀ ਛੱਡ ਦਿਆ ਕਰਦੀ ਐ, ਤੁਸੀਂ ਉਹ ਵੀ ਨਹੀਂ ਛੱਡਿਆ। ਹੁਣ ਤੁਹਾਡਾ ਅੰਤ ਆ ਗਿਆ ਸਮਝੋ। ਮੇਰਾ ਨਾਮ ਹੈ ਕਾਣਾ ਬੀਂਡਾ। ਸੁਣਿਆਂ? ਸਾਰੇ ਦੇਸ ਵਿਚ ਮੇਰੇ ਨਾਮ ਦੀ ਮਹਿਮਾ ਹੈ, ਸਾਰੇ ਪਛਾਣਦੇ ਨੇ, ਪਿਆਰਦੇ ਨੇ। ਬਿਨਾਂ ਕਿਸੇ ਆਨੇ ਬਹਾਨੇ, ਚੁਪ-ਚਾਪ ਮੇਰੀ ਗੱਡੀ ਅਤੇ ਬਲਦ ਮੇਰੇ ਹਵਾਲੇ ਕਰੋ। ਜੇ ਟਾਲਮਟੋਲ ਕੀਤੀ, ਬਿਨ ਮੌਤ ਮਾਰੇ ਜਾਉਗੇ, ਫਿਰ ਮੈਨੂੰ ਦੋਸ਼ ਨਾ ਦੇਇਓ!

ਪਰ ਜਿਹੜੇ ਹੋਣ ਹੀ ਠੱਗਾਂ ਦੇ ਸਿਰਤਾਜ, ਉਨ੍ਹਾਂ ਉਪਰ ਬੀਂਡੇ ਦੀ ਤਾੜਨਾ ਦਾ ਕੀ ਅਸਰ? ਕਿਸੇ ਨੇ ਗੱਲ ਵੱਲ ਧਿਆਨ ਨਾ ਦਿੱਤਾ। ਹੱਸਣ ਲਗੇ। ਮਜ਼ਾਕ ਕਰਦਿਆਂ ਕਹਿਣ ਲੱਗੇ-ਜੇ ਤੇਰਾ ਨਾਮ ਕਾਣਾ ਬੀਂਡਾ ਹੈ, ਫਿਰ ਸਾਡਾ ਵੀ ਨਾਮ ਸ਼੍ਰੋਮਣੀ ਠੱਗ ਹੈ। ਤੂੰ ਠੱਗਾਂ ਦੀ ਬਸਤੀ ਵਿਚ ਭੁੱਲ-ਭੁਲੇਖੇ ਕਿਵੇਂ ਆ ਵੜਿਆ? ਮਾਰੀ ਹੋਈ ਠੱਗੀ ਅਸੀਂ ਵਾਪਸ ਕਦੀ ਕੀਤੀ ਹੋਵੇ ਤਾਂ ਤੈਨੂੰ ਵਾਪਸ ਕਰ ਦੇਈਏ। ਟਿਭਦਾ ਹੋ ਇਥੋਂ ਪਰ੍ਹੇ।

ਕਾਣੇ ਬੀਂਡੇ ਨੇ ਕ੍ਰੋਧ ਵਿਚ ਪੈਰ ਜ਼ਮੀਨ 'ਤੇ ਪਟਕਿਆ, ਕਿਹਾ-ਅੱਜ ਤੱਕ ਅਕਲ ਨਹੀਂ ਸਿੱਖੀ ਤੁਸੀਂ ਤਾਂ ਹੁਣ ਸਿਖਾ ਦਿੰਨਾ। ਇਹ ਕਹਿ ਕੇ ਉਸ ਨੇ ਗੱਡੀ ਵਿਚ ਬੈਠੇ ਸਾਥੀਆਂ ਵਲ ਦੇਖਿਆ। ਪੱਥਰਾਂ ਨੂੰ ਕਿਹਾ-ਠੀਕ ਹੈ ਭਾਈ ਪੱਥਰੋ, ਹੁਣ ਦਿਖਾਓ ਆਪਣੀ ਕਰਾਮਾਤ। ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਦੇ।

ਬੀਂਡੇ ਨੇ ਇਹ ਗੱਲ ਆਖੀ ਹੀ ਸੀ ਕਿ ਉਡਣ ਲੱਗੇ ਪੱਥਰ ਇੱਕ ਇੱਕ ਕਰਕੇ... ਸਣਨ... ਸਣਨ... ਠਾਹ... ਠਾਹ...। ਇੱਕ ਵੀ ਨਿਸ਼ਾਨਾ ਖਾਲੀ ਨਹੀਂ ਗਿਆ। ਕਿਸੇ ਦਾ ਹੱਥ ਟੁੱਟਿਆ, ਕਿਸੇ ਦਾ ਪੈਰ; ਕਿਸੇ ਦਾ ਮੋਢਾ, ਕਿਸੇ ਦਾ ਗੋਡਾ ਪਰ ਠੱਗ ਏਨੀ ਛੇਤੀ ਕਿੱਥੇ ਹਾਰ ਮੰਨਣ ਵਾਲੇ? ਬਸਤੀ ਦੇ ਸਾਰੇ ਠੱਗ ਇਕੱਠੇ ਹੋ ਗਏ ਤੇ ਰਲਮਿਲ ਕੇ ਬੀਂਡੇ ਉੱਪਰ ਹੱਲਾ ਬੋਲ ਦਿੱਤਾ। ਬੀਂਡੇ ਨੇ ਅੱਗ ਨੂੰ ਕਿਹਾ-ਹੁਸ਼ਿਆਰ ਭੈਣ, ਹੁਣ ਤੇਰੀ ਵਾਰੀ... ਪਰ ਜ਼ਰਾ ਸੰਭਲ ਕੇ...।

ਬੀਂਡੇ ਦੀ ਗੱਲ ਅਜੇ ਪੂਰੀ ਨਹੀਂ ਸੀ ਹੋਈ ਕਿ ਉਤਰੀ ਅੱਗ ਗੱਡੀ ਤੋਂ ਹੇਠ ਤੇ ਤੁਰ ਪਈ ਬਸਤੀਆਂ ਵੱਲ, ਲਟ-ਲਟ ਘਰ ਬਾਹਰ ਲਾਟਾਂ ਨਿਕਲਣ ਲੱਗੀਆਂ। ਬਸਤੀ ਵਿਚ ਹਾਹਾਕਾਰ ਮੱਚ ਗਈ। ਅਜੇ ਵੀ ਏਨੇ ਢੀਠ ਕਿ ਠੱਗਾਂ ਨੇ ਹਾਰ ਨਹੀਂ ਮੰਨੀ। ਉਨ੍ਹਾਂ ਦੇ ਸਰਦਾਰ ਨੇ ਜੋਸ਼ ਵਿਚ ਆ ਕੇ ਲਲਕਾਰਾ ਮਾਰਿਆ-ਦੋਸਤੋ ਝੁਕਣਾ ਨਹੀਂ। ਹਾਰ ਨਹੀਂ ਮੰਨਣੀ। ਮਰਨਾ ਤਾਂ ਇੱਕ ਦਿਨ ਸਭ ਨੇ ਹੀ ਹੈ, ਫਿਰ ਇੱਜ਼ਤ ਅਣਖ ਨੂੰ ਦਾਗ ਕਿਉਂ ਲੁਆਈਏ? ਸੱਤ ਪੀੜ੍ਹੀਆਂ ਤੱਕ ਦਾਗ ਨਹੀਂ ਧੋਤਾ ਜਾਣਾ। ਠਗਣੀ ਮਾਂ ਦਾ ਦੁੱਧ ਪੀਤੈ।

ਜੰਗ ਛਿੜ ਗਿਆ, ਪੂਰਾ ਖੌਫਨਾਕ, ਦਹਿਲ ਪਾਉਣ ਵਾਲਾ। ਆਖਰ ਕਾਣੇ ਬੀਂਡੇ ਨੇ ਨ੍ਹੇਰੀ ਨੂੰ ਕਿਹਾ-ਭੈਣ ਬੈਠੀ ਕਿਉਂ ਹੈਂ, ਦਿਖਾ ਦੇ ਹੁਣ ਆਪਣਾ ਚਮਤਕਾਰ! ਇਹ ਦੁਸ਼ਟ ਆਸਾਨੀ ਨਾਲ ਹਾਰ ਨਹੀਂ ਮੰਨਣਗੇ।

ਬੀਂਡੇ ਨੇ ਕਿਹਾ ਹੀ ਸੀ ਕਿ ਕਾਲੀ ਤੇਜ਼-ਤਰਾਰ ਨ੍ਹੇਰੀ ਨੇ ਵਗਣ ਵਿਚ ਦੇਰ ਕਰਨੀ ਹੀ ਕਿੱਥੇ ਸੀ? ਪਹਿਲਾਂ ਅੱਗ ਬਲ ਰਹੀ ਸੀ, ਫਿਰ ਨ੍ਹੇਰੀ ਚੱਲੀ ਤਾਂ ਹੌਲੀ-ਹੌਲੀ ਬਲਦੀਆਂ ਧੂਈਆਂ ਵਿਚੋਂ ਲਾਟਾਂ ਨਿਕਲਣ ਲੱਗੀਆਂ। ਬਸਤੀ ਤਾਂ ਜਿਵੇਂ ਰਾਵਣ ਦੀ ਲੰਕਾ ਬਣ ਗਈ ਹੋਵੇ। ਆਖਰ ਕਦ ਤੱਕ ਮੁਕਾਬਲਾ ਕਰ ਸਕਦੇ? ਹੱਥ ਖੜ੍ਹੇ ਕਰ ਕੇ ਚੀਕਾਂ ਮਾਰਨ ਲੱਗੇ...ਕਾਣੇ ਬੀਂਡੇ ਬਚਾ ਲੈ, ਹਾੜੇ ਹਾੜੇ ਕਾਣੇ ਬੀਂਡੇ ਸਾਨੂੰ ਬਚਾ ਲੈ...ਅਸੀਂ ਤੇਰੀਆਂ ਗਊਆਂ। ਤੇਰੇ ਪੈਰ ਫੜਦੇ ਹਾਂ। ਸਾਡਾ ਸਰਬਨਾਸ ਨਾ ਕਰ। ਭੋਲੇ ਭਾਲੇ ਬੱਚੇ ਮਰ ਜਾਣਗੇ। ਉਨ੍ਹਾਂ ਦੀ ਕੀ ਗ਼ਲਤੀ?

ਬੀਂਡੇ ਦੇ ਦਿਲ ਅੰਦਰੋਂ ਰਹਿਮ ਧਰਮ ਤਾਂ ਕਦੀ ਗਿਆ ਹੀ ਨਹੀਂ ਸੀ ਕਿਤੇ। ਗੱਡੀ ਵਿਚ ਚੁਪਚਾਪ ਬੈਠੇ ਮੀਂਹ ਨੂੰ ਉਸ ਨੇ ਕਿਹਾ-ਪਿਆਰੇ ਮੀਂਹ ਭਰਾ, ਹੁਣ ਤੇਰਾ ਆਸਰਾ। ਭੋਲੇ ਭਾਲੇ ਬੇਕਸੂਰ ਬੱਚਿਆਂ ਨੂੰ ਬਚਾ। ਬੀਂਡੇ ਨੇ ਵਾਕ ਪੂਰਾ ਵੀ ਨਹੀਂ ਸੀ ਕੀਤਾ ਕਿ ਪੱਛਮ ਵਲੋਂ ਬੱਦਲਾਂ ਦੇ ਹਾਥੀ ਸੁੰਡਾਂ ਵਿਚੋਂ ਜ਼ੋਰ-ਜ਼ੋਰ ਦੀ ਮੀਂਹ ਬਰਸਾਣ ਲੱਗੇ। ਬਿਜਲੀਆਂ ਲਿਸ਼ਕਣ ਲੱਗੀਆਂ, ਬੱਦਲ ਗੱਜਣ ਲੱਗੇ। ਇਉਂ ਲੱਗਾ ਜਿਵੇਂ ਅਸਮਾਨ ਵੱਲੋਂ ਦਰਿਆ ਭਰੇ ਭਰਾਏ ਹੇਠਾਂ ਵੱਲ ਤੁਰ ਪਏ ਹੋਣ। ਲਟ-ਲਟ ਮਚਦੀਆਂ ਲਾਟਾਂ ਥਾਏਂ ਠੰਢੀਆਂ ਹੋ ਗਈਆਂ।

ਬੀਂਡੇ ਨੇ ਇਸ਼ਾਰਾ ਕੀਤਾ; ਉਸ ਦੇ ਦੋਸਤ ਅੱਗ, ਨ੍ਹੇਰੀ, ਪੱਥਰ ਚੁਪਚਾਪ ਆ ਕੇ ਗੱਡੀ ਵਿਚ ਬੈਠ ਗਏ। ਮੀਂਹ ਤੇਜਮ-ਤੇਜ ਪੈਂਦਾ ਰਿਹਾ। ਬੀਂਡੇ ਨੇ ਕਿਹਾ-ਮੈਂ ਆਉਣ ਸਾਰ ਤੁਹਾਨੂੰ ਕਿਹਾ ਸੀ ਮੇਰਾ ਨਾਮ ਹੈ ਕਾਣਾ ਬੀਂਡਾ, ਮੇਰੇ ਬਲਦ ਤੇ ਗੱਡੀ ਮੈਨੂੰ ਵਾਪਸ ਕਰੋ ਪਰ ਤੁਹਾਨੂੰ ਅਕਲ ਹੁੰਦੀ ਤਾਂ ਈ ਵਾਪਸ ਕਰਦੇ! ਤੁਹਾਡੀ ਤਾਂ ਮੱਤ ਮਾਰੀ ਗਈ। ਆਪਣੇ ਹੱਥੀਂ ਆਪ ਬਰਬਾਦ ਹੋਏ।

ਸਾਰੇ ਠੱਗਾਂ ਨੇ ਬੀਂਡੇ ਦੇ ਪੈਰ ਫੜੇ। ਮੁਆਫੀਆਂ ਮੰਗੀਆਂ। ਠੱਗਾਂ ਦਾ ਸਰਦਾਰ ਗੱਡੀ ਅਤੇ ਬਲਦ ਆਪ ਵਾਪਸ ਕਰਨ ਆਇਆ। ਗੁੱਸੇ ਵਿਚ ਖਿਝ ਕੇ ਬੀਂਡੇ ਨੇ ਕਿਹਾ-ਤੁਹਾਡੀਆਂ ਕਰਤੂਤਾਂ ਸਦਕਾ ਦਿਲ ਤਾਂ ਕਰਦਾ ਸੀ ਕਿ ਤੁਹਾਡਾ ਸਾਰਾ ਧਨ-ਮਾਲ ਦੋ ਗੱਡੀਆਂ ਵਿਚ ਲੱਦ ਕੇ ਚਲਦਾ ਬਣਾਂ ਪਰ ਤੁਹਾਡੇ ਬੱਚਿਆਂ ਉਪਰ ਤਰਸ ਆਉਂਦੈ। ਤੁਹਾਨੂੰ ਜੁਰਮਾਨਾ ਤਾਂ ਦੇਣਾ ਪਏਗਾ ਹੀ। ਦੋ ਬਲਦ ਤੇ ਇੱਕ ਗੱਡੀ ਹੋਰ ਲੈ ਕੇ ਜਾਵਾਂਗਾ। ਠੱਗਾਂ ਦੇ ਸਰਦਾਰ ਨੇ ਕਿਹਾ-ਠੀਕ ਹੈ, ਦੋ ਬਲਦ ਛਾਂਟ ਲੈ ਹੋਰ ਜਿਹੜੇ ਲਿਜਾਣੇ ਨੇ। ਤੇਰੇ ਅੱਗੇ ਕੀ ਜ਼ੋਰ? ਕਾਣੇ ਬੀਂਡੇ ਨੇ ਦੋ ਵਧੀਆ ਤੋਂ ਵਧੀਆ ਬਲਦਾਂ ਦੀ ਜੋੜੀ ਛਾਂਟੀ ਅਤੇ ਲਿਜਾਣ ਲੱਗੇ ਨੇ ਸਿਖਿਆ ਦਿੱਤੀ-ਨੇਕ ਕਮਾਈ ਕਰੋ, ਸੁਖ ਪਾਉਗੇ। ਮੇਰੇ ਦੇਸ ਵਲ ਕੋਈ ਠੱਗੀ ਮਾਰਨ ਵਾਸਤੇ ਅੱਖ ਉਠੀ, ਅੱਖ ਭੰਨ ਦਉਂਗਾ। ਫਿਰ ਮੇਰੇ ਵਰਗਾ ਬੁਰਾ ਕੋਈ ਨਹੀਂ ਹੋਣਾ। ਜਿਹੜੀ ਕਰਨੀ ਕੀਤੀ, ਹੁਣ ਉਹੋ ਭਰਨੀ ਭਰੋ।

ਇਸ ਪਿੱਛੋਂ ਕਾਣਾ ਬੀਂਡਾ ਵਾਜੇ ਗਾਜੇ ਵਜਾਉਂਦਾ, ਗਾਉਂਦਾ, ਨੱਚਦਾ ਵਾਪਸ ਰਵਾਨਾ ਹੋਇਆ।

***(ਛਪ ਰਹੀ ਕਿਤਾਬ 'ਰਾਜਸਥਾਨੀ ਕਥਾ ਸਾਗਰ' ਵਿਚੋਂ)***

# ਮਨੋਰੰਜਨ ਨਾਲ ਭਰਪੂਰ ਜਨੌਰ ਕਥਾਵਾਂ

ਮਨੁੱਖੀ ਸਮਾਜ ਅਤੇ ਪਸ਼ੂਆਂ ਦੀ ਦੁਨੀਆਂ ਦਾ ਬਹੁਤ ਨੇੜਲਾ ਸਬੰਧ ਰਿਹਾ ਹੈ। ਲੋਕ ਮਨ ਪਸ਼ੂ ਸੰਸਾਰ ਨੂੰ ਆਪਣੇ ਸਮਾਜਚਾਰੇ ਦਾ ਹਿੱਸਾ ਸਮਝ ਕੇ ਉਸ ਦੇ ਮਹੱਤਵ ਨੂੰ ਪਛਾਣਦਾ ਆਇਆ ਹੈ ਤੇ ਉਸ ਦੀ ਕਦਰ ਵੀ ਕਰਦਾ ਆਇਆ ਹੈ। ਪਸ਼ੂਆਂ ਦੀ ਦੁਨੀਆਂ ਵਿਚ ਵਿਚਰਨਾ, ਉਸ ਦੁਨੀਆਂ ਨਾਲ



ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਸਾਂਝ ਸਥਾਪਤ ਕਰਨੀ, ਉਨ੍ਹਾਂ ਕੋਲੋਂ ਕੰਮ ਲੈਣੇ, ਉਨ੍ਹਾਂ ਦੇ ਕੰਮ ਆਉਣਾ ਮਨੁੱਖ ਦੀ ਲੋੜ ਵੀ ਰਹੀ ਹੈ ਤੇ ਇਹ ਪਹਿਲੂ ਉਸ ਦੇ ਸੁਭਾਅ ਦਾ ਹਿੱਸਾ ਵੀ ਬਣਦਾ ਆਇਆ ਹੈ। ਇਸੇ ਕਰਕੇ ਮਨੁੱਖ ਜਨੌਰਾਂ ਨਾਲ ਸਬੰਧਤ ਸਾਹਿਤ, ਵਿਸ਼ੇਸ਼ ਕਰਕੇ ਜਨੌਰ ਕਥਾਵਾਂ ਦੀ ਸਿਰਜਣਾ ਕਰਦਾ ਆਇਆ ਹੈ ਤੇ ਉਨ੍ਹਾਂ ਵਿਚ ਉਸ ਦੀ ਵਿਸ਼ੇਸ਼ ਦਿਲਚਸਪੀ ਵੀ ਲੈਂਦਾ ਆਇਆ ਹੈ। ਜਨੌਰ ਕਥਾਵਾਂ ਵਿਚਲੇ ਪਸ਼ੂ-ਪੰਛੀ ਪਾਤਰ ਮਨੁੱਖਾਂ ਵਾਂਗ ਬੋਲਦੇ ਹਨ, ਕਾਰ-ਵਿਹਾਰ ਕਰਦੇ ਹਨ, ਦੁੱਖ-ਸੁਖ ਮਹਿਸੂਸ ਕਰਦੇ ਹਨ, ਕਠਿਨ ਹਾਲਤਾਂ ਵਿਚ ਵੀ ਇਕ-ਦੂਜੇ ਦਾ ਸਾਥ ਨਿਭਾਉਂਦੇ ਹਨ। ਇਸੇ ਕਰਕੇ ਉਹ ਮਨੁੱਖ ਨੂੰ ਚੰਗੇ ਲੱਗਦੇ ਹਨ। ਜਨੌਰ ਕਥਾਵਾਂ ਮਨੁੱਖ ਦਾ ਭਰਪੂਰ ਮਨੋਰੰਜਨ ਤਾਂ ਕਰਦੀਆਂ ਹੀ ਹਨ, ਉਸ ਦੀਆਂ ਭਾਵਨਾਵਾਂ ਨੂੰ ਉਤੇਜਿਤ ਵੀ ਕਰਦੀਆਂ ਹਨ ਤੇ ਨਾਲ ਹੀ ਨੈਤਿਕ ਮੁੱਲਾਂ ਨਾਲ ਜੁੜਦਾ ਕੋਈ ਖਾਸ ਸੁਨੇਹਾ ਵੀ ਦਿੰਦੀਆਂ ਹਨ।

ਪੁਰਾਣੇ ਸਮਿਆਂ ਤੋਂ ਮਨੁੱਖੀ ਮਨ ਉਪਰ ਪਸ਼ੂ ਜਗਤ ਦਾ ਬਹੁਤ ਗਹਿਰਾ ਤੇ ਪ੍ਰਬਲ ਪ੍ਰਭਾਵ ਰਿਹਾ ਹੈ। ਇਸੇ ਕਰਕੇ ਮਨੁੱਖ ਉਨ੍ਹਾਂ ਨਾਲ ਸਬੰਧਤ ਕਥਾਵਾਂ ਵਿਚੋਂ ਮਿਲਣ ਵਾਲੇ ਕਿਸੇ ਸੁਨੇਹੇ ਜਾਂ ਸੇਧ ਨੂੰ ਸਵੀਕਾਰ ਕਰਨ ਵਿਚ ਕੋਈ ਝਿਜਕ ਮਹਿਸੂਸ ਨਹੀਂ ਕਰਦਾ। ਜਨੌਰ ਕਥਾਵਾਂ ਦਾ ਵੱਡਾ ਹਿੱਸਾ ਨੀਤੀ ਕਥਾਵਾਂ ਨਾਲ ਜੁੜਦਾ ਹੈ। ਕਈ ਜਨੌਰ ਕਥਾਵਾਂ ਵਿਚ ਕੋਈ ਪਾਤਰ ਉਸ ਕਥਾ ਦੇ ਨਾਇਕ/ਨਾਇਕਾ ਦੀ ਭੂਮਿਕਾ ਅਦਾ ਕਰ ਰਿਹਾ ਹੁੰਦਾ ਹੈ ਤੇ ਸਾਰੀ ਕਥਾ ਉਸ ਦੇ ਜੀਵਨ ਬਿਰਤਾਂਤ ਦੁਆਲੇ ਹੀ ਘੁੰਮਦੀ ਹੈ। ਪਸ਼ੂ-ਪੰਛੀ ਨਾਇਕ/ਨਾਇਕਾ ਦਾ ਕਿਰਦਾਰ/ਸੁਭਾਅ ਵਿਲੱਖਣ ਕਿਸਮ ਦਾ ਤੇ ਰੌਚਕਤਾ ਭਰਪੂਰ ਹੁੰਦਾ ਹੈ।

ਜਨੌਰ ਕਥਾਵਾਂ ਵਿਚਲਾ ਸੰਸਾਰ ਅਜਿਹੀ ਬਿਰਤਾਂਤਕ ਜੁਗਤ ਨਾਲ ਸਿਰਜਿਆ ਜਾਂਦਾ ਹੈ, ਜਿਵੇਂ ਕਿਸੇ ਅਲੌਕਾਰੀ ਸੰਸਾਰ ਦੀ ਰਚਨਾ ਕੀਤੀ ਜਾ ਰਹੀ ਹੋਵੇ ਜਾਂ ਕਿਸੇ ਪਰੀ-ਲੋਕ ਵਿਚ ਵਾਪਰਦੀ ਕਿਸੇ ਲੋਕ ਕਥਾ ਦੇ ਦ੍ਰਿਸ਼ ਸਾਕਾਰ ਕੀਤੇ ਜਾ ਰਹੇ ਹੋਣ। ਕਈ ਜਨੌਰ ਕਥਾਵਾਂ ਵਿਚ ਪਸ਼ੂ-ਪੰਛੀ ਸਹਾਇਕ ਪਾਤਰਾਂ ਦੇ ਰੂਪ ਵਿਚ ਭੂਮਿਕਾ ਨਿਭਾਉਂਦੇ ਨਜ਼ਰ ਆਉਂਦੇ ਹਨ। ਉਹ ਕਥਾ ਦੇ ਨਾਇਕ ਦੇ ਸਹਿਯੋਗੀ ਬਣ ਕੇ ਉਭਰਦੇ ਹਨ। ਨਾਇਕ ਜਦੋਂ ਕਿਸੇ ਸੰਕਟ ਦੀ ਸਥਿਤੀ ਵਿਚ ਫਸਦਾ ਹੈ ਤਾਂ ਉਹ ਉਸ ਦੀ ਮਦਦ ਕਰਕੇ ਉਸ ਨੂੰ ਸੰਕਟ ਦੀ ਉਸ ਸਥਿਤੀ ਤੋਂ ਪਾਰ ਲੰਘਾਉਂਦੇ ਹਨ। ਕਿਸੇ ਉਦੇਸ਼-ਟੀਚੇ ਦੀ ਭਾਲ ਵਿਚ ਨਿਕਲੇ ਨਾਇਕ ਦੀ ਉਹ ਥਾਂ-ਥਾਂ ਹਰੇਕ ਹੀਲੇ ਮਦਦ ਕਰਦੇ ਹਨ ਤੇ ਉਸ ਨੂੰ ਉਸ ਦੇ ਉਦੇਸ਼ ਤੱਕ ਪਹੁੰਚਾਉਣ ਜਾਂ ਸਬੰਧਤ ਚੀਜ਼ ਦੀ ਭਾਲ ਕਰਨ ਵਿਚ ਉਸ ਦੀ ਮਦਦ ਕਰਦੇ ਹਨ।

ਕਈ ਜਨੌਰ ਕਥਾਵਾਂ ਸਿਰਫ ਮਨੋਰੰਜਨ ਕਰਨ ਦੇ ਮੰਤਵ ਨਾਲ ਘੜੀਆਂ, ਲਿਖੀਆਂ, ਪੜ੍ਹੀਆਂ, ਸੁਣਾਈਆਂ ਤੇ ਵਿਖਾਈਆਂ ਜਾਂਦੀਆਂ ਹਨ। ਉਨ੍ਹਾਂ ਵਿਚ ਪਸ਼ੂ-ਪੰਛੀ ਪਾਤਰ ਕਥਾ ਦੇ ਮੁੱਖ ਪਾਤਰ ਵਜੋਂ ਪੇਸ਼ ਹੁੰਦੇ ਹਨ ਤੇ ਕਥਾ ਦਾ ਸਾਰਾ ਤਾਣਾ-ਬਾਣਾ ਉਨ੍ਹਾਂ ਦੁਆਲੇ ਹੀ ਉਸਰਦਾ ਹੈ। ਨਿਰੋਲ ਕਲਪਨਾ 'ਤੇ ਆਧਾਰਿਤ ਜਨੌਰ ਕਥਾਵਾਂ ਵਿਚ ਪਸ਼ੂਆਂ ਦੀ ਬਹਾਦਰੀ, ਉਨ੍ਹਾਂ ਦੀਆਂ ਮਨੁੱਖ ਨਾਲੋਂ ਵੱਖਰੀ ਕਿਸਮ ਦੀਆਂ ਸਮਰਥਾਵਾਂ/ਗੁਣਾਂ, ਉਨ੍ਹਾਂ ਦੇ ਅਦਭੁੱਤ ਕਾਰਜਾਂ, ਉਨ੍ਹਾਂ ਦੇ ਪਿਆਰ, ਉਨ੍ਹਾਂ ਦੀਆਂ ਦੁਸ਼ਮਣੀਆਂ, ਉਨ੍ਹਾਂ ਦੀ ਵਫਾਦਾਰੀ ਆਦਿ ਦੁਆਲੇ ਉਸਰਦੀਆਂ ਹਨ। ਵਿਰੋਧੀ ਲੱਛਣਾਂ ਵਾਲੇ ਪਸ਼ੂਆਂ (ਜਿਵੇਂ ਸ਼ੇਰ ਤੇ ਬੱਕਰੀ) ਨਾਲ ਸਬੰਧਤ ਲੋਕ ਕਥਾਵਾਂ ਵੀ ਅਹਿਮ ਸੁਨੇਹਾ ਦਿੰਦੀਆਂ ਹਨ। ਕਈ ਜਨੌਰ ਕਥਾਵਾਂ ਨਾਲ ਕਈ ਲੋਕ-ਵਿਸ਼ਵਾਸ ਵੀ ਜੁੜਦੇ ਜਾਂਦੇ ਹਨ।

ਜਨੌਰ ਕਥਾਵਾਂ ਅਸਲ ਵਿਚ ਲੋਕ ਮਨ ਦੀ ਤਰਜਮਾਨੀ ਕਰਦੀਆਂ ਹਨ। ਉਹ ਪਰੰਪਰਾ ਨਾਲ ਜੁੜੀਆਂ ਹੁੰਦੀਆਂ ਹਨ ਤੇ ਉਨ੍ਹਾਂ ਵਿਚਲੇ ਬਿਰਤਾਂਤਕ ਤੱਤ ਉਨ੍ਹਾਂ ਦੀ ਉਸਾਰੀ ਦਾ ਮੂਲ ਧੁਰਾ ਬਣਦੇ ਹਨ। ਜਨੌਰ ਕਥਾਵਾਂ ਇਕ ਤਰ੍ਹਾਂ ਨਾਲ ਪੜ੍ਹਨ-ਸੁਣਨ ਵਾਲਿਆਂ ਨੂੰ ਕਿਸੇ ਸੁਪਨ ਜਗਤ ਦੀ ਸੈਰ ਕਰਵਾ ਦਿੰਦੀਆਂ ਹਨ। ਉਹ ਮਨੁੱਖੀ ਜੀਵਨ ਦੀਆਂ ਸੱਧਰਾਂ ਦੀ ਤਰਜਮਾਨੀ ਕਰਦੀਆਂ ਹਨ। ਜਨੌਰ ਕਥਾਵਾਂ ਦੀਆਂ ਰੂਪ ਵੰਨਗੀਆਂ ਦਾ ਖੇਤਰ ਏਨਾ ਵਿਸ਼ਾਲ ਹੈ ਕਿ ਉਨ੍ਹਾਂ ਨੂੰ ਕਿਸੇ ਨਿਸਚਿਤ ਇਕਾਈ ਵਿਚ ਬੰਨ੍ਹ ਸਕਣਾ ਕਠਿਨ ਹੈ। ਜਨੌਰ ਕਥਾਵਾਂ ਸੁਣਨ-ਸੁਣਾਉਣ ਦੇ ਸਮੇਂ ਬੇਸ਼ੱਕ ਬੀਤੇ ਦੀ ਬਾਤ ਬਣ ਕੇ ਰਹਿ ਗਏ ਹਨ, ਪਰ ਇਕ ਗੱਲ ਨਿਸਚਿਤ ਹੈ ਕਿ ਹੁਣ ਦੇ ਡਿਜੀਟਲ ਯੁੱਗ ਵਿਚ ਵੀ ਉਨ੍ਹਾਂ ਦੇ ਮਹੱਤਵ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਹੁਣ ਦੇ ਬੱਚੇ ਅਖਬਾਰਾਂ, ਮੈਗਜ਼ੀਨਾਂ, ਕਿਤਾਬਾਂ 'ਚੋਂ ਜੰਗਲੀ ਜੀਵ ਸੰਸਾਰ ਨਾਲ ਜੁੜੀਆਂ ਕਹਾਣੀਆਂ ਪੜ੍ਹਨੀਆਂ, ਕੌਮਿਕਸ ਪੜ੍ਹਨੀਆਂ, ਕਾਰਟੂਨ ਵੇਖਣੇ/ਪੜ੍ਹਨੇ ਤੇ ਟੀ. ਵੀ. ਤੋਂ ਕਾਰਟੂਨ ਫਿਲਮਾਂ ਵੇਖਣੀਆਂ ਇਸੇ ਕਰਕੇ ਪਸੰਦ ਕਰਦੇ ਹਨ ਕਿ ਉਹ ਮਨੋਰੰਜਨ ਨਾਲ ਭਰਪੂਰ ਵੀ ਹੁੰਦੀਆਂ ਹਨ, ਸਿੱਖਿਆਦਾਇਕ ਵੀ ਹੁੰਦੀਆਂ ਹਨ ਤੇ ਪ੍ਰੇਰਨਾਦਾਇਕ ਵੀ ਹੁੰਦੀਆਂ ਹਨ।

# ਕਾਵਿ-ਜਗਤ

## ਜ਼ਰਾ ਸੋਚ, ਕੁਝ ਸੋਚ

ਪਿੰਡੋਂ ਤੁਰ ਪਹੁੰਚ ਗਏ ਮੁਲਕ ਉਥੇ,
ਜਿੱਥੇ ਦਾ ਬੱਸ ਸੁਪਨਾ ਲੈਂਦੇ ਆ ਲੋਕ।
ਦਿਲ ਅੱਜ ਵੀ ਉਡੀਕੇ ਉਸ ਬਚਪਨ ਨੂੰ,
ਜਦੋਂ ਉਡਦੇ ਸੀ ਉਚੇ, ਨਾ ਸੀ ਕੋਈ ਰੋਕ।
ਅੱਜ ਹੌਲੀ ਹੌਲੀ ਸਭ ਮਿਲੀ ਜਾਂਦਾ,
ਫਿਰ ਵੀ ਦਿਲ ਵਿਚ ਰਹਿੰਦੀ ਆ ਕੋਈ ਤੋਟ।
ਜ਼ਿੰਦਗੀ ਮੁੱਕ ਜਾਣੀ ਇੱਕ ਦਿਨ ਬਿਨਾ ਦੱਸੇ,
'ਪੰਨੂ' ਕੀਮਤੀ ਬਹੁਤ, ਜ਼ਰਾ ਸੋਚ, ਕੁਝ ਸੋਚ।

*-ਪ੍ਰਭਜੋਤ ਸਿੰਘ ਪੰਨੂ*
*ਫੋਨ: 916-280-6075*

---

## ਓ ਬੰਦਿਆ !

ਸ਼ਰਮ ਆਪਣੇ ਆਪ ਤੋਂ ਆਈ ਜਾਵੇ,
ਮੂੰਹ 'ਤੇ ਛਿੱਕਲੀਆਂ ਸਭਨਾਂ ਚੜ੍ਹਾਈਆਂ ਨੇ।
ਤਾਜ਼ੀ ਹਵਾ ਤੋਂ ਵੀ ਸੱਖਣੇ ਕਰ ਦਿੱਤਾ,
ਚੁੱਕ ਕੁਹਾੜਾ, ਜੋ ਕੀਤੀਆਂ ਛੰਗਾਈਆਂ ਨੇ।

ਸਮਾਂ ਘੇਰਦਾ, ਸਮਾਂ ਜਦੋਂ ਆ ਜਾਵੇ,
ਅੱਗੇ ਆਉਂਦੀਆਂ, ਕੀਤੀਆਂ ਚਤੁਰਾਈਆਂ ਨੇ।
ਪਾਰਕਾਂ ਵਿਚ ਨਾ ਬੰਦੇ ਦੀ ਜਾਤ ਦਿੱਸਦੀ,
ਆਣ ਪੰਛੀਆਂ ਨੇ ਮਜਲਸਾਂ ਲਾਈਆਂ ਨੇ।

ਨਾ ਕੁਝ ਨਾਲ ਆਇਆ, ਨਾ ਨਾਲ ਜਾਣਾ,
ਸਦਾ ਉਸ ਲਈ ਕੀਤੀਆਂ ਲੜਾਈਆਂ ਨੇ।
ਕੁਦਰਤ ਨਾਲ ਤੂੰ ਇੱਕਸੁਰ ਹੋ ਬੰਦਿਆ,
ਦਾਤਾਂ ਮਾਣ, ਜੋ ਝੋਲੀ ਤੇਰੀ ਪਾਈਆਂ ਨੇ।

*-ਦਵਿੰਦਰ ਕੌਰ*

---

## ਅੱਜ ਕੱਲ

ਘਰ ਵਿਚ ਮੈਨੂੰ ਕੈਦ ਕਰਨ,
ਮੈਂ ਬੰਦਾ ਨਹੀਂ ਕੋਈ ਖਾਸ।
ਘਰ ਵਿਚ ਕੈਦੀ ਹੋਣ ਦਾ ਅੱਜ ਕਲ,
ਹੋ ਰਿਹਾ ਅਹਿਸਾਸ।

ਕੁਝ ਆਖਣ ਇਹ ਖੇਲ ਮਨੁੱਖੀ,
ਬਹੁਤੇ ਆਖਣ ਰੱਬ ਦੀ,
ਇਸ ਬਹਿਸ 'ਚ ਆਮ ਬੰਦਾ ਤਾਂ,
ਹੋਇਆ ਮੱਛੀਓਂ ਮਾਸ।

ਬਹੁਤਿਆਂ ਦੇ ਨੇ ਧੰਦੇ ਖੜ੍ਹ ਗਏ,
ਹੋਏ ਕੰਮਾਂ ਤੋਂ ਵਿਹਲੇ,
ਕੁਝ ਧੰਦਿਆਂ ਨੂੰ ਮਹਾਮਾਰੀ ਵੀ,
ਬਾਹਲੀ ਆਈ ਰਾਸ।

ਮਨ ਕਾਬੂ ਵਿਚ ਕਰਨਾ,
ਕਹਿਣ ਸਿਆਣੇ ਬਾਹਲਾ ਔਖਾ,
ਦੁਨੀਆਂ ਵੀ ਜਿੱਤੀ ਜਾਵੇ,
ਜੇਕਰ ਮਨ ਨੂੰ ਪੈ ਜਾਏ ਘਾਸ।

ਕੁਲ ਦੁਨੀਆਂ ਨੇ ਪਿੰਡ ਬਣਨਾ,
ਹੋ ਰਹੀ ਸੀ ਪੇਸ਼ੀਨਗੋਈ,
ਪਿੰਡ ਗਵਾਂਢੀ ਵਤਨ ਲਈ ਹੁਣ,
ਲੈਣਾ ਪੈ ਗਿਆ ਪਾਸ।

'ਬੀਸਲੇ' ਨੇ ਵਿਗਿਆਨੀਆਂ ਉਤੇ,
ਛੱਡੀ ਹੋਈ ਏ ਡੋਰੀ,
ਉਨ੍ਹਾਂ ਮੁਬਾਰਕ ਜਿਨ੍ਹਾਂ ਨੇ ਪੱਕੀ,
ਉਸ 'ਤੇ ਰੱਖੀ ਆਸ।

*-ਹਰਿੰਦਰ ਸਿੰਘ ਬੀਸਲਾ*
*ਫੋਨ: 562-726-7674*

---

## ਕਰੋਨਾ ਮਾਰ ਦੀ ਲੋਏ

ਜੱਗ 'ਚ ਕਰੋਨਾ ਵਾਇਰਸ ਦੀ
ਦਹਿਸ਼ਤ ਵਿਚ ਫਸੀ ਲੋਕਾਈ ਹੈ,
ਨ੍ਹੇਰੇ 'ਚੋ ਲੁਪਤ ਵਾਇਰਸਾਂ 'ਤੇ
ਕਰੋਨਾ ਨੇ ਧੁੱਪ ਵਰਸਾਈ ਹੈ।
ਕੁਝ ਵਾਇਰਸਾਂ ਮਾਨਵ ਲਈ
ਮਿੱਤਰ ਵਿਗਿਆਨਕ ਹੁੰਦੀਆਂ ਨੇ,
ਕਰੋਨਾ ਬੰਦੇਖਾਣੀ ਤੋਂ ਕੁਝ
ਵੱਧ ਭਿਆਨਕ ਹੁੰਦੀਆਂ ਨੇ।
ਹਰ ਮਾਨਵ ਘਾਤਕ ਵਾਇਰਸ ਨੂੰ
ਉਹਦਾ ਸੱਚ ਪਕੜ ਪਟਕਾ ਮਾਰੋ।
ਉਹਦੀ ਪਾਲਕ ਹਰ ਹਕੂਮਤ ਨੂੰ
ਉਹ ਜਿੱਥੇ ਕਿਤੇ, ਪਲਟਾ ਮਾਰੋ।

ਚਰਗਾਹ ਸਮਝ ਕੇ ਜੀਵਨ 'ਚ
ਲਲਚਾ ਵੜਦੀਆਂ ਜਾਂਦੀਆਂ ਨੇ,
ਚਾਅ ਖਾਬ ਮਨੁੱਖੀ ਹੱਕ ਨਾਲੇ
ਸਵੈਮਾਨ ਚਰਦੀਆਂ ਜਾਂਦੀਆਂ ਨੇ।
ਇਸ ਢਾਂਚੇ ਦੇ ਡੀ. ਐਨ. ਏ ਵਿਚ
ਇਹ ਵਾਇਰਸਾਂ ਮੇਲ੍ਹਦੀਆਂ,
ਕਰੋਨਾ ਵਰਗੀਆਂ ਕਈ ਇਨ੍ਹਾਂ ਦੀ
ਗੋਦੀ ਵਿਚ ਨੇ ਖੇਲਦੀਆਂ।
ਹਰ ਐਸੀ ਵਾਇਰਸ ਨੂੰ ਢਾਂਚੇ ਦਾ
ਡੀ. ਐਨ. ਏ. ਕਢਵਾ ਮਾਰੋ।
ਇਹਦੀ ਪਾਲਕ ਹਰ ਹਕੂਮਤ ਨੂੰ

ਨਫੇ ਦੀ ਸੁੱਕਦੀ ਜੜ੍ਹ 'ਤੇ ਲੁੱਟ ਦਾ
ਰਾਜ ਸਿੰਘਾਸਨ ਡੋਲ੍ਹ ਰਿਹਾ,
ਜਿਸ ਵਾਇਰਸ ਨੇ ਤਾਲੇ ਲਾਏ
ਉਹੀਓ ਤਾਲੇ ਖੋਹਲ ਰਿਹਾ।
ਮਨੁੱਖੀ ਲੁੱਟ ਦੀ ਵਾਇਰਸ ਨੂੰ
ਸਿੰਘਾਸਨ ਦੇ ਸੰਗ ਡੋਲਾਅ ਮਾਰੋ,
ਏਹਦੀ ਪਾਲਕ ਹਰ ਹਕੂਮਤ ਨੂੰ
ਉਹ ਜਿੱਥੇ ਕਿਤੇ, ਪਲਟਾ ਮਾਰੋ।

ਕੰਮ ਖੋਹਲੇ ਵੈਕਸੀਨ ਦੀ ਨਾ
ਹੁਣ ਹਾਕਮ ਹੋਰ ਉਡੀਕ ਕਰੇ,
ਜਿਵੇਂ ਭੋਜ ਕਰੋਨਾ ਦੇ ਸਾਹਵੇਂ
ਜਾ ਕਮੇ ਲੋਕ ਪਰੋਸ ਧਰੇ।
ਬਿਨ ਧਾਰੀ ਹਿਫਜ਼ਤ-ਸੰਦਾਂ ਨੂੰ
ਕਰੋਨਾ ਦੇ ਸੰਗ ਨਿਭਾਓ ਜੀ,
ਜੋ ਸੁੱਕ ਗਈ ਨਦੀ ਮੁਨਾਫੇ ਦੀ
ਉਹਨੂੰ ਛਲ ਛਲ ਵਗਣੀ ਲਾਓ ਜੀ।



ਉਹ ਜਿੱਥੇ ਕਿਤੇ, ਪਲਟਾ ਮਾਰੋ।

ਜਿਸ ਕਿਰਤੀ ਦੀ ਕਿਰਤ ਦਾ ਇੰਜਣ
ਮੁਲਖ ਦੇ ਤਾਈਂ ਚਲਾਉਂਦਾ ਹੈ,
ਜੋ ਉਹਨੂੰ ਆਪਣੀ ਮਾਤ-ਭੂਮੀ 'ਚ
ਪਰਵਾਸੀ ਕਹਿ ਠੁਕਰਾਉਂਦਾ ਹੈ,
ਉਹਦੀ ਵਾਇਰਸ ਚੁੱਕ ਕਰੋਨਾ ਨੂੰ
ਖੁਦ ਉਂਗਲਾਂ 'ਤੇ ਨਚਾਉਂਦੀ ਹੈ,
ਫੇਰ ਸੁਹਾਗਾ ਹੱਕਾਂ 'ਤੇ
ਲੁੱਟ ਨੂੰ ਅਸਮਾਨ ਚੜ੍ਹਾਉਂਦੀ ਹੈ।
ਉਸ ਹਾਕਮ ਦੀ ਇਸ ਵਾਇਰਸ ਨੂੰ
ਇਹਦਾ ਸੱਚ ਝੂਠ ਪਰਤਾ ਮਾਰੋ,
ਇਹਦੀ ਪਾਲਕ ਹਰ ਹਕੂਮਤ ਨੂੰ
ਉਹ ਜਿੱਥੇ ਕਿਤੇ, ਪਲਟਾ ਮਾਰੋ।

ਕਰੋਨਾ-ਜਿੰਦਰੇ ਸਾਹਵੇਂ ਕਾਮੇ
ਸਿਰਾਂ ਤੋਂ ਛੱਤਾਂ ਖੋਹ ਕਰ ਕੇ,
ਟੁੱਟੇ ਖਾਬਾਂ ਦੇ ਕੱਚ ਉਪਰ
ਚੱਲਦੇ ਕਾਫਲੇ ਕੋਹ ਕਰਕੇ।
ਹਜ਼ਾਰਾਂ ਕੋਹ ਦੇ ਘਰ ਨੂੰ ਰਾਹ 'ਤੇ
ਨਰਕੇ-ਜਬਰ ਵਰਸਾਉਂਦੀ ਹੈ।
ਸਵੈਮਾਣ ਸੰਗ ਜੀਣ ਦਾ ਹੱਕ ਨਿੱਤ
ਫਾਂਸੀ 'ਤੇ ਚੜ੍ਹਾਉਂਦੀ ਹੈ।
ਇਸ ਮਾਨਵ ਘਾਤਕ ਵਾਇਰਸ ਨੂੰ
ਇਹਦੀ ਫਾਂਸੀ ਲਾ ਮਾਰੋ।
ਇਹਦੀ ਪਾਲਕ ਹਰ ਹਕੂਮਤ ਨੂੰ
ਉਹ ਜਿੱਥੇ ਕਿਤੇ, ਪਲਟਾ ਮਾਰੋ।

ਕਰੋਨਾ ਭੈਅ ਦੀ ਲਾ ਤੀਲੀ ਜੋ
ਫਿਰਕੂ ਅੱਗ ਭੜਕਾਉਂਦੀ ਹੈ,
ਕਾਨੂੰਨ ਕਿਰਤੀਆਂ ਹੱਕਾਂ ਵਾਲੇ
ਕਰੋਨਾ ਦੀ ਬਲੀ ਚੜ੍ਹਾਉਂਦੀ ਹੈ।
ਮਨੁੱਖੀ ਹੱਕਾਂ ਉਪਰ ਕਰੋਨਾ ਦਾ
ਘੋੜਾ ਦੌੜਵਾਉਂਦੀ ਹੈ,
ਧਨੀ ਜਮਾਤਾਂ ਅੰਬਰ ਚੁੱਕ ਕੇ
ਰੰਕ ਨੂੰ ਥੱਲੇ ਲਾਉਂਦੀ ਹੈ।
ਉਸ ਮਾਨਵ ਘਾਤਕ ਵਾਇਰਸ ਨੂੰ
ਡੂੰਘੀ ਪਤਾਲ ਦਫਨਾ ਮਾਰੋ।
ਏਹਦੀ ਪਾਲਕ ਹਰ ਹਕੂਮਤ ਨੂੰ
ਉਹ ਜਿੱਥੇ ਕਿਤੇ, ਪਲਟਾ ਮਾਰੋ।

ਮਾਨਵਵਾਦ ਵਿਗਿਆਨ ਤੋਂ ਕਿਉਂਕਿ
ਲਾਗੂ ਗਈ ਕਰਾਈ ਨਹੀਂ,
ਲੌਕਡਾਊਨ, ਸਮਾਜਕ ਵਿੱਥ ਨੇ
ਨੱਥ ਕਰੋਨਾ ਪਾਈ ਨਹੀਂ।

ਜੋ ਇਹ ਆਖੇ ਉਸ ਵਾਇਰਸ ਨੂੰ
ਰੱਖ ਰੜੇ ਭੁੱਖੀ ਤੜਫਾ ਮਾਰੋ,
ਏਹਦੀ ਪਾਲਕ ਹਰ ਹਕੂਮਤ ਨੂੰ
ਉਹ ਜਿੱਥੇ ਕਿਤੇ, ਪਲਟਾ ਮਾਰੋ।

ਏਅਰਕੰਡੀਸ਼ਨ ਘਰ, ਕਾਰਾਂ ਤੋਂ
ਬਿਜਲੀ ਦੀਆਂ ਰੌਸ਼ਨਾਈਆਂ ਤੱਕ,
ਫੋਨ ਕੰਪਿਊਟਰ ਇੰਟਰਨੈੱਟ ਤੋਂ
ਟੀ. ਵੀ., ਸਿਹਤ ਦਵਾਈਆਂ ਤੱਕ,
ਯੁੱਗ ਨੇ ਚਾੜ੍ਹ ਜਹਾਜ ਮਨੁੱਖ ਨੂੰ
ਅੰਬਰ ਵਿਚ ਉਡਾਇਆ ਹੈ,
ਜੋ ਯੁੱਗ ਵਿਗਿਆਨ ਤਰਕ ਦਾ ਨਾਲੇ
ਮਾਨਵਵਾਦ ਦਾ ਜਾਇਆ ਹੈ।
ਵਿਗਿਆਨ ਤਰਕ ਮਨੁੱਖ ਦੀ ਦੁਸ਼ਮਣ
ਵਾਇਰਸ-ਸੋਚ ਤਰਕਾ ਮਾਰੋ,
ਏਹਦੀ ਪਾਲਕ ਹਰ ਹਕੂਮਤ ਨੂੰ
ਉਹ ਜਿੱਥੇ ਕਿਤੇ, ਪਲਟਾ ਮਾਰੋ।

ਮਾਨਵਵਾਦ ਵਿਗਿਆਨ ਤਰਕ ਦੀ
ਹਰ ਸਿਰ ਜੋਤ ਜਗਾਓ ਜੀ,
ਅੱਜ ਹਰ ਲਟਕਦੇ ਮਸਲੇ ਨੂੰ
ਇਸ ਜੋਤ ਲੋਏ ਸੁਲਝਾਓ ਜੀ।
ਨਸਲਵਾਦ, ਮਨੁੱਖੀ ਲੁੱਟ ਤੇ
ਚੜ੍ਹਦਾ ਫਿਰਕੂ ਜ਼ਹਿਰ ਹੈ ਜੋ,
ਕਿਰਤੀ ਅਤੇ ਮਨੁੱਖੀ ਹੱਕਾਂ 'ਤੇ
ਢਹਿੰਦਾ ਨਿੱਤ ਇਹ ਕਹਿਰ ਹੈ ਜੋ,
ਹਰ ਐਸੀ ਵਾਇਰਸ ਲੋਕ ਲਹਿਰ ਦੀ
ਸ਼ਕਤੀ ਸੰਗ ਟਕਰਾ ਮਾਰੋ,
ਏਹਦੀ ਪਾਲਕ ਹਰ ਹਕੂਮਤ ਨੂੰ
ਉਹ ਜਿੱਥੇ ਕਿਤੇ, ਪਲਟਾ ਮਾਰੋ।

*-ਡਾ. ਸੁਖਪਾਲ ਸੰਘੇੜਾ*

---

## ਗਜ਼ਲ

ਰਗਾਂ ਵਿਚ ਖੂਨ ਜਦ ਤੀਕ ਤਦੋਂ ਤੱਕ ਯਾਦ ਆਵੇਂਗਾ,
ਵਚਨ ਆਪਣਾ ਨਿਭਾਵਾਂਗੀ ਵਚਨ ਤੂੰ ਵੀ ਨਿਭਾਵੇਂਗਾ?

ਕਲੇਜੇ ਵਿਚ ਮੁਹੱਬਤ ਦੀ ਅਗਨ ਐਸੀ ਲਗਾ ਦੇਣੀ,
ਵਧੇਰੇ ਯਾਦ ਆਵਾਂਗੀ, ਤੂੰ ਜਿੰਨਾ ਮੈਨੂੰ ਭੁਲਾਵੇਂਗਾ।

ਸਦਾ ਤੇਰੇ ਕਲੇਜੇ ਵਿਚ ਚੁਭਾਂਗੀ ਛਿਲਤ ਵਾਂਗੂੰ ਮੈਂ,
ਅਜ਼ਲ ਤਾਈਂ ਮੁਹੱਬਤ ਦਾ ਵਿਜੋਗੀ ਗੀਤ ਗਾਵੇਂਗਾ।

ਜੁਦਾ ਹੋ ਕੇ ਚਲੇ ਜਾਣਾ ਬੜੀ ਹੀ ਦੂਰ ਤੂੰ ਮੈਥੋਂ,
ਜਿਗਰ ਦੇ ਡੂੰਘ ਵਿਚ ਐਪਰ ਮੇਰਾ ਹੀ ਵਾਸ ਪਾਵੇਂਗਾ।

ਵਤਨ ਨੂੰ ਅਲਵਿਦਾ ਕਹਿ ਕੇ ਪਰਾਇਆ ਹੋ ਨਹੀਂ ਸਕਣਾ,
ਵਤਨ ਦੀ ਰਸਿਕਤਾ ਹਿਤ ਏਸ ਨੂੰ ਮੁੜ ਮੁੜ ਧਿਆਵੇਂਗਾ।

ਉਦਾਸੀ ਦੇ ਘਣੇ ਜੰਗਲ ਵਲੇਵਾਂ ਪੌਣ ਜੇ ਤੈਨੂੰ,
ਕਰੇਂਗਾ ਯਾਦ ਜੇ ਮੈਨੂੰ, ਦੁੱਖਾਂ ਵਿਚ ਮੁਸਕਰਾਵੇਂਗਾ।

ਗੁਨੀਮਤ ਹੈ ਕਿ ਤੇਰੇ ਪਾਸ ਹੈ ਜਜ਼ਬਾ ਮੁਹੱਬਤ ਦਾ,
ਕਦਮ ਆਪਣੇ ਪਹਾੜਾਂ ਦੀ ਬੁਲੰਦੀ 'ਤੇ ਟਿਕਾਵੇਂਗਾ।

ਨਜ਼ਾਰੇ ਹਰ ਜਜ਼ੀਰੇ 'ਤੇ ਬੜੇ ਹੀ ਮਿਲਣਗੇ ਤੈਨੂੰ,
ਬਿਨਾ ਮੇਰੇ ਸਮੁੰਦਰ ਵਿਚ, ਕਿਵੇਂ ਜਾਦੂ ਜਗਾਵੇਂਗਾ?

*-ਸੁਹਿੰਦਰ ਬੀਰ*

## ਖੁਦਕੁਸ਼ੀ ਪਿੱਛੇ ਹਤਿਆਰਾ

ਖੁਸ਼ ਹੋ ਕੇ ਕੋਈ
ਖੁਦਕੁਸ਼ੀ ਨ੍ਹੀਂ ਕਰਦਾ
ਬੜੇ ਹੱਥ ਪੈਰ ਮਾਰਦਾ ਬੰਦਾ ਤਾਂ ਕਿ
ਜ਼ਿੰਦਗੀ ਦੀ ਨਦੀ ਵਿਚ ਰਹੇ ਤਰਦਾ।
ਮੌਤ ਨੂੰ ਗਲ ਲਾਉਂਦਾ ਉਦੋਂ,
ਜਦੋਂ ਕਿਸਤੀ ਨੂੰ
ਦਿਸਦਾ ਨਾ ਕੋਈ ਕਿਨਾਰਾ ਹੁੰਦਾ ਏ।
ਹਰ ਖੁਦਕੁਸ਼ੀ ਦੇ ਪਿੱਛੇ
ਕੋਈ ਹਤਿਆਰਾ ਹੁੰਦਾ ਏ।

ਜਦ ਕੋਈ ਆਪਣਾ ਜਾਨੋਂ ਪਿਆਰਾ ਛੱਡ ਜਾਂਦਾ
ਨਾਲ ਖੜਨ ਦਾ ਵਾਅਦਾ ਕਰ ਹੋ ਅੱਡ ਜਾਂਦਾ
ਧੋਖਾ ਕਰਕੇ ਜਦ ਕੋਈ
ਕੰਮ ਆਪਣਾ ਕੱਢ ਜਾਂਦਾ
ਫਿਰ ਦੁੱਖ ਅੰਦਰੋਂ ਅੰਦਰ ਬੰਦੇ ਨੂੰ
ਖਾ ਵੱਢ ਵੱਢ ਜਾਂਦਾ।
ਮਾਰੂਥਲ ਜਿਹਾ ਜਾਪਦਾ
ਫਿਰ ਸੰਸਾਰ ਬੰਦੇ ਨੂੰ
ਜੀਣ ਦਾ ਨਾ ਕੋਈ ਸਹਾਰਾ ਹੁੰਦਾ ਏ...।

ਜੋਕਾਂ ਵਾਂਗ ਖੂਨ ਚੂਸ ਲੈਂਦੇ
ਨੌਕਰ ਜੋ ਸਰਕਾਰੀ
ਕਦੇ ਮਾਰ ਕੁਦਰਤੀ ਪੈ ਜਾਵੇ
ਕਦੇ ਘਰ-ਵਾਰ ਵਿਕਾਵੇ ਬਿਮਾਰੀ।
ਕਰਜੇ ਦਾ ਨਾ ਝੱਲ ਹੋਵੇ ਬੋਝ
ਮਰ ਮਰ ਜਿਉਂਦਾ ਬੰਦਾ ਰੋਜ਼,
ਕੋਈ ਨਾ ਦੇਵੇ ਧਰਵਾਸ ਉਦੋਂ
ਮੁੱਕ ਜਾਂਦੀ ਹਰ ਆਸ ਜਦੋਂ।
ਸਿਖਰ ਦੁਪਿਹਰੇ ਸੂਰਜ ਡੁੱਬਦਾ ਏ 'ਵਿਨੋਦ'
ਜਦ ਅੰਬਰੋਂ ਕੋਈ ਟੁੱਟਿਆ ਤਾਰਾ ਹੁੰਦਾ ਏ।
ਹਰ ਖੁਦਕੁਸ਼ੀ ਦੇ ਪਿੱਛੇ
ਕੋਈ ਹਤਿਆਰਾ ਹੁੰਦਾ ਏ।

*-ਵਿਨੋਦ ਗਰਗ*
*ਫੋਨ: 91-98763-71788*

---

## ਆਸੇ ਪਾਸੇ

ਵੰਡ ਲਏ ਧਰਮਾਂ ਨੇ ਪਾਸੇ,
ਖੋਹ ਲਏ ਮਨੁੱਖ ਤੋਂ ਹਾਸੇ।

ਪੂਰਬ, ਪੱਛਮ, ਉਤਰ, ਦੱਖਣ,
ਭੱਜ ਕੇ ਮੱਥਾ ਟੇਕਣ ਨੱਸਣ।

ਅੰਧਵਿਸ਼ਵਾਸੀ ਹੋਏ ਬਾਹਲੇ,
ਉਂਜ ਸੋਚਾਂ ਨੂੰ ਲਾਏ ਤਾਲੇ।

ਜਾਤ-ਪਾਤ ਤੇ ਫਿਰਕਾਪ੍ਰਸਤੀ,
ਨੇਤਾਵਾਂ ਲਈ ਸਭ ਤੋਂ ਸਸਤੀ।

ਮਜ਼੍ਹਬ ਦੇ ਫੋਕੇ ਲਾ ਕੇ ਨਾਅਰੇ,
ਭੇਡਾਂ ਵਾਂਗੂੰ ਪਿੱਛੇ ਲਾਏ ਸਾਰੇ।

ਤੀਰ ਗੁਆਚੇ, ਨਾ ਲੱਭੇ ਭੱਥਾ,
ਦੇਸ਼ ਵਿਕਾਸ ਦੀ ਲੀਹੋਂ ਲੱਥਾ।

ਸੋਚਦੇ ਚੜ੍ਹ ਅਸਮਾਨੀ ਜਾਏ,
ਕੌਣ ਜਾਣੇ ਧਸ ਪਤਾਲੀਂ ਜਾਏ।

ਕਰੋਨੇ ਚੰਦਰੇ ਆਣ ਕੇ ਡੱਸਿਆ,
ਕਾਮਾ ਵਿਚ ਕੁਬਿਧੀ ਫਸਿਆ।

ਹੁਣ ਸਰਕਾਰ ਹੱਲ ਨਾ ਜਾਣੇ,
ਕੰਮ ਚਲਾਉਂਦੇ ਜ਼ੋਰ ਧਿਗਾਣੇ।

ਬਣੀ ਅੱਜ ਡਾਢੀ ਹੈ ਮੁਸ਼ਕਿਲ,
ਜਿਉਂਦੇ ਮਰਦੇ ਹਾਂ ਤਿਲ ਤਿਲ।

ਕੁਝ ਤਾਂ ਬੈਠ ਕੇ ਸੋਚ ਵਿਚਾਰੋ,
ਐਹ ਮੇਰੇ ਵਤਨ ਦੇ ਠੇਕੇਦਾਰੋ।

*-ਸੇਵਾ ਸਿੰਘ ਨੂਰਪੁਰੀ*

---

## ਗੁਰੂ ਗੋਬਿੰਦ ਸਿੰਘ

ਸਾਡਾ ਬਾਪੂ ਹੈ ਸਰਦਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਸਿੰਘ-ਕੌਰ ਦਾ ਰਚਨਹਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਪੁੱਤ ਵਾਰੇ ਧਰਮ ਤੋਂ ਚਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਵਾਰੋ-ਵਾਰੀ ਵਾਰਿਆ ਸਭ ਪਰਿਵਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਦੂਜੇ ਧਰਮਾਂ ਦੇ ਪਹਿਰੇਦਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।

ਹਿੰਦੂਆਂ ਦੀ ਸੁਣੀ ਪੁਕਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਹੈ ਸੱਚੀ ਸੱਚ ਸਰਕਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਹਰ ਸਿੱਖ ਨੂੰ ਹੈ ਇਤਬਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਦਸਵੇਂ ਗੁਰੂ ਨਾਨਕ ਅਵਤਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਸਿੱਖਾਂ ਨੂੰ ਕਰਦੇ ਪਿਆਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।

ਨੀਲੇ ਘੋੜੇ ਦੇ ਅਸਵਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਹੈ ਗੁਰੂ ਰੂਪ ਕਰਤਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਯੁੱਧ 'ਚ ਜੂਝਣ ਲੈ ਤਲਵਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਤੀਰਾਂ ਦੀ ਕਰਨ ਬੁਛਾਰ
ਧੰਨ ਧੰਨ ਗੁਰੂ ਗੋਬਿੰਦ ਸਿੰਘ।
'ਸੁਖਵਿੰਦਰਾ' ਤੂੰ ਜਪੁ ਵਾਰ-ਵਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਪਿਤਾ ਪੁੱਤਰਾਂ ਦੀ ਸੁਣੇ ਪੁਕਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।

*-ਸੁਖਵਿੰਦਰ ਸਿੰਘ ਬੋਦਲਾਂਵਾਲਾ*
*ਫੋਨ: 360-281-2624*

---

## ਪੱਥਰ ਦਿਲ

ਦਿਲ ਸੀ ਪਹਿਲਾਂ ਸਾਫ ਸਫੂਤੇ
ਵਫਾ ਸੀ ਬਹੁਤ ਨਿਰਾਲੀ,
ਤਾਂ ਹੀ ਹਰ ਪਾਸੇ ਸੀ ਦਿਸਦੀ,
ਸੱਜਣਾ ਵੇ ਖੁਸ਼ਹਾਲੀ।

ਬੰਦਾ ਜਦ ਸੀ ਪਾਣੀ ਤੱਕਦਾ
ਹੋ ਜਾਂਦੇ ਸੀ ਸੂਹੇ,
ਇਸ਼ਕ ਨਸ਼ੇ ਵਿਚ ਝੂਮਣ ਲੱਗਦੇ
ਖੜ੍ਹੇ ਖੜੋਤੇ ਖੂਹੇ।

ਹੁਣ ਜੇ ਦੇਖੇ ਬੰਦਾ ਪਾਣੀ
ਪਾਣੀ ਹੁੰਦੇ ਕਾਲੇ,
ਅਗਲੀ ਨਸਲ ਲਈ ਨਹੀਂ ਰਹਿਣੇ
ਜੀਵਨ ਰਾਹ ਸੁਖਾਲੇ।

ਪੌਣ ਜ਼ਹਿਰੀਲੀ, ਕਾਲੇ ਪਾਣੀ
ਬਿਨ ਰੁੱਖਾਂ ਦੇ ਧਰਤੀ।
ਸਾਨੂੰ ਪਿੱਟ ਮਨਾਇਆ ਕਰਨੀ,
ਉਨ੍ਹਾਂ ਨੇ ਸਾਡੀ ਬਰਸੀ।

ਪੈਸੇ, ਕੋਠੀਆਂ, ਕਾਰਾਂ ਲਾਜ਼ਿਮ
ਕਹਿ ਕੇ ਝਾੜਿਆ ਪੱਲਾ,
ਲਾਜ਼ਿਮ ਕਹਿ ਕੇ ਵਿਚ ਅਖੀਰਾਂ
ਬੰਦਾ ਰਹਿ ਜਏ 'ਕੱਲਾ।

ਕਰ ਖੁਦਕੁਸ਼ੀਆਂ ਏਸ ਕੈਦ ਤੋਂ
ਮੁਕਤ ਹੋ ਜਾਣਾ ਚਾਹਵੇ,
ਕੌਣ ਕਰਾਵੇ ਸੁਲ੍ਹਾ ਜਦੋਂ ਪਰ
ਬੰਦਾ ਬੰਦੇ ਢਾਹਵੇ।

ਖਾਕ ਤਰੱਕੀ ਜੀਣ ਔਖੇਰੇ
ਚੁੱਪ ਰਹਿ ਹੰਝੂ ਰੋ ਗਏ,
ਮੌਤ ਕਿਸੇ ਦੀ ਦੁੱਖ ਨਹੀਂ ਦਿੰਦੀ
ਦਿਲ ਨੇ ਪੱਥਰ ਹੋ ਗਏ।

*-ਕਮਲ ਸਰਾਵਾਂ, ਪਟਿਆਲਾ*
*ਫੋਨ: 91-99156-81496*

ਪੁਸਤਕ ਪੜਚੋਲ

# 'ਕੁਝ ਨਾ ਕਹੋ' ਪੜ੍ਹਦਿਆਂ

ਰਵਿੰਦਰ ਸਹਿਰਾਅ ਪ੍ਰੌਢ, ਪ੍ਰਗਤੀਸ਼ੀਲ ਅਤੇ ਪ੍ਰਤੀਬੱਧ ਕਵੀ ਹੈ। ਸੰਵੇਦਨਾ ਸੰਗ ਭਰਪੂਰ ਅਤੇ ਚਿੰਤਾ ਤੋਂ ਚੇਤਨਾ ਤੇ ਚਿੰਤਨ ਦੇ ਸਫਰ ਦਾ ਰਾਹੀ। ਉਹ ਰਾਜਸੀ ਸੰਵੇਦਨਾ, ਸਮਝ ਤੇ ਸੋਚ ਦੇ ਪ੍ਰਵਚਨਾਂ ਨਾਲ ਤਬਦੀਲੀ ਦੀ ਅਭਿਲਾਸ਼ਾ ਪਾਲਦਾ ਹੈ। ਉਸ ਨੇ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਪਰਤਾਂ ਵਿਚੋਂ ਜੀਵਨ ਦਾ ਕਰੂਰ ਸੱਚ ਦੇਖਿਆ ਅਤੇ ਹੰਢਾਇਆ ਹੈ। ਰੂਹਦਾਰ, ਰਮਜ਼ੀ ਤੇ ਰੰਗਰੇਜ਼ੀ ਭਾਅ ਵਾਲੇ ਰਵਿੰਦਰ ਵਿਚ ਸਮਾਇਆ ਹੋਇਆ ਏ-ਸੁਹਜ, ਸਿਆਣਪ ਤੇ ਸਰੋਕਾਰੀ ਸਮਝ। ਸਮਾਜਕ ਤਾਣੇ-ਬਾਣੇ ਦੀਆਂ ਤੰਦਾਂ ਦਾ ਜ਼ਰਜ਼ਰੀ ਹੋਣਾ, ਰਿਸ਼ਤਈ ਰੰਗਾਂ ਦਾ ਕੱਚਤਾਪਣ ਅਤੇ ਰਾਜਸੀ ਧਰਾਤਲ ਦੀ ਬਾਰੀਕਬੀਨੀ ਨਾਲ ਝਾਤੀ ਮਾਰ ਕੇ,

ਡਾ. ਗੁਰਬਖਸ਼ ਸਿੰਘ ਭੰਡਾਲ

ਇਸ ਦੀਆਂ ਤਹਿਆਂ ਨੂੰ ਫਰੋਲਣ ਅਤੇ ਸਮਝਣ ਦੀ ਕਰਤਾਰੀ ਸੂਝ ਹੈ, ਸਹਿਰਾਅ ਦੀ ਖਾਸੀਅਤ। ਉਸ ਨੇ ਜ਼ਿੰਦਗੀ ਦੇ ਸੱਚ ਨੂੰ ਪਹਿਲੀ ਉਮਰੇ ਹੀ ਜਾਣ ਲਿਆ ਸੀ। ਇਸ ਕਰਕੇ ਹੀ ਉਸ ਦੇ ਹਰਫਾਂ ਵਿਚ ਲਿਤਾੜੇ ਤੇ ਨਿਮਾਣੇ ਲੋਕਾਂ ਦਾ ਦਰਦ ਅਤੇ ਰਾਜਸੀ ਧੌਂਸ ਦੀਆਂ ਕਾਲਖੀ ਪਰਤਾਂ ਨੂੰ ਜੱਗ-ਜਾਹਰ ਕਰਨ ਦਾ ਦਮ ਹੈ।

'ਕੁਝ ਨਾ ਕਹੋ' ਕਾਵਿ-ਪੁਸਤਕ ਆਪਣੇ ਨਾਮਕਰਨ ਤੋਂ ਉਲਟ ਬਹੁਤ ਕੁਝ ਕਹਿੰਦੀ ਹੈ। ਪਾਠਕ ਦੇ ਮਨ ਵਿਚ ਪ੍ਰਸ਼ਨਾਂ ਦੀ ਉਥਲ-ਪੁਥਲ ਪੈਦਾ ਕਰਦੀ ਹੈ, ਜਿਨ੍ਹਾਂ ਦਾ ਜਵਾਬ ਪਾਠਕ ਨੂੰ ਆਪਣੇ ਅੰਤਰੀਵ ਵਿਚ ਲੱਭਣਾ ਪੈਣਾ ਏ। ਕਵਿਤਾ ਬੋਲ ਕੇ ਬਹੁਤ ਕੁਝ ਦੱਸਣ ਅਤੇ ਸਮਝਾਉਣ ਤੋਂ ਇਲਾਵਾ ਅਬੋਲ ਰਹਿ ਕੇ ਬਹੁਤ ਕੁਝ ਅਰਥਾਂ ਵਿਚ ਧਰਦੀ ਏ। ਮਨੁੱਖੀ ਸੰਵੇਦਨਾ ਨੂੰ ਹਲੂਣਦੀ ਹੈ। ਰਵਿੰਦਰ ਸਹਿਰਾਅ ਮੂਲ ਰੂਪ ਵਿਚ ਰਾਜਸੀ ਪ੍ਰਵਚਨਾਂ ਨਾਲ ਸੰਵਾਦ ਰਚਾਉਂਦਾ ਹੈ ਅਤੇ ਸੰਸਾਰਕ ਪੱਧਰ 'ਤੇ ਰਾਜਸੀ ਅਵਚੇਤਨ ਨੂੰ ਜਾਣਦਾ ਤੇ ਪਛਾਣਦਾ ਹੈ। ਇਹ ਕਵਿਤਾ ਪਰਤ-ਦਰ-ਪਰਤ ਬਹੁਤ ਕੁਝ ਕਹਿੰਦੀ, ਸੁਣਦੀ-ਸੁਣਾਉਂਦੀ ਬੋਲਦੀ-ਬੁਲਾਉਂਦੀ ਅਤੇ ਸੁੱਤੇ ਹੋਏ ਮਨੁੱਖ ਨੂੰ ਜਗਾਉਂਦੀ ਹੈ। ਇਹੀ ਤਾਂ ਬਹੁਤ ਕੁਝ ਕਹਿਣ ਦਾ ਸੱਚ ਹੈ।

ਪੰਜਾਬ ਪ੍ਰਤੀ ਉਦਾਸੀ ਦਾ ਕੇਹਾ ਆਲਮ ਕਿ ਉਹ ਹਤਾਸ਼ ਹੋਇਆ ਕਹਿੰਦਾ ਹੈ,

ਉਦਾਸੀ ਦੇ ਆਲਮ 'ਚ
ਉਹ ਤੇ ਕਿਤਾਬਾਂ
ਰਲ ਬਹਿੰਦੇ ਨੇ...
ਤੇ ਦਿਲ ਦੀਆਂ ਗੱਲਾਂ ਕਹਿੰਦੇ ਨੇ।

ਕਿਤਾਬਾਂ ਨੂੰ ਦਰਦ ਸੁਣਉਣਾ ਅਤੇ ਕਿਤਾਬਾਂ ਵਿਚਲੇ ਦਰਦ ਨੂੰ ਪਛਾਣਨਾ, ਉਸ ਦਾ ਨਿੱਤ ਦਾ ਕਰਮ-ਧਰਮ ਹੈ। ਤਾਂ ਹੀ ਉਹ ਅਮਰੀਕਾ ਵਿਚ ਰਹਿੰਦਿਆਂ ਵੀ ਪੰਜਾਬ ਪ੍ਰਤੀ ਫਿਕਰਮੰਦ ਹੈ, ਕਿਉਂਕਿ ਉਹ ਤਾਂ,

ਆਪਣੀ ਹੋਂਦ ਬਸ ਬਜ਼ਿੱਦ ਹੈ
ਵਗਣ ਲਈ,
ਦਰਿਆ ਨੂੰ ਮਿਲਣ ਲਈ।

ਇਹੀ ਪ੍ਰਤੀਬੱਧਤਾ ਹੈ, ਰਵਿੰਦਰ ਦੀ ਕਵਿਤਾ ਦੀ, ਉਸ ਦੀ ਸੋਚ ਦੀ, ਵਿਲੱਖਣਤਾ ਦੀ ਅਤੇ ਸਮੁੱਚ ਵਿਚਲੇ ਵਿਕਲੋਤਰੇਪਣ ਦੀ। ਇਸ ਵਿਚੋਂ ਉਹ ਆਪਣੀ ਪਛਾਣ ਨੂੰ ਸਿਰਜਣ ਦੇ ਆਹਰ ਵਿਚ ਹੈ। ਉਹ ਆਪਣੇ ਪਿੰਡ ਰਾਹੀਂ ਆਪਣੇ ਆਪ ਨੂੰ ਮਿਲਦਾ ਹੈ ਅਤੇ ਇਸ ਮਿਲਣੀ ਵਿਚੋਂ ਉਹ ਆਪਣੇ ਬੀਤੇ ਨੂੰ ਪਛਾਣਦਾ, ਆਪਣੀ ਜੜ੍ਹਾਂ ਦੀ ਜਾਮਾ-ਤਲਾਸ਼ੀ ਵੀ ਕਰਦਾ ਹੈ। ਆਪਣਿਆਂ ਦੀ ਸੁੱਖਸਾਂਦ ਵਿਚੋਂ ਦਰਅਸਲ ਪੰਜਾਬ ਦੀ ਫਿਕਰਮੰਦੀ ਦਾ ਨਾਮਕਰਨ ਬਣ ਜਾਂਦਾ ਏ। ਉਹ ਜਾਣਦਾ ਹੈ,

ਸਭ ਅੱਛਾ ਤਾਂ ਏਧਰ ਵੀ ਨਹੀਂ
ਕਿਧਰੇ ਵੀ ਨਹੀਂ ਸ਼ਾਇਦ
ਕੁਝ ਨਾ ਕੁਝ ਅਲਾਮਤਾਂ
ਹਰ ਥਾਂ ਹੀ ਹੁੰਦੀਆਂ ਨੇ।

ਰਵਿੰਦਰ ਸਹਿਰਾਅ ਬਹੁਤ ਓਦਰਿਆ ਅਤੇ ਹਤਾਸ਼ ਹੈ, ਇਸ ਮਕਾਨਕੀ ਜ਼ਿੰਦਗੀ ਦੀ ਦੌੜਭੱਜ ਤੋਂ ਅਤੇ ਆਪਣੇ ਆਪ ਨੂੰ ਮਿਲਣ ਲਈ ਤਰਸਦਾ ਹੈ। ਤਾਂ ਹੀ ਉਸ ਨੂੰ ਨਿਊ ਯਾਰਕ ਜਿਹੇ ਸ਼ਹਿਰ ਦੀਆਂ ਰੰਗੀਨੀਆਂ, ਅੰਬਰ ਛੂੰਹਦੀਆਂ ਇਮਾਰਤਾਂ ਅਤੇ ਲੋਕਾਂ ਦੀ ਚਹਿਲ-ਪਹਿਲ ਖਿਚ ਨਹੀਂ ਪਾਉਂਦੀ। ਉਹ ਮੰਨਦਾ ਹੈ,

ਪਰ ਮੈਨੂੰ
ਖਿੱਚ ਪਾਉਂਦਾ ਨਿਊ ਯਾਰਕ
ਦਲਜੀਤ ਮੋਖਾ ਤੇ ਸੁਰਿੰਦਰ ਸੋਹਲ ਕਰਕੇ।

ਉਹ ਬਹੁਤ ਹੀ ਮਾਸੂਮ, ਕੋਮਲਭਾਵੀ ਅਤੇ ਸਹਿਜਭਾਵੀ ਸੋਚ ਦਾ ਮਾਲਕ ਹੈ, ਤਾਂ ਹੀ ਉਹ ਆਪਣੀ ਰੂਹ ਨੂੰ ਮਿਲਣ ਲਈ ਜਾਚਨਾ ਕਰਦਾ ਹੈ,

ਮਨ-ਮਸਤਕ ਵਿਚ
ਖਲਬਲੀ ਪਾਉਂਦੀ
ਕਿਸੇ ਪਿਆਰੀ ਨਜ਼ਮ ਵਾਂਗ।

ਦਰਅਸਲ ਨਜ਼ਮ ਵਾਂਗ ਮਿਲਣਾ ਹੀ ਅਸਲ ਵਿਚ ਮਿਲਣਾ ਹੁੰਦਾ, ਕਿਉਂਕਿ ਨਜ਼ਮ ਵਿਚ ਉਤਰ ਕੇ ਹੀ ਵਜੂਦ, ਬੇਵਜੂਦ ਹੁੰਦਾ। ਤਾਂ ਹੀ ਸੁੱਤ-ਉਨੀਂਦਰੇ ਵਿਚ ਨਜ਼ਮ ਨਾਲ ਸੰਵਾਦ ਰਚਾਉਂਦਾ,

ਅੱਖ ਖੁੱਲਣ 'ਤੇ ਦੰਗ ਰਹਿ ਗਿਆ
ਦਰਵਾਜੇ 'ਤੇ ਨਜ਼ਮ ਖੜੀ ਸੀ।

ਰਾਜਸੀ ਚੇਤਨਾ ਜਦ ਰਾਜਸੀ ਮੋਹਰਿਆਂ ਦੇ ਹੱਥੇ ਚੜ੍ਹਦੀ ਤਾਂ ਉਹ ਕੂਕਦਾ,

ਅਸੀਂ ਇਕ ਤੋਂ ਦੋ, ਦੋ ਤੋਂ ਚਾਰ
ਤੇ ਫਿਰ ਪਤਾ ਨਹੀਂ
ਕਿੰਨਿਆਂ 'ਚ ਵੰਡੇ ਗਏ।

ਆਪੋ-ਆਪਣੀ ਡਫਲੀ ਤੇ ਆਪੋ ਆਪਣੇ ਰਾਗ ਦੀ ਆਪਾ-ਧਾਪੀ ਵਿਚ ਗਵਾਚ ਜਾਂਦੀ ਹੈ, ਸਮਾਜਕ ਪ੍ਰਤੀਬੱਧਤਾ। ਰਾਜਸੀ ਧੜਿਆਂ ਵਿਚ ਨਿਜੀ ਹਉਮੈ ਖਾਤਰ ਪਈਆਂ ਵੰਡੀਆਂ ਦਾ ਕੱਚਾ ਚਿੱਠਾ ਹੈ, ਉਸ ਦਾ ਕਾਵਿ-ਬੋਧ।

ਕਵਿਤਾ ਖੁਦ ਨੂੰ ਉਲਝਾਉਣ ਅਤੇ ਅੰਤਰੀਵ ਨੂੰ ਜਗਾਉਣ ਦਾ ਨਾਮ। ਰਵਿੰਦਰ ਸਹਿਰਾਅ 'ਸਿਰਜਕ' ਕਵਿਤਾ ਵਿਚ ਦਰਸਅਲ ਖੁਦ ਨੂੰ ਪਰਿਭਾਸ਼ਤ ਕਰ ਰਿਹਾ ਹੈ, ਕਿਉਂਕਿ ਸਿਰਜਕ ਦਾ ਨਿਮਰ ਰਹਿਣਾ ਅਤੇ ਖੁਦ ਦੇ ਵਿਸ਼ਲੇਸ਼ਣ ਵਿਚੋਂ ਆਪਣੀਆਂ ਤਰਜੀਹਾਂ ਤੇ ਤਮੰਨਾਵਾਂ ਨੂੰ ਮਨਫੀ ਕਰਨਾ ਜਦ ਕਿਸੇ ਦਾ ਕਰਮ ਬਣ ਜਾਵੇ ਤਾਂ ਕਵੀ ਤੇ ਕਵਿਤਾ ਇਕਮਿਕ ਹੋ ਜਾਂਦੇ।

ਰਵਿੰਦਰ ਤੂਫਾਨਾਂ ਤੇ ਝੱਖੜਾਂ ਤੋਂ ਅਡੋਲ ਅਤੇ ਆਪਣੀ ਤੋਰੇ ਜ਼ਿੰਦਗੀ ਨੂੰ ਜਿਉਣ ਵਾਲਾ ਸ਼ਖਸ ਹੈ ਤਾਂ ਹੀ ਉਸ ਦੀ ਕਵਿਤਾ ਵਿਚਲੀ ਚਿੱਤ-ਚਿਤੀ ਕਹਿੰਦੀ ਹੈ,

ਤੂਫਾਨਾਂ ਤੋਂ ਡਰ ਕੇ
ਮੈਂ ਬਹਿ ਨਹੀਂ ਸਕਦੀ
ਮੇਰੀ ਪਿਆਰੀਏ ਹਵਾਏ
ਇਸ ਤੋਂ ਵੱਧ ਮੈਂ ਤੈਨੂੰ
ਕੁਝ ਕਹਿ ਨਹੀਂ ਸਕਦੀ।

ਕਵਿਤਾ ਨੂੰ ਹਰ ਦਮ ਜਿਉਂਦਾ ਅਤੇ ਕਵਿਤਾ ਬਣਿਆ ਸਹਿਰਾਅ ਵੀ ਮਨ 'ਚ ਤਾਂਘ ਪਾਲਦਾ ਹੈ,




ਮੇਰਾ ਵੀ ਦਿਲ ਕਰਦਾ ਹੈ
ਲਿਖਾਂ ਕੋਈ ਕਵਿਤਾ
ਤੇ ਕਵਿਤਾ ਦਾ ਮਹੀਨਾ ਮਨਾਵਾਂ...
ਤੇ ਹਰ ਚਿਹਰੇ ਨੂੰ
ਖਿੜੇ ਹੋਏ ਫੁੱਲਾਂ ਵਾਂਗ ਸਜਾਵਾਂ।

ਫੁੱਲਾਂ ਵਾਂਗ ਸਜਣ ਅਤੇ ਸਜਾਉਣ ਦੀ ਲੋਚਾ-ਪੂਰਤੀ ਵਿਚੋਂ ਹੀ ਸਹਿਰਾਅ ਨੂੰ ਸਮਝਿਆ ਤੇ ਸਿਆਣਿਆ ਜਾ ਸਕਦਾ ਹੈ। ਉਸ ਦੇ ਮਨ ਵਿਚ ਬੀਤੇ ਨੂੰ ਮਿਲਣ ਦੀ ਚਾਹਤ ਹੈ। ਪਿਆਰੇ ਦਿਨਾਂ ਦੀ ਪਾਕੀਜ਼ਗੀ ਵਿਚੋਂ ਮਿਲੀ ਸੁਪਨ-ਪਾਹੁਲ ਨੂੰ ਯਾਦ ਕਰਦਿਆਂ ਹਰਫਾਂ ਵਿਚ ਉਤਰਦਾ ਹੈ,

ਜੇ ਮਿਲ ਜਾਣ ਮੈਨੂੰ
ਅਤੀਤ ਵਿਚ ਗੁਆਚੇ ਉਹ ਛਿੰਨ
ਭਾਵੇਂ ਇਕ ਹੀ ਛਿਣ ਕਿਉਂ ਨਾ ਹੋਵੇ...
ਜੋ ਕੁਝ ਵੀ ਹੈ ਮੇਰਾ
ਉਸ ਤੋਂ ਵਾਰਾਂਗਾ।

ਰਵਿੰਦਰ ਸਹਿਰਾਅ ਆਪਣੀ ਕਵਿਤਾ ਵਿਚ ਵਾਰ ਵਾਰ ਖੁਦ ਨੂੰ ਮਿਲਣ ਦਾ ਵਿਸਮਾਦ ਮਾਣਨਾ ਚਾਹੁੰਦਾ ਹੈ, ਤਾਂ ਹੀ ਉਸ ਦੇ ਅਲਫਾਜ਼ ਤਰਲਾ ਪਾਉਂਦੇ,

ਜੇ ਮਿਲਣਾ ਹੈ ਤਾਂ ਇਸ ਤਰ੍ਹਾਂ ਮਿਲੀ
ਜਿਵੇਂ ਢਲ ਰਹੇ ਸੂਰਜ ਦਾ ਅਕਸ
ਆਹਿਸਤਾ ਆਹਿਸਤਾ
ਝੀਲ ਦੇ ਪਾਣੀ 'ਚ ਲੋਪ ਹੋ ਜਾਂਦਾ ਹੈ।

ਇਸ ਨੂੰ ਕਹਿੰਦੇ ਨੇ ਸਮਾ ਕੇ ਬਹੁਤ ਕੁਝ ਪਾਉਣ ਦੀ ਤੜਪ। ਸਥਾਪਤ ਫਰੇਮਾਂ ਵਿਚ ਕਦ ਫਿੱਟ ਹੁੰਦੀਆਂ ਨੇ ਬੇਬਾਕ, ਬੇਪ੍ਰਵਾਹ ਅਤੇ ਫੱਕਰਤਾ ਵਿਚੋਂ ਉਗੀਆਂ ਸਹਿਰਾਅ ਦੀਆਂ ਨਜ਼ਮਾਂ!

ਤੁਸੀਂ ਪਰਖਦੇ ਹੋ ਮੇਰੀਆਂ ਨਜ਼ਮਾਂ
ਆਪਣੇ ਹੀ ਪੈਮਾਨੇ ਨਾਲ।

ਸੱਚ ਤਾਂ ਇਹ ਹੈ ਕਿ ਸੀਮਤ ਦਾਇਰਿਆਂ ਵਿਚ ਰਹਿੰਦਿਆਂ ਸੋਚ ਸੁੰਗੜਦੀ ਹੈ, ਵਿਚਾਰਧਾਰਾ ਵਿਯੋਗੀ ਜਾਂਦੀ ਏ ਅਤੇ ਸਾਹ ਵਰੋਲਦੀ ਏ, ਸੁਖਨ-ਸੁਨੇਹੇ ਵਣਜਣ ਵਾਲੀ ਕਵਿਤਾ। ਸਫਲ ਤੇ ਅਸਫਲਤਾ ਦਾ ਨਿਖੇੜਾ ਕਰਦਿਆਂ, ਉਸ ਦੇ ਅੱਖਰ ਬੋਲਦੇ,

ਅਸਫਲਤਾ ਤੋਂ ਡਰ ਕੇ
ਘਰ ਬਹਿ ਜਾਣਾ ਹੀ ਅਸਫਲਤਾ ਹੈ
ਯਤਨ ਛੱਡ ਦੇਣਾ
ਤੇ ਕੁਝ ਨਾ ਪਾਉਣਾ ਹੀ ਅਸਫਲਤਾ ਹੈ।

ਸਫਲ-ਅਸਫਲ, ਸਾਡੇ ਮਨ ਤੋਂ ਸੋਚ, ਫਿਰ ਕਰਮ ਅਤੇ ਬਾਅਦ ਵਿਚ ਪ੍ਰਾਪਤੀ-ਅਪ੍ਰਾਪਤੀ ਦਾ ਸਿਰਨਾਵਾਂ ਹੁੰਦਾ। ਸਫਲ ਹੋਣ ਲਈ ਸੋਚ ਦੀ ਸਪੱਸ਼ਟਤਾ, ਸਿਰੜ ਅਤੇ ਨਿਰੰਤਰਤਾ ਜਰੂਰੀ ਹੈ, ਜਿਸ ਨਾਲ ਮਿਲਦਾ ਹੈ ਸੁਪਨਿਆਂ ਨੂੰ ਜੁਗ-ਜਿਉਣ ਦਾ ਵਰਦਾਨ। ਸ਼ਾਇਰ ਸਹਿਰਾਅ ਜੀਵਨ ਦੇ ਸੂਖਮ ਸੱਚ ਨੂੰ ਮੁਖਾਤਬ ਹੁੰਦਾ ਹੈ,

ਅੱਤ ਨਾ ਬਹੁਤਾ ਮੇਘਲਾ
ਅੱਤ ਨਾ ਬਹੁਤੀ ਧੁੱਪ
ਅੱਤ ਨਾ ਬਹੁਤਾ ਬੋਲਣਾ
ਅੱਤ ਨਾ ਬਹੁਤੀ ਚੁੱਪ।

ਇਹ ਹੀ ਹੈ, ਸਦੀਵ ਤੇ ਸਥਾਪਤ ਸੱਚ, ਜੋ ਨਵੀਨਤਮ ਬੁਲੰਦੀਆਂ ਦਾ ਨਾਮਕਰਨ ਵੀ ਹੈ। ਰਵਿੰਦਰ ਜਦ ਬਿਰਖ ਨਾਲ ਸੰਵਾਦ ਰਚਾਉਂਦਾ ਹੈ ਤਾਂ ਉਹ ਬਿਰਖ ਹੀ ਬਣ ਜਾਂਦਾ ਏ,

ਕਿਤੇ ਬਿਹਤਰ ਲੱਗਦਾ ਹੈ
ਮਨੁੱਖਾਂ ਨਾਲੋਂ ਰੁੱਖਾਂ ਨਾਲ ਗੱਲਾਂ ਕਰਨਾ
ਰੁੱਖ ਬੂਟੇ ਨਹੀਂ ਕਰਦੇ
ਆਏ ਗਏ ਦੀਆਂ ਚੁਗਲੀਆਂ।

ਕਦੇ ਬਿਰਖ ਬਣ ਕੇ ਇਨ੍ਹਾਂ ਦੀਆਂ ਨਿਆਮਤਾਂ ਦੀ ਆਰਤੀ ਉਤਾਰਨਾ, ਸਵੈ-ਸਿਰਜੀਆਂ ਮੂਰਤੀਆਂ ਦੀ ਆਰਤੀ ਉਤਾਰਨ ਦਾ ਕੋਈ ਅਰਥ ਨਹੀਂ ਰਹਿ ਜਾਵੇਗਾ।

ਰਵਿੰਦਰ ਸੱਜਣਾਂ ਦਾ ਸੱਜਣ ਹੈ। ਉਸ ਨੂੰ ਸਾਂਝਾਂ ਤੇ ਦੋਸਤੀਆਂ ਬਣਾਉਣੀਆਂ ਤੇ ਨਿਭਾਉਣੀਆਂ ਵੀ ਆਉਂਦੀਆਂ,

ਦਲਜੀਤ ਮੋਖਾ ਦੀ ਕਿਤਾਬ
ਜੋ ਸੋਹਲ ਨੇ ਮੇਲ ਕੀਤੀ ਸੀ
ਮਿਲ ਗਈ ਹੈ
ਕਿਤਾਬ ਤੋਂ ਨਿਗਾਹ ਨਹੀਂ ਹਟਦੀ
ਸਾਰੀ ਥਕਾਵਟ ਦੂਰ ਹੋ ਗਈ ਹੈ।

ਸੱਜਣਾਂ ਦੇ ਸੁਨੇਹੇ ਅਤੇ ਉਨ੍ਹਾਂ ਦੀ ਸ਼ਬਦ-ਜੋਤ 'ਚੋਂ ਸਕੂਨ ਦੇ ਅਰਥ ਤਲਾਸ਼ਣੇ ਹੋਣ ਤਾਂ ਉਨ੍ਹਾਂ ਨੂੰ ਕਿਤਾਬਾਂ ਰਾਹੀਂ ਮਿਲਣਾ, ਗਲਵੱਕੜੀ ਜਿਹਾ ਅਹਿਸਾਸ ਮਨ ਵਿਚ ਤੈਰਨ ਲੱਗ ਪਵੇਗਾ। ਉਸ ਨੂੰ ਹਿਰਖ ਹੈ,

ਜਦੋਂ ਪਾੜ੍ਹਿਆਂ ਦੀਆਂ ਪਾਠ ਪੁਸਤਕਾਂ
ਚਿੱਟੀਆਂ ਨੀਲੀਆਂ
ਤੇ ਕਦੇ ਭਗਵੀਆਂ ਹੋਣ ਲੱਗਣ।

ਤਾਂ ਸੋਚ ਦਾ ਪੋਤਲੇ ਰੰਗਾਂ ਵਿਚ ਰੰਗੇ ਜਾਣਾ, ਮਜੀਠੀ ਸੋਚ ਨੂੰ ਨਮੋਸ਼ੀ ਵਿਚ ਧਕੇਲਦਾ ਏ। ਫਿਰ ਚੇਤਨਾ 'ਚ ਚਿੰਤਾ ਨਹੀਂ, ਸਗੋਂ ਚਿਤਾ ਧੁਖਦੀ ਹੈ ਅਤੇ ਚਿੰਤਨ ਵਿਚੋਂ ਮੁਸ਼ਕ ਮਾਰਦੀ ਹੈ ਚੰਗੇਜ਼ਖਾਨੀ ਚਾਹਤ।

ਉਸ ਨੂੰ ਚੰਗਾ ਲੱਗਦਾ ਹੈ,
ਚੰਨ ਚਾਨਣੀ
ਰੁੱਖਾਂ ਦੀਆਂ ਟਾਹਣੀਆਂ 'ਚੋਂ
ਛਣ ਛਣ ਕੇ ਆ ਰਹੀ ਹੈ
ਚਾਨਣੀ ਦਾ ਜ਼ਮੀਨ ਚੁੰਮਣਾ
ਕਿੰਨਾ ਚੰਗਾ ਲੱਗਦਾ ਹੈ।

ਰਵਿੰਦਰ ਸਹਿਰਾਅ ਨੇ ਕੁਝ ਕਾਵਿ ਰੇਖਾ-ਚਿੱਤਰ ਵੀ ਸੱਜਣ-ਪਿਆਰਿਆਂ ਦੇ ਲਿਖੇ ਹਨ, ਜਿਨ੍ਹਾਂ ਦੀ ਸ਼ਬਦ-ਜੜਤ ਵਿਚੋਂ ਉਨ੍ਹਾਂ ਦੀ ਸ਼ਖਸੀਅਤ ਦੇ ਦੀਦਾਰੇ ਹੁੰਦੇ ਨੇ, ਪਰ ਸਭ ਤੋਂ ਨਿਆਰੀ ਤੇ ਪਿਆਰੀ ਹੈ ਸ਼ਾਇਰ ਸੁਰਿੰਦਰ ਸੋਹਲ ਦੇ ਮਾਤਾ ਜੀ 'ਬੱਬੋ' ਦਾ ਰੇਖਾ-ਚਿੱਤਰ,

ਮੋਹ ਦਾ ਠੰਡਾ ਝਰਨਾ ਸੀ ਬੱਬੋ
ਹਾਸਿਆਂ ਦਾ ਅਤੁੱਟ ਜ਼ਖੀਰਾ
ਯਾਦਾਂ ਦਾ ਖਜਾਨਾ
ਅਤੇ ਮੁਹੱਬਤ ਦਾ ਸਿਰਨਾਵਾਂ।

ਰੂਹਦਾਰੀ ਨਾਲ ਹਰਫ-ਬ-ਹਰਫ ਮਮਤਾ ਦੀ ਮੂਰਤ ਦੀਆਂ ਪਰਤਾਂ ਫਰੋਲਦਾ, ਉਸ ਦੇ ਪਿਆਰ ਤੇ ਅਪਣੱਤ ਦੀ ਬਾਤਾਂ ਪਾਉਂਦਾ ਅਤੇ 'ਬੱਬੋ' ਦੀ ਪੁਰ-ਖੁਲਾਸ ਜ਼ਿੰਦਗੀ ਦੀਆਂ ਮਾਹੀਨ ਤਹਿਆਂ ਫਰੋਲਦਾ, ਇਹ ਕਾਵਿ-ਚਿੱਤਰ ਬਾ-ਕਮਾਲ ਹੈ। ਮੈਨੂੰ ਨਾਜ਼ ਹੈ ਕਿ ਮੈਂ ਵੀ 'ਬੱਬੋ' ਦੇ 'ਕੇਰਾਂ ਦਰਸ਼ਨ ਕੀਤੇ ਸਨ ਅਤੇ ਉਨ੍ਹਾਂ ਦੀ ਰੂਹ-ਏ-ਸੰਗਤ ਮਾਣੀ ਸੀ।

'ਕੁਝ ਨਾ ਕਹੋ' ਕਹਿ ਕੇ ਬਹੁਤ ਕੁਝ ਕਹਿਣ ਵਾਲੀ 'ਰਵਿੰਦਰ ਸਹਿਰਾਅ ਦੀ ਪੁਸਤਕ ਨੂੰ ਖੁਸ਼ਆਮਦੀਦ।

ਚਲਦੇ-ਚਲਦੇ

# ਪਰਖ ਦੀ ਘੜੀ

ਇਹ ਕੋਈ ਅੱਧੀ ਸਦੀ ਪਹਿਲਾਂ ਦਾ ਸਮਾਂ ਹੈ, ਜਦ ਹਿਮਾਚਲ ਵਿਚ ਬਿਆਸ-ਸਤਲੁਜ ਲਿੰਕ ਪ੍ਰਾਜੈਕਟ ਚੱਲ ਰਿਹਾ ਸੀ। ਇਸ ਪ੍ਰਾਜੈਕਟ ਰਾਹੀਂ ਬਿਆਸ ਦਰਿਆ ਦਾ ਪਾਣੀ ਟਨਲਾਂ ਰਾਹੀਂ ਸਤਲੁਜ ਵਿਚ ਪਹੁੰਚਾਉਣ ਦੀ ਯੋਜਨਾ ਸੀ। ਮੰਡੀ ਤੋਂ ਕੋਈ ਬਾਰਾਂ ਕਿਲੋਮੀਟਰ ਅੱਗੇ ਪੰਡੋਹ ਨਾਂ ਦੇ ਸਥਾਨ ਨੇੜੇ ਬਿਆਸ ਦਰਿਆ 'ਤੇ ਬੰਨ੍ਹ ਲਾ

ਹਰਜੀਤ ਦਿਓਲ, ਬਰੈਂਪਟਨ
ਫੋਨ: 905-676-9242

ਕੇ ਟਨਲ ਰਾਹੀਂ ਇਹ ਪਾਣੀ ਕਰੀਬ ਚੌਵੀ ਕਿਲੋਮੀਟਰ ਦਾ ਪੰਧ ਤੈਅ ਕਰਕੇ ਕੋਈ ਚਾਰ ਸੌ ਫੁਟ ਦੀ ਉਚਾਈ ਤੋਂ ਸਤਲੁਜ ਵਿਚ ਡਿੱਗਦਾ ਹੈ। ਇਸ ਸਥਾਨ ਦਾ ਨਾਂ ਸਲਾਪਰ ਹੈ। ਇਸ ਤਰ੍ਹਾਂ ਇਸ ਯੋਜਨਾ ਨਾਲ ਭਾਖੜਾ ਡੈਮ 'ਚ ਪਾਣੀ ਦੀ ਕਮੀ ਪੂਰੀ ਹੋਣ ਨਾਲ ਸਲਾਪਰ ਵਿਖੇ ਵੀ ਬਿਜਲੀ ਦਾ ਉਤਪਾਦਨ ਹੁੰਦਾ ਹੈ।

ਮੈਂ ਉਸ ਸਮੇਂ ਪੰਡੋਹ ਵਿਖੇ ਬਣ ਰਹੇ ਡੈਮ 'ਤੇ ਕੰਮ ਕਰਦਾ ਸਾਂ। ਇਹ ਦੱਸਣ ਦੀ ਲੋੜ ਨਹੀਂ ਕਿ ਇਹ ਸਮਾਂ ਛੜਿਆਂ ਦੀ ਜ਼ਿੰਦਗੀ ਦਾ ਬਿਹਤਰੀਨ ਹਿੱਸਾ ਹੁੰਦਾ ਹੈ। ਕਰੀਬ ਹਰ ਵੀਕਐਂਡ 'ਤੇ ਫਿਲਮ ਦੇਖਣ ਮੰਡੀ ਚਲੇ ਜਾਂਦੇ। ਜਦ ਹੋਰ ਸਾਥੀ ਤਾਸ਼ ਦੀਆਂ ਬਾਜ਼ੀਆਂ ਲਾਉਂਦੇ, ਮੈਂ ਨੇੜੇ ਦੀਆਂ ਪਹਾੜੀਆਂ 'ਤੇ ਵਸੇ ਪਿੰਡਾਂ ਦੀ ਸੈਰ ਕਰਕੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਮਾਣਦਾ। ਪਿਛਲੇ ਵੀਕਐਂਡ ਅਸੀਂ ਮਨੋਜ ਕੁਮਾਰ ਤੇ ਸਾਧਨਾ ਦੀ ਭੂਤ ਪ੍ਰੇਤਾਂ ਨਾਲ ਸਬੰਧਤ ਫਿਲਮ 'ਵੋਹ ਕੌਨ ਥੀ' ਦੇਖੀ ਸੀ। ਇਹ ਇੱਕ ਡਰਾਉਣੀ ਫਿਲਮ ਸੀ, ਪਰ ਜਾਹਰ ਹੈ, ਛੜੇ ਸਾਧਨਾ ਜਿਹੀਆਂ ਖੂਬਸੂਰਤ ਆਤਮਾਵਾਂ ਤੋਂ ਡਰਨ ਦੀ ਥਾਂ ਉਨ੍ਹਾਂ ਨਾਲ ਰੂਬਰੂ ਹੋਣ ਲਈ ਤਰਸਦੇ ਹਨ। ਕਾਸ਼! ਕੋਈ ਸਾਨੂੰ ਵੀ ਟੱਕਰੇ।

ਇੱਕ ਪਹਾੜੀ 'ਤੇ ਰਿਹਾਇਸ਼ ਲਈ ਕੁਆਟਰ ਬਣੇ ਸਨ। ਦੂਜੇ ਪਾਸੇ ਪਹਾੜ ਵਿਚ ਡਰਿੱਲਾਂ ਰਾਹੀਂ ਛੇਕ ਕਰਕੇ ਉਸ 'ਚ ਡਾਈਨੇਮਾਈਟ ਭਰ ਵਿਸਫੋਟ ਕੀਤੇ ਜਾਂਦੇ। ਇਸ ਤਰ੍ਹਾਂ ਤੋੜੀਆਂ ਚੱਟਾਨਾਂ ਦਾ ਮਲਬਾ ਸ਼ਵਲ ਮਸ਼ੀਨਾਂ ਤੇ ਡੰਪ ਟਰੱਕਾਂ ਰਾਹੀਂ ਹਟਾਇਆ ਜਾਂਦਾ। ਦਰਿਆਵਾਂ ਦੇ ਰੁਖ ਮੋੜਨ ਲਈ ਜੋਰਾਵਰ ਕੁਦਰਤ ਨਾਲ ਇਨਸਾਨੀ ਘੋਲ ਦੀ ਅਨੋਖੀ ਮਿਸਾਲ ਸੀ ਇਹ। ਕਾਮਿਆਂ ਨੂੰ ਰਿਹਾਇਸ਼ ਤੋਂ ਕੰਮ ਵਾਲੇ ਥਾਂ ਅਪੜਨ ਲਈ ਕੋਈ ਚਾਲੀ ਕੁ ਮਿੰਟ ਤੁਰ ਕੇ ਜਾਣਾ ਹੁੰਦਾ ਸੀ। ਬਾਅਦ ਦੁਪਹਿਰ ਦੀ ਸ਼ਿਫਟ ਸ਼ਾਮ ਚਾਰ ਵਜੇ ਸ਼ੁਰੂ ਹੋ ਰਾਤ ਇੱਕ ਵਜੇ ਖਤਮ ਹੁੰਦੀ। ਕਈ ਵਾਰੀ ਇਵੇਂ ਹੁੰਦਾ ਕਿ ਮੇਰੇ ਨਾਲ ਸਬੰਧਤ ਕੰਮ ਖਤਮ ਹੋਣ ਨਾਲ ਗਿਆਰਾਂ ਕੁ ਵਜੇ ਮੇਰੀ ਲੋੜ ਨਾ ਰਹਿੰਦੀ। ਮੇਰੀ ਲਾਟਰੀ ਲੱਗ ਜਾਂਦੀ, ਕਿਉਂਕਿ ਮੇਰੀ ਫੋਰਮੈਨ ਨਾਲ ਸੀਟੀ ਰਲੀ ਹੋਣ ਕਰਕੇ ਉਹ ਮੈਨੂੰ ਛੱਡ ਦਿੰਦਾ ਤੇ ਮੈਂ ਇਕੱਲਾ ਹੋਣ ਕਰਕੇ ਸੁਨਸਾਨ ਖਾਮੋਸ਼ੀ ਵਿਚ ਦਰਿਆ ਦੇ ਸ਼ੂਕਦੇ ਪਾਣੀ ਲਾਗਿਓਂ ਕੁਦਰਤ ਦਾ ਅਨੰਦ ਮਾਣਦਾ ਕੁਆਟਰ ਪਹੁੰਚ ਦੋ ਘੰਟੇ ਪਹਿਲਾਂ ਨੀਂਦ ਦੇ ਆਗੋਸ਼ ਵਿਚ ਹੁੰਦਾ।

ਇਕ ਰਾਤ ਇਵੇਂ ਹੀ ਹੋਇਆ, ਜਦ ਫੋਰਮੈਨ ਨੇ ਆ ਕਿਹਾ, "ਜਾ ਮਿੱਤਰਾ ਐਸ਼ ਕਰ, ਤੂੰ ਵੀ ਕੀ ਯਾਦ ਕਰੇਂਗਾ।" ਮੈਂ ਖੁਸ਼ੀ ਖੁਸ਼ੀ ਲੰਚ ਬਾਕਸ ਚੁਕਿਆ ਤੇ ਦਰਿਆ ਦੇ ਕੰਢੇ ਹੋ ਗੁਨਗੁਨਾਉਂਦਾ ਤੁਰ ਪਿਆ। ਹਾਲੇ ਪੰਜ ਕੁ ਮਿੰਟ ਹੀ ਤੁਰਿਆ ਸਾਂ ਕਿ ਮੇਰੇ ਪੈਰਾਂ ਨੂੰ ਜਿਵੇਂ ਐਮਰਜੈਂਸੀ ਬਰੇਕ ਲੱਗ ਗਏ। ਸੋਚਿਆ ਪਿੱਛੇ ਮੁੜ ਜਾਵਾਂ ਤੇ ਸ਼ਿਫਟ ਖਤਮ ਹੋਣ ਵੇਲੇ ਸਭ ਨਾਲ ਆਵਾਂ। ਕੀ ਹੋਇਆ? ਇਹ ਦੱਸਣ ਲਈ ਸ਼ਾਮ ਨੂੰ ਡਿਊਟੀ ਆਉਂਦੇ ਹੋਏ ਵਾਪਰੀ ਘਟਨਾ ਦਾ ਹਵਾਲਾ ਦੇਣਾ ਹੋਵੇਗਾ।

ਕਾਮਿਆਂ ਦੇ ਟੋਲਿਆਂ ਨਾਲ ਦਰਿਆ ਕੰਢਿਓਂ ਡਿਊਟੀ ਜਾਂਦੇ ਹੋਏ ਇਕ ਜਗ੍ਹਾ ਥੱਲੇ ਪਾਣੀ ਲਾਗੇ ਭੀੜ ਜੁੜੀ ਦੇਖੀ। ਉਤਸੁਕਤਾਵੱਸ ਮੈਂ ਵੀ ਨਿਗ੍ਹਾ ਮਾਰ ਆਇਆ। ਇਹ ਕੋਈ ਲਾਸ਼ ਸੀ, ਜੋ ਕਈ ਦਿਨਾਂ ਦੀ ਦੂਰੋਂ ਕਿਤੋਂ ਰੁੜ੍ਹਦੀ ਆਉਂਦੀ ਇੱਥੇ ਆ ਚੱਟਾਨਾਂ ਵਿਚ ਫਸ ਪਾਣੀ 'ਚ ਘੁੰਮਣਘੇਰੀਆਂ ਖਾਣ ਲੱਗ ਪਈ ਸੀ। ਕਿਸੇ ਦੱਸਿਆ ਔਰਤ ਦੀ ਲਾਸ਼ ਹੈ, ਕਿਉਂਕਿ ਸਾਰੀ ਚਮੜੀ ਗਲ ਕੇ ਲਹਿ ਜਾਣ ਪਿਛੋਂ ਵੀ ਬਾਂਹਾਂ ਤੇ ਪੈਰਾਂ ਦੇ ਕੰਗਨ ਵਿਖਾਈ ਦਿੰਦੇ ਸਨ। ਜਾਪਦਾ ਸੀ, ਕਈ ਦਿਨ ਪਹਿਲਾਂ ਕਿਸੇ ਮਾਰ ਕੇ ਸੁੱਟ ਦਿੱਤੀ ਹੋਵੇਗੀ। ਤੇ ਹੁਣ ਇਸ ਹਨੇਰੀ ਰਾਤ ਵਿਚ ਉਸ ਕੋਲੋਂ ਦੀ ਇਕੱਲੇ ਲੰਘਣਾ! ਨਾ ਬਈ ਨਾ। ਸਰੀਰ ਵਿਚ ਝਰਨਾਹਟ ਫਿਰ ਗਈ।

ਵਾਪਸ ਮੁੜਨ ਲੱਗਾ ਤਾਂ ਅੰਦਰਲਾ ਤਰਕਸ਼ੀਲ ਜਾਗ ਪਿਆ ਤੇ ਲੱਗਾ ਮੈਨੂੰ ਲਾਹਨਤਾਂ ਪਾਉਣ। ਜੇ ਅੱਜ ਮੁੜ ਗਿਆ ਤਾਂ ਸਾਰੀ ਉਮਰ ਤਰਕਸ਼ੀਲ ਹੋਣ ਦਾ ਢੌਂਗ ਨਾ ਕਰੀਂ। ਪਤੰਦਰਾ ਸਾਧਨਾ ਦੀ ਖੂਬਸੂਰਤ ਆਤਮਾ ਜਿਹੀ ਹੀ ਕੋਈ ਸੋਹਣੀ ਪਹਾੜਨ ਤੈਨੂੰ ਟੱਕਰ ਰਹੀ ਹੈ ਤੇ ਤੂੰ ਮੋਕ ਮਾਰ ਰਿਹੈਂ, ਲੱਖ ਲਾਹਨਤ! ਪੰਜ ਕੁ ਮਿੰਟ ਤਰਕਸ਼ੀਲਤਾ ਅੰਦਰਖਾਤੇ ਉਸਲਵੱਟੇ ਲੈਂਦੀ ਰਹੀ ਤੇ ਅੰਤ ਜਿੱਤ ਗਈ। ਫਿਲਮ 'ਵੋਹ ਕੌਨ ਥੀ' ਦਾ ਗੀਤ ਗੁਨਗੁਨਾਉਂਦਿਆਂ ਕੁਆਟਰ ਪਹੁੰਚ ਉਸ ਬਦਨਸੀਬ ਪਹਾੜਨ ਬਾਰੇ ਸੋਚਦੇ ਹੋਏ ਨੀਂਦ ਦੇ ਆਗੋਸ਼ ਵਿਚ ਗੁਆਚ ਗਿਆ। ਪਰਖ ਦੀ ਘੜੀ ਵਿਚ ਮੈਂ ਪਾਸ ਹੋ ਗਿਆ ਸਾਂ। ਅਗਲੇ ਦਿਨ ਪਤਾ ਲੱਗਾ, ਪੁਲਿਸ ਵਾਲਿਆਂ ਆਪਣੇ ਗਲੋਂ ਬਲਾ ਲਾਹੁਣ ਲਈ ਲਾਸ਼ ਨੂੰ ਇਕ ਲੰਮੇ ਡੰਡੇ ਨਾਲ ਪਿਛਲੀ ਸ਼ਾਮ ਹੀ ਅੱਗੇ ਰੋੜ੍ਹ ਦਿੱਤਾ ਸੀ।

ਪੁਸਤਕ ਚਰਚਾ

# ਪੰਜਾਬੀ ਪੁਸਤਕ ਕੋਸ਼


## *1901 ਤੋਂ 2017 ਤਕ ਦੀਆਂ ਪੰਜਾਬੀ ਪੁਸਤਕਾਂ ਦੀ ਵਿਸ਼ੇਵਾਰ ਵੈਬਲੀਓਗ੍ਰਾਫੀ*

**ਡਾ. ਅਮਨਪ੍ਰੀਤ ਸਿੰਘ**
ਫੋਨ: 91-79733-28390

ਸੂਚਨਾ ਸੰਸਾਰ ਤਕਨਾਲੋਜੀ ਦੇ ਅਜੋਕੇ ਯੁੱਗ ਵਿਚ ਵੈਬਲੀਓਗ੍ਰਾਫੀ ਦੀ ਵਿਸ਼ੇਸ਼ ਮਹੱਤਤਾ ਹੈ। ਇਹ ਪੁਰਾਤਨ ਬਿਬਲੀਓਗ੍ਰਾਫੀ (ਪੁਸਤਕ-ਸੂਚੀ) ਦਾ ਵਿਕਸਿਤ ਅਤੇ ਆਧੁਨਿਕ ਰੂਪ ਹੈ। ਇਸ ਰਾਹੀਂ ਇੰਟਰਨੈਟ ਉਤੇ ਮੌਜੂਦ ਬਿਜਲਈ (ਡਿਜੀਟਲ) ਪੁਸਤਕਾਂ, ਪੁਰਾਤਨ ਲਿਖਤਾਂ, ਰਸਾਲੇ ਅਤੇ ਹੋਰ ਵਡਮੁਲੀ ਸਮੱਗਰੀ ਤੱਕ ਸਾਡੀ ਸਿੱਧੀ ਪਹੁੰਚ ਬਣਦੀ ਹੈ। ਇਸ ਤੋਂ ਪਹਿਲਾਂ ਬਿਬਲੀਓਗ੍ਰਾਫੀ ਦਾ ਪ੍ਰਚਲਨ ਰਿਹਾ ਹੈ। ਭਾਰਤ ਵਿਚ ਬਿਬਲੀਓਗ੍ਰਾਫੀਆਂ ਤਿਆਰ ਕਰਨ ਦੀ ਸ਼ੁਰੂਆਤ ਅੰਗਰੇਜ਼ਾਂ ਨੇ ਕੀਤੀ। ਪੰਜਾਬੀ ਭਾਸ਼ਾ ਵਿਚ ਇਸ ਦਾ ਇਤਿਹਾਸ ਇੱਕ ਸਦੀ ਤੋਂ ਵੀ ਘੱਟ ਹੈ। ਸ਼ੁਰੂਆਤੀ ਕਾਲ ਵਿਚ ਡਾ. ਗੰਡਾ ਸਿੰਘ (1901-1987) ਨੇ 1935 ਈ. ਦੇ ਕਰੀਬ 'ਸਿੱਖ ਇਤਿਹਾਸ ਵੱਲ' ਸਿਰਲੇਖ ਹੇਠ ਸਿੱਖ ਧਰਮ ਸਬੰਧੀ ਪੁਸਤਕ-ਸੂਚੀ ਤਿਆਰ ਕੀਤੀ ਸੀ। ਇਸ ਉਪਰੰਤ ਵੱਖ-ਵੱਖ ਯੂਨੀਵਰਸਿਟੀਆਂ, ਲਾਇਬ੍ਰੇਰੀਆਂ, ਪ੍ਰਕਾਸ਼ਕਾਂ, ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਆਦਿ ਵੱਲੋਂ ਸਮੇਂ-ਸਮੇਂ 'ਤੇ ਪੰਜਾਬੀ ਵਿਚ ਕਈ ਅਹਿਮ ਪੁਸਤਕ-ਸੂਚੀਆਂ ਤੇ ਕੈਟਾਲੌਗ ਤਿਆਰ/ਪ੍ਰਕਾਸ਼ਿਤ ਕੀਤੇ ਜਾ ਰਹੇ ਹਨ।

ਪੁਸਤਕ-ਸੂਚੀ ਵਧੇਰੇ ਕਰਕੇ ਉਨ੍ਹਾਂ ਵਿਦਵਾਨਾਂ, ਖੋਜੀਆਂ ਅਤੇ ਪਾਠਕਾਂ ਲਈ ਲਾਹੇਵੰਦ ਹੁੰਦੀ ਹੈ, ਜੋ ਕਿਸੇ ਵਿਸ਼ੇ 'ਤੇ ਆਪਣਾ ਖੋਜ-ਕਾਰਜ ਕਰ ਰਹੇ ਹੁੰਦੇ ਹਨ। ਇਨ੍ਹਾਂ ਦੀ ਮਦਦ ਨਾਲ ਉਹ ਲੋੜੀਂਦੇ ਸਰੋਤਾਂ ਦਾ ਵੇਰਵਾ ਹਾਸਲ ਕਰ ਸਕਦੇ ਹਨ; ਉਨ੍ਹਾਂ ਸਰੋਤਾਂ ਦੀ ਪ੍ਰਾਪਤੀ ਇਕ ਵੱਖਰਾ ਵਿਸ਼ਾ ਹੈ। ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਕਈ ਸਥਿਤੀਆਂ ਵਿਚ ਭੌਤਿਕ ਲਾਇਬ੍ਰੇਰੀਆਂ ਦੀਆਂ ਲੋੜੀਂਦੀਆਂ ਦੁਰਲੱਭ ਕਿਤਾਬਾਂ ਪ੍ਰਾਪਤ ਨਹੀਂ ਹੁੰਦੀਆਂ। ਇਸ ਲਈ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਅੱਜ ਇੰਟਰਨੈਟ ਉਤੇ ਅਨੇਕਾਂ ਵੈਬ ਪੋਰਟਲ ਅਤੇ ਡਿਜੀਟਲ ਲਾਇਬ੍ਰੇਰੀਆਂ ਉਪਲਬਧ ਹਨ, ਜਿੱਥੇ ਅਨੇਕਾਂ ਅਹਿਮ ਪੁਸਤਕਾਂ ਅਤੇ ਦੁਰਲਭ ਸਰੋਤ ਮੌਜੂਦ ਹਨ। ਆਧੁਨਿਕ ਵੈਬਲੀਓਗ੍ਰਾਫੀ ਦੀ ਮਦਦ ਨਾਲ ਅਸੀਂ ਇਨ੍ਹਾਂ ਵੈਬ ਪੋਰਟਲਾਂ ਅਤੇ ਡਿਜੀਟਲ ਲਾਇਬ੍ਰੇਰੀਆਂ ਤੋਂ ਲੋੜੀਂਦੇ ਸਰੋਤ ਅਸਾਨੀ ਨਾਲ ਹਾਸਲ ਕਰ ਲੈਂਦੇ ਹਾਂ, ਜਿਸ ਨਾਲ ਸਾਡੇ ਵਡਮੁੱਲੇ ਸਮੇਂ ਦੀ ਬੱਚਤ ਹੁੰਦੀ ਹੈ।

ਪੰਜਾਬੀ ਭਾਸ਼ਾ ਵਿਚ ਮੁਢਲੀ ਵੈਬਲੀਓਗ੍ਰਾਫੀ ਤਿਆਰ ਅਤੇ ਪ੍ਰਕਾਸ਼ਿਤ ਕਰਨ ਦਾ ਸਿਹਰਾ ਡਾ. ਸੁਖਦੇਵ ਸਿੰਘ (ਲਾਇਬ੍ਰੇਰੀਅਨ, ਏ. ਪੀ. ਜੇ. ਕਾਲਜ ਆਫ ਫਾਈਨ ਆਰਟਸ, ਜਲੰਧਰ) ਨੂੰ ਦਿੱਤਾ ਜਾਂਦਾ ਹੈ, ਜਿਸ ਨੇ ਪੰਜਾਬੀ ਭਾਸ਼ਾ ਵਿਚ ਵੈਬਲੀਓਗ੍ਰਾਫੀ ਦਾ ਪਹਿਲਾ ਕਾਰਜ ਗੁਰੂ ਨਾਨਕ ਸਾਹਿਬ ਦੇ 550 ਸਾਲਾਂ ਜਨਮ ਸ਼ਤਾਬਦੀ ਨੂੰ ਸਮਰਪਿਤ ਹੋ ਕੇ ਤਿਆਰ ਕੀਤਾ ਸੀ। ਇਸ ਬਹੁਮੁੱਲੇ ਕਾਰਜ ਵਿਚ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਸਬੰਧੀ ਵਿਭਿੰਨ ਵਿਸ਼ਿਆਂ ਉਤੇ 550 ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਪੁਸਤਕਾਂ ਦੇ ਇੰਦਰਾਜ ਦਰਜ ਕੀਤੇ ਸਨ ਤੇ ਪੁਸਤਕ ਦੇ ਅੰਤ ਵਿਚ ਤਿੰਨ ਅਨੁਕ੍ਰਮਣਿਕਾਵਾਂ ਵੀ ਪ੍ਰਦਾਨ ਕੀਤੀਆਂ ਸਨ। ਇਹ ਵੈਬਲੀਓਗ੍ਰਾਫੀ ਪੰਜਾਬੀ ਡਿਜੀਟਲ ਲਾਇਬ੍ਰੇਰੀ (www.panjabdigilib.org) ਅਤੇ ਪੰਜਾਬੀ ਲਾਇਬ੍ਰੇਰੀ (www.punjabilibrary.com) 'ਤੇ ਉਪਲੱਬਧ ਹੈ।




ਹਥਲੀ ਵੈਬਲੀਓਗ੍ਰਾਫੀ ਡਾ. ਸੁਖਦੇਵ ਸਿੰਘ ਦਾ ਦੂਜਾ ਅਹਿਮ ਕਾਰਜ ਹੈ। ਇਹ ਕਾਰਜ ਯੂਨੈਸਕੋ ਦੇ 2019 ਦੇਸੀ ਭਾਸ਼ਾਵਾਂ ਦੇ ਕੌਮਾਂਤਰੀ ਸਾਲ ਦੀ ਯਾਦ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ; ਇਸ ਤਰ੍ਹਾਂ ਇਹ ਵੈਬਲੀਓਗ੍ਰਾਫੀ ਪੰਜਾਬੀ ਭਾਸ਼ਾ ਦਾ ਮਾਣ ਵਧਾਉਂਦੀ ਹੈ। ਇਸ ਪੁਸਤਕ ਵਿਚ ਡਾ. ਸੁਖਦੇਵ ਸਿੰਘ ਅਤੇ ਡਾ. ਹਰੀਸ਼ ਚੰਦਰ ਨੇ ਪੰਜਾਬੀ ਭਾਸ਼ਾ ਵਿਚ ਮੁਅੱਸਰ ਉਨ੍ਹਾਂ 1800+ ਪੰਜਾਬੀ ਪੁਸਤਕਾਂ ਦੀ ਮੁਕੰਮਲ ਅਤੇ ਯੋਜਨਾਬੱਧ ਜਾਣਕਾਰੀ ਦਿੱਤੀ ਹੈ, ਜੋ ਵੱਖ-ਵੱਖ ਵੈਬ ਪੋਰਟਲਾਂ ਤੇ ਡਿਜੀਟਲ ਲਾਇਬ੍ਰੇਰੀਆਂ 'ਤੇ ਮੁਫਤ ਵਿਚ ਮੌਜੂਦ ਹਨ। ਇਸ ਵੈਬਲੀਓਗ੍ਰਾਫੀ ਵਿਚ 21 ਅਧਿਆਇ ਹਨ, ਜਿਨ੍ਹਾਂ ਦਾ ਸਬੰਧ ਸੰਦਰਭ ਸਰੋਤਾਂ, ਮਾਰਕਸਵਾਦੀ ਸਾਹਿਤ, ਕਾਵਿ ਸੰਗ੍ਰਿਹ, ਕਿੱਸਾ ਕਾਵਿ, ਨਾਟਕ, ਕਹਾਣੀ ਸੰਗ੍ਰਿਹ, ਨਾਵਲ, ਲੇਖ ਸੰਗ੍ਰਿਹ, ਬਾਲ ਸਾਹਿਤ, ਸਫਰਨਾਮੇ, ਜੀਵਨੀਆਂ, ਸਵੈ-ਜੀਵਨੀਆਂ, ਅਭਿਨੰਦਨ ਗ੍ਰੰਥ, ਇਤਿਹਾਸਕ ਪੁਸਤਕਾਂ, ਭੂਗੋਲਿਕ ਸਰੋਤ, ਅਨੁਵਾਦਿਤ ਸਾਹਿਤ ਅਤੇ ਫੁਟਕਲ ਪੁਸਤਕਾਂ ਨਾਲ ਹੈ। ਹਰੇਕ ਅਧਿਆਇ ਨੂੰ ਉਪ-ਸਿਰਲੇਖਾਂ ਹੇਠ ਵੰਡਿਆ ਗਿਆ ਹੈ। ਮਿਸਾਲ ਵਜੋਂ 13ਵੇਂ ਅਧਿਆਇ ਵਿਚਲੀਆਂ ਬਾਲ ਪੁਸਤਕਾਂ ਦੇ ਇੰਦਰਾਜਾਂ ਨੂੰ ਨੌਂ ਉਪ-ਭਾਗਾਂ ਵਿਚ ਵੰਡਿਆ ਗਿਆ ਹੈ, ਜਿਵੇਂ ਕਿ ਪੰਜਾਬੀ ਭਾਸ਼ਾ, ਵਿਗਿਆਨਕ ਪੁਸਤਕਾਂ, ਗੀਤ/ਕਵਿਤਾਵਾਂ, ਨਾਟਕ/ਇਕਾਂਗੀ, ਕਹਾਣੀ-ਸੰਗ੍ਰਿਹ, ਲੇਖ-ਸੰਗ੍ਰਿਹ, ਪ੍ਰੇਰਨਾਦਾਇਕ ਪੁਸਤਕਾਂ, ਆਮ ਵਾਕਫੀਅਤ ਪੁਸਤਕਾਂ ਅਤੇ ਜੀਵਨੀਆਂ। ਇਸ ਪੁਸਤਕ ਦੇ ਲੇਖਕਾਂ ਦਾ ਇਹ ਦਾਅਵਾ ਹੈ ਕਿ ਸਿੱਖ ਧਰਮ ਅਤੇ ਇਤਿਹਾਸ ਉਤੇ ਉਪਲਬਧ ਡਿਜੀਟਲ ਪੁਸਤਕਾਂ 'ਤੇ ਹੋ ਰਹੀ ਅਕਾਦਮਕ ਖੋਜ ਕਾਰਨ ਇਸ ਪੁਸਤਕ ਵਿਚ ਉਸ ਵਿਸ਼ੇ ਸਬੰਧੀ ਪੁਸਤਕਾਂ ਦੇ ਇੰਦਰਾਜਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ।

ਇਸ ਪੁਸਤਕ ਦੇ ਸਮੁੱਚੇ ਅਧਿਆਇਆਂ ਵਿਚਲੇ ਪੁਸਤਕ ਇੰਦਰਾਜਾਂ ਨੂੰ ਲੜੀ ਨੰਬਰ ਦਿੱਤੇ ਗਏ ਹਨ। ਹਰੇਕ ਇੰਦਰਾਜ ਵਿਚ ਡਿਜੀਟਲ ਪੁਸਤਕੀ ਵੇਰਵੇ ਦੇ, ਇਨ੍ਹਾਂ ਤੱਤਾਂ ਨੂੰ ਸ਼ਾਮਲ ਕੀਤਾ ਗਿਆ ਹੈ: ਪੁਸਤਕ ਦਾ ਲੇਖਕ, ਸਿਰਲੇਖ, ਉਪ ਸਿਰਲੇਖ, ਸਹਾਇਕ, ਸੰਸਕਰਨ, ਪ੍ਰਕਾਸ਼ਨਾਂ ਸਥਾਨ, ਪ੍ਰਕਾਸ਼ਨਾਂ ਮਿਤੀ, ਭਾਗ ਹਿੰਦਸਾ, ਪੁਸਤਕ ਦੇ ਸਫੇ, ਪੁਸਤਕ ਲੜੀ ਅਤੇ ਆਈ. ਐਸ. ਬੀ. ਐਨ.। ਵੇਰਵੇ ਦੇ ਇਨ੍ਹਾਂ ਤੱਤਾਂ ਤੋਂ ਇਲਾਵਾ ਅੰਤ ਵਿਚ ਇੱਕ ਵੈਬ-ਲਿੰਕ ਦਿੱਤਾ ਗਿਆ ਹੈ, ਜਿਸ ਦੀ ਮਦਦ ਨਾਲ ਵੈਬਲੀਓਗ੍ਰਾਫੀ ਵਿਚਲੀਆਂ ਸਾਰੀਆਂ ਪੁਸਤਕਾਂ ਨੂੰ ਪੜ੍ਹਿਆ ਜਾਂ ਡਾਊਨਲੋਡ ਕੀਤਾ ਜਾ ਸਕਦਾ ਹੈ। ਵੈਬਲੀਓਗ੍ਰਾਫੀ ਦਾ ਇਹ ਤੱਤ (ਵੈਬ-ਲਿੰਕ) ਹੀ ਇਸ ਨੂੰ ਪੁਰਾਤਨ ਬਿਬਲੀਓਗ੍ਰਾਫੀ ਦੀਆਂ ਦੂਜੀਆਂ ਵੰਨਗੀਆਂ ਤੋਂ ਨਿਖੇੜਦਾ ਹੈ। ਮਿਸਾਲ ਵਜੋਂ ਹੇਠਾਂ ਦਿੱਤੇ ਇੰਦਰਾਜ ਵੇਖੇ ਜਾ ਸਕਦੇ ਹਨ:

ਅਲੀ ਫਰਜ਼ੰਦ, S-994

ਭੁੱਬਲ. ਦੂਜਾ ਸੰਸ. ਲੁਧਿਆਣਾ: ਦਸਤਕ ਪ੍ਰਕਾਸ਼ਨ, 2016. 282 ਪੰ.

URL: http://punjabilibrary.com/wp-content/uploads/2017/06/Bhubal_PunjabiLibrary.pdf

---

ਸੋਢੀ ਪਰਮਿੰਦਰ ਸਿੰਘ, S-4

ਸੰਸਾਰ ਪ੍ਰਸਿੱਧ ਮੁਹਾਵਰੇ=World Famous Proverbs.

ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2007. 375 ਪੰ.

ISBN 978-81-7142-353-1.

URL: http://www.punjabipoetry.net/books/pdf/sansar_prasidh_muhavare.pdf

ਇਸ ਕਾਰਜ ਦੀ ਇਕ ਖੂਬੀ ਇਹ ਹੈ ਕਿ ਇਸ ਦੇ ਅੰਤ ਵਿਚ ਤਿੰਨ ਅਨੁਕ੍ਰਮਣਿਕਾਵਾਂ (ਲੇਖਕ, ਪੰਨੇ 335-353; ਸਿਰਲੇਖ, ਪੰਨੇ 355-387 ਅਤੇ ਵਿਸ਼ਾ, ਪੰਨੇ 389-392) ਦਿੱਤੀਆਂ ਗਈਆਂ ਹਨ, ਜੋ ਲੋੜੀਂਦੀ ਪੁਸਤਕ ਨੂੰ ਲੜੀ ਨੰਬਰਾਂ ਦੇ ਮਾਧਿਅਮ ਰਾਹੀਂ ਇੱਕਦਮ ਲੱਭਣ ਵਿਚ ਮਦਦ ਕਰਦੀਆਂ ਹਨ। ਇਹ ਉਸੇ ਤਰ੍ਹਾਂ ਹੀ ਕੰਮ ਕਰਦੀਆਂ ਹਨ, ਜਿਵੇਂ ਕਿਸੇ ਲਾਇਬ੍ਰੇਰੀ ਵਿਚ ਕੈਟਾਲਾਗ ਲੋੜੀਂਦੀ ਪੁਸਤਕ ਨੂੰ ਹਾਸਲ ਕਰਨ ਵਿਚ ਮਦਦ ਕਰਦਾ ਹੈ।

ਅਜੋਕੇ ਕਰੋਨਾ ਮਹਾਮਾਰੀ ਦੇ ਇਸ ਸੰਕਟ ਵਿਚ ਜਦੋਂ ਸੰਸਾਰ ਭਰ ਦੇ ਲਗਭਗ ਸਮੁੱਚੇ ਵਿਦਿਅਕ ਅਦਾਰੇ ਅਤੇ ਲਾਇਬ੍ਰੇਰੀਆਂ (ਜਨਤਕ, ਅਕਾਦਮਕ, ਕਮਿਊਨਿਟੀ ਰਿਸੋਰਸ ਸੈਂਟਰ) ਬੰਦ ਹੋ ਚੁਕੇ ਹਨ, ਕਿਤੇ ਆਉਣਾ-ਜਾਣਾ ਵੀ ਮੁਸ਼ਕਿਲ ਹੈ, ਇਸ ਔਖੇ ਦੌਰ ਵਿਚ ਇਸ ਪੁਸਤਕ ਦੀ ਮਹੱਤਤਾ ਹੋਰ ਵਧ ਗਈ ਹੈ। ਇਸ ਵੈਬਲੀਓਗ੍ਰਾਫੀ ਦੀ ਆਸਾਨ ਅਤੇ ਸਰਲ ਵਰਤੋਂ ਨੇ ਮਨੁੱਖ ਨੂੰ ਘਰ ਬੈਠੇ ਹੀ ਬਹੁਤ ਸਾਰੀ ਸਾਰਥਕ ਸਮੱਗਰੀ ਪ੍ਰਦਾਨ ਕੀਤੀ ਹੈ। ਇਸ ਨੇ ਸਿੱਖਣ-ਸਿਖਾਉਣ ਦੇ ਕਾਰਜ ਨੂੰ ਅਤਿ ਸੁਖਾਲਾ ਕਰ ਦਿੱਤਾ ਹੈ।

ਆਸ ਹੈ, ਪਾਠਕ ਇਸ ਵੈਬਲੀਓਗ੍ਰਾਫੀ ਰਾਹੀਂ ਘਰਾਂ ਤੱਕ ਚੱਲ ਕੇ ਆਈਆਂ ਪੁਸਤਕਾਂ ਤੋਂ ਫਾਇਦਾ ਲੈਂਦਿਆਂ ਆਪਣੇ ਜੀਵਨ ਅਤੇ ਖੋਜ-ਕਾਰਜਾਂ ਨੂੰ ਹੋਰ ਵੀ ਅਹਿਮ ਤੇ ਆਸਾਨ ਬਣਾਉਣਗੇ। ਨੈਸ਼ਨਲ ਪ੍ਰੈਸ ਐਸੋਸੀਏਟਸ ਵਲੋਂ ਸਾਲ 2019 ਵਿਚ ਪ੍ਰਕਾਸ਼ਿਤ ਇਸ ਪੁਸਤਕ ਦੇ 392 ਪੰਨੇ ਹਨ ਅਤੇ ਮੁੱਲ 1150 ਰੁਪਏ (30 ਡਾਲਰ) ਹੈ।

ਰਿਵਿਊ

# ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ'

**ਡਾ. ਡੀ. ਪੀ. ਸਿੰਘ, ਕੈਨੇਡਾ**
drdpsn@hotmail.com


ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ' ਦਾ ਲੇਖਕ ਜਸਵੀਰ ਸਿੰਘ ਰਾਣਾ, ਸੁਘੜ ਅਧਿਆਪਕ ਤੇ ਨਾਮਵਰ ਕਹਾਣੀਕਾਰ ਹੈ। ਉਹ ਹੁਣ ਤਕ ਚਾਰ ਕਹਾਣੀ ਸੰਗ੍ਰਿਹ ਮਾਂ-ਬੋਲੀ ਪੰਜਾਬੀ ਦੀ ਝੋਲੀ ਵਿਚ ਪਾ ਚੁਕਾ ਹੈ। ਜਸਵੀਰ ਰਾਣਾ ਨੇ ਆਪਣੀਆਂ ਰਚਨਾਵਾਂ ਰਾਹੀਂ ਸਮਾਜਕ ਸਰੋਕਾਰਾਂ ਦਾ ਸਹੀ ਚਿੱਤਰਣ ਕਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਹੁਣ ਉਹ ਆਪਣਾ ਇਹ ਪਲੇਠਾ ਨਾਵਲ ਲੈ ਕੇ ਪਾਠਕਾਂ ਦੀ ਸੱਥ ਵਿਚ ਹਾਜ਼ਰ ਹੋਇਆ ਹੈ। ਨਾਵਲ ਦੇ ਕੁੱਲ 32 ਕਾਂਡ ਹਨ।



ਨਾਵਲ ਦੀ ਭੂਮਿਕਾ ਵਿਚ ਜਸਵੀਰ ਨੇ ਆਪਣੇ ਸਾਹਿਤਕ ਸਫਰ ਦੀ ਨਿਸ਼ਾਨਦੇਹੀ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਮਨ ਵਿਚ ਉਭਰੇ ਸਵਾਲ, "ਕੀ ਵਿਦਿਆਰਥੀਆਂ ਨੂੰ ਵਾਤਾਵਰਣ ਤੇ ਭਾਸ਼ਾ ਨਾਲ ਜੋੜਨ ਲਈ, ਇਸ ਵਿਸ਼ੇ ਨੂੰ ਤਕਨੀਕੀ ਸ਼ਬਦਾਵਲੀ ਤੋਂ ਮੁਕਤ ਸੌਖੀ ਭਾਸ਼ਾ ਅਤੇ ਕਥਾ-ਵਿਧੀ ਰਾਹੀਂ ਦਿਲਚਸਪ ਵੀ ਬਣਾਇਆ ਜਾ ਸਕਦਾ ਹੈ?" ਦਾ ਜਵਾਬ ਹੀ ਹੈ, ਇਹ ਨਾਵਲ।

ਨਾਵਲ ਦੀ ਨਾਇਕਾ ਨੀਤੀ ਤੇ ਉਸ ਦਾ ਮੰਗੇਤਰ ਹੁਸਨਵੀਰ, ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੇ ਪਿਆਰ ਵਿਚ ਰੱਤੀ ਹੋਈ ਜੋੜੀ ਹੈ। ਉਹ ਦੋਵੇਂ ਅੱਖਰ, ਸ਼ਬਦ, ਗਿਆਨ ਤੇ ਵਿਚਾਰ ਦੇ ਮਤਵਾਲੇ ਹਨ। ਹਵਾ, ਪਾਣੀ, ਰੁੱਖਾਂ ਤੇ ਧਰਤੀ ਦੇ ਦਰਦ ਸਬੰਧੀ ਸੰਵੇਦਨਸ਼ੀਲ ਹਨ। ਨੀਤੀ ਦੀ ਮਾਂ ਗੁਰਮੁਖਤਿਆਰ ਕੌਰ ਦਾ ਕਿਰਦਾਰ ਇਕ ਸੁਲਝੀ ਸੁਆਣੀ ਵਜੋਂ ਉਭਰਦਾ ਹੈ, ਜੋ ਅੱਖਰ/ਸ਼ਬਦ ਰਚਨਾ ਦੀ ਸ਼ੁੱਧਤਾ ਦਾ ਮਹੱਤਵ ਇੰਜ ਸੁਝਾਉਂਦੀ ਹੈ, "ਇਕ ਬਿੰਦੀ ਕਿਸੇ ਸ਼ਬਦ-ਅੱਖਰ 'ਤੇ ਲੱਗੀ ਹੁੰਦੀ ਐ! ਇਕ ਬਿੰਦੀ ਕਿਸੇ ਸੁਹਾਗਣ ਦੇ ਮੱਥੇ 'ਤੇ ਲੱਗੀ ਹੁੰਦੀ ਐ! ...ਜਿਵੇਂ ਕਿਸੇ ਸੁਹਾਗਣ ਦੇ ਮੱਥੇ 'ਤੇ ਲੱਗੀ ਬਿੰਦੀ ਦਾ ਅਰਥ ਹੋਰ ਐ! ਉਹਦੇ ਮੱਥੇ ਤੋਂ ਬਿੰਦੀ ਲਹਿ ਜਾਣ ਦਾ ਅਰਥ ਹੋਰ ਐ! ਉਵੇਂ ਕਿਸੇ ਸ਼ਬਦ-ਅੱਖਰ 'ਤੇ ਬਿੰਦੀ ਲਾਉਣ ਦਾ ਅਰਥ ਹੋਰ ਐ! ਉਸ ਤੋਂ ਬਿੰਦੀ ਲਾਹ ਦੇਣ ਦਾ ਅਰਥ ਹੋਰ ਐ!"

ਨਾਵਲ ਦੇ ਹੋਰ ਪਾਤਰਾਂ ਵਿਚ, ਨੀਤੀ ਦਾ ਬਾਪੂ ਗੁਰਮੁਖ ਸਿੰਘ, ਸ਼ਬਦ ਨੂੰ ਪਿਆਰ ਕਰਨ ਵਾਲੀ ਸ਼ਖਸੀਅਤ ਹੈ। ਉਸ ਦਾ ਯਕੀਨ ਹੈ, "ਸ਼ਬਦ ਸਾਡਾ ਗੁਰੂ ਹੈ! ਸ਼ਬਦ ਸਾਡੀ ਸ਼ਕਤੀ ਹੈ! ਸ਼ਬਦ ਬਿਨਾ ਅਸੀਂ ਅਧੂਰੇ ਹਾਂ!" ਤੇ ਇਸੇ ਸ਼ਬਦ ਦੀ ਸ਼ੁੱਧਤਾ ਬਣਾਈ ਰੱਖਣ ਲਈ ਉਹ ਆਪਣੀ ਜਾਨ ਵੀ ਕੁਰਬਾਨ ਕਰ ਜਾਂਦਾ ਹੈ। ਇਸੇ ਤਰ੍ਹਾਂ ਨਾਵਲ ਦੇ ਹੋਰ ਪਾਤਰ ਆਪਣੇ ਆਪਣੇ ਵੱਖੋ-ਵੱਖਰੇ ਕਿਰਦਾਰਾਂ ਨਾਲ ਨਾਵਲ ਦੇ ਚਿੱਤਰਪਟ ਉਤੇ ਹਾਜ਼ਰ ਹੁੰਦੇ ਹਨ। ਨੀਤੀ ਦੀ ਭਾਬੀ ਰੂਪਰੇਖਾ, ਇਕ ਖੁਦਗਰਜ਼ ਸੁਭਾਅ ਵਾਲੀ, ਖਪਤਵਾਦੀ ਤੇ ਰਲਗੱਡ ਕਲਚਰ ਦੀ ਪ੍ਰਤੀਕ ਔਰਤ ਹੈ। ਨੀਤੀ ਦਾ ਭਰਾ ਰੁਪਿੰਦਰ ਸਿੰਘ ਉਰਫ ਰੌਕੀ ਗੁਲਾਮ ਤਬੀਅਤ ਦਾ ਮਾਲਕ ਹੋਣ ਦੇ ਨਾਲ ਨਾਲ ਪੰਜਾਬੀ ਸਭਿਆਚਾਰ ਦਾ ਭਗੌੜਾ ਨਜ਼ਰ ਆਉਂਦਾ ਹੈ। ਡਾ. ਤ੍ਰਿਪਾਠੀ ਵਿਗਿਆਨ ਦਾ ਅਧਿਆਪਕ, ਨੀਤੀ ਨੂੰ ਸੰਭਾਵੀ ਵਰਤਾਰਿਆਂ ਨਾਲ ਸਾਂਝ ਪੁਆ, ਸਮਾਜਕ ਕਦਰਾਂ-ਕੀਮਤਾਂ ਤੇ ਵਾਤਾਵਰਣੀ ਸੁਰੱਖਿਅਣ ਬਾਰੇ ਹੋਰ ਵਧੇਰੇ ਚੇਤੰਨਤਾ ਬਖਸ਼ਦਾ ਹੈ। ਹਰਦੇਵ ਤਾਇਆ, ਸੀਰੀ ਰਾਮੂ, ਪ੍ਰਦੀਪ ਮੋਦੀ, ਤਾਈ ਕਰਤਾਰ ਕੌਰ, ਭਿੰਦਰ ਕਾਮਰੇਡ ਤੇ ਵਿਕਾਸ ਜੈਨ ਆਦਿ ਵੱਖ ਵੱਖ ਪਾਤਰ ਆਪੋ-ਆਪਣੇ ਰੰਗਾਂ ਨਾਲ ਨਾਵਲ ਦੇ ਕੈਨਵਸ ਨੂੰ ਹੋਰ ਵਧੇਰੇ ਸ਼ਿੰਗਾਰਦੇ ਹਨ।




ਜਸਵੀਰ ਰਾਣਾ ਦਾ ਇਹ ਨਾਵਲ ਮਾਂ-ਬੋਲੀ ਦੀ ਦੁਰਗਤੀ, ਸ਼ਬਦ/ਗਿਆਨ ਦੀ ਅਣਗਹਿਲੀ, ਮੋਬਾਇਲ ਤੇ ਇੰਟਰਨੈੱਟ ਦੇ ਚਸਕੇ, ਪਰਵਾਸ ਦੀ ਦੌੜ, ਪਾਣੀ ਦੀ ਵਧ ਰਹੀ ਕਿੱਲਤ, ਨਸ਼ਿਆਂ ਦੀ ਭਰਮਾਰ, ਤੀਬਰ ਸ਼ਹਿਰੀਕਰਨ, ਰੁੱਖਾਂ ਦੀ ਬੇਕਿਰਕ ਕਟਾਈ ਤੇ ਉਦਯੋਗਾਂ ਤੋਂ ਨਿਕਾਸੀ ਘਾਤਕ ਗੈਸਾਂ ਕਾਰਨ ਪੈਦਾ ਹੋਏ ਤੇ ਸੰਭਾਵੀ ਹਾਲਾਤਾਂ ਦਾ ਜ਼ਿਕਰ ਕਰਦਾ ਹੈ। ਮਾਂ-ਬੋਲੀ ਦੇ ਮਹੱਤਵ ਸਬੰਧੀ ਨਾਇਕਾ ਨੀਤੀ ਦੇ ਬੋਲ, "ਜਦੋਂ ਦੁਨੀਆਂ ਦੇ ਸਾਰੇ ਸਿੱਖਿਆ ਸ਼ਾਸ਼ਤਰੀ ਤੇ ਮਨੋ-ਵਿਗਿਆਨੀ ਇਕ ਮੱਤ ਹਨ ਕਿ ਬੱਚੇ ਦੀ ਮੁਢਲੀ ਸਿੱਖਿਆ ਉਸ ਦੀ ਮਾਤ-ਭਾਸ਼ਾ ਵਿਚ ਹੋਣੀ ਚਾਹੀਦੀ ਹੈ! ਆਪਣੇ ਲੋਕ ਫਿਰ ਵੀ ਕਿਉਂ...?" ਧਿਆਨ ਖਿੱਚਦੇ ਹਨ। ਇਸੇ ਸਵਾਲ ਦੇ ਜਵਾਬ ਵਿਚ ਡਾ. ਤ੍ਰਿਪਾਠੀ ਦੇ ਬੋਲ, "ਫਿਲਹਾਲ ਐਨਾ ਸਮਝ ਲੈ ਕਿ ਭਾਸ਼ਾ ਦੀ ਵੀ ਇਕ ਸਿਆਸਤ ਹੁੰਦੀ ਹੈ! ਪੂੰਜੀ ਔਰ ਸੱਤਾ ਉਪਰ ਕਾਬਜ਼ ਹੋਣ ਲਈ ਸਮੇਂ ਦੀ ਸਿਆਸਤ ਆਪਣੀ ਕੌਮ ਦੀ ਭਾਸ਼ਾ ਡਿਜ਼ਾਈਨ ਕਰਦੀ ਹੈ।" ਚਿੰਤਾ ਦੇ ਘੇਰੇ ਵਿਚ ਲੈ ਜਾਂਦੇ ਹਨ।

ਮਾਂ-ਬੋਲੀ ਪੰਜਾਬੀ ਸਬੰਧੀ ਉਦਾਸੀਨਤਾ ਅਤੇ ਵਾਤਾਵਰਣੀ ਮਸਲਿਆਂ ਦੀ ਗੰਭੀਰਤਾ ਨੂੰ ਸੌਖੇ ਤੌਰ 'ਤੇ ਸਮਝਣ ਲਈ ਜਸਵੀਰ ਰਾਣਾ ਦਾ ਇਹ ਨਾਵਲ ਇਕ ਅਹਿਮ ਰਚਨਾ ਹੈ। ਇਸ ਨਾਵਲ ਰਾਹੀਂ ਲੇਖਕ ਰਾਜਸੀ ਪ੍ਰਬੰਧ ਦੇ ਚੌਖਟੇ 'ਚ ਅਨੇਕ ਮਾਨਵੀ ਤੇ ਅਮਾਨਵੀ ਪੱਖਾਂ ਦੀ ਨਿਸ਼ਾਨਦੇਹੀ ਕਰਦਾ ਹੈ। ਕਾਰਪੋਰੇਟ ਜਗਤ ਵਲੋਂ ਕੀਤੀ ਜਾ ਰਹੀ ਬੇਕਿਰਕ ਲੁੱਟ-ਖਸੁੱਟ ਅਤੇ ਲੋਟੂ ਸੱਤਾ ਦਾ ਚਿਹਰਾ-ਮੁਹਰਾ ਪ੍ਰਗਟ ਹੁੰਦਾ ਹੈ। ਲੇਖਕ ਦਾ ਮੰਨਣਾ ਹੈ ਕਿ ਪੂੰਜੀਵਾਦੀ ਵਰਤਾਰੇ ਨੇ, ਤੀਜੀ ਦੁਨੀਆਂ ਦੇ ਮੁਲਕਾਂ ਨੂੰ ਆਪਣੇ ਸ਼ਿਕੰਜੇ ਵਿਚ ਫਸਾ ਕੇ, ਬਹੁ-ਕੌਮੀ ਕੰਪਨੀਆਂ ਰਾਹੀਂ ਉਤਪਾਦ ਦੇ ਬਹਾਨੇ ਆਰਥਕ, ਭੁਗੋਲਿਕ ਤੇ ਸਮਾਜਕ ਲੁੱਟ-ਕੀਤੀ ਹੈ। ਲੱਚਰ-ਸਭਿਆਚਾਰ ਪ੍ਰਫੁਲਿਤ ਕੀਤਾ ਹੈ। ਮਾਨਸਿਕ ਤੌਰ 'ਤੇ ਮਨੁੱਖ ਨੂੰ ਮੰਡੀ ਦਾ ਗੁਲਾਮ ਬਣਾ ਦਿੱਤਾ ਹੈ। ਮਨੁੱਖ ਦਾ ਰਿਸ਼ਤਾ ਪੈਸੇ ਅਤੇ ਵਸਤੂ ਪ੍ਰਾਪਤੀ ਦੀ ਦੌੜ ਨਾਲ ਜੋੜ ਦਿੱਤਾ ਹੈ। ਸੋਸ਼ਲ ਮੀਡੀਆ ਉਸ ਨੂੰ ਪਰਿਵਾਰ ਤੇ ਸਮਾਜ ਨਾਲ ਜੋੜਨ ਦੀ ਥਾਂ ਸਮਾਜਕ ਸਰੋਕਾਰਾਂ ਨਾਲੋਂ ਅੱਡ ਕਰ ਰਿਹਾ ਹੈ।

ਨਾਵਲ ਵਿਚ ਲੇਖਕ, ਮਾਂ-ਬੋਲੀ ਤੇ ਪੰਜਾਬੀ ਸਭਿਆਚਾਰ ਸਬੰਧੀ ਮੋਹ ਦਿਖਾਉਂਦਿਆਂ ਖੁਰ ਰਹੇ ਰਿਸ਼ਤਿਆਂ, ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਤੇ ਪੈਸੇ ਲਈ ਵਿਕ ਰਹੀ ਜ਼ਮੀਰ ਪ੍ਰਤੀ ਦੁੱਖ ਪ੍ਰਗਟਾਉਂਦਾ ਨਜ਼ਰ ਆਉਂਦਾ ਹੈ। ਦੁਖਾਂਤਕ ਦਸ਼ਾ 'ਚ ਜ਼ਿੰਦਗੀ ਬਸਰ ਕਰ ਰਹੇ ਲੋਕਾਂ ਬਾਰੇ ਚਿੰਤਿਤ ਹੈ। ਉਹ ਸੋਹਣੇ ਸਮਾਜ ਨੂੰ ਪੈਦਾ ਕਰਨ ਦੀ ਇੱਛਾ ਪਾਲਦਾ ਹੋਇਆ ਚੇਤੰਨਮਈ ਰਾਹਾਂ ਦਾ ਖੁਰਾ ਨੱਪਦਾ ਹੈ। ਲੋਕਾਂ ਦੀ ਆਪਸੀ ਸਾਂਝ, ਮੁਹੱਬਤ-ਪਿਆਰ ਦੀ ਬਾਤ ਪਾਉਂਦਿਆਂ ਜੰਗਬਾਜ਼ਾਂ ਨਾਲ ਨਫਰਤ ਤੇ ਅਮਨ ਲਈ ਦੁਆ ਕਰਦਾ ਹੈ। ਲੇਖਕ ਵਲੋਂ ਇਸ ਰਚਨਾ ਦੀ ਪੇਸ਼ਕਾਰੀ ਨਾਵਲੀ ਵਿਧਾ ਦਾ ਨਿਵੇਕਲਾ ਮਾਡਲ ਪੇਸ਼ ਕਰਦੀ ਹੈ। ਇਸ ਵਿਚ ਉਸ ਨੇ ਕਈ ਢੰਗਾਂ ਜਿਵੇਂ ਫਿਲਮਾਂ, ਸੁਪਨੇ, ਡਾਇਰੀ, ਖੱਤ, ਨੋਟਸ, ਖੋਜ, ਪ੍ਰਯੋਗਿਕ ਰਿਸਰਚ ਜੁਗਤਾਂ, ਸੂਤਰਧਾਰ ਦੀ ਅਵਾਜ਼-ਵਿਧਾ, ਵਾਰਤਾਲਾਪੀ ਸੰਵਾਦ, ਵਿਗਿਆਨ-ਗਲਪ ਕਥਾ, ਕਹਾਣੀ ਵਿਧਾ ਦੀਆਂ ਸੰਕੇਤਕ ਤੇ ਨਾਵਲੀ ਵਿਧਾ ਦੇ ਵਿਸਥਾਰ-ਵਿਸ਼ਲੇਸ਼ਣ ਆਦਿ ਦੀ ਬਾਖੂਬੀ ਵਰਤੋਂ ਕੀਤੀ ਹੈ। ਲੇਖਕ ਨੇ ਫਲੈਸ਼-ਬੈਕ ਦੀ ਵਿਧੀ ਦੀ ਵਰਤੋਂ ਕਰਦਿਆਂ ਪੁਰਾਤਨ ਸਭਿਆਚਾਰ, ਕੁਦਰਤ ਨਾਲ ਸਹਿਹੋਂਦ ਤੇ ਅਮੀਰ ਮਨੁੱਖੀ ਵਿਰਾਸਤ ਨਾਲ ਪਾਠਕਾਂ ਨੂੰ ਰੁਬਰੂ ਕਰਵਾਇਆ ਹੈ।

ਇਹ ਇਕ ਵਧੀਆ ਨਾਵਲ ਹੈ, ਜੋ ਸਮਕਾਲੀ ਸਮਾਜਕ, ਸੱਭਿਆਚਾਰਕ ਤੇ ਵਾਤਾਵਰਣੀ ਸਰੋਕਾਰਾਂ ਨੂੰ ਸਰਲ ਤੇ ਰੌਚਕਮਈ ਢੰਗ ਨਾਲ ਬਿਆਨ ਕਰਨ ਕਾਰਨ, ਪਾਠਕਾਂ ਦੇ ਗਿਆਨ ਦੇ ਦਾਇਰੇ ਨੂੰ ਮੋਕਲਾ ਕਰਨ ਵਿਚ ਅਹਿਮ ਰੋਲ ਅਦਾ ਕਰਨ ਦੇ ਸਮਰਥ ਹੈ। ਲੇਖਕ ਆਪਣੀ ਸੂਝ-ਬੂਝ ਕਾਰਨ ਪਾਠਕ ਨੂੰ ਵਿਸ਼ੇ ਨਾਲ ਜੋੜੀ ਰੱਖਣ ਵਿਚ ਸਫਲ ਰਿਹਾ ਹੈ। ਇਹ ਅਜਿਹਾ ਨਾਵਲ ਹੈ, ਜੋ ਹਰ ਲਾਇਬਰੇਰੀ ਦਾ ਸ਼ਿੰਗਾਰ ਬਣਨ ਦਾ ਹੱਕਦਾਰ ਹੈ ਤਾਂ ਜੋ ਪੰਜਾਬੀ ਪਾਠਕ ਸਮਕਾਲੀ ਭਾਸ਼ਾਈ, ਸੱਭਿਆਚਾਰਕ ਤੇ ਵਾਤਾਵਰਣੀ ਹਾਲਾਤਾਂ ਦਾ ਸਹੀ ਰੂਪ ਸਮਝ, ਉਨ੍ਹਾਂ ਦੇ ਉਚਿਤ ਹੱਲ ਤੇ ਸਾਂਭ ਸੰਭਾਲ ਕਾਰਜਾਂ ਨੂੰ ਆਪਣੇ ਜੀਵਨ ਚਲਨ ਦਾ ਅੰਗ ਬਣਾ ਕੇ ਧਰਤੀ ਉਤੇ ਖੁਸ਼ਹਾਲ ਮਨੁੱਖੀ ਸਮਾਜ ਸਿਰਜਣ ਵਿਚ ਉਚਿਤ ਯੋਗਦਾਨ ਪਾ ਸਕਣ।

# ਫਾਸ਼ਿਜ਼ਮ

*ਅੱਖਾਂ ਦੇ ਉਘੇ ਸਰਜਨ (ਮਰਹੂਮ) ਡਾ. ਦਲਜੀਤ ਸਿੰਘ ਨੇ ਇਸ ਲੇਖ ਵਿਚ ਭਾਵੇਂ ਅਮਰੀਕੀ ਸਿਸਟਮ ਦੀ ਗੱਲ ਕੀਤੀ ਹੈ ਪਰ ਅੱਜ ਕੱਲ੍ਹ ਭਾਰਤੀ ਸਿਆਸਤ ਅੰਦਰ ਜੋ ਕੁਝ ਚੱਲ ਰਿਹਾ ਹੈ, ਉਸ ਤੋਂ ਭਾਰਤ ਅੰਦਰ ਪਨਪ ਰਹੇ ਫਾਸ਼ੀਵਾਦ ਦੀ ਕਨਸੋਅ ਸਹਿਜੇ ਹੀ ਪੈ ਜਾਂਦੀ ਹੈ। ਫਾਸ਼ੀਵਾਦ (ਫਾਸ਼ਿਜ਼ਮ) ਕਿਸ ਤਰ੍ਹਾਂ ਹੌਲੀ-ਹੌਲੀ ਪੈਰ ਪਸਾਰਦਾ ਹੈ, ਇਸ ਦਾ ਪਤਾ ਇਹ ਲੇਖ ਪੜ੍ਹ ਕੇ ਪਤਾ ਲੱਗਦਾ ਹੈ। -ਸੰਪਾਦਕ*



**ਡਾ. ਦਲਜੀਤ ਸਿੰਘ**

ਕੁਝ ਸਿਆਸੀ ਫਲਸਫੇ (ਇਜ਼ਮ) ਕਰ ਕੇ ਜਾਣੇ ਜਾਂਦੇ ਹਨ; ਜਿਵੇਂ ਜ਼ੀਓਨਿਜ਼ਮ, ਕਮਿਊਨਿਜ਼ਮ ਅਤੇ ਫਾਸ਼ਿਜ਼ਮ। ਅਮਰੀਕਾ ਦਾ ਪ੍ਰਧਾਨ ਜਾਰਜ ਬੁਸ਼ ਰਿਟਾਇਰ ਹੋਣ ਤੋਂ ਪਹਿਲਾਂ (ਇਸਲਾਮੋ-ਫਾਸ਼ਿਜ਼ਮ) ਦੀ ਰਟ ਲਗਾਉਂਦਾ ਰਿਹਾ।

ਭਾਰਤ ਅੰਦਰ ਸਿਆਸੀ ਨੇਤਾ ਜਦੋਂ ਕਿਸੇ ਪਾਰਟੀ ਨੂੰ ਨਿੰਦਦੇ ਨੇ ਤਾਂ ਉਸ ਨਾਲ 'ਫਾਸ਼ੀ' ਜੋੜ ਦਿੰਦੇ ਹਨ। 'ਫਾਸ਼ਿਜ਼ਮ' ਗਹਿਰੀ ਚੀਜ਼ ਹੈ ਜਿਸ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਇਹ ਕੋਈ ਸਪਸ਼ਟ ਦਿਸਣ ਵਾਲੀ ਚੀਜ਼ ਨਹੀਂ ਜਿਸ ਨੂੰ ਕਿਹਾ ਜਾਵੇ- ਅਹੁ ਜੇ ਫਾਸ਼ਿਜ਼ਮ'। ਇਸ ਇਜ਼ਮ ਦੇ ਬੇਅੰਤ ਲੱਛਣ ਹਨ ਜਿਨ੍ਹਾਂ ਦੀ ਹੋਂਦ ਕਿਸੇ ਵੀ ਦੇਸ਼ ਅੰਦਰ ਪੈਦਾ ਹੋ ਜਾਣ ਉਤੇ ਕੋਈ ਦੇਸ਼ 'ਫਾਸ਼ਿਸਟ' ਹੋ ਜਾਂਦਾ ਹੈ। ਫਾਸ਼ਿਜ਼ਮ ਦੇ ਲੱਛਣ ਕੀ ਹਨ?

**ਰਾਸ਼ਟਰਵਾਦੀ ਭਾਵਨਾਵਾਂ:** ਜ਼ੋਰਦਾਰ ਰਾਸ਼ਟਰਵਾਦੀ ਭਾਵਨਾਵਾਂ ਲਗਾਤਾਰ ਉਭਾਰੀਆਂ ਜਾਂਦੀਆਂ ਹਨ। ਹਰ ਪਾਸੇ ਦੇਸ਼ ਪ੍ਰੇਮ ਦੇ ਬੈਨਰ, ਨਾਅਰੇ, ਚਿੰਨ੍ਹ, ਗੀਤ ਅਤੇ ਹੋਰ ਜੁੜਵੇਂ ਢੰਗ ਦਿਸਣਗੇ। ਹਰ ਪਾਸੇ ਝੰਡੇ ਲਹਿਰਾਉਂਦੇ ਦਿਸਦੇ ਹਨ।

**ਇਨਸਾਨੀ ਹੱਕਾਂ ਦੀ ਬੇਕਦਰੀ:** ਬਹਾਨਾ ਇਹ ਹੁੰਦਾ ਹੈ ਕਿ ਬਾਹਰੋਂ ਹਮਲੇ ਦਾ ਖਤਰਾ ਹੈ। ਏਸ ਲਈ ਫਾਸ਼ਿਸਟ ਦੇਸ਼ ਅੰਦਰ ਲੋਕਾਂ ਨੂੰ ਇਨਸਾਨੀ ਹੱਕਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਲੋਕਾਂ ਵਲੋਂ ਆਪਣੇ ਆਪ ਹੀ ਸਵੀਕ੍ਰਿਤੀ ਮੰਨੀ ਮਿੱਥੀ ਜਾਂਦੀ ਹੈ।

**ਸਜ਼ਾ:** ਕੈਦੀਆਂ ਨੂੰ ਲੰਮੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਖੜ੍ਹੇ ਹੀ ਕਤਲ ਕੀਤੇ ਜਾਂਦੇ ਹਨ ਜਾਂ ਛੁਪ ਕੇ ਕਤਲ ਕਰਵਾ ਦਿੱਤੇ ਜਾਂਦੇ ਹਨ। ਇਨ੍ਹਾਂ ਖੇਤਰਾਂ 'ਚ ਦੁਨੀਆਂ ਦੇ ਕੁਲ ਦੇਸ਼ਾਂ ਅੰਦਰ, ਅਮਰੀਕਾ ਨੂੰ ਅੱਵਲ ਰਹਿਣ ਦਾ ਮਾਣ ਹੈ। ਅਮਰੀਕੀ ਜੇਲ੍ਹਾਂ ਅੰਦਰ 25 ਲੱਖ ਲੋਕ ਕੈਦ ਹਨ, ਲੰਮੀਆਂ ਸਜ਼ਾਵਾਂ ਵਾਲੇ। ਕਿਸੇ ਦੇਸ਼ ਦੀ ਜੁਰਅਤ ਨਹੀਂ, ਏਧਰ ਉਂਗਲ ਕਰਨ ਦੀ। ਪੱਛਮੀ ਦੇਸ਼ਾਂ ਅੰਦਰ ਇਹੀ ਇਕ ਦੇਸ਼ ਹੈ ਜਿਥੇ ਫਾਂਸੀ ਦੀ ਸਜ਼ਾ ਨਿਰੀ ਕਾਇਮ ਹੀ ਨਹੀਂ ਸਗੋਂ ਖੁੱਲ੍ਹ ਕੇ ਵਰਤੀ ਜਾਂਦੀ ਹੈ।

**ਡਰਾਵਾ:** ਏਕਤਾ ਲਈ ਦੁਸ਼ਮਣਾਂ ਜਾਂ ਵਿਅਕਤੀਆਂ ਦਾ ਡਰਾਵਾ। ਲੋਕਾਂ ਨੂੰ ਜੋੜਨ ਲਈ ਕਿਸੇ ਨਾ ਕਿਸੇ ਦੁਸ਼ਮਣ ਦਾ ਹਊਆ ਖੜ੍ਹਾ ਕਰ ਕੇ ਦੇਸ਼ ਭਗਤੀ ਦੀ ਗਰਮੀ ਤੇਜ਼ ਕੀਤੀ ਜਾਂਦੀ ਹੈ। ਇਹ ਦੁਸ਼ਮਣ ਹੋ ਸਕਦੇ ਨੇ ਧਾਰਮਿਕ ਫਿਰਕੇ, ਆਜ਼ਾਦ ਖਿਆਲ ਲੋਕ, ਕਮਿਊਨਿਸਟ, ਸੋਸ਼ਲਿਸਟ ਅਤੇ ਟੈਰਰਿਸਟ (ਅਤਿਵਾਦੀ)। ਕੁੱਲ ਅਖਬਾਰਾਂ ਅਤੇ ਟੈਲੀਵਿਜ਼ਨ ਸਮੇਂ-ਸਮੇਂ ਡਰ ਦਾ ਟੀਕਾ ਲਾਉਂਦੇ ਰਹਿੰਦੇ ਹਨ। ਹਾਲਾਤ ਸਾਧਾਰਨ ਹੋਣ ਹੀ ਨਹੀਂ ਦਿੱਤੇ ਜਾਂਦੇ। ਇੰਜ ਹੋ ਜਾਵੇ ਤਾਂ ਲੋਕ ਸਵਾਲਾਂ ਦੀ ਵਾਛੜ ਸ਼ੁਰੂ ਕਰ ਦੇਣਗੇ! ਸਰਕਾਰੀ ਨੀਤੀ ਵਿਰੁਧ ਸਵਾਲ ਉਠਾਉਣ ਵਾਲਿਆਂ ਦੀ ਬੁਰੀ ਬਾਬ ਕੀਤੀ ਜਾਂਦੀ ਹੈ। ਕਾਨੂੰਨ ਦੇ ਹੱਥ ਲੰਮੇ ਕਰ ਕੇ ਵਰਤੇ ਜਾਂਦੇ ਹਨ।


**ਉਤਮਤਾ:** ਫੌਜ ਦੀ ਉਤਮਤਾ/ਚੜ੍ਹਤ ਹੁੰਦੀ ਹੈ। ਬੇਅੰਤ ਘਰੇਲੂ ਮਸਲਿਆਂ ਨੂੰ ਨਜ਼ਰ-ਅੰਦਾਜ਼ ਕਰ ਕੇ ਫੌਜੀ ਖਰਚੇ ਲਈ ਵੱਡਾ ਬਜਟ ਰੱਖਿਆ ਜਾਂਦਾ ਹੈ। ਫੌਜੀਆਂ ਅਤੇ ਫੌਜੀ ਨੌਕਰੀ ਨੂੰ ਫਿਲਮੀ ਲਿਸ਼ਕ ਵਾਲਾ ਚਿਹਰਾ ਮਿਲਦਾ ਹੈ। ਦੁਨੀਆਂ ਦੀ ਇੱਕੋ-ਇਕ ਮਹਾਂਸ਼ਕਤੀ ਅਮਰੀਕਾ ਜੋ 'ਡੈਮੋਕ੍ਰੇਸੀ' ਅਖਵਾਉਂਦੀ ਹੈ, ਇਸ ਰੋਗ ਤੋਂ ਵੱਧ ਪੀੜਤ ਹੈ।

**ਨਰ ਪ੍ਰਧਾਨਗੀ:** ਫਾਸ਼ੀ ਸਰਕਾਰਾਂ ਅੰਦਰ ਲਗਭਗ ਹਰ ਪਾਸੇ ਮਰਦਾਂ ਦਾ ਰਾਜ ਹੁੰਦਾ ਹੈ। ਮਰਦ-ਔਰਤ ਦੇ ਰਿਵਾਜੀ ਫਰਜ਼ਾਂ ਨੂੰ ਵਧੇਰੇ ਸਖਤੀ ਨਾਲ ਲਾਗੂ ਕੀਤਾ ਜਾਂਦਾ ਹੈ। ਮੱਧ ਏਸ਼ੀਆ ਦੇ ਕੁਲ ਰਜਵਾੜਾ ਦੇਸ਼ਾਂ ਅੰਦਰ ਔਰਤਾਂ ਦੀ ਹੈਸੀਅਤ ਗੁਲਾਮਾਂ ਤੋਂ ਵੱਧ ਨਹੀਂ।

**ਪ੍ਰਚਾਰ ਮੀਡੀਏ 'ਤੇ ਕੰਟਰੋਲ:** ਸਰਕਾਰ ਸਿੱਧੇ ਜਾਂ ਅਸਿੱਧੇ ਹੁਕਮਾਂ ਹੇਠ ਮੀਡੀਆ ਆਪਣੀ ਮੁੱਠੀ ਵਿਚ ਰੱਖਦੀ ਹੈ। ਇਸ ਕੰਮ ਲਈ ਸਰਕਾਰੀ ਅਤੇ ਗੈਰ-ਸਰਕਾਰੀ ਹਮਦਰਦ ਬੁਲਾਰਿਆਂ ਨੂੰ ਰੱਜ ਕੇ ਵਰਤਿਆ ਜਾਂਦਾ ਹੈ। ਸੈਂਸਰਸ਼ਿਪ ਦੀ ਕਰੜੀ ਵਰਤੋਂ ਕੀਤੀ ਜਾਂਦੀ ਹੈ। ਜਿਸ ਦਿਨ ਤੋਂ ਮਾਰਚ 2003 ਵਿਚ ਅਮਰੀਕਾ ਨੇ ਇਰਾਕ ਉਤੇ ਹੱਲਾ ਬੋਲਿਆ ਸੀ, ਮੀਡੀਆ ਅਖਬਾਰਾਂ ਉਤੇ ਸੈਂਸਰ ਲੱਗਿਆ ਹੋਇਆ ਹੈ। ਜੀ-ਹਜ਼ੂਰੀ ਮੁਕੰਮਲ ਹੈ। ਇੰਟਰਨੈਟ ਹੀ ਕੁਝ ਬੋਲੇ, ਹਵਾਤ ਕੱਢੇ ਤਾਂ ਕੱਢੇ; ਸਰਕਾਰੀ ਤੌਰ 'ਤੇ ਮੁਕੰਮਲ ਹਨੇਰਾ ਅਤੇ ਫਰੇਬ ਹੈ।

**ਰਾਸ਼ਟਰੀ ਸੁਰੱਖਿਆ:** ਭਿਆਨਕ ਡਰ ਦੀ ਭਾਵਨਾ ਲਗਾਤਾਰ ਉਜਾਗਰ ਕੀਤੀ ਜਾਂਦੀ ਹੈ। ਇਕ ਤੋਂ ਇਕ ਵੱਧ ਲੋਕਾਂ ਦੀ ਸੰਵਿਧਾਨਕ ਆਜ਼ਾਦੀ ਖੋਹਣ ਵਾਲੇ ਕਾਨੂੰਨ ਬਣਾਏ ਜਾਂਦੇ ਹਨ। ਅੱਜ ਕੱਲ੍ਹ ਅਮਰੀਕਾ ਅੰਦਰ ਘਰੇਲੂ ਰੱਖਿਆ (ਹੋਮਲੈਂਡ ਸਿਕਿਓਰਿਟੀ) ਹਰ ਹੀਲੇ ਜਾਂ ਬਹਾਨੇ, ਘਰ-ਘਰ ਪਹੁੰਚ ਕੇ ਲੋਕਾਂ ਅੰਦਰ ਸਹਿਮ ਪੈਦਾ ਕਰ ਰਹੀ ਹੈ। ਟ੍ਰਾਂਸਪੋਰਟ ਸਿਕਿਓਰਿਟੀ ਸੇਵਾ ਨਿੱਤ ਨਵੇਂ ਹਾਸੋ-ਹੀਣੇ ਕਦਮਾਂ ਨਾਲ ਮੁਸਾਫਰਾਂ ਨੂੰ ਪਰੇਸ਼ਾਨ ਕਰਦੀ ਹੈ। ਨੇਕਡ ਬਾਡੀ ਸਕੈਨ ਦੀ ਵਰਤੋਂ ਸ਼ੁਰੂ ਹੈ ਜਿਸ ਰਾਹੀਂ ਵਿਸ਼ੇਸ਼ ਐਕਸ-ਰੇ ਨਾਲ ਮਸ਼ੀਨ ਵਿਚੋਂ ਲੰਘਣ ਵਾਲਾ ਵਿਅਕਤੀ ਅਲਫ ਨੰਗਾ ਹੋ ਕੇ ਦਿਖਾਈ ਦਿੰਦਾ ਹੈ। ਐਕਸ-ਰੇ ਸਰੀਰ ਲਈ ਹਾਨੀਕਾਰਕ ਵੀ ਹੈ। ਜੋ ਮੁਸਾਫਰ ਐਕਸ-ਰੇ ਨਾਲ ਨੰਗੇ ਸਰੀਰ ਦੀ ਸਕੈਨਿੰਗ ਲਈ ਰਾਜ਼ੀ ਨਹੀਂ ਹੁੰਦਾ, ਉਸ ਦੇ ਕੁਲ ਸਰੀਰ ਨੂੰ (ਸਮੇਤ ਛਾਤੀਆਂ ਅਤੇ ਖੁੱਚਾਂ-ਕੱਛਾਂ ਦੇ) ਟੋਹ ਕੇ ਸਭ ਦੇ ਸਾਹਮਣੇ ਜ਼ਲੀਲ ਕੀਤਾ ਜਾਂਦਾ ਹੈ। ਦਹਾਕਿਆਂ ਦੇ 'ਦੁਸ਼ਮਣ ਆਇਆ' ਦੇ ਪ੍ਰਚਾਰ ਨਾਲ ਲੋਕਾਂ ਅੰਦਰੋਂ ਸਵੈਮਾਣ ਦੀ ਭਾਵਨਾ ਲਗਭਗ ਖਤਮ ਹੋ ਜਾਂਦੀ ਹੈ। ਜਿਸ ਆਸਾਨੀ ਨਾਲ ਉਹ ਐਕਸ-ਰੇ ਮਸ਼ੀਨਾਂ ਦੇ ਅੰਦਰੋਂ ਲੰਘੀ ਜਾਂਦੇ ਹਨ, ਇਨਸਾਨੀ ਭੇਡਾਂ ਜਾਪਦੇ ਹਨ। ਨੰਗੇ ਹੋ ਕੇ ਜ਼ਲੀਲ ਵੀ ਹੋ ਰਹੇ ਹਨ ਅਤੇ ਐਕਸ-ਰੇ ਦੀ ਕੈਂਸਰ ਖੁਰਾਕ ਵੀ ਲੈ ਰਹੇ ਹਨ। ਨਿਰੇ ਵੱਡੇ ਨਹੀਂ, ਹਰ ਉਮਰ ਦੇ ਬੱਚੇ ਵੀ, ਪੇਟ ਅੰਦਰਲੇ ਬੱਚੇ ਵੀ।



*ਅਮਰੀਕੀ ਰਾਸ਼ਟਰਪਤੀ ਟਰੰਪ ਦੇ ਫਾਸ਼ੀਵਾਦ ਦਾ ਕਾਰਟੂਨ ਅਤੇ (ਸੱਜੇ) ਭਾਰਤੀ ਫਾਸ਼ੀਵਾਦ 'ਤੇ ਟਿੱਪਣੀ ਕਰਦੀ ਤਸਵੀਰ।*

**ਸਰਕਾਰ ਅਤੇ ਧਰਮ ਦੀ ਗਾੜ੍ਹੀ ਭਿਆਲੀ:** ਫਾਸ਼ੀ ਦੇਸ਼ ਜਾਂ ਪ੍ਰਾਂਤੀ ਸਰਕਾਰਾਂ ਲੋਕ ਰਾਇ ਨੂੰ ਵੱਸ ਵਿਚ ਕਰਨ ਲਈ ਧਾਰਮਿਕ ਹਥਿਆਰ ਵਰਤਦੀਆਂ ਹਨ। ਧਾਰਮਿਕ ਚਿੰਨ੍ਹਾਂ ਅਤੇ ਸ਼ਬਦਾਂ ਨੂੰ ਸਰਕਾਰੀ ਬੁਲਾਰੇ ਖੁੱਲ੍ਹ ਕੇ ਵਰਤਦੇ ਹਨ, ਹਾਲਾਂਕਿ ਉਹ ਦੇਸ਼ਾਂ ਦੇ ਸੰਵਿਧਾਨ ਅਤੇ ਪਾਰਟੀਆਂ ਦੀਆਂ ਨੀਤੀਆਂ ਦੇ ਐਨ ਉਲਟ ਹੁੰਦੇ ਹਨ।

**ਵੱਡੀ ਸਰਮਾਏਦਾਰੀ/ਕਾਰਪੋਰੇਟ ਸ਼ਕਤੀ ਦੀ ਰੱਖਿਆ:** ਕਾਰਪੋਰੇਟ ਸ਼ਕਤੀਆਂ ਆਪਣੇ ਚੋਣਵੇਂ ਨੁਮਾਇੰਦਿਆਂ, ਸਿਆਸਤਦਾਨਾਂ ਅਤੇ ਕੰਮ ਆਉਂਦੀਆਂ ਪਾਰਟੀਆਂ 'ਤੇ ਇਲੈਕਸ਼ਨ ਸਮੇਂ ਪਾਣੀ ਵਾਂਗ ਪੈਸਾ ਵਹਾਉਂਦੀਆਂ ਹਨ। ਐਨਾ ਖਰਚਾ ਕੋਈ ਵਿਅਕਤੀਗਤ ਰੂਪ ਵਿਚ ਖਰਚ ਨਹੀਂ ਕਰ ਸਕਦਾ। ਜ਼ਾਹਿਰ ਹੈ, ਚੋਣ ਜਿੱਤੇ ਨੇਤਾ ਜਾਂ ਪਾਰਟੀਆਂ ਨੇ ਕਾਰਪੋਰੇਟ ਸ਼ਕਤੀਆਂ ਨੂੰ (ਜਿਨ੍ਹਾਂ ਫਿਰ ਵੀ ਕੰਮ ਆਉਣਾ ਹੁੰਦਾ ਹੈ) ਹਰ ਹੀਲੇ ਜਾਂ ਬਹਾਨੇ ਮਾਇਕ ਲਾਭ ਪੁਚਾਉਣੇ ਹੁੰਦੇ ਹਨ। ਇਹ ਰੁਝਾਨ ਸਾਡੇ ਦੇਸ਼ ਨੂੰ ਘੁਣ ਵਾਂਗ ਖਾ ਰਿਹਾ ਹੈ। ਅਮਰੀਕਨ 'ਡੈਮੋਕ੍ਰੇਸੀ' ਅੰਦਰ ਤਾਂ ਇਸ ਦਾ ਹੱਦ-ਬੰਨਾ ਹੀ ਨਹੀਂ। ਬੇਅੰਤ ਦੇਸ਼ਾਂ ਅੰਦਰ ਇਹੀ ਹਾਲ ਹੈ।

**ਲੇਬਰ ਨੂੰ ਦਬਾ ਕੇ ਰੱਖਣਾ:** ਜਥੇਬੰਦ ਲੇਬਰ ਹੀ ਇਕ ਅਜਿਹੀ ਸ਼ਕਤੀ ਹੈ ਜਿਸ ਤੋਂ ਫਾਸ਼ੀ ਸਰਕਾਰ ਡਰਦੀ ਹੈ। ਇਸ ਲਈ ਲੇਬਰ/ਮਜ਼ਦੂਰ ਜਥੇਬੰਦੀਆਂ ਨੂੰ ਜਾਂ ਮੁਕਾ ਦਿੱਤਾ ਜਾਂਦਾ ਹੈ ਜਾਂ ਪੂਰਨ ਰੂਪ ਵਿਚ ਅੰਗੂਠੇ ਹੇਠ ਰੱਖੀਆਂ ਜਾਂਦੀਆਂ ਹਨ। ਸਾਡੇ ਦੇਸ਼ ਅੰਦਰ ਮਜ਼ਦੂਰ ਜਥੇਬੰਦੀਆਂ ਦਾ ਚੋਖਾ ਬੋਲਬਾਲਾ ਹੈ। ਅਮਰੀਕਾ ਦੀ ਗੱਲ ਹੋਰ ਹੈ। ਉਥੇ ਮਜ਼ਦੂਰ ਜਥੇਬੰਦੀਆਂ ਵਲੋਂ ਕੋਈ ਆਵਾਜ਼ ਨਹੀਂ ਆਉਂਦੀ। ਕੀ ਇੰਜ ਹੋ ਸਕਦਾ ਹੈ ਕਿ ਉਥੇ ਮਜ਼ਦੂਰਾਂ ਦੀਆਂ ਲੋੜਾਂ/ਮੰਗਾਂ ਹੀ ਕੋਈ ਨਾ ਹੋਣ?

ਅਸਲ ਗੱਲ ਇਹ ਹੈ ਕਿ ਅਮਰੀਕੀ ਕਾਮਿਆਂ ਨੂੰ ਸਭ ਤੋਂ ਵੱਡਾ ਡਰ ਲੱਗਾ ਰਹਿੰਦਾ ਹੈ, ਨੌਕਰੀ ਤੋਂ ਜਵਾਬ ਮਿਲਣ ਦਾ। ਉਥੇ ਕਿਸੇ ਵੀ ਵੱਡੇ ਜਾਂ ਛੋਟੇ ਕਾਮੇ ਜਾਂ ਅਫਸਰ ਨੂੰ ਇਹ ਗਰੰਟੀ ਨਹੀਂ ਕਿ ਉਸ ਦੀ ਨੌਕਰੀ ਜਾਰੀ ਰਹੇਗੀ। ਕਿਸੇ ਵੀ ਸਮੇਂ ਉਸ ਨੂੰ ਆਖਰੀ ਤਨਖਾਹ ਅਤੇ ਕੰਮ ਤੋਂ ਹਟਾਉਣ ਦੀ ਆਦਰ ਪੂਰਵਕ ਚਿੱਠੀ, ਇੱਕੋ ਹੀ ਲਿਫਾਫੇ ਵਿਚ ਮਿਲ ਜਾਂਦੀਆਂ ਹਨ। ਉਸ ਦੀ ਮਦਦ ਲਈ ਨਾ ਕੋਈ ਯੂਨੀਅਨ ਹੈ ਅਤੇ ਨਾ ਹੀ ਕਿਸੇ ਕਿਸਮ ਦੀ ਸੁਣਵਾਈ। ਉਥੇ ਕੇਵਲ ਵੱਡੀਆਂ ਕਾਰਪੋਰੇਸ਼ਨਾਂ ਦਾ ਰਾਜ ਹੈ, ਨੌਕਰੀ ਤੋਂ ਕੱਢਣ ਲਈ ਚਿੱਠੀ ਉਤੇ ਸਹੀ ਪਾਉਣ ਵਾਲੇ ਨੂੰ ਪੁੱਛਣ ਦਾ ਫਾਇਦਾ ਨਹੀਂ, ਕਿਉਂ ਜੁ ਉਸ ਨੂੰ ਆਪ ਉਪਰਲੇ ਪਾਸਿਓਂ ਅਜਿਹੀ ਚਿੱਠੀ ਮਿਲਣ ਦਾ ਡਰ ਰਹਿੰਦਾ ਹੈ।

**ਬੁੱਧੀਜੀਵੀਆਂ ਨਾਲ ਰੰਜਿਸ਼:** ਫਾਸ਼ਿਸਟ ਸਮਾਜ ਅੰਦਰ ਸਮਾਜ ਨੂੰ ਘੋਖਣ ਅਤੇ ਪਾਜ ਉਘਾੜਨ ਜਿਹੀਆਂ ਹਰਕਤਾਂ ਨੂੰ ਕਿਵੇਂ ਬਰਦਾਸ਼ਤ ਕੀਤਾ ਜਾ ਸਕਦਾ ਹੈ? 'ਕੁਰਾਹੇ' ਜਾਂਦੇ ਪ੍ਰੋਫੈਸਰਾਂ ਅਤੇ ਖੋਜੀਆਂ ਦੇ ਕੰਮਾਂ/ਪਰਚਿਆਂ ਨੂੰ ਦਬਾਇਆ ਜਾਂਦਾ ਹੈ। ਜ਼ਿਆਦਾ ਵਿਗੜਿਆਂ ਨੂੰ ਕੰਨ ਪੁੱਟ ਕੇ ਨੌਕਰੀ ਤੋਂ ਬਾਹਰ ਕੀਤਾ ਜਾਂਦਾ ਹੈ।

ਅਮਰੀਕਾ ਅੰਦਰ ਉਟਾਹ ਯੂਨੀਵਰਸਿਟੀ ਦੇ ਪ੍ਰੋਫੈਸਰ ਜੋਨਜ਼ ਨੇ ਫਿਜ਼ਿਕਸ ਦੇ ਅਸੂਲਾਂ ਅਨੁਸਾਰ ਵਰਲਡ ਟ੍ਰੇਡ ਸੈਂਟਰ (ਜੋ 11 ਸਤੰਬਰ 2001 ਨੂੰ ਨਿਊ ਯਾਰਕ ਵਿਚ ਡੇਗੇ ਗਏ ਸਨ) ਉਤੇ ਖੋਜ ਕੀਤੀ। ਉਹ ਪ੍ਰਪੱਕ ਨਤੀਜੇ ਉਤੇ ਪੁੱਜਿਆ ਕਿ ਜੌੜੇ ਟਾਵਰ ਦਿਖਾਏ ਗਏ ਜਹਾਜ਼ਾਂ ਦੇ ਟਕਰਾਉਣ ਦਾ ਨਹੀਂ ਸਨ ਡਿੱਗ ਸਕਦੇ। ਇਸ ਵਿਸ਼ੇ ਉਤੇ ਉਸ ਦਾ ਖੋਜ ਪਰਚਾ ਇਕ ਫਿਜ਼ਿਕਸ ਰਸਾਲੇ ਲਈ ਮਨਜ਼ੂਰ ਵੀ ਹੋ ਗਿਆ। ਸ਼ੁਰੂ ਵਿਚ ਉਸ ਦੀ ਖੋਜ ਨੂੰ ਆਪਣੀ ਯੂਨੀਵਰਸਿਟੀ ਅੰਦਰ ਸਲਾਹਿਆ ਗਿਆ। ਜਦੋਂ ਬੁਸ਼ ਸਰਕਾਰ ਵਲੋਂ ਯੂਨੀਵਰਸਿਟੀ ਦੇ ਫੰਡ ਰੋਕ ਦੇਣ ਦੀ ਘੁਰਕੀ ਮਿਲੀ ਤਾਂ ਯੂਨੀਵਰਸਿਟੀ ਨੇ ਝੱਟ ਪੈਂਤੜਾ ਬਦਲ ਲਿਆ। ਮਤਾ ਪਾਸ ਕੀਤਾ ਗਿਆ ਕਿ ਜੋਨਜ਼ ਦੀ ਖੋਜ ਝੂਠੀ ਹੈ। ਉਸ ਦੇ ਪਰਚੇ ਦੀ ਛਪਾਈ ਰੋਕ ਦਿੱਤੀ ਗਈ। ਅਖੀਰ ਉਸ ਨੂੰ ਨੌਕਰੀ ਤੋਂ ਧੱਕਾ ਮਿਲ ਗਿਆ। ਪ੍ਰੋਫੈਸਰ ਜੋਨਜ਼ 9/11 ਦੀ ਫਿਜ਼ਿਕਸ ਵਾਲੀ ਵਿਆਖਿਆ ਥਾਂ-ਥਾਂ ਕਰ ਰਿਹਾ ਹੈ। ਉਸ ਪਿੱਛੋਂ ਬੇਅੰਤ ਜਥੇਬੰਦੀਆਂ ਉਠ ਖੜ੍ਹੀਆਂ ਹੋਈਆਂ ਜਿਨ੍ਹਾਂ ਨੇ ਜੌੜੇ ਟਾਵਰਾਂ ਦੇ ਡਿੱਗਣ ਦੀ ਸਰਕਾਰੀ ਕਹਾਣੀ ਨੂੰ ਲੀਰੋ-ਲੀਰ ਕਰ ਦਿੱਤਾ ਹੈ। ਅੱਜ ਅਮਰੀਕਾ ਦੀ ਭਾਰੀ ਬਹੁਗਿਣਤੀ ਕਹਿ ਰਹੀ ਹੈ ਕਿ 9/11 ਹਾਦਸਿਆਂ ਦੀ ਨਵੇਂ ਸਿਰੇ ਤੋਂ ਜਾਂਚ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਸਰਕਾਰੀ ਕਹਾਣੀ ਮੰਨਣਯੋਗ ਨਹੀਂ। ਇਸ ਮਸਲੇ ਉਤੇ ਸਰਕਾਰੀ ਫਾਸ਼ੀ ਨੀਤੀ ਅਤੇ ਬੁੱਧੀਜੀਵੀਆਂ ਵਿਚਕਾਰ ਟੱਕਰ ਜਾਰੀ ਹੈ। ਇਸ ਟੱਕਰ ਦੀ ਮਹਾਨਤਾ ਦੇਸ਼ ਦੇ ਅੰਦਰ ਅਤੇ ਵਿਦੇਸ਼ਾਂ ਅੰਦਰ ਛੁਟਿਆਈ ਜਾਂਦੀ ਹੈ, ਕਿਉਂਕਿ ਵੱਡਾ ਮੀਡੀਆ ਅਤੇ ਟੀ.ਵੀ. ਜੋ ਕਾਰਪੋਰੇਟ ਕਬਜ਼ੇ ਹੇਠ ਹਨ, ਇਸ ਦਾ ਧੂੰ ਨਹੀਂ ਕੱਢਦੇ। ਜਦੋਂ ਕੁੱਲ ਦੁਨੀਆਂ ਸੱਚ ਨੂੰ ਜਾਣ ਜਾਵੇਗੀ ਤਾਂ ਵੀ ਸਰਕਾਰੀ ਬਿਆਨ ਇਹੀ ਰਹੇਗਾ: ਮੱਧ ਏਸ਼ੀਆਈ ਹਾਈਜੈਕਰਾਂ ਨੇ ਜਹਾਜ਼ਾਂ ਨੂੰ ਇਮਾਰਤਾਂ ਨਾਲ ਟਕਰਾਇਆ ਜਿਸ ਕਾਰਨ ਉਹ ਢਹਿ-ਢੇਰੀ ਹੋ ਗਈਆਂ।

ਕੁਲ ਦੁਨੀਆਂ ਅੰਦਰ ਸਰਕਾਰਾਂ ਬਦਲਦੀਆਂ ਹੀ ਰਹਿੰਦੀਆਂ ਹਨ ਪਰ ਕਦੇ ਸੁਣਨ ਵਿਚ ਨਹੀਂ ਆਇਆ ਕਿ ਨਵੀਂ ਸਰਕਾਰ ਨੇ ਪਿਛਲੀ ਸਰਕਾਰ ਦੇ ਮੰਦੇ ਕਾਰਜਾਂ ਅਤੇ ਝੂਠੇ ਬਿਆਨਾਂ ਖਿਲਾਫ ਬੋਲਿਆ ਹੋਵੇ। ਕਾਰਨ? ਨਵੀਆਂ ਸਰਕਾਰਾਂ ਵੀ ਤਾਂ ਕਾਰਪੋਰੇਸ਼ਨਾਂ ਦੇ ਹੱਥ ਵਿਚ ਹਨ। ਕਾਰਪੋਰੇਸ਼ਨਾਂ ਦਾ ਰਾਜ ਜਾਰੀ ਰਹਿੰਦਾ ਹੈ। ਸਰਕਾਰਾਂ ਆਉਣ-ਜਾਣ ਲਈ ਹੁੰਦੀਆਂ ਹਨ। ਬੁੱਧੀਜੀਵੀਆਂ ਵਲੋਂ ਸਰਕਾਰਾਂ ਦੇ ਫਾਸ਼ੀ ਰੁਝਾਨਾਂ ਅਤੇ ਕਾਰਜਾਂ ਵਿਰੁਧ ਆਵਾਜ਼ ਉਠਦੀ ਰਹਿੰਦੀ ਹੈ। ਵੱਡੇ ਮੀਡੀਆ ਅਤੇ ਟੀ.ਵੀ. ਦੇ ਦਬਾਅ ਅਤੇ ਵਿਰੋਧ ਦੇ ਬਾਵਜੂਦ, ਸਚਾਈ ਦੀ ਸਮਝ ਖਿਲਰਦੀ ਰਹਿੰਦੀ ਹੈ। ਦੁੱਖ ਇਹ ਹੈ ਕਿ ਫਾਸ਼ੀ ਗੜ੍ਹ ਟੁੱਟਦਾ ਦਿਖਾਈ ਨਹੀਂ ਦਿੰਦਾ। ਇਕ ਤਾਂ ਸਾਲਾਂ ਪੁਰਾਣਾ ਮਸਲਾ ਧੁੰਦਲਾ ਹੋਣ ਲੱਗ ਜਾਂਦਾ ਹੈ, ਦੂਜਾ ਨਿੱਤ ਨਵੇਂ ਪਹਿਲਾਂ ਤੋਂ ਵੀ ਵਧੀਕ ਧਿਆਨ ਖਿੱਚਦੇ ਮਸਲੇ ਖੜ੍ਹੇ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਲੋਕਾਂ ਦੀ ਬਿਰਤੀ ਉਲਝ ਜਾਂਦੀ ਹੈ।

**ਜੁਰਮ ਅਤੇ ਸਜ਼ਾ ਵਲ ਪੂਰਨ ਰੁਝੇਵਾਂ:** ਫਾਸ਼ੀ ਦੇਸ਼ਾਂ ਅੰਦਰ, ਪੁਲਿਸ ਦੀ ਸ਼ਕਤੀ ਦੀ ਕੋਈ ਸੀਮਾ ਨਹੀਂ। ਲੋਕ ਪੁਲਿਸ ਦੇ ਅੱਤਿਆਚਾਰ ਚੁੱਪ ਕੀਤੇ ਹੀ ਸਹਿ ਲੈਂਦੇ ਹਨ। ਦੇਸ਼ ਭਗਤੀ ਦੀ ਆੜ ਹੇਠ ਉਨ੍ਹਾਂ ਕੋਲੋਂ ਸ਼ਹਿਰੀ ਹੱਕ ਅਤੇ ਆਜ਼ਾਦੀ ਖੋਹੇ ਜਾਂਦੇ ਹਨ ਅਤੇ ਉਹ ਚੂੰ ਨਹੀਂ ਕਰਦੇ। ਅਮਰੀਕਾ ਅੰਦਰਲੀ ਪੁਲਿਸ ਤਾਂ ਪਹਿਲਾਂ ਹੀ ਵਾਧੂ ਸ਼ਕਤੀ ਵਾਲੀ ਸੀ। ਹੁਣ ਨਵੀਆਂ ਤਾਕਤਵਰ ਏਜੰਸੀਆਂ ਚਾਲੂ ਕੀਤੀਆਂ ਗਈਆਂ ਹਨ- ਹੋਮਲੈਂਡ ਸਿਕਿਓਰਿਟੀ ਅਤੇ ਟ੍ਰਾਂਸਪੋਰਟ ਸਿਕਿਓਰਿਟੀ। ਇਨ੍ਹਾਂ ਦਾ ਜ਼ਾਲਮ ਪਰਛਾਵਾਂ ਹਰ ਵਿਅਕਤੀ ਉਤੇ ਪੈਦਾ ਸ਼ੁਰੂ ਹੋਇਆ ਹੈ। ਦੇਸ਼ ਦੇ ਅੰਦਰ ਜਨ-ਭੇਡਾਂ ਦੀ ਕੋਈ ਕਮੀ ਨਹੀਂ ਜਿਨ੍ਹਾਂ ਦੀਆਂ ਅੱਖਾਂ ਡਾਲਰ ਭਗਵਾਨ ਨੇ ਬੰਦ ਕੀਤੀਆਂ ਹੋਈਆਂ ਹਨ। ਇਨ੍ਹਾਂ ਨੂੰ ਵਧੀਕੀਆਂ ਦੀ ਰਤਾ ਵੀ ਤਕਲੀਫ ਨਹੀਂ ਹੁੰਦੀ। ਇਨ੍ਹਾਂ ਨੇ ਤਾਂ ਆਪਣੀ ਡੋਰੀ ਸਰਕਾਰ ਸਾਈਂ ਦੇ ਹਵਾਲੇ ਕੀਤੀ ਹੁੰਦੀ ਹੈ ਅਤੇ ਰਜ਼ਾ ਵਿਚ ਰਹਿ ਕੇ ਖੁਸ਼ ਹਨ। ਦੁੱਖ ਹੁੰਦਾ ਹੈ ਤਾਂ ਚੇਤੰਨ ਦੇਸ਼ ਭਗਤ ਨੂੰ, ਜੋ ਦੇਸ਼ ਨੂੰ ਫਾਸ਼ੀ ਵਹਾਅ ਵਿਚ ਰੁੜ੍ਹਦੇ ਦੇਖਦਿਆਂ ਸਹਿ ਨਹੀਂ ਸਕਦਾ। ਇਸੇ ਲਈ ਉਸ ਨੂੰ ਸੋਧਣ ਲਈ ਪੁਲਿਸ, ਹੋਮਲੈਂਡ ਅਤੇ ਟ੍ਰਾਂਸਪੋਰਟ ਸਿਕਿਓਰਿਟੀਆਂ ਬਣੀਆਂ ਹਨ।

**ਭ੍ਰਿਸ਼ਟਾਚਾਰ ਅਤੇ ਭਾਈ ਭਤੀਜਾਵਾਦ:** ਜ਼ਾਹਰ ਹੈ ਕਿ ਫਾਸ਼ੀ ਸਮਾਜ ਅੰਦਰ ਉਨ੍ਹਾਂ ਵਿਅਕਤੀਆਂ ਨੂੰ ਹੀ ਸ਼ਕਤੀ ਦੇ ਟਿਕਾਣੇ ਮਿਲਣੇ ਹਨ ਜੋ ਪੂਰਨ ਰੂਪ ਵਿਚ ਇਤਬਾਰੀ ਹਨ। ਯਾਰਾਂ-ਦੋਸਤਾਂ ਅਤੇ ਨਿਕਟ ਰਿਸ਼ਤੇਦਾਰਾਂ ਤੋਂ ਉਪਰ ਹੋਰ ਕੌਣ ਹੋ ਸਕਦਾ ਹੈ? ਇਸ ਲੁੱਟ ਦੇ ਤਾਣੇ-ਬਾਣੇ ਅੰਦਰ ਬਾਹਰਲਿਆਂ ਦਾ ਕੋਈ ਕੰਮ ਨਹੀਂ। ਸਾਡੇ ਦੇਸ਼ ਅੰਦਰ ਇਹ ਫਾਸ਼ੀ ਕਿਰਦਾਰ ਹਰ ਸਿਆਸੀ ਪਾਰਟੀ, ਪ੍ਰਾਂਤਕ ਅਤੇ ਕੇਂਦਰੀ ਸਰਕਾਰ ਅੰਦਰ ਕਦੇ ਥੋੜ੍ਹਾ ਅਤੇ ਕਦੇ ਬਹੁਤਾ ਦੇਖਣ ਵਿਚ ਆਉਂਦਾ ਹੈ।

ਅਮਰੀਕਾ ਵਿਚ ਸਟੋਰ ਵਿਚੋਂ ਟੁੱਥ-ਪੇਸਟ ਚੋਰੀ ਕਰਨ ਵਾਲੇ ਨੂੰ ਲੰਮੀ ਜੇਲ੍ਹ ਸਜ਼ਾ ਮਿਲਦੀ ਹੈ ਪਰ ਬਿਲੀਅਨ ਟ੍ਰਿਲੀਅਨ ਡਾਲਰ ਚੋਰੀ ਕਰਨ ਵਾਲੇ ਗ੍ਰੋਹ ਖੁੱਲ੍ਹੇ ਆਮ ਕਲਗੀ ਚੁੱਕੇ ਕੁੱਕੜ ਵਾਂਗ ਫਿਰਦੇ ਅਤੇ ਬਾਂਗਾਂ ਦਿੰਦੇ ਹਨ।

**ਇਲੈਕਸ਼ਨ ਠੱਗੀਆਂ:** ਘੱਟਗਿਣਤੀ ਫਿਰਕਿਆਂ ਅਤੇ ਧਰਮਾਂ ਖਿਲਾਫ ਬਿਆਨਬਾਜ਼ੀ, ਵਿਰੋਧੀ ਧਿਰ ਦੇ ਨੇਤਾਵਾਂ ਦੇ ਕਤਲ, ਵੋਟ ਹਲਕਿਆਂ ਵਿਚ ਫੇਰ-ਬਦਲ, ਸਰਕਾਰੀ ਸ਼ਕਤੀਆਂ ਦੀ ਦੁਰਵਰਤੋਂ ਆਦਿ ਫਾਸ਼ੀ ਢੰਗ ਸਮਝੇ ਜਾਣੇ ਚਾਹੀਦੇ ਹਨ। ਕਾਰਪੋਰੇਸ਼ਨਾਂ ਆਪਣੇ ਨਾਲ ਜੁੜੇ ਸਿਆਸਤਦਾਨਾਂ ਨੂੰ ਦਿਲ ਖੋਲ੍ਹ ਕੇ ਕਰੋੜਾਂ ਦਾ ਦਾਨ ਦਿੰਦੀਆਂ ਹਨ, ਆਹਮੋ-ਸਾਹਮਣੇ ਉਮੀਦਵਾਰ ਮੀਡੀਆ ਅੰਦਰ ਵਧ ਚੜ੍ਹ ਕੇ ਚਿੱਕੜ ਸੁੱਟਦੇ ਹਨ। ਵੋਟਾਂ ਪਾਉਣ ਵਾਲੀਆਂ ਇਲੈਕਟ੍ਰਾਨਿਕ ਮਸ਼ੀਨਾਂ ਨਾਲ ਛੇੜਛਾੜ ਕੀਤੀ ਜਾਂਦੀ ਹੈ, ਵਿਰੋਧੀ ਧਿਰ ਦੇ ਜਾਣੇ-ਪਛਾਣੇ ਸਮਰਥਕਾਂ ਨੂੰ ਵੋਟ ਪਾਉਣ ਤੋਂ ਰੋਕਿਆ ਜਾਂਦਾ ਹੈ, ਲਿਸਟਾਂ ਵਿਚੋਂ ਨਾਂ ਉਡਾ ਦਿੱਤੇ ਜਾਂਦੇ ਹਨ ਅਤੇ ਬੇਅੰਤ ਹੋਰ ਕੁਰੀਤੀਆਂ ਹੁੰਦੀਆਂ ਹਨ। ਅਮਰੀਕਾ ਵਿਚ ਜਾਰਜ ਡਬਲਿਊ. ਬੁਸ਼ ਨੇ ਪ੍ਰਧਾਨਗੀ ਮੱਲਣ ਲਈ ਦੋਵੇਂ ਇਲੈਕਸ਼ਨਾਂ ਚੋਰੀ ਕੀਤੀਆਂ ਸਨ। ਉਸ ਲਈ ਦੋ ਢੰਗ ਵਰਤੇ ਗਏ- ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਦੇ ਸਾਫਟਵੇਅਰ ਵਿਚ ਹੇਰ-ਫੇਰ ਕੀਤਾ ਅਤੇ ਸੁਆਲ ਉਠਣ 'ਤੇ ਪਾਲਤੂ ਜੱਜ ਵਰਤ ਲਏ। ਖੈਰ, ਅਮਰੀਕਾ ਵਿਚ ਤਾਂ ਕੋਈ ਫਰਕ ਨਹੀਂ ਪੈਂਦਾ, ਉਥੇ ਤਾਂ ਦੋਵੇਂ ਪਾਸੇ ਦੇ ਉਮੀਦਵਾਰ ਬੈਂਕਰਾਂ ਦੇ ਹੁੰਦੇ ਹਨ ਅਤੇ ਪ੍ਰਧਾਨ ਕਿਸ ਨੇ ਬਣਨਾ ਹੈ, ਪਹਿਲਾਂ ਹੀ ਤੈਅ ਕੀਤਾ ਹੁੰਦਾ ਹੈ। ਇਲੈਕਸ਼ਨ ਦਾ ਜ਼ੋਰਦਾਰ ਰੌਲਾ ਰੱਪਾ ਤਾਂ ਪਬਲਿਕ ਦੇ ਮਨ-ਪ੍ਰਚਾਵੇ ਅਤੇ ਰੁਝੇਵੇਂ ਲਈ ਹੁੰਦਾ ਹੈ। ਪ੍ਰਧਾਨ ਬਣਨ ਪਿੱਛੋਂ ਤਾਂ ਨੀਤੀਆਂ ਅਤੇ ਜੰਗੀ ਕਾਰਵਾਈਆਂ ਤਾਂ ਪਾਲਣਹਾਰਿਆਂ ਦੇ ਇਸ਼ਾਰਿਆਂ ਹੇਠ ਹੁੰਦੀਆਂ ਹਨ।

ਪਾਰਟੀ, ਪ੍ਰਾਂਤਕ ਅਤੇ ਕੇਂਦਰੀ ਸਰਕਾਰਾਂ ਦੇ ਫਾਸ਼ੀ ਰੁਝਾਨਾਂ ਉਤੇ ਜਨਤਾ ਦੀ ਕਰੜੀ ਨਜ਼ਰ ਹੋਣੀ ਚਾਹੀਦੀ ਹੈ। ਕੁੱਲ ਦੁਨੀਆਂ ਅੰਦਰ ਫਾਸ਼ੀ ਰੁਝਾਨਾਂ ਦੀ ਤੋਰ ਕੇਵਲ ਇਕ ਧਿਰ ਨੂੰ ਲਾਭ ਦਿੰਦੀ ਹੈ- ਉਹ ਹੈ ਕੁਲ ਦੇਸ਼ ਦੀਆਂ ਕਰੰਸੀਆਂ ਨੂੰ ਕੰਟਰੋਲ ਕਰਦੀਆਂ ਬੈਂਕਰਾਂ ਦੀ ਟੋਲੀ ਜੋ ਸਮਾਜੀ ਅਤੇ ਵਿੱਤੀ ਉਥਲ-ਪੁਥਲ ਨੂੰ ਉਤਸ਼ਾਹ ਦੇ ਕੇ ਸਾਰੇ ਦੇਸ਼ਾਂ ਨੂੰ ਆਪਣੇ ਵਸ ਹੇਠ ਲਿਆਉਣਾ ਚਾਹੁੰਦੀ ਅਤੇ ਲਿਆ ਵੀ ਰਹੀ ਹੈ। ਉਸ ਦਾ ਪਹਿਲਾ ਅਤੇ ਆਖਰੀ ਨਿਸ਼ਾਨਾ ਹੈ, ਉਨ੍ਹਾਂ ਦੀ ਸਦੀਵੀ ਸਰਦਾਰੀ ਹੇਠ 'ਇਕ ਭੂਗੋਲਿਕ ਰਾਜ' ਜਾਂ 'ਨਿਊ ਵਰਲਡ ਆਰਡਰ'। ਜਦੋਂ ਵੀ ਕਦੇ ਕੋਈ ਨੇਤਾ ਇਹ ਸ਼ਬਦ ਬੋਲਦਾ ਹੈ ਤਾਂ ਸਾਡੇ ਕੰਨ ਖੜ੍ਹੇ ਹੋ ਜਾਣੇ ਚਾਹੀਦੇ ਹਨ- ਕੁਲ ਲੋਕਾਈ ਦੀ ਗੁਲਾਮੀ ਦੀ ਤਿਆਰੀ ਹੋ ਰਹੀ ਹੈ!



*ਫਾਸ਼ੀਵਾਦ ਦੇ ਚਿਹਰੇ: ਹਿਟਲਰ ਅਤੇ ਨਰਿੰਦਰ ਮੋਦੀ।*


# ਜਫਰ ਪਨਾਹੀ: 'ਇਹ ਕੋਈ ਫਿਲਮ ਨਹੀਂ' ਵਾਲੀ ਬਗਾਵਤ


ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330


*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਸਰਕਰਦਾ ਫਿਲਮਸਾਜ਼ ਜਫਰ ਪਨਾਹੀ ਦੀ ਫਿਲਮ 'ਇਹ ਕੋਈ ਫਿਲਮ ਨਹੀਂ' ਬਾਰੇ ਚਰਚਾ ਕੀਤੀ ਗਈ ਹੈ, ਜੋ ਸੱਤਾ ਦੀ ਸਿਆਸਤ ਦੀ ਚਰਚਾ ਕਰਦੀ ਹੈ। -ਸੰਪਾਦਕ*






*ਫਿਲਮ 'ਇਹ ਕੋਈ ਫਿਲਮ ਨਹੀਂ' ਦਾ ਪੋਸਟਰ ਅਤੇ (ਸੱਜੇ) ਫਿਲਮ ਵਿਚ ਜਫਰ ਪਨਾਹੀ।*

ਜਫਰ ਪਨਾਹੀ ਦੀ ਫਿਲਮ 'ਇਹ ਕੋਈ ਫਿਲਮ ਨਹੀਂ' ਦੇ ਜ਼ਿਆਦਾਤਰ ਦ੍ਰਿਸ਼ਾਂ ਵਿਚ ਕੈਮਰਾ ਜਫਰ 'ਤੇ ਹੀ ਰਹਿੰਦਾ ਹੈ। ਦਸੰਬਰ 2010 ਵਿਚ ਫਿਲਮਸਾਜ਼ ਜਫਰ ਪਨਾਹੀ ਅਤੇ ਜਮਹੂਰੀ ਕਾਰਕੁਨ ਮੁਹੰਮਦ ਰਸੂਲਫ ਨੂੰ 6 ਸਾਲਾਂ ਲਈ ਸਜ਼ਾ ਸੁਣਾਈ ਗਈ। ਉਨ੍ਹਾਂ 'ਤੇ ਇਲਜ਼ਾਮ ਸੀ ਕਿ ਉਹ ਇਰਾਨ ਦੇ ਕੌਮੀ ਸਰੱਖਿਆ ਹਿੱਤਾਂ ਖਿਲਾਫ ਫਿਲਮਾਂ ਅਤੇ ਕਲਾ ਰਾਹੀਂ ਪ੍ਰਚਾਰ ਕਰ ਰਹੇ ਹਨ। ਇਰਾਨੀ ਸਰਕਾਰ ਨੇ ਇਸ ਤੋਂ ਵੀ ਅਗਾਂਹ ਸਾਰੇ ਕਾਇਦੇ-ਕਾਨੂੰਨ ਤਾਕ 'ਤੇ ਰੱਖਦਿਆਂ ਉਸ ਨੂੰ ਵੀਹ ਸਾਲਾਂ ਲਈ ਫਿਲਮਾਂ ਬਣਾਉਣ ਉਪਰ ਹੀ ਪਾਬੰਦੀ ਲਗਾ ਦਿੱਤੀ। ਇਸ ਤੋਂ ਬਿਨਾਂ ਉਸ ਉਪਰ ਕੋਈ ਵੀ ਇੰਟਰਵਿਊ ਦੇਣ ਅਤੇ ਮੀਡੀਆ ਨਾਲ ਕੋਈ ਗੁਫਤਗੂ ਕਰਨ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ।

ਅਜਿਹੀ ਹਾਲਤ ਵਿਚ ਕੋਈ ਫਿਲਮਸਾਜ਼ ਕਿਵੇਂ ਜੀਅ ਸਕਦਾ ਹੈ? ਜਫਰ ਪਨਾਹੀ ਦੀ ਫਿਲਮ 'ਇਹ ਕੋਈ ਫਿਲਮ ਨਹੀਂ' ਵਿਚ ਜਫਰ ਆਪਣੇ ਇੱਕ ਦਿਨ ਦੀ ਬੇਹੱਦ ਨਿੱਜੀ ਪਰ ਸਿਨੇਮਾ ਦੇ ਮੂਲ ਉਦੇਸ਼ਾਂ ਨੂੰ ਪ੍ਰਣਾਈ ਫਿਲਮ ਰਾਹੀ ਅਜਿਹੀ ਦਿਲ ਤੋੜਨ ਵਾਲੀ ਇਕੱਲਤਾ ਦੀ ਕਥਾ ਬੁਣਦਾ ਹੈ ਜਿਸ ਵਿਚੋਂ ਗੁਜ਼ਰਦੀ ਕਲਾਤਮਿਕ ਰੂਹ ਲਈ ਖੁਦ ਨੂੰ ਖੁਦ ਨਾਲ ਜੋੜੀ ਰੱਖਣ ਦਾ ਤਰੱਦਦ ਉਸ ਦੇ ਸਾਰੇ ਵਜੂਦ ਲਈ ਲੰਬਾ ਸੰਘਰਸ਼ ਹੋ ਨਿਬੜਦਾ ਹੈ। ਇਸ ਫਿਲਮ ਵਿਚ ਜਫਰ ਪਨਾਹੀ ਆਪਣੇ ਫਲੈਟ ਵਿਚ ਖਾਂਦਾ-ਪੀਂਦਾ, ਤੁਰਦਾ-ਫਿਰਦਾ, ਖਬਰਾਂ ਸੁਣਦਾ, ਇੰਟਰਨੈੱਟ 'ਤੇ ਆਸ-ਪਾਸ ਵਾਪਰ ਰਹੀਆਂ ਤਰਾਸਦੀਆਂ ਅਤੇ ਵਰਤਾਰਿਆਂ 'ਤੇ ਨਜ਼ਰ ਰੱਖਦਾ ਦਿਸਦਾ ਹੈ। ਉਸ ਦਾ ਕੈਮਰਾਮੈਨ ਉਸ ਦੀਆਂ ਅੱਖਾਂ, ਹੱਥਾਂ ਤੇ ਚਿਹਰੇ ਦੇ ਭਾਵਾਂ ਨੂੰ ਬੇਹੱਦ ਬਾਰੀਕੀ ਨਾਲ ਫੜਦਾ ਹੈ। ਫਿਲਮ ਵਿਚ ਜਫਰ ਪਨਾਹੀ ਆਪਣੀ ਰਸੋਈ ਵਿਚ ਖਾਣੇ ਵਾਲੇ ਮੇਜ਼ 'ਤੇ ਬੈਠਾ ਹੈ। ਉਹ ਆਪਣੇ ਕੈਮਰਾਮੈਨ ਨੂੰ ਮਿਲਣ ਆਉਣ ਲਈ ਸੱਦਾ ਦੇ ਰਿਹਾ ਹੈ ਪਰ ਨਾਲ ਦੀ ਨਾਲ ਉਸ ਨੂੰ ਸਲਾਹ ਦਿੰਦਾ ਹੈ ਕਿ ਤੂੰ ਕਿਸੇ ਨੂੰ ਦੱਸੀ ਨਾ ਕਿ ਤੂੰ ਕਿੱਥੇ ਜਾ ਰਿਹਾਂ। ਉਨ੍ਹਾਂ ਦੀ ਇਸ ਆਪਸੀ ਗੱਲਬਾਤ ਤੋਂ ਦਰਸ਼ਕਾਂ ਨੂੰ ਆਪਣੇ-ਆਪ ਪਤਾ ਲੱਗ ਜਾਂਦਾ ਹੈ ਕਿ ਉਸ ਉਪਰ ਲਗਾਈਆਂ ਪਾਬੰਦੀਆਂ ਕਿੰਨੀਆਂ ਸਖਤ ਅਤੇ ਗੈਰ-ਜ਼ਰੂਰੀ ਹਨ।



*ਫਿਲਮਸਾਜ਼ ਪਨਾਹੀ ਦੀ ਸਾਲ 2009 ਵਿਚ ਖਿੱਚੀ ਇਕ ਤਸਵੀਰ।*

ਇਸ ਤੋਂ ਅੱਗੇ ਅਸੀਂ ਜਫਰ ਪਨਾਹੀ ਨੂੰ ਉਸ ਦੇ ਬੈੱਡਰੂਮ ਵਿਚ ਦੇਖ ਸਕਦੇ ਹਾਂ ਜਿਥੇ ਉਸ ਦੇ ਕਾਲ ਰਿਕਾਰਡਰ ਉਪਰ ਲਗਾਤਾਰ ਸੁਨੇਹੇ ਆ ਰਹੇ ਹਨ ਅਤੇ ਇਨ੍ਹਾਂ ਵਿਚੋਂ ਇਕ ਸੁਨੇਹਾ ਉਸ ਦੇ ਪੁੱਤਰ ਦਾ ਇਹ ਦੱਸਣ ਲਈ ਹੈ ਕਿ ਉਸ ਨੂੰ ਆਪਣਾ ਕੈਮਰਾ ਕਿਹੜੀ ਕੁਰਸੀ 'ਤੇ ਲਗਾਉਣਾ ਚਾਹੀਦਾ ਹੈ। ਇਹ ਸਾਰੀ ਗੱਲਬਾਤ ਬਿਲਕੁੱਲ ਸਾਧਾਰਨ ਹੈ ਪਰ ਇਸ ਨੂੰ ਦੇਖਦਿਆਂ ਤੇ ਸੁਣਦਿਆਂ ਅਣਦੇਖੀ ਕਿਸਮ ਦੀਆਂ ਪਾਬੰਦੀਆਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਸਾਰੀ ਗੱਲਬਾਤ ਕੁਝ ਅਸਾਧਾਰਨ ਵਾਪਰਨ ਵੱਲ ਇਸ਼ਾਰਾ ਕਰਦੀ ਹੈ। ਇਸ ਅਸਾਧਾਰਨਤਾ ਨੂੰ ਜਫਰ ਪਨਾਹੀ ਦੇ ਆਪਣੇ ਆਪ ਨੂੰ ਕੰਮ ਵਿਚ ਰੁਝੇ ਰੱਖਣ ਦੀ ਤਤਪਰਤਾ ਤੋਂ ਕਿਆਸਿਆ ਜਾ ਸਕਦਾ ਹੈ। ਉਸ ਨੂੰ ਪਤਾ ਹੈ ਕਿ ਉਹ ਇਸ ਸਮੇਂ ਸੋਚਣ ਤੋਂ ਬਿਨਾਂ ਕੁਝ ਹੋਰ ਨਹੀਂ ਕਰ ਸਕਦਾ ਅਤੇ ਉਹ ਸੋਚਣ ਦੀ ਇਸ ਪ੍ਰਕਿਰਿਆ ਨੂੰ ਕਿਸੇ ਕਾਨੂੰਨ ਜਾਂ ਫਤਵੇ ਰਾਹੀਂ ਕੰਟਰੋਲ ਕਰਨ ਖਿਲਾਫ ਆਪਣੀ ਤਰ੍ਹਾਂ ਨਾਲ ਅਹਿੰਸਕ ਵਿਰੋਧ ਦਰਸਾਉਂਦਾ ਹੈ। ਉਹ ਇਸ ਫਿਲਮ ਰਾਹੀਂ ਸਾਬਿਤ ਕਰ ਦਿੰਦਾ ਹੈ ਕਿ ਸੋਚਣਾ ਅਤੇ ਆਪਣੇ ਆਲੇ-ਦੁਆਲੇ ਨਾਲ ਲਗਾਤਾਰ ਚੱਲਦਾ ਸੰਵਾਦ ਹੀ ਮਨੁੱਖੀ ਜ਼ਿੰਦਗੀ ਨੂੰ ਅਸਲ ਅਰਥ ਦਿੰਦਾ ਹੈ। ਉਸ ਨੂੰ ਪਤਾ ਹੈ ਕਿ ਉਸ ਉਪਰ ਪਾਬੰਦੀਆਂ ਦੀ ਕਿਸਮ ਉਸ ਦੇ ਹੋਣ ਦੀ ਸਾਰਥਿਕਤਾ 'ਤੇ ਹੀ ਸਵਾਲ ਖੜ੍ਹੇ ਕਰਦੀ ਹੈ ਪਰ ਉਹ ਭਲੀ-ਭਾਂਤ ਦੇਖ ਸਕਦਾ ਹੈ ਕਿ ਕਿਸੇ ਵੀ ਕੀਮਤ 'ਤੇ ਇਹ ਪਾਬੰਦੀਆਂ ਉਸ ਨੂੰ ਪ੍ਰੀਭਾਸ਼ਿਤ ਨਹੀਂ ਕਰ ਸਕਦੀਆਂ। ਤੁਰਕੀ ਦਾ ਕਵੀ ਨਾਜ਼ਿਮ ਹਿਕਮਤ ਆਪਣੀ ਇੱਕ ਕਵਿਤਾ ਵਿਚ ਆਖਦਾ ਹੈ ਕਿ ਉਹ ਤਹਾਨੂੰ ਗ੍ਰਿਫਤਾਰ ਕਰ ਸਕਦੇ ਹਨ ਪਰ ਤੁਹਾਡੇ ਦਿਲ ਤੋਂ ਆਤਮ-ਸਮਰਪਣ ਨਹੀਂ ਕਰਵਾ ਸਕਦੇ।

ਜਫਰ ਪਨਾਹੀ ਇਸ ਫਿਲਮ ਵਿਚ ਆਪਣੀਆਂ ਪਹਿਲੀਆਂ ਫਿਲਮਾਂ 'ਕ੍ਰਿਮਸਨ ਗੋਲਡ' ਅਤੇ 'ਦਿ ਸਰਕਲ' ਦੇ ਕਈ ਦ੍ਰਿਸ਼ਾਂ ਵਿਚ ਕੀਤੀਆਂ ਨਵੀਂ ਤਬਦੀਲੀਆਂ ਬਾਰੇ ਦੱਸਦਾ ਹੈ ਜਿਸ ਨਾਲ ਦਰਸ਼ਕ ਨੂੰ ਇਹ ਸਾਫ ਹੋ ਜਾਂਦਾ ਹੈ ਕਿ ਇਨ੍ਹਾਂ ਫਿਲਮਾਂ ਉਪਰ ਲਗਾਈਆਂ ਪਾਬੰਦੀਆਂ ਦੀ ਸਿਆਸਤ ਕੀ ਹੈ ਅਤੇ ਇਹ ਕਿਵੇਂ ਕਿਸੇ ਫਿਲਮਸਾਜ਼ ਦੀ ਕਲਾਤਮਿਕ ਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਵਿਚ ਸਿੱਧਾ-ਸਿੱਧਾ ਸਰਕਾਰੀ ਦਖਲ ਹੈ। ਉਹ ਫਿਲਮ ਵਿਚ ਆਪਣੇ ਅਦਾਕਾਰਾਂ ਬਾਰੇ ਫਿਕਰਮੰਦ ਹੁੰਦਾ ਹੈ ਕਿ ਉਹ ਪਤਾ ਨਹੀਂ ਕਿਥੇ ਹੋਣਗੇ ਤੇ ਕੀ ਕਰ ਰਹੇ ਹੋਣਗੇ। ਉਸ ਕੋਲ ਇਸ ਸਮੇਂ ਇੰਨੀ ਆਜ਼ਾਦੀ ਨਹੀਂ ਕਿ ਉਹ ਉਨ੍ਹਾਂ ਨਾਲ ਆਪਣੀ ਅਗਲੀ ਫਿਲਮ ਦਾ ਵਿਚਾਰ ਵੀ ਸਾਂਝਾ ਕਰ ਸਕੇ, ਕਿਉਂਕਿ ਉਸ ਨੂੰ ਇਹ ਪਤਾ ਹੀ ਨਹੀਂ ਕਿ ਉਹ ਹੁਣ ਕਦੇ ਦੁਬਾਰਾ ਫਿਲਮ ਬਣਾ ਵੀ ਸਕੇਗਾ ਜਾਂ ਨਹੀਂ?

ਜਿਸ ਸਮੇਂ ਜਫਰ ਪਨਾਹੀ ਇਹ ਸਭ ਕੈਮਰੇ 'ਤੇ ਦੱਸ ਰਿਹਾ ਹੈ, ਉਸ ਸਮੇਂ ਮੁਲਕ ਵਿਚ ਨਵੇਂ ਵਰ੍ਹੇ ਦੇ ਜਸ਼ਨਾਂ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਅਤੇ ਉਸ ਦੇ ਆਸ-ਪਾਸ ਦੇ ਘਰਾਂ ਵਿਚੋਂ ਇਸ ਦੀਆਂ ਕਨਸੋਆਂ ਆ ਰਹੀਆਂ ਹਨ। ਉਸ ਨੂੰ ਕੋਈ ਅੰਦਾਜ਼ਾ ਨਹੀਂ ਕਿ ਉਹ ਆਪਣੇ ਨਵੇਂ ਸਾਲ ਦੇ ਜਸ਼ਨਾਂ ਵਿਚ ਖੁਸ਼ੀ ਵਾਲਾ ਕੀ ਸ਼ਾਮਿਲ ਕਰ ਸਕਦਾ ਹੈ ਜਦਕਿ ਉਸ ਨੂੰ ਆਪਣਾ ਮਨਪਸੰਦ ਕੰਮ (ਫਿਲਮਸਾਜ਼ੀ) ਕਰਨ ਤੋਂ ਰੋਕ ਦਿੱਤਾ ਗਿਆ ਹੈ। ਉਹ ਇਸ ਫਿਲਮ ਰਾਹੀਂ ਦਰਸ਼ਕਾਂ ਕੋਲ ਆਪਣੀ ਨਵੀਂ ਫਿਲਮ ਦਾ ਸਕਰੀਨ-ਪਲੇਅ ਪੜ੍ਹਦਾ ਹੈ। ਇਸ ਨੂੰ ਪੜ੍ਹਦਿਆਂ ਉਹ ਕਲਪਨਾ ਕਰਦਾ ਹੈ ਕਿ ਕਿਵੇਂ ਉਸ ਦੀ ਫਿਲਮ ਦੀ ਅਦਾਕਾਰਾ ਜਿਸ ਨੂੰ ਉਸ ਦੇ ਘਰਦਿਆਂ ਨੇ ਯੂਨੀਵਰਸਿਟੀ ਵਿਚ ਪੜ੍ਹਨ ਤੋਂ ਰੋਕਣ ਲਈ ਘਰ ਵਿਚ ਬੰਦ ਕਰ ਦਿੱਤਾ ਹੈ, ਤੇ ਉਹ ਖਿੜਕੀ ਰਾਹੀਂ ਗਲੀ ਵਿਚੋਂ ਗੁਜ਼ਰਦੇ ਅਜਨਬੀਆਂ ਦੀ ਆਜ਼ਾਦੀ ਬਾਰੇ ਅਸਹਿਜ ਮਹਿਸੂਸ ਕਰਦੀ ਹੈ। ਉਹ ਖੁਦ ਵੀ ਇਸੇ ਮਨੋ-ਅਵਸਥਾ ਵਿਚੋਂ ਗੁਜ਼ਰ ਰਿਹਾ ਹੈ ਜਿਸ ਨਾਲ ਉਸ ਲਈ ਭਵਿਖ ਖਲਾਅ ਵਿਚ ਲਟਕਿਆ ਹੋਣ ਦੇ ਮਾਇਨੇ ਸਪਸ਼ਟ ਹੁੰਦੇ ਹਨ।

ਜਫਰ ਪਨਾਹੀ ਤੋਂ ਬਿਨਾਂ ਇਸ ਫਿਲਮ ਵਿਚ ਦੂਜਾ ਕਿਰਦਾਰ ਉਸ ਦੁਆਰਾ ਘਰ ਵਿਚ ਰੱਖੀ ਗੋਹ ਹੈ ਜਿਹੜੀ ਵਾਰ-ਵਾਰ ਉਸ ਦੇ ਟੇਬਲ ਅਤੇ ਹੱਥਾਂ ਉਪਰ ਘੁੰਮਦੀ ਰਹਿੰਦੀ ਹੈ ਤੇ ਉਸ ਦਾ ਤਣਾਅ ਘਟਾਉਣ ਦਾ ਜ਼ਰੀਆ ਹੈ। ਕੁਝ ਦੇਰ ਲਈ ਉਸ ਦੀ ਗੁਆਂਢਣ ਉਸ ਕੋਲ ਆਪਣਾ ਪਾਲਤੂ ਕੁੱਤਾ ਛੱਡਣ ਆਉਂਦੀ ਹੈ ਜਿਸ ਦੀ ਸੰਭਾਲ ਕਰਨ ਤੋਂ ਉਹ ਪਿਆਰ ਨਾਲ ਮਨ੍ਹਾ ਕਰ ਦਿੰਦਾ ਹੈ। ਇੱਕ ਡਿਲਿਵਰੀ ਬੁਆਇ ਉਸ ਨੂੰ ਖਾਣਾ ਦੇਣ ਆਉਂਦਾ ਹੈ। ਇਸ ਸਭ ਦੇ ਵਿਚਕਾਰ ਲਗਾਤਾਰ ਪਟਾਕਿਆਂ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਹਨ। ਫਿਲਮ ਦੇ ਇੱਕ ਦ੍ਰਿਸ਼ ਵਿਚ ਖਬਰ ਸੁਣਦਿਆਂ ਜਫਰ ਪਨਾਹੀ ਰਾਸ਼ਟਰਪਤੀ ਦੇ ਉਸ ਭਾਸ਼ਣ 'ਤੇ ਅਟਕ ਜਾਂਦਾ ਹੈ ਜਿਥੇ ਰਾਸ਼ਟਰਪਤੀ ਨੇ ਪਟਾਕਿਆਂ 'ਤੇ ਪਾਬੰਦੀ ਲਗਾ ਦਿੱਤੀ ਹੈ।

ਫਿਲਮ 'ਇਹ ਕੋਈ ਫਿਲਮ ਨਹੀਂ' ਬਣਨ ਤੋਂ ਬਾਅਦ ਦਰਸ਼ਕਾਂ ਤੱਕ ਕਿਵੇਂ ਪਹੁੰਚੀ, ਇਸ ਦੀ ਕਹਾਣੀ ਵੀ ਘੱਟ ਦਿਲਚਸਪ ਨਹੀਂ। ਫਿਲਮ ਨੂੰ ਯੂ.ਐਸ.ਵੀ. ਸਟਿੱਕ 'ਤੇ ਡਾਊਨਲੋਡ ਕਰ ਕੇ ਕੇਕ ਵਿਚ ਲਕੋ ਕੇ ਮੁਲਕ ਤੋਂ ਬਾਹਰ ਸਮੱਗਲ ਕੀਤਾ ਗਿਆ ਅਤੇ 2011 ਦੇ ਕੇਨਜ਼ ਫਿਲਮ ਮੇਲੇ ਵਿਚ ਦਿਖਾਈ ਗਈ। ਫਿਲਮ ਦੀ ਵੱਡੀ ਸਾਰਥਿਕਤਾ ਇਹੀ ਹੈ ਕਿ ਇਰਾਨੀ ਸਰਕਾਰ ਇਹ ਹੁਣ ਤਕ ਸਪਸ਼ਟ ਨਹੀਂ ਕਰ ਸਕੀ ਕਿ ਆਖਿਰ ਉਸ ਨੂੰ ਜਫਰ ਪਨਾਹੀ ਦੀਆਂ ਫਿਲਮਾਂ ਨਾਲ ਸਮੱਸਿਆ ਕੀ ਹੈ। ਦਿਲਚਸਪ ਤੱਥ ਇਹ ਹੈ ਕਿ ਫਿਲਮਸਾਜ਼ ਅਤੇ ਦਰਸ਼ਕ, ਦੋਵਾਂ ਨੂੰ ਇਸ ਦਾ ਸਹੀ ਜਵਾਬ ਪਤਾ ਹੈ।

# ਅਦਾਕਾਰਾ ਟਿਸਕਾ ਲਿਖੇਗੀ ਕੁੜੀਆਂ ਲਈ ਕਿਤਾਬ

ਮੁਲਕ ਦੀ ਵੰਡ ਬਾਰੇ ਦਮਦਾਰ ਪੰਜਾਬੀ ਫਿਲਮ 'ਕਿੱਸਾ' ਨਾਲ ਫਿਲਮ ਜਗਤ ਵਿਚ ਆਪਣੀ ਤਕੜੀ ਹਾਜ਼ਰੀ ਲਵਾਉਣ ਵਾਲੀ ਪ੍ਰਸਿੱਧ ਅਦਾਕਾਰਾ ਟਿਸਕਾ ਚੋਪੜਾ ਕੁੜੀਆਂ ਨੂੰ ਮਾਹਵਾਰੀ ਦੌਰਾਨ ਸਿਹਤ ਦਾ ਖਿਆਲ ਰੱਖਣ ਅਤੇ ਇਸ ਉਮਰ ਦੌਰਾਨ ਸਿਹਤ ਨਾਲ ਜੁੜੀਆਂ ਹੋਰ ਮੁਸ਼ਕਿਲਾਂ ਬਾਰੇ ਸਿੱਖਿਅਤ ਕਰਨ ਲਈ ਕਿਤਾਬ ਲਿਖੇਗੀ। ਵੈਸਟਲੈਂਡ ਵਲੋਂ ਪ੍ਰਕਾਸ਼ਿਤ ਕੀਤੀ ਜਾਣ ਵਾਲੀ ਕਿਤਾਬ ਦਾ ਨਾਂ 'ਯੂਅਰ ਬੁੱਕ ਆਫ ਪੀਰੀਅਡ' ਹੋਵੇਗਾ ਅਤੇ ਇਹ ਕਿਤਾਬ ਦਸੰਬਰ ਵਿਚ ਰਿਲੀਜ਼ ਕੀਤੀ ਜਾਵੇਗੀ। ਇਸ ਕਿਤਾਬ ਨੂੰ 9-13 ਸਾਲ ਤੱਕ ਦੀਆਂ ਕੁੜੀਆਂ ਉਤੇ ਕੇਂਦਰਿਤ ਕੀਤਾ ਗਿਆ ਹੈ। ਟਿਸਕਾ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਇਸ ਕਿਤਾਬ ਰਾਹੀਂ ਜਾਣਕਾਰੀ ਖਾਸ ਢੰਗ-ਤਰੀਕੇ ਨਾਲ ਲੜਕੀਆਂ ਤੱਕ ਪਹੁੰਚੇਗੀ। ਉਹ ਅਜਿਹਾ ਮਹਿਸੂਸ ਨਹੀਂ ਕਰਨਗੀਆਂ ਜਿਵੇਂ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਕੋਈ 'ਭਾਸ਼ਣ' ਦੇ ਰਹੇ ਹੋਣ।



ਬਹੁਤ ਸਹਿਜ ਤਰੀਕੇ ਨਾਲ ਕੁੜੀਆਂ ਦੀਆਂ ਸਮੱਸਿਆਵਾਂ ਬਾਰੇ ਗੱਲ ਕੀਤੀ ਜਾਵੇਗੀ।"

# ਦੀਪਿਕਾ ਅਤੇ ਪ੍ਰਭਾਸ ਦੀ ਜੋੜੀ ਬਣੇਗੀ

ਦੀਪਿਕਾ ਪਾਦੂਕੋਣ ਅਤੇ ਪ੍ਰਭਾਸ ਪਹਿਲੀ ਵਾਰ ਇਕੱਠਿਆਂ, ਇਕ ਵੱਡੀ, ਵਿਗਿਆਨ ਆਧਾਰਿਤ ਬਹੁ-ਭਾਸ਼ਾਈ ਫਿਲਮ 'ਚ ਕੰਮ ਕਰ ਰਹੇ ਹਨ। ਇਸ ਫਿਲਮ ਦਾ ਨਿਰਦੇਸ਼ਨ ਨਾਗ ਅਸ਼ਵਿਨ ਕਰਨਗੇ। ਵਿਜਯੰਤੀ ਮੂਵੀਜ਼ ਜਿਸ ਨੇ ਫਿਲਮ ਜਗਤ ਵਿਚ 50 ਸਾਲ ਪੂਰੇ ਕੀਤੇ ਹਨ, ਨੇ ਆਪਣੀ ਗੋਲਡਨ ਜੁਬਲੀ ਮੌਕੇ ਇਸ ਪ੍ਰਾਜੈਕਟ ਦਾ ਐਲਾਨ ਕੀਤਾ ਹੈ। ਦੀਪਿਕਾ ਨੇ ਇੰਸਟਾਗ੍ਰਾਮ 'ਤੇ ਇਸ ਨਵੇਂ ਪ੍ਰੋਜੈਕਟ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਪ੍ਰਭਾਸ ਨੇ ਵੀ ਕਿਹਾ ਕਿ ਉਨ੍ਹਾਂ ਦੀ ਟੀਮ ਦੀਪਿਕਾ ਨਾਲ ਕੰਮ ਕਰਨ ਲਈ ਬਹੁਤ ਉਤਸ਼ਾਹਿਤ ਹੈ।





ਜ਼ਿਕਰਯੋਗ ਹੈ ਕਿ ਪ੍ਰਭਾਸ ਦੀ 'ਸਾਹੋ' ਫਿਲਮ 2019 ਵਿਚ ਆਈ ਸੀ ਜਿਸ ਵਿਚ ਉਸ ਨੇ ਸ਼ਰਧਾ ਕਪੂਰ ਨਾਲ ਕੰਮ ਕੀਤਾ ਸੀ। ਦੀਪਿਕਾ ਦੀ ਪਿਛਲੀ ਫਿਲਮ 'ਛਪਾਕ' ਜਿਸ ਦੀ ਡਾਇਰੈਕਟਰ ਮੇਘਨਾ ਗੁਲਜ਼ਾਰ ਸੀ, 10 ਜਨਵਰੀ 2020 ਨੂੰ ਰਿਲੀਜ਼ ਹੋਈ ਸੀ। ਇਸ ਫਿਲਮ ਵਿਚ ਤੇਜ਼ਾਬ ਪੀੜਤ ਕੁੜੀਆਂ ਦਾ ਦਰਦ ਬਿਆਨ ਕੀਤਾ ਗਿਆ ਸੀ। ਦੀਪਿਕਾ ਦੀ ਇਸ ਫਿਲਮ ਨਾਲ ਵੱਡਾ ਮਸਲਾ ਵੀ ਜੁੜ ਗਿਆ ਸੀ। ਉਸ ਵਕਤ ਦਿੱਲੀ ਵਿਚ ਜੇ.ਐਨ.ਯੂ. ਵਿਦਿਆਰਥੀਆਂ ਦਾ ਤਕੜਾ ਅੰਦੋਲਨ ਚੱਲ ਰਿਹਾ ਸੀ ਅਤੇ ਦੀਪਿਕਾ ਨੇ ਇਸ ਅੰਦੋਲਨ ਦਾ ਸਮਰਥਨ ਕੀਤਾ ਸੀ। ਇਸ ਤੋਂ ਭਾਰਤੀ ਜਨਤਾ ਪਾਰਟੀ ਅਤੇ ਇਸ ਨਾਲ ਜੁੜੀਆਂ ਸਭ ਜਥੇਬੰਦੀਆਂ ਨੇ ਇਸ ਫਿਲਮ ਖਿਲਾਫ ਮੁਹਿੰਮ ਛੇੜ ਦਿੱਤੀ ਸੀ ਅਤੇ ਫਿਲਮ ਦੇ ਬਾਈਕਾਟ ਦਾ ਸੱਦਾ ਸੀ। ਫਿਰ ਵੀ ਦੀਪਿਕਾ ਪਾਦੂਕੋਣ ਅਤੇ ਮੇਘਨਾ ਗੁਲਜ਼ਾਰ ਡਟੀਆਂ ਰਹੀਆਂ ਅਤੇ ਫਿਲਮ ਕਮਾਈ ਅਤੇ ਚਰਚਾ ਪੱਖੋਂ ਝੰਡੇ ਗੱਡਣ ਵਿਚ ਕਾਮਯਾਬ ਹੋਈ।

*-ਆਮਨਾ ਕੌਰ*

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 33 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

**Time to buy new home in Tracy, Manteca, Lothrop and Stockton**

***Lot For Sale:*** *Ready to built lot for sale 34552 Karina Ct., Hayward, CA. Gated community with great view. Asking Price: $459k*

Pinnacle Award Winner 2014, 2015, 2016 & 2017
Grand Master Award Winner 2012, 2013, 2018 & 2019



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

*Call for Listing Special 2020*

## Ph: 510-304-9292 or 408-666-8279

**Fremont Office:**
86 Pilgrim Loop, Fremont CA 94539
Tel: 510-440-9292

**Stay Home, Stay Safe**

Visit us @ www.jassigill.com for hot listings

## Recent Sales

1. 33784 Sinsbury Way, Union City, CA 94588
2. 1472 Parkington Ln., Tracy, CA 95377
3. 3715 Horner St., Union City, CA 94587
4. 18470 Murphy Springs Ct., Morgan Hill, CA 95037
5. 195 Valley Park Cir, San Jose, CA 95139
6. 19515 Mockingbird Hill Ln., San Jose, CA 95120
7. 2513 Squall Way, Stockton, CA 95206
8. 33787 Sinsburry Way, Union City, CA 94587
9. 4732 Zinnia Court, Livermore, CA 94551
10. 510 Quimby Ct., San Ramon, CA 94582
11. 33476 Morley Pl., Fremont, CA 94536
12. 2465 Fountain Oak Dr., Morgan Hill, CA 95037

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!! 5/1, 7/1 ARM are also attractive Refinance Now At Zero Cost

**Call Sukhveer (Sukhi) Gill** Ph: 510-207-9067
DHMS, Loan Broker
CA BRE Lic.#01180969
NMLS# 352095